
ਨਿਰੋਲ ਗਲਪ ਨੂੰ ਸਮਰਪਤ

# ਸੁਰ ਸਾਂਝ

*ਸਤੰਬਰ-ਅਕਤੂਬਰ 2005, ਮੁੱਲ-20 ਰੁਪਏ*



## *ਵਿਸ਼ੇਸ਼ ਅੰਕ : ਭਾਰਤੀ ਦਲਿਤ ਕਹਾਣੀ*

ਕਹਾਣੀਕਾਰ : ਵੇਣੂ ਗੋਪਾਲ, ਸ਼ਰਣ ਕੁਮਾਰ ਲਿੰਬਾਲੇ, ਓਮ ਪ੍ਰਕਾਸ਼ ਵਾਲਮੀਕੀ, ਅਭਿਤਾਭ, ਸੂਰਜ ਪਾਲ ਚੌਹਾਨ, ਜੈ ਪ੍ਰਕਾਸ਼ ਕਰਦਮ, ਸ਼੍ਰੀ ਧਰਮ, ਗੁਰਮੇਲ ਮਡਾਹੜ


## *ਤੀਜਾ ਨੇਤਰ*



*ਭਗਵੰਤ ਰਸੂਲਪੁਰੀ*

ਭਗਵੰਤ ਰਸੂਲਪੁਰੀ ਦਾ ਨਵਾਂ ਕਹਾਣੀ ਸੰਗ੍ਰਹਿ

ਚੇਤਨਾ ਪ੍ਰਕਾਸ਼ਨ
*ਪੰਜਾਬੀ ਭਵਨ, ਲੁਧਿਆਣਾ -141001*
ਫੋਨ : 0161-2413613, 2404928
ਮੋਬਾਇਲ : 98152-98459
*E-mail chetnaparkashan@sify.com*

ਭਗਵੰਤ ਕਹਾਣੀ-ਕਲਾ ਵਿੱਚ ਪੁਰਾਤਨ ਮਿੱਥਾਂ, ਇਤਿਹਾਸਕ/ ਮਿਥਿਹਾਸਕ ਪਾਤਰਾਂ ਨੂੰ ਅੱਜ ਦੇ ਕੰਪਿਊਟਰ ਦੇ ਸਕੈਚਾਂ, ਡਿਜ਼ਾਇਨਾ ਤੇ ਰੀਮੋਟ ਦੱਬਦੇ ਹੱਥਾਂ ਦੀ ਛੂੰਹਣ, ਮੋਬਾਇਲ ਦੇ ਚਿਹਨ, ਆਦਿ ਭਾਵਾਂ ਦੀ ਤਰਜ਼ਮਾਨੀ ਕਰਦੇ ਪ੍ਰਤੀਕਾਂ ਨੂੰ ਨਵੀਨ ਅਰਥ ਦੇ ਕੇ ਅਜਿਹੀਆਂ ਕਹਾਣੀਆਂ ਦੀ ਰਚਨਾ ਕਰਦਾ ਹੈ, ਜਿਨ੍ਹਾਂ ਵਿੱਚ ਮਰਦ ਤੇ ਔਰਤ ਦੇ ਅੰਤਰਮਨ ਦੀ ਪੀੜਾ ਤੇ ਉਸ ਦੇ ਪ੍ਰਗਟਾਵੇ ਵਿੱਚ ਕੋਈ ਅੰਤਰ ਨਹੀਂ। ਦੋਵੇਂ ਹੀ ਹੱਡ-ਮਾਸ ਦੇ ਪੁਤਲੇ, ਬੇਬਸ, ਦੱਬੇ-ਘੁੱਟੇ , ਆਪਣੀ ਮਾੜੀ ਹਾਲਤ ਲਈ ਜ਼ਿੰਮੇਵਾਰ ਨੂੰ ਕ੍ਰੋਧ ਦੀ ਅਗਨੀ ਵਿੱਚ ਭਸਮ ਕਰਨ ਲਈ ਤਤਪਰ ਕਿਤੇ ਖੂੰਖਾਰ, ਕਿਤੇ ਵਿਚਾਰੇ ਤੇ ਕਦੇ ਤਰਸਯੋਗ ਨਜ਼ਰ ਆਉਂਦੇ ਪਾਤਰ, ਬਿਨਾਂ ਕਿਸੇ ਦਾ ਪੱਖ ਪੂਰੇ ਸਿਰਫ ਹਾਲਾਤਾਂ ਤੇ ਦੁੱਖਾਂ-ਪੀੜਾਂ ਦਾ ਬਿਆਨ ਕਰ ਕਦੇ ਪਾਠਕ ਨੂੰ ਝੰਜੋੜ ਜਾਂਦੇ ਹਨ ਤੇ ਕਦੇ ਉਦਾਸ ਕਰ ਜਾਂਦੇ ਹਨ।

ਕਿਸੇ ਦੀ ਨਜ਼ਰੀਂ ਨਾ ਪੈਣ ਵਾਲਾ ਇਹ ਮਨ ਨਾ ਹੱਡ-ਮਾਸ ਦਾ ਹੈ, ਨਾ ਲਹੂ ਵੇਗ ਹੈ ਤੇ ਨਾ ਹੀ ਹੱਥ ਵਿੱਚ ਫੜਿਆ ਜਾ ਸਕਦਾ ਹੈ। ਪਰ ਫਿਰ ਵੀ ਇਹ ਦਬੋਚਿਆ ਜਾਂਦਾ ਹੈ, ਮਧੋਲਿਆ ਜਾਂਦਾ ਹੈ, ਟੁਕੜੇ-ਟੁਕੜੇ ਹੈ, ਮਨੁੱਖੀ ਸਰੀਰ, ਮਨੁੱਖੀ ਹੋਣ ਨੂੰ ਇੰਜ ਲੀਰੋ ਲੀਰ ਕਰ ਜਾਂਦਾ ਹੈ ਕਿ ਫਿਰ ਕਲੇਜੇ 'ਚੋਂ ਕਦੇ ਹੂਕ ਉਠਦੀ ਹੈ, ਕਦੇ ਤੜਪ ਉਠਦੀ ਹੈ। ਇਹ ਤੜਪ ਕਦੇ ਸ਼ਿਵ ਦੇ ਤੀਜੇ ਨੇਤਰ ਵਾਂਗ ਭਸਮ ਕਰਨਾ ਚਾਹੁੰਦੀ ਹੈ ਤੇ ਕਦੇ ਅੰਤਰਮਨ ਵਿੱਚ ਲਹਿ ਗਿਆਨ ਦਾ ਦਵਾਰ ਖੋਲ੍ਹ ਜਾਂਦੀ ਹੈ। ਕਹਾਣੀ ਜੁਗਤ ਦੇ ਨਵੇਂ ਪਸਾਰ ਖੋਲਦੀ ਹੈ ਇਹ ਕਿਤਾਬ 'ਤੀਜਾ ਨੇਤਰ'।

*- ਡਾ. ਜਸਵਿੰਦਰ ਕੌਰ ਬਿੰਦਰਾ*

*ਗਲਪ ਨੂੰ ਸਮਰਪਤ*

# ਸੁਰ ਸਾਂਝ

ਸਾਲ:7,ਅੰਕ: 9-10,ਸਤੰਬਰ-ਅਕਤੂਬਰ,05

ਮੁੱਖ ਸੰਪਾਦਕ
**ਭਗਵੰਤ ਰਸੂਲਪੁਰੀ**
**Mob.-94170 64350**
**e-mail :**
**sur_sanjh@yahoo.co.in**

ਚੰਦਾ
ਮੁੱਲ : 200 ਰੁਪਏ 10 ਅੰਕ
ਡਾਲਰ : 25, ਪੌਂਡ : 20

ਸਲਾਹਕਾਰ
ਸੁਰਜੀਤ ਸੁਮਨ (ਆਨ.)
98144-30874

ਰਚਨਾਵਾ ਦੇ ਚੰਦੇ ਭੇਜਣ ਦਾ ਪਤਾ
**Editor**
**SUR SANJH**
**Vill.-Dharampur,**
**P.O.- Khambra**
**Distt. Jalandhar-144026**
**PUNJAB**

**Ph. 0181-2791238**

ਕੋਰੀਅਰ ਰਾਹੀ ਮੈਟਰ ਭੇਜਣ ਲਈ ਪਤਾ
**Ed. Sur Sanjh**
**Near Octory No.11,**
**T. V. Tower, Nakodar Road,**
**Jalandhar**
**Mob. 94170-64350**

*ਵਿਸ਼ੇਸ਼ ਅੰਕ*
ਭਾਰਤੀ ਦਲਿਤ ਕਹਾਣੀ

ਤਰਤੀਬ

*ਸੰਪਾਦਕੀ*
0.ਅੰਬੇਡਕਰਵਾਦ ਤੇ ਦਲਿਤ ਚੇਤਨਾ ਦੀ ਕਹਾਣੀ / ਭਗਵੰਤ ਰਸੂਲਪੁਰੀ....... 4
*ਕਹਾਣੀਆਂ*
1. ਅੰਨਤਾਕਸ਼ਰੀ/ ਵੇਣੂ ਗੋਪਾਲ ........ 9
2. ਦਾ.ਗ /ਸ਼ਰਣ ਕੁਮਾਰ ਲਿੰਬਾਲੇ ...... 45
3. ਅਰਥੀ /ਓਮ ਪ੍ਰਕਾਸ਼ ਵਾਲਮੀਕੀ .... 50
4. ਮਰਿਆ ਡੰਗਰ /ਅਭਿਤਾਭ ......... 56
5. ਐਲਿਜਾਬਿਥ /ਸੂਰਜ ਪਾਲ ਚੌਹਾਨ.... 61
6. ਦਲਿਤ ਬ੍ਰਾਹਮਣ /ਸਤਯ ਪ੍ਰਕਾਸ਼ ... 65
7. ਡਾਂਗ /ਜੈ ਪ੍ਰਕਾਸ਼ ਕਰਦਮ .......... 70
8. ਕੀ ਹੁਕਮ ਐ...? /ਸ਼੍ਰੀ ਧਰਮ ...... 76
9. ਹਵਾ ਵਿਚ ਉਡਦੀਆਂ ਮਛਲੀਆਂ /ਗੁਰਮੇਲ ਮਡਾਹੜ ................ 88

ਟਾਈਟਲ ਤੇ ਅੰਦਰਲੇ ਸਕੈਚ
**ਸਵੀ ਸਵਰਕਰ**
(ਸਵੀ ਸਵਰਕਰ ਨੇ ਭਾਰਤੀ ਵਰਣ ਵਿਵਸਥਾ 'ਚ ਪਿਸ ਰਹੇ ਦਲਿਤ ਲੋਕਾਂ ਦੀਆਂ ਹੀ ਪੇਂਟਿੰਗਜ਼ ਬਣਾਈਆਂ ਹਨ)

---

*ਐਡੀਟਰ, ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਭਗਵੰਤ ਰਸੂਲਪੁਰੀ ਨੇ ਰਚਨਾ ਪ੍ਰਿੰਟਰਜ਼ ਜਲੰਧਰ ਤੋਂ ਛਪਵਾ ਕੇ ਦ.ਫਤਰ 'ਸੁਰ ਸਾਂਝ' ਪਿੰਡ ਧਰਮ ਪੁਰ, ਡਾਕ.-ਖਾਂਬਰਾ , ਜ਼ਿਲ੍ਹਾਂ ਜਲੰਧਰ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ ਭਗਵੰਤ ਰਸੂਲਪੁਰੀ*



## ਅੰਬੇਡਕਰਵਾਦ ਤੇ ਦਲਿਤ ਚੇਤਨਾ ਦੀ ਕਹਾਣੀ

ਪੰਜਾਬ ਵਿਚ ਤੇ ਖਾਸ ਕਰਕੇ ਦੁਆਬੇ 'ਚ ਦਲਿਤ ਚੇਤਨਾ ਦੀ ਪ੍ਰੰਪਰਾ ਬੜੀ ਅਮੀਰ ਤੇ ਪੁਰਾਣੀ ਮੰਨੀ ਜਾ ਚੁੱਕੀ ਹੈ। ਡਾ. ਅੰਬੇਡਕਰ ਦਾ ਜਲੰਧਰ ਦੇ ਬੂਟਾ ਮੰਡੀ 'ਚ ਆਉਣ ਤੋਂ ਉਪਰੰਤ ਦੁਆਬੇ ਦੇ ਦਲਿਤਾਂ ਦੇ ਅੰਦਰ ਚੇਤਨਾ ਵਧਣੀ ਸ਼ੁਰੂ ਹੋ ਗਈ ਤੇ ਫਿਰ 'ਆਦਿ ਧਰਮ ਲਹਿਰ' ਦੇ ਬਾਨੀ ਬਾਬੂ ਮੰਗੂ ਰਾਮ ਮੁੱਗੋਵਾਲੀਆ ਅਤੇ ਉਨ੍ਹਾਂ ਦੇ ਸਾਥੀਆਂ ਦੇ ਜਤਨਾ ਨਾਲ ਦਲਿਤ ਚੇਤਨਾ ਦਾ ਵਿਕਾਸ ਹੋਇਆ। ਉਨ੍ਹਾਂ ਦੀ ਅਗਵਾਈ 'ਚ ਦੁਆਬੇ ਦੇ ਦਲਿਤ ਰਾਜਨੀਤਿਕ ਤੇ ਸਮਾਜਿਕ ਤੌਰ ਤੇ ਚੇਤਨ ਹੋਣ ਲੱਗੇ। ਵਿਦੇਸ਼ਾਂ 'ਚ ਪਰਵਾਸ ਕਰਨ ਨਾਲ ਦੁਆਬੇ ਦੇ ਦਲਿਤ ਆਰਥਿਕ ਤੌਰ ਤੇ ਤਕੜੇ ਹੋਣ ਲੱਗੇ ਉਨ੍ਹਾਂ ਦੇ ਬੱਚੇ ਪੜ੍ਹਨ ਲੱਗੇ ਤੇ ਪੜ੍ਹਾਈ ਨਾਲ ਉਹ ਆਪਣੇ ਹੱਕਾ ਪ੍ਰਤੀ ਚੇਤਨ ਹੋਣ ਲੱਗੇ। ਬਾਬੂ ਮੰਗੂ ਰਾਮ ਮੁੱਗੋਵਾਲੀਆ ਦੀ 'ਆਦਿ ਧਰਮ ਲਹਿਰ' ਨੇ ਦੁਆਬੇ ਦੇ ਦਲਿਤਾਂ ਨੂੰ ਰਾਜਨੀਤਿਕ, ਸਮਾਜਿਕ, ਸਭਿਆਚਾਰਕ ਤੌਰ ਤੇ ਚੇਤੰਨ ਕੀਤਾ। ਵਿਦਿਆ ਦੇ ਪਾਸਾਰ ਨਾਲ ਇਸ ਵਰਗ 'ਚੋਂ ਸਾਹਿਤਕਾਰ ਉੱਠੇ ਜਿਨ੍ਹਾਂ ਵਿਚੋਂ ਗੁਰਦਾਸ ਰਾਮ ਆਲਮ ਦਾ ਉਦੇ ਹੋਇਆ। ਉਨ੍ਹਾਂ ਸਮੇਤ ਹੋਰ ਸਾਹਿਤਕਾਰ ਵੀ ਆਪਣੀਆਂ ਰਚਨਾਵਾਂ ਵਿਚ ਦਲਿਤ ਚੇਤਨਾ ਦੀ ਗੱਲ ਕਰਨ ਗੱਲ ਪਏ। ਪ੍ਰੰਤੂ ਅਸੀਂ ਏਥੇ ਕਹਾਣੀ ਵਿਚ ਦਲਿਤ ਚੇਤਨਾ ਦੀ ਗੱਲ ਕਰਾਗੇ। ਹੁਣ ਦੁਆਬੇ ਵਿਚ ਅਨੇਕਾਂ ਕਹਾਣੀਕਾਰ ਪੈਦਾ ਹੋ ਚੁੱਕੇ ਹਨ ਜੋ ਦਲਿਤ ਚੇਤਨਾ ਦੀ ਗੱਲ ਆਪਣੀਆਂ ਕਹਾਣੀਆਂ ਵਿਚ ਕਰਨ ਗੱਲ ਪਏ ਹਨ। ਜਿਨ੍ਹਾਂ ਵਿਚੋਂ ਨਿਰੋਲ ਦਲਿਤ ਕਹਾਣੀਆਂ ਲਿਖਣ ਕਰਕੇ ਮੋਹਨ ਲਾਲ ਫਿਲੌਰੀਆ ਦਾ ਨਾਂ ਪਿਛਲੇ ਸਮੇਂ ਵਿਚ ਉਭਰ ਕੇ ਸਾਹਮਣੇ ਆਇਆ। ਪੂਰੇ ਪੰਜਾਬ ਵਿਚ ਤੇ ਹੋਰ ਪ੍ਰਤਾਂ ਵਿਚ ਵੀ ਪੰਜਾਬੀ ਵਿਚ ਦਲਿਤ ਕਹਾਣੀਕਾਰ ਉਠੇ ਤੇ ਉਨ੍ਹਾਂ ਬੜੀ ਸਮਰੱਥਾ ਨਾਲ ਦਲਿਤਾਂ ਦੀ ਅੰਤਰੀਵੀ ਸੰਵੇਦਨਾ ਨੂੰ ਫੜਿਆ।

ਏਥੇ ਅਸੀਂ ਦਲਿਤ ਚੇਤਨਾ ਨਾਲ ਦਲਿਤ ਚੇਤਨਾ ਦੀ ਕਹਾਣੀ ਨੂੰ ਜੋੜ ਕੇ ਗੱਲ ਕਰਨੀ ਹੈ। ਪਿਛਲੇ ਕੁਝ ਸਾਲਾਂ ਤੋਂ ਦਲਿਤ ਕਹਾਣੀ ਦਾ ਵਿਕਾਸ ਹੋਇਆ ਹੈ। ਸਾਡੇ ਕੋਲ ਕਾਫੀ ਦਲਿਤ ਕਹਾਣੀਆਂ ਉਭਰ ਕੇ ਆਈਆ ਹਨ ਜਿਨ੍ਹਾਂ ਦੇ ਆਧਾਰ ਤੇ ਕਹਾਣੀ ਦਾ ਵੱਖ ਵੱਖ ਦ੍ਰਿਸ਼ਟੀਆਂ ਤੋਂ ਅਧਿਐਨ ਹੋਣ ਲੱਗਾ ਹੈ। ਮਰਾਠੀ ਤੋਂ ਬਾਅਦ ਹਿੰਦੀ 'ਚ ਤੇ ਹੁਣ ਪੰਜਾਬੀ ਵਿਚ ਇਹ ਮੁੱਦਾ ਵੀ ਉਭਰਨ ਲੱਗ ਪਿਆ ਹੈ ਕਿ ਉਹ ਕਹਾਣੀ ਹੀ ਦਲਿਤ ਕਹਾਣੀ ਮੰਨੀ ਜਾਵੇਂ ਜੋ ਦਲਿਤ ਜਾਤੀ ਨਾਲ ਸੰਬੰਧਤ ਲੇਖਕ ਨੇ ਲਿਖੀ ਹੋਵੇ ਜਾਂ ਗ਼ੈਰ ਦਲਿਤ ਦੀ ਕਹਾਣੀ ਮੰਨੀ ਜਾਵੇ। ਸਾਡੇ ਪੰਜਾਬੀ 'ਚ ਇਕ ਖਾਸ ਸੋਚ ਵਾਲੇ ਆਲੋਚਕਾ ਦਾ ਦਬਦਬਾ ਹੈ ਅਕੈਡਮਕ ਪੱਧਰ ਤੇ ਗ਼ੈਰ ਦਲਿਤ ਸਾਹਿਤਕਾਰਾਂ ਦਾ ਕਬਜਾ ਹੈ, ਜਿਸ ਕਾਰਨ ਦਲਿਤ ਕਹਾਣੀ ਦੇ ਅਧਿਐਨ ਵਿਚ ਅਸਪਸ਼ਟਤਾ ਤੇ ਧੁੰਦਲਕਾ ਪੈਦਾ ਹੋ ਰਿਹਾ ਹੈ। ਗ਼ੈਰ ਦਲਿਤਾਂ ਦੀਆਂ ਦਲਿਤਾਂ 'ਤੇ ਲਿਖੀਆਂ ਕਹਾਣੀਆਂ ਕੇਵਲ ਪ੍ਰਚਾਰੀਆ ਹੀ ਨਹੀਂ ਜਾਂਦੀਆਂ ਸਗੋ ਦਲਿਤ ਲੇਖਕਾਂ ਦੀਆਂ ਕਹਾਣੀਆਂ ਨਾਲ ਦੀ ਤੁਲਨਾ ਕਰਕੇ ਉਨ੍ਹਾਂ ਨੂੰ ਛੁਟਿਆ ਕੇ ਸਿਧਾਂਤਕ ਤੌਰ ਤੇ ਧੁੰਦਲਕਾ ਪੈਦਾ ਕਰਨ ਵਾਲੀਆਂ ਕਹਾਣੀਆਂ ਨੂੰ ਮਾਰਕੇ ਦੀਆਂ ਦਲਿਤ ਕਹਾਣੀਆਂ ਕਿਹਾ ਜਾ ਰਿਹਾ ਹੈ। ਚਾਹੇ ਉਸ ਦਲਿਤ ਕਹਾਣੀ ਵਿਚ ਦਲਿਤ ਪਾਤਰ ਨਾਲ ਕੋਹਜਾ ਮਜ਼ਾਕ ਕੀਤਾ ਗਿਆ ਹੋਵੇ ਜਾਂ ਦਲਿਤ ਪਾਤਰ ਨੂੰ ਨਿਮਾਣਾ ਜਿਹਾ ਤੇ ਤਰਸਯੋਗ ਬਣਾ ਕੇ ਪੇਸ਼ ਕੀਤਾ ਗਿਆ ਹੋਵੇ। ਉਸ 'ਚੋਂ ਧੱਕੇ ਨਾਲ ਦਲਿਤ

ਚੇਤਨਾ ਲੱਭੀ ਜਾਂਦੀ ਹੈ ਤੇ ਪ੍ਰਚਾਰੀ ਜਾਂਦੀ ਹੈ। ਅਸਲ ਦਲਿਤ ਸੰਵੇਦਨਾ ਨੂੰ ਫੜਨ ਵਾਲੀਆਂ ਕਹਾਣੀਆਂ ਨੂੰ ਨਿੰਦਿਆ ਜਾਣ ਲੱਗਾ। ਕਿਉਂਕਿ ਉਨ੍ਹਾਂ ਵਲੋਂ ਬਣਾਏ ਸੱਚਿਆ ਵਿਚ ਇਹ ਕਹਾਣੀ ਫਿਟ ਨਹੀਂ ਸੀ ਬੈਠਦੀ।

ਕਹਾਣੀਕਾਰ ਦੇਸ ਰਾਜ ਕਾਲੀ ਨੇ ਇਸ ਸੰਬੰਧੀ ਬੜੀ ਮੁੱਲ ਵਾਨ ਟਿੱਪਣੀ ਕੀਤੀ ਹੈ,

"ਦਲਿਤ-ਸਾਹਿਤ ਤੇ ਦਲਿਤ ਚਿੰਤਨ ਦੇ ਅਧਾਰ 'ਤੇ ਕੁਝ ਕੁ ਪੰਜਾਬੀ ਪੱਤਰਕਾਵਾਂ ਨੇ ਆਪਣੇ ਵਿਸ਼ੇਸ਼ ਅੰਕ ਵੀ ਕੱਢੇ। ਬਹੁਤ ਸਾਰੇ ਆਲੋਚਕਾਂ ਨੇ ਕਹਾਣੀਆਂ ਤੇ ਕਵਿਤਾਵਾਂ ਦੇ ਆਧਾਰ 'ਤੇ ਆਲੋਚਨਾ ਲੇਖ ਲਿਖੇ। ਪਰੰਤੂ ਸਭ ਦਾ ਦੁਖਾਂਤ ਇਹ ਹੀ ਨਜ਼ਰ ਆਇਆ ਕਿ ਨਾ ਤਾਂ ਉਨ੍ਹਾਂ ਨੇ 'ਸਾਡੇ ਇਤਿਹਾਸ' ਉੱਪਰ ਨਜ਼ਰ ਮਾਰੀ, ਨਾ 'ਸਾਡੇ ਸਮਾਜਿਕ ਢਾਂਚੇ' ਉੱਪਰ ਨਜ਼ਰ ਮਾਰੀ, ਨਾ 'ਸਾਡੇ ਧਾਰਮਿਕ ਰੀਤੀ-ਰਿਵਾਜ਼ਾਂ' ਪਿੱਛੇ ਲੁਕੀ ਮਾਨਸਿਕਤਾ ਨੂੰ ਫੜਿਆ, ਨਾ ਸੱਭਿਆਚਾਰਕ ਪਾੜਿਆਂ ਦੀ ਸਿਆਸਤ ਨੂੰ ਸਮਝਿਆ, ਨਾ ਮੌਜੂਦਾ ਪ੍ਰਸਥਿਤੀਆਂ 'ਚ ਦਲਿਤ ਦੀ ਪਿਸ ਰਹੀ ਹਾਲਤ ਦੀ ਥਾਹ ਪਾਈ। ਬਸ ਇਸ ਗੱਲ 'ਤੇ ਹੀ ਜ਼ੋਰ ਦਿੱਤਾ ਗਿਆ ਕਿ 'ਦਲਿਤਾਂ ਵਿੱਚ ਵੀ ਇੱਕ 'ਕਰੀਮੀ ਲੇਅਰ' ਪੈਦਾ ਹੋ ਗਈ ਹੈ। ਕਈ ਸੰਪਾਦਕਾਂ ਦੀ ਗ਼ਰੀਬੀ ਤਾਂ ਏਥੋਂ ਤੱਕ ਵੀ ਵੇਖਣ ਨੂੰ ਮਿਲੀ ਕਿ ਉਨ੍ਹਾਂ 'ਗਰਵ ਸੇ ਕਹੋ ਹਮ ਹਿੰਦੂ ਹੈਂ' ਅਤੇ 'ਗਰਵ ਸੇ ਕਹੋ ਹਮ ਵਾਲਮੀਕੀ ਹੈਂ' ਨੂੰ ਇਕੋ ਹੀ ਅਰਥ ਦਿੱਤੇ। ਇਹ ਸੰਪਾਦਕ ਸਾਹਿਬ ਨੂੰ ਇਹ ਨਹੀਂ ਪਤਾ ਕਿ 'ਗੋਧਰਾ ਕਾਂਡ' ਵਾਲਿਆਂ ਨੇ ਕਿਹਾ 'ਗਰਵ ਸੇ ਕਹੋ ਹਮ ਹਿੰਦੂ ਹੈਂ' ਕੀ ਕਿਸੇ ਦਲਿਤ ਨੇ ਕਦੇ ਏਦਾਂ ਮਨੁੱਖਤਾ ਦਾ ਘਾਣ ਕਰਕੇ ਕਿਹਾ ਕਿ 'ਗਰਵ ਸੇ ਕਹੋ ਹਮ ਵਾਲਮੀਕ ਹੈਂ।' ਉਹ ਤਾਂ ਇਹ ਕਹਿੰਦੇ ਨੇ ਕਿ ਸਾਨੂੰ ਆਪਣੇ ਵਾਲਮੀਕ ਹੋਣ 'ਤੇ ਗੌਰਵ ਹੈ।

ਕੁਝ ਆਲੋਚਕਾਂ ਵੱਲੋਂ ਪੰਜਾਬੀ ਵਿਚ ਦਲਿਤ-ਕਹਾਣੀ ਬਾਰੇ ਲੇਖ ਲਿਖੇ ਗਏ। ਉਨ੍ਹਾਂ ਵੀ ਬਿਨਾਂ ਦਲਿਤ-ਚਿੰਤਨ ਦੇ ਡੂੰਘੇ ਅਧਿਐਨ ਤੋਂ ਜਿਹੜੀ ਕਹਾਣੀ ਜਾਤ ਬਰਾਦਰੀ ਦੇ ਵਿਸ਼ੇ ਨੂੰ ਲੈ ਕੇ ਲਿਖੀ ਮਿਲੀ ਉਸ ਨੂੰ ਹੀ ਦਲਿਤ-ਸਾਹਿਤ ਦੀ ਕੋਟੀ 'ਚ ਰੱਖਕੇ ਐਲਾਨ ਦਾਗਣੇ ਸ਼ੁਰੂ ਕਰ ਦਿੱਤੇ। ਕਈਆਂ ਨੇ ਪ੍ਰੇਮ ਪ੍ਰਕਾਸ਼ ਦੀ ਕਹਾਣੀ 'ਲੱਛਮੀ' ਤੇ 'ਅਨੁਸ਼ਠਾਨ' ਨੂੰ ਉੱਚ ਪਾਏ ਦੀ ਦਲਿਤ ਕਹਾਣੀ ਕਿਹਾ। ਕਿਸੇ ਨੇ ਜਿੰਦਰ ਦੀ ਕਹਾਣੀ ' ਸੌਰੀ' ਨੂੰ ਵੀ ਦਲਿਤ-ਕਹਾਣੀ ਕਹਿ ਕੇ ਵਡਿਆਇਆ।[1]

ਉਧਰੋਂ ਖੱਬੇ ਪੱਖੀ ਸੋਚ ਵਾਲੇ ਪੰਜਾਬੀ ਦੇ ਸੰਪਾਦਕਾਂ ਨੇ ਦਲਿਤ ਸਾਹਿਤ ਤੇ ਵਿਸ਼ੇਸ਼ ਅੰਕ ਪ੍ਰਕਾਸ਼ਤ ਕਰਕੇ ਦਲਿਤ ਸਾਹਿਤ ਤੇ ਆਪਣੇ ਵਿਚਾਰਾਂ ਦੇ ਲਾਲ ਮੋਹਰਾ ਨਾਲ ਠੱਪੇ ਲਾ ਕੇ ਵਾਤਾਵਰਨ 'ਚ ਵਿਚਾਰਾ ਦੀ ਗਹਿਰ ਪੈਦਾ ਕਰ ਦਿੱਤੀ। ਕਿਉਂਕਿ ਉਨ੍ਹਾਂ ਦਾ ਮਾਰਕਸਵਾਦੀ ਨਜ਼ਰੀਆ ਸੀ। ਇਸ ਦ੍ਰਿਸ਼ਟੀ ਤੋਂ ਪੰਜਾਬੀ ਦਲਿਤ ਕਹਾਣੀ ਨੂੰ ਸਮਝਿਆ ਹੀ ਨਹੀਂ ਜਾ ਸਕਦਾ। 'ਵਰਗ ਵੰਡ' ਦਾ ਸਿਧਾਂਤ ਦਲਿਤ ਕਹਾਣੀ ਦੇ ਫਿਟ ਬੈਠ ਹੀ ਨਹੀਂ ਸਕਦਾ। ਦਲਿਤ ਕਹਾਣੀ ਨੂੰ ਅੰਬੇਡਕਰਵਾਦੀ ਨਜ਼ਰੀਏ ਰਾਹੀਂ ਹੀ ਸਮਝਿਆ ਜਾ ਸਕਦਾ ਹੈ। ਕਿਉਂਕਿ ਸਾਡਾ ਸਮਾਜਿਕ ਪ੍ਰਬੰਧ ਤਾਂ ਜਾਤੀ ਵੰਡ ਤੇ ਟਿਕਿਆ ਹੋਇਆ ਹੈ। ਜਾਤਪਾਤ ਦੇ ਸਿਸਟਿਮ 'ਚ ਪਿਸ ਰਹੇ ਦਲਿਤ ਲੋਕਾਂ ਦੀ ਪੀੜ ਦਾ ਅਧਿਐਨ 'ਵਰਗ ਵੰਡ' ਰਾਹੀ ਨਹੀਂ ਸਮਝਿਆ ਜਾ ਸਕਦਾ। ਕੁਝ ਵਿਦਵਾਨ ਅੰਬੇਡਕਰਵਾਦ ਤੇ ਮਾਰਕਸਵਾਦ ਦੀ ਮਿੱਸੀ ਰੋਟੀ ਬਣਾ ਕੇ ਖਵਾਉਣ ਦੀ ਕੋਸ਼ਿਸ਼ ਵੀ ਕਰ ਰਹੇ ਹਨ।

ਹੁਣ ਤੱਕ ਖੱਬੇ ਪੱਖੀਆਂ ਨੇ ਜਾਤੀ ਪ੍ਰਣਾਲੀ ਨੂੰ ਸਹੀ ਦ੍ਰਿਸ਼ਟੀ ਨਾਲ ਸਮਝਿਆ ਹੀ ਨਹੀਂ ਹੈ। ਦਲਿਤ ਸਾਹਿਤ ਨੂੰ ਕਿਵੇਂ ਸਮਝ ਸਕਦੇ ਹਨ ਇਹ ਗੱਲ ਖੁਦ ਖੱਬੇ ਪੱਖੀ ਵੀ ਮੰਨਣ ਲੱਗ ਪਏ ਹਨ। ਅਜੋਕੇ ਸੰਦਰਭ ਵਿਚ ਕਾਮਰੇਡ ਜਗਜੀਤ ਸਿੰਘ ਆਨੰਦ ਦੀ ਟਿੱਪਣੀ ਮੇਰੀ ਧਾਰਨਾ ਨੂੰ



ਪੱਕਿਆ ਕਰਦੀ ਹੈ,

"ਅਸੀਂ ਜਿਹੜੇ ਪਹਿਲੇ ਦਿਨੋਂ ਸਰਬਹਾਰਾ ਲੋਕਾਂ ਬੇਘਰਿਆ, ਖੇਤ ਮਜ਼ਦੂਰਾਂ ਤੇ ਮਜ਼ਦੂਰਾਂ ਦੇ ਹੱਕ ਵਿਚ ਜਨਮ ਲੇਖੇ ਲਾਉਣ ਤੁਰੇ ਸਾਂ, ਮਾਰਕਸ ਤੇ ਲੈਨਿਨ ਦੀਆਂ ਪੁਸਤਕਾਂ ਨੂੰ ਪੜ੍ਹਨ-ਵਿਚਾਰਨ ਉਤੇ ਤਾਂ ਵਾਹਵਾ ਜ਼ੋਰ ਲਾਉਂਦੇ ਰਹੇ ਪਰ ਨੱਕ ਸਾਹਮਣੇ ਖਲੋਤੀ ਉਸ ਵਰਣ ਵੰਡ ਹੱਥੋਂ ਸਿਰੇ ਦੀ ਧੱਕੜਸ਼ਾਹੀ ਵੱਲ ਧਿਆਨ ਨਾ ਦਿੱਤਾ, ਹਾਲਾਂਕਿ ਇਹ ਸਾਡੇ ਭਾਰਤ ਦੀ ਵੱਖਰੀ-ਨਿਆਰੀ ਬਲਾਅ ਸੀ। ਨਿਰੋਲ ਨਿੱਜ ਬਾਰੇ ਆਖ ਰਹੇ ਹਾਂ ਕਿ ਸ਼੍ਰੇਣੀ-ਵੰਡ ਵਾਲੇ ਸਿਧਾਂਤ ਤਾਂ ਖੂਬ ਘੋਟੇ ਵੀ ਤੇ ਪੜਾਏ ਵੀ ਪਰ ਉਸ ਜ਼ਾਲਮ ਜਾਤੀ ਵੰਡ ਨੂੰ ਪਛਾਣਿਆ-ਘੋਖਿਆ ਹੀ ਨਾ, ਜਿਸ ਅਧੀਨ ਅਛੂਤ ਅਖਵਾਉਂਦੀਆਂ ਜਾਤਾਂ ਨੂੰ ਨਾ ਸਿਰਫ਼ ਠਾਕੁਰ ਦੁਆਰਿਆਂ ਤੇ ਮੰਦਰਾਂ ਤੋਂ ਦੂਰ ਰੱਖਿਆ ਜਾਂਦਾ ਸੀ।"[2]

ਉਘੇ ਮਾਰਕਸੀ ਆਲੋਚਕ ਡਾ. ਸਰਬਜੀਤ ਸਿੰਘ ਨੇ ਮੌਖਿਕ ਮਾਰਕਸਵਾਦੀਆਂ ਤੇ ਟੇਢਾ ਤੇ ਤਿੱਖਾ ਹਮਲਾ ਕੀਤਾ ਹੈ। ਜਿਹੜੇ ਮਾਰਕਸਵਾਦ ਦੇ ਮੋਟੇ-ਠੁੱਲ੍ਹੇ ਨੁਕਤਿਆਂ ਨਾਲ ਨਰੜੀ ਹੋਈ ਹੈ ਤੇ ਆਪਣੇ ਆਪ ਨੂੰ ਮਾਰਕਸਵਾਦ ਦੀ ਵਾਰਸ ਅਖਵਾਉਂਦੀ ਹਨ,

"ਇਹ ਪਰੰਪਰਕ ਮਾਰਕਸਵਾਦੀ ਦਲਿਤ ਦੀ ਗੱਲ ਕਰਨ ਨੂੰ ਜਾਤ-ਪਾਤ ਤੱਕ ਸੀਮਤ ਕਰ ਦਿੰਦੇ ਹਨ ਅਤੇ ਜਮਾਤੀ ਲੜਾਈ ਨੂੰ ਇਕਹਿਰਾ , ਇਕਪਾਸੜ ਸੰਕਲਪ ਬਣਾ ਕੇ ਐਨਾ ਉਲਾਰ ਹੋ ਜਾਂਦੇ ਹਨ ਕਿ ਹੋਰਨਾਂ ਦਮਨਕ੍ਰਿਤ, ਹਾਸ਼ੀਆਕ੍ਰਿਤ ਅਤੇ ਜ਼ਬਰਗ੍ਰਸਤ ਧਿਰਾਂ ਦੀ ਹੋਂਦ ਅਤੇ ਹੋਣੀ ਤੋਂ ਮੁਨਕਰ ਹੋ ਜਾਂਦੇ ਹਨ। ਇਸ ਪਰੰਪਰਕ ਮਾਰਕਸਵਾਦ ਨੇ ਹਿੰਦੁਸਤਾਨ ਵਿਚ ਪ੍ਰੋਲਤਾਰੀ ਜਾਂ ਕਿਰਤੀ ਵਰਗ ਦੀ ਪਛਾਣ ਵਿਚ ਸਭ ਨਾਲੋਂ ਵੱਡਾ ਅੜਿੱਕਾ ਖੜ੍ਹਾ ਕੀਤਾ ਹੈ। ਭਾਰਤੀ ਮਾਰਕਸਵਾਦ ਦੀ ਪਰੰਪਰਕ ਤੇ ਮੌਖਿਕ ਪਰੰਪਰਾ ਨੇ ਮਾਰਕਸੀ ਸਿਧਾਂਤ ਦੀਆਂ ਸੁਝਾਈਆਂ ਮਨੌਤਾਂ ਨੂੰ ਭਾਰਤੀ ਸਮਾਜ ਉੱਪਰ ਫਿੱਟ ਕਰਨ ਦਾ ਸਿਰਤੋੜ ਉਪਰਾਲਾ ਕੀਤਾ। ਇਸ ਨਾਲ ਭਾਰਤੀ ਸਮਾਜ ਦੀ ਸਮਝ ਪ੍ਰਤੀ ਵਿਕਾਰ ਹੀ ਉਤਪੰਨ ਹੋਏ ਹਨ। ਮਾਰਕਸਵਾਦ ਮਨੁੱਖ ਨੂੰ ਆਪਣੇ ਸਮਾਜ ਪ੍ਰਤੀ ਆਲੋਚਨਾਤਮਕ ਬਣਾਉਂਦਾ ਹੈ ਅਤੇ ਸਮਾਜਕ ਸੰਰਚਨਾ ਤੇ ਸਮਾਜੀ ਯਥਾਰਥ ਪ੍ਰਤੀ ਬਾਹਰਮੁੱਖੀ ਵਿਵੇਕ ਸਿਰਜਣ ਲਈ ਤਿਆਰ ਕਰਦਾ ਹੈ। ਪਰੰਪਰਕ ਜਾਂ ਮੌਖਿਕਤਾ ਕਦੇ ਵੀ ਕਰਿਟੀਕਲ ਨਹੀਂ ਹੋ ਸਕਦੀ। ਇਹ ਪਰੰਪਰਾ ਲੋਕਧਾਰਾਈ ਵਿਸ਼ਵਾਸਾਂ ਵਾਂਗ ਵਿਸ਼ਵਾਸ ਦ੍ਰਿੜ ਕਰਦੀ ਹੋਈ ਧਾਰਮਕ ਰੁਚੀ ਅਨੁਸਾਰ ਪਵਿੱਤਰਤਾ ਅਤੇ ਸ਼ਰਧਾਮਈ ਰੁਚੀ ਦੀ ਧਾਰਨੀ ਬਣ ਜਾਂਦੀ ਹੈ। ਜਦੋਂ ਇਸ ਰੁਚੀ ਨੂੰ ਸਮਾਜੀ ਯਥਾਰਥ ਜਾਂ ਵਰਤਾਰਾ ਵੰਗਾਰਵੀਂ ਸਥਿਤੀ ਬਣ ਕੇ ਖੜ੍ਹਾ ਹੁੰਦਾ ਹੈ ਤਾਂ ਇਹ ਉਪਭਾਵਕ, ਵਿਰੋਧੀ, ਉੱਚੀ ਸੁਰ ਬਣਕੇ ਬੁਖਲਾਹਟ ਵਿਚ ਬਦਲ ਜਾਂਦੀ ਹੈ। ਇਸ ਕਰਕੇ ਦਲਿਤ ਵਰਤਾਰੇ ਪ੍ਰਤੀ ਅਖਾਉਤੀ, ਮੌਖਿਕ ਅਤੇ ਪਰੰਪਰਕ ਮਾਰਕਸੀ ਦ੍ਰਿਸ਼ਟੀ ਦੇ ਧਾਰਨੀ ਦਲਿਤ ਵਿਰੋਧੀ ਪੁਜ਼ੀਸ਼ਨਾ ਲਈ ਬੈਠੇ ਹਨ।"[3]

ਉਪਰੋਕਤ ਸੰਦਰਭ 'ਚ ਮਾਰਕਸੀ ਸੋਚ ਰੱਖਣ ਵਾਲੇ ਡਾ. ਭੀਮ ਇੰਦਰ ਸਿੰਘ ਦੀ ਟਿੱਪਣੀ ਨੂੰ ਵਿਚਾਰਨਾ ਵੀ ਜਰੂਰੀ ਹੋ ਜਾਂਦਾ ਹੈ,

" ਦਲਿਤ ਚੇਤਨਾ ਨੂੰ ਭਾਰਤ ਦੀਆਂ ਪਰੰਪਰਾਗਤ ਕਮਿਊਨਿਸਟ ਪਾਰਟੀਆਂ ਵੀ ਆਪਣੇ ਨਾਲ ਜੋੜਨ ਤੋਂ ਅਸਮਰੱਥ ਰਹੀਆਂ ਹਨ, ਜਿਸ ਦੇ ਕਈ ਕਾਰਨ ਹਨ। ਇਸ ਦਾ ਪ੍ਰਮੁੱਖ ਕਾਰਨ ਜਿੱਥੇ ਵਿਸ਼ਵ ਪੱਧਰ 'ਤੇ ਕਮਿਊਨਿਸਟ ਲਹਿਰ ਦਾ ਕਮਜ਼ੋਰ ਹੋਣਾ ਹੈ, ਉਥੇ ਇਨ੍ਹਾਂ ਪਾਰਟੀਆਂ ਵਿਚ ਰਚਨਾਤਮਿਕ ਮਾਰਕਸਵਾਦ ਦੀ ਕਮੀ ਹੋਣਾ ਵੀ ਸ਼ਾਮਲ ਹੈ।[4]

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਮਾਰਕਸਵਾਦ ਦੇ ਸ਼੍ਰੇਣੀ-ਵੰਡ ਦੇ ਸਿਧਾਂਤ ਨਾਲ

ਦਲਿਤ ਚੇਤਨਾ ਦੀ ਕਹਾਣੀ ਨੂੰ ਸਮਝਿਆ ਨਹੀਂ ਜਾ ਸਕਦਾ। ਇਸ ਅੰਕ 'ਚ ਅਸੀਂ ਭਾਰਤੀ ਦਲਿਤ ਕਹਾਣੀਆਂ ਪ੍ਰਕਾਸ਼ਤ ਕਰ ਰਹੇ ਹਾਂ ਇਹ ਕਹਾਣੀਆਂ ਜਾਤੀ ਵੰਡ ਤੋਂ ਪੀੜਤ ਦਲਿਤ ਲੋਕਾਂ ਦੀਆਂ ਕਹਾਣੀਆਂ ਹਨ, ਅੰਬੇਡਕਰੀ ਨਜ਼ਰੀਏ ਤੋਂ ਇਨ੍ਹਾਂ ਕਹਾਣੀਆਂ 'ਚੋਂ ਵੱਡੇ ਅਰਥ ਕੱਢੇ ਜਾ ਸਕਦੇ ਹਨ। ਮੈਨੂੰ ਉੱਘੇ ਦਲਿਤ ਚਿੰਤਨ ਡਾ. ਜੈ ਪ੍ਰਕਾਸ਼ ਕਰਦਮ ਦੀ ਟਿੱਪਣੀ ਚੇਤੇ ਆਉਂਦੀ ਹੈ,

"ਕਾਰਲ ਮਾਰਕਸ ਨੇ ਧਰਮ ਨੂੰ ਅਫੀਮ ਦਾ ਨਸ਼ਾ ਕਿਹਾ ਹੈ। ਉਨ੍ਹਾਂ ਨੇ ਜਿਸ ਸਮੇਂ ਅਤੇ ਜਿਸ ਸੰਦਰਭ 'ਚ ਇਹ ਕਿਹਾ ਹੋਵੇਗਾ ਉਦੋਂ ਉਸ ਦਾ ਕੋਈ ਅਰਥ ਹੋਵੇਗਾ, ਪ੍ਰੰਤੂ ਭਾਰਤੀ ਸਮਾਜ 'ਚ ਜਿਥੇ ਵਿਅਕਤੀ ਦਾ ਸਭ ਕੁਝ ਧਰਮ ਤੇ ਅਧਾਰਤ ਹੀ ਚਲਦਾ ਹੋਵੇ ਧਰਮ ਦੇ ਇਸ ਨਸ਼ੇ ਤੋਂ ਕਿਵੇਂ ਮੁਕਤ ਹੋਇਆ ਜਾਵੇ, ਇਸ ਵਿਸ਼ੇ 'ਚ ਕਿਸੇ ਵੀ ਮਾਰਕਸਵਾਦੀ ਨੇ ਨਾ ਕਦੇ ਕੋਈ ਹੱਲ ਸੁਝਾਇਆ ਹੈ, ਨਾ ਇਸ ਲਈ ਕੋਈ ਅੰਦੋਲਨ ਚਲਾਇਆ ਹੈ। ਪੋਥੀਆਂ 'ਚੋਂ ਲੈ ਕੇ ਸਿਧਾਂਤਾ ਦਾ ਘੋਟਾ ਲਾਉਣਾ ਅਲੱਗ ਗੱਲ ਹੈ, ਅਤੇ ਉਸ ਨੂੰ ਜੀਵਨ 'ਚ ਢਾਲਣਾ ਵੱਖਰੀ ਗੱਲ ਹੈ। ਧਰਮ ਨੂੰ ਅਫੀਮ ਦਾ ਨਸ਼ਾ ਮੰਨਣ ਵਾਲੇ ਭਾਰਤੀ ਮਾਰਕਸਵਾਦੀ ਖੁਦ ਧਰਮ ਦੇ ਨਸ਼ੇ ਤੋਂ ਮੁਕਤ ਨਹੀਂ ਹਨ। ਕੋਈ ਵੀ ਮਾਰਕਸਵਾਦੀ ਜਿਹੜੇ ਵਧੇਰੇ ਹਿੰਦੂ ਪਹਿਲਾ ਹਨ। ਜਨਮ ਤੋਂ ਲੈ ਕੇ ਮੌਤ ਤੱਕ ਉਹਨਾਂ ਦੇ ਸਾਰੇ ਸੰਸਕਾਰ ਅਤੇ ਕਰਮਕਾਂਡ ਹਿੰਦੂ ਧਰਮ ਦੇ ਅਨੁਸਾਰ ਹੁੰਦੇ ਹਨ। ਭਾਵ ਕਿ ਭਾਸ਼ਣ ਅਤੇ ਸਿਧਾਂਤਾਂ ਦੀ ਗੱਲ ਵੱਖਰੀ ਹੈ ਅਸਲ ਜੀਵਨ 'ਚ ਮਾਰਕਸਵਾਦੀ ਧਰਮ (ਹਿੰਦੂਤਵ) ਹੋ ਜਾਂਦਾ ਹੈ। ਦਲਿਤ ਹਿੰਦੂਤਵ ਨੂੰ ਆਪਣੇ ਅਨੁਕੂਲ ਨਹੀਂ ਪਾਉਂਦੇ, ਬਲਕਿ ਇਸ ਨੂੰ ਆਪਣੇ ਵਿਰੋਧ 'ਚ ਖੜਾ ਪਾਉਂਦੇ ਹਨ। ਬੁੱਧ ਧਰਮ ਉਨ੍ਹਾਂ ਦੇ ਵਧੇਰੇ ਅਨੁਕੂਲ ਲਗਦਾ ਹੈ, ਇਸ ਲਈ ਹਿੰਦੂਤਵ ਦਾ ਨਕਾਰਨਾ ਤੇ ਬੁੱਧ ਧਰਮ ਦੇ ਪ੍ਰਤੀ ਝੁਕਾਅ ਦਲਿਤ ਸਾਹਿਤ ਦੀ ਇਕ ਸਹਿਜ ਪ੍ਰਵਿਰਤੀ ਹੈ। ਧਰਮ ਦਾ ਮਾਨਵ ਜੀਵਨ 'ਚ ਬੜਾ ਮਹੱਤਵ ਹੈ, ਵਿਅਕਤੀ ਇਕ ਧਰਮ ਨੂੰ ਛੱਡੇਗਾ ਤਾਂ ਉਸ ਨੂੰ ਦੂਜੇ ਧਰਮ ਦਾ ਆਸਰਾ ਲੈਣਾ ਹੀ ਪਵੇਗਾ। ਉਂਝ ਵੀ ਧਰਮ ਇਕ ਵਿਵਸਥਾ ਹੈ ਅਤੇ ਵਿਅਕਤੀ ਉਹੀ ਵਿਵਸਥਾ ਅਪਨਾਵੇਗਾ ਜਿਹੜੀ ਉਸ ਦੇ ਅਨੁਕੂਲ ਹੋਵੇਗੀ। ਇਹੀ ਸਾਹਿਜ ਸੱਚ ਦੀ ਪੇਸ਼ਕਾਰੀ ਦਲਿਤ ਸਾਹਿਤ 'ਚ ਹੋ ਰਹੀ ਹੈ। ਪ੍ਰੰਤੂ ਮਾਰਕਸਵਾਦ ਦੀ ਰੌਅ 'ਚ ਵਹਿ ਰਹੇ ਕੁਝ ਦਲਿਤ ਸਾਹਿਤਕਾਰ ਇਸ ਪ੍ਰਵਿਰਤੀ ਦੇ ਵਿਰੋਧੀ ਹਨ ਅਤੇ ਉਨ੍ਹਾਂ ਨੂੰ ਦਲਿਤ ਸਾਹਿਤ ਬੁੱਧ ਧਰਮ ਦਾ ਪਿਟਾਰਾ ਬਣਨ ਦਾ ਖਤਰਾ ਨਜ਼ਰ ਆਉਂਦਾ ਹੈ। ਇਕ ਧਰਮ ਤੋਂ ਮੁਕਤ ਹੋ ਕੇ ਦੂਜੇ ਧਰਮ ਦੀ ਗ੍ਰਿਫਤ 'ਚ ਪੈ ਜਾਣਾ ਵੀ ਕੋਈ ਹੱਲ ਨਹੀਂ ਹੈ, ਉਨ੍ਹਾਂ ਦੀ ਇਸ ਦ੍ਰਿਸ਼ਟੀ 'ਚ ਬੁੱਧ ਧਰਮ ਵੀ ਹਿੰਦੂ ਧਰਮ ਵਰਗਾ ਹੀ ਹੈ, ਅਤੇ ਦਲਿਤ ਸਾਹਿਤ ਦਾ ਧਾਰਮਿਕ, ਦਾਰਸ਼ਨਿਕ ਚਿੰਤਨ ਬੁੱਧਵਾਦ ਦੇ ਆਧਾਰ ਤੇ ਵਿਕਸਤ ਨਹੀਂ ਹੋਣਾ ਚਾਹੀਦਾ। ਪ੍ਰੰਤੂ ਸਵਾਲ ਇਹ ਹੈ ਕਿ ਸਾਹਿਤ ਧਰਮ ਦਾ ਪਿਟਾਰਾ ਕਦੋਂ ਨਹੀਂ ਰਿਹਾ ? ਕਿਹੜੇ ਸਾਹਿਤ ਦੀ ਪੁਸਤਕ ਹੈ ਜਿਹੜੀ ਧਰਮ ਤੋਂ ਮੁਕਤ ਹੈ ? ਖੁਦ ਮਾਰਕਸਵਾਦੀਆਂ ਵਲੋਂ ਲਿਖਿਆ ਸਾਹਿਤ ਕੀ ਧਰਮ ਦੇ ਪ੍ਰਭਾਵ ਤੋਂ ਮੁਕਤ ਹੈ ? ਕਿਸੇ ਮਾਰਕਸਵਾਦੀ ਨੇ ਕਿਸੇ ਪੁਸਤਕ ਨੂੰ ਧਰਮ ਦੇ ਨਾਂ ਤੇ ਕਦੇ ਖਾਰਜ ਨਹੀਂ ਕੀਤਾ ਹੈ। ਜੇ ਕਰ ਅਜਿਹਾ ਹੁੰਦਾ ਤਾਂ 'ਰਾਮ ਚਰਿਤ ਮਾਨਸ' ਖਾਰਿਜ ਪੁਸਤਕਾਂ ਦੀ ਸੂਚੀ 'ਚ ਸਭ ਤੋਂ ਉਪਰ ਹੁੰਦੀ ਲੇਕਿਨ ਉਹ ਮਾਰਕਸਵਾਦੀਆਂ ਦੇ ਲਈ ਉਨੀ ਹੀ ਅਦਰਸ਼ ਅਤੇ ਮਹੱਤਵਪੂਰਨ ਪੁਸਤਕ ਹੈ ਜਿਨੀ ਦੂਜੇ ਹਿੰਦੂਆ ਦੇ ਲਈ।[5]

ਮਾਰਕਸਵਾਦੀਆਂ ਦੀ ਧਰਮ 'ਚ ਆਸਥਾ ਇਸ ਅੰਕ 'ਚ ਪ੍ਰਕਾਸ਼ਤ ਸੂਰਜ ਪਾਲ ਚੌਹਾਨ ਦੀ ਕਹਾਣੀ 'ਅਲਿਜਾਬਿਥ' ਚ ਪੇਸ਼ ਕੀਤੀ ਹੈ। ਕਾਮਰੇਡ ਪਾਤਰ ਦੇ ਮਖੋਟੇ ਨੂੰ ਸੂਰਜ ਪਾਲ ਚੌਹਾਨ ਨੇ ਬੜੇ ਤਾਰਕਿਕ ਨਜ਼ਰੀਏ ਤੋਂ ਉਭਾਰਿਆ ਹੈ।



ਅਸੀਂ ਚਾਹੇ ਕਿੰਨੇ ਵੀ ਧਰਮ ਨਿਰਪੱਖ ਹੋਣ ਦਾ ਨਾਟਕ ਕਰੀਏ ਪ੍ਰੰਤੂ ਮਨੁੱਖ ਦੇ ਜਾਤੀਗਤ ਸੰਸਕਾਰ ਸਾਡੇ ਅੰਦਰ ਜਿਉਂਦੇ ਰਹਿੰਦੇ ਹਨ। ਡਾ. ਜਸਵਿੰਦਰ ਕੌਰ ਬਿੰਦਰਾ ਦੀ ਟਿੱਪਣੀ,

" ਮਨੋਵਿਗਿਆਨ ਦੀ ਦ੍ਰਿਸ਼ਟੀ ਤੋਂ ਦਲਿਤ ਸਾਹਿਤ ਦਾ ਮੁਲਾਂਕਣ ਕਰਦਿਆਂ ਇੱਕ ਗੱਲ ਬੜੀ ਸਪੱਸ਼ਟ ਤੇ ਸਹਿਜਤਾ ਨਾਲ ਸਾਹਮਣੇ ਆਉਂਦੀ ਹੈ ਕਿ ਉੱਚੀਆਂ ਜਾਂ ਨਵੀਆਂ ਜਾਤੀਆਂ ਦੋਹਾਂ ਦੇ ਅਵਚੇਤਨ ਵਿੱਚ ਜਾਤੀਗਤ ਸੰਸਕਾਰ ਕੁੰਡਲੀ ਮਾਰੀ ਬੈਠੇ ਹਨ। ਇਨ੍ਹਾਂ ਦੀ ਜੜ੍ਹ ਭਾਵੇਂ ਐਨੀ ਪੀਡੀ ਨਾ ਰਹੀ ਹੋਵੇ ਪਰ ਬਹੁਤੀ ਢਿੱਲੀ ਵੀ ਨਹੀਂ ਹੋਈ।[6]

ਜਾਤੀਗਤ ਸੰਸਕਾਰਾ ਦੀ ਗੱਲ ਅਨੇਕਾਂ ਕਹਾਣੀਆਂ ਵਿਚ ਹੋਈ ਹੈ। ਇਸ ਅੰਕ 'ਚ ਵੇਣੂਗੋਪਾਲ ਦੀ ਲੰਮੀ ਕਹਾਣੀ 'ਅਨੰਤਾਕਸ਼ਰੀ' , ਓਮ ਪ੍ਰਕਾਸ਼ ਵਾਲਮੀਕੀ ਦੀ ਕਹਾਣੀ 'ਅਰਥੀ', ਤੇ ਜੈ ਪ੍ਰਕਾਸ਼ ਕਰਦਮ ਦੀ ਕਹਾਣੀ 'ਡਾਂਗ' ਵਿਚ ਬੜੀ ਸਿੱਦਤ ਨਾਲ ਹੋਈ ਹੈ।

ਇਕ ਗੁਰਮੇਲ ਮਡਾਹੜ ਦੀ ਨਵੀਂ ਪੰਜਾਬੀ ਕਹਾਣੀ 'ਹਵਾ ਵਿਚ ਉਡਦੀਆਂ ਮੱਛਲੀਆਂ' ਵੀ ਇਸ ਅੰਕ 'ਚ ਪ੍ਰਕਾਸ਼ਤ ਕੀਤੀ ਜਾ ਰਹੀ ਹੈ। ਇਸ ਅੰਕ 'ਚ ਦੋ ਮਰਾਠੀ ਕਹਾਣੀਆਂ ਦਾ ਅਨੁਵਾਦ ਵੀ ਪ੍ਰਕਾਸ਼ਤ ਕੀਤਾ ਗਿਆ ਹੈ। ਇਕ ਹੈ ਸ਼ਰਣ ਕੁਮਾਰ ਲਿੰਬਾਲੇ ਦੀ 'ਦਾਗ਼' ਤੇ ਦੂਜੀ ਹੈ ਅਭਿਤਾਭ ਦੀ 'ਮਰਿਆ ਡੰਗਰ' ਇਹ ਦੋ ਕਹਾਣੀਆਂ ਦਲਿਤ ਚੇਤਨਾਂ ਨੂੰ ਵੱਖਰੇ ਵੱਖਰੇ ਐਂਗਲ ਤੋਂ ਪੇਸ਼ ਕਰਦੀਆਂ ਹਨ। ਦਲਿਤ ਲੋਕਾਂ ਦੇ ਜੀਵਨ ਪੱਧਰ ਨੂੰ ਰੌਂਗਟੇ ਖੜੇ ਕਰਨ ਵਾਲੀ ਸ਼ੈਲੀ ਨਾਲ ਪੇਸ਼ ਕਰਦੇ ਹਨ। ਸਤਯ ਪ੍ਰਕਾਸ਼ ਦੀ ਕਹਾਣੀ 'ਦਲਿਤ ਬ੍ਰਾਹਮਣ' ਦਫ਼ਤਰੀ ਕਲਚਰ ਨੂੰ ਦਲਿਤ ਐਂਗਲ ਤੋਂ ਪੇਸ਼ ਕਰਦੀ ਕਹਾਣੀ ਹੈ ਤੇ ਸ਼੍ਰੀ ਧਰਮ ਦੀ ਕਹਾਣੀ 'ਕੀ ਹੁਕਮ ਐਂ...? ਲੋਕਧਾਰਾ ਦੇ ਵੇਰਵੇ ਪ੍ਰਸੰਗ 'ਚ ਦੇਖਿਆ ਬੜੀ ਚੰਗੀ ਕਹਾਣੀ ਹੈ। ਇਸ ਅੰਕ ਵਿਚ ਕੁਝ ਹੋਰ ਭਾਰਤੀ ਭਾਸ਼ਾਵਾਂ ਦੀਆਂ ਕਹਾਣੀਆਂ ਰਹਿ ਗਈਆਂ ਹਨ। ਜਿਨ੍ਹਾਂ ਨੂੰ ਕਦੇ ਫਿਰ ਪ੍ਰਕਾਸ਼ਤ ਕੀਤਾ ਜਾਵੇਗਾ।

ਹਵਾਲੇ-

1. ਦੇਸ ਰਾਜ ਕਾਲੀ, ਪੰਚਮ, ਮਈ, 2002, ਸੰਪਾਦਕੀ . ਪੰਜਾਬੀ ਆਲੋਚਕਾਂ ਦੀ ਨਜ਼ਰ, ਪੰਨਾ 1,
2. ਜਗਜੀਤ ਸਿੰਘ ਆਨੰਦ, ਜਗਬਾਣੀ, 3 ਸਤੰਬਰ, 2005, ਜਾਤ ਤੇ ਧਰਮ ਤੋਂ ਉਪਰ ਉੱਠ ਕੇ ਦੇਸ਼ ਦਾ ਭਵਿੱਖ ਸੰਵਾਰੋਂ , ਸੰਪਾਦਕੀ ਮਿਡਲ ਪੇਜ਼ ਪੰਨਾ 5
3. ਡਾ. ਸਰਬਜੀਤ ਸਿੰਘ, ਦਲਿਤ ਦ੍ਰਿਸ਼ਟੀ (ਸੰਪਾ), ਦਲਿਤ ਦ੍ਰਿਸ਼ਟੀ, ਪੰਨਾ 9-10
4. ਡਾ. ਭੀਮ ਇੰਦਰ ਸਿੰਘ, ਦਲਿਤ ਚਿੰਤਨ ਮਾਰਕਸੀ ਪਰਿਪੇਖ (ਸੰਪਾ.), ਸੰਪਾਦਕੀ, ਪੰਨਾ 13
5. ਡਾ. ਜੈ ਪ੍ਰਕਾਸ਼ ਕਰਦਮ, ਦਲਿਤ ਸਾਹਿਤ, 1999, ਸੰਪਾਦਕੀ, ਪੰਨਾ 6-7
6. ਡਾ. ਜਸਵਿੰਦਰ ਕੌਰ ਬਿੰਦਰਾ, ਮਨੋਵਿਗਿਆਨ ਅਤੇ ਪੰਜਾਬੀ ਕਹਾਣੀ, ਚੇਤੰਨ ਹੁੰਦੇ ਦਲਿਤ, ਪੰਨਾ 104

**- ਭਗਵੰਤ ਰਸੂਲਪੁਰੀ**

ਹਿੰਦੀ ਕਹਾਣੀ

# ਅੰਨਤਾਕਸ਼ਰੀ / ਵੇਣੂ ਗੋਪਾਲ / ਅਨੁਵਾਦ : ਭਗਵੰਤ ਰਸੂਲਪੁਰੀ



ਡਾ. ਵੰਸ਼ੀਧਰ ਨੇ ਜਦੋਂ ਫਿਰ ਤੋਂ ਇਹ ਜਾਣਿਆ ਕਿ ਬਿਨਾ 'ਉਰਫ਼' ਦੇ ਯਾਦੀ ਅਤੇ ਰਜੀਆ ਦੀ ਪਹਿਚਾਣ ਸਾਫ਼ ਨਹੀਂ ਹੋ ਰਹੀ ਹੈ ਤਾਂ ਘਬਰਾਉਣ ਲੱਗੇ। ਕੋਈ ਹੋਰ ਤਰੀਕਾ ਸੀ ਵੀ ਨਹੀਂ ਤਾਂ ਆਪਣੀ ਲਚਾਰੀ ਨੂੰ ਸਿਧਾਂਤਕ ਜਾਮਾ ਪਾਉਣਾ ਉਸ ਦੀ ਮਜ਼ਬੂਰੀ ਬਣ ਗਿਆ। 'ਉਰਫ਼' ਘਬਰਾਹਟ ਦਾ ਸੂਚਕ ਹੋਣ ਦੇ ਨਾਲ ਹੀ ਇਸ ਤਰ੍ਹਾਂ 'ਉਰਫ਼' ਮਨੁੱਖ ਦੀ ਪਹਿਚਾਣ ਹੈ ਕਿਉਂਕਿ ਪਛੂਪਨ ਨੂੰ ਅਸਵੀਕਾਰਨ ਦੀ ਸੰਭਾਨਵਾ ਛੁਪੀ ਹੈ ਉਸ 'ਚ ਮਨੁੱਖ ਦੇ ਜਵਾਬੀ ਵਿਰੋਧ ਦੀ ਪਹਿਚਾਣ! ਭਾਵ ਕਿ ਉਸਦੇ ਹੋਣ ਦੀ।

ਡਾ. ਵੰਸ਼ੀਧਰ ਨੇ ਆਪਣੀ ਸੋਚ ਦੇ ਪਹਿਲੂ ਉੱਤੇ ਨਜ਼ਰ ਫੇਰੀ ਤਾਂ ਫਿਰ ਸਾਯਨਾ ਉਰਫ਼ ਸੂਰੇਯਾਕਾਂਤ ਤ੍ਰਿਪਾਠੀ ਉਰਫ਼ ਸੰਨੀ ਅਤੇ ਸੁਸ਼ੀਲਾ ਉਰਫ਼ ਮਨੋਹਰਾ ਦੇਵੀ ਦੀਆਂ ਸ਼ਕਲਾਂ ਚੇਤੇ ਦੀ ਚੰਗੇਰ 'ਚੋਂ ਉਭਰੀਆ।

ਸਾਹਮਣੇ ਯਾਦੀ ਉਰਫ਼ ਯਕੂਤ ਅਤੇ ਰਜੀਆ (ਸੁਲਤਾਨ) ਗਾ ਰਹੇ ਸਨ। ਡਾ. ਵੰਸ਼ੀਧਰ ਨੇ ਉਨ੍ਹਾਂ ਨੂੰ ਪਹਿਲਾ ਵੀ ਗਾਉਂਦੇ ਹੋਏ ਦੇਖਿਆ ਅਤੇ ਸੁਣਿਆ ਸੀ। ਕਲਾਸ ਰੂਮ 'ਚ ਵੀ। ਅਤੇ ਕਾਲਜ ਦੇ ਸਮਾਗਮ ਵਿਚ ਵੀ। ਟੀਮ ਸੀਲੈਕਸ਼ਨ ਦੇ ਜੱਜਾਂ 'ਚੋਂ ਉਹ ਵੀ ਇਕ ਸੀ। ਅਤੇ ਇਹ ਦੋਵੇਂ ਸਭ ਦੀ ਸਹਿਮਤੀ ਨਾਲ ਚੁਣੇ ਗਏ ਸਨ। ਪ੍ਰੰਤੂ ਅੱਜ ਦੀ ਗੱਲ ਹੀ ਹੋਰ ਸੀ। ਸਮੇਂ ਨੂੰ ਉਨ੍ਹਾਂ ਨੇ ਇਕ ਵਾਰ ਬੰਨ ਕੇ ਰੱਖ ਦਿੱਤਾ ਸੀ।

ਸਾਇਦ ਫਿਰ ਵੀ ਵੰਸ਼ੀਧਰ ਨੂੰ ਸੰਨੀ ਅਤੇ ਮਨੋਹਰਾ ਚੇਤੇ ਨਾ ਆਉਂਦੇ ਜੇਕਰ 'ਸ' ਅੱਖਰ ਤੋਂ ਗਾਉਣ ਦੀ ਜ਼ਰੂਰਤ ਆ ਪੈਣ ਤੇ ਜੇਕਰ 'ਸਮਾਂ ਹੈ ਸੁਹਨਾ-ਸੁਹਾਨਾ' ਨਹੀਂ ਗਾਉਂਦੇ। ਪਿਛਲੇ ਸਾਲ ਵੀ ਠੀਕ ਅਜਿਹਾ ਹੀ ਮੌਕਾ ਆ ਗਿਆ ਸੀ ਤਾਂ ਸੰਨੀ ਨੇ ਇਹੀ ਗਾਣਾ ਗਾਇਆ ਸੀ। ਬਹੁਤ ਹੀ ਚੁੱਭਿਆ ਸੀ ਵੰਸ਼ੀਧਰ ਨੂੰ। ਆਵਾਜ਼ ਤੱਲਤ ਮਹਿਮੂਦ ਵਰਗੀ ਤੇ ਗਾਣਾ ਕਿਸ਼ੋਰ ਕੁਮਾਰ ਦਾ।

ਬਾਅਦ 'ਚ ਉਨ੍ਹਾਂ ਨੇ ਸੰਨੀ ਨੂੰ ਪੁੱਛਿਆ ਵੀ ਸੀ, "ਮੌਕਾ ਮਿਲਦਿਆ ਹੀ ਤੂੰ ਕਿਸ਼ੋਰ ਕੁਮਾਰ ਦੇ ਗੀਤ ਕਿਉਂ ਗਾਉਣ ਲੱਗ ਜਾਂਦਾ ਏ ?"

ਸੰਨੀ ਦੇ ਗੂੜੇ ਕਾਲੇ ਰੰਗ ਦੇ ਬਾਵਜੂਦ ਚਮਕਦੇ ਲਿਸ਼ਕਦੇ, ਚਿਹਰੇ 'ਤੇ ਪਹਿਲਾਂ ਤਾਂ ਜੁਵਾਬ ਦੇ ਨਾ ਤੇ ਚਿਹਰੇ 'ਤੇ ਖੁਸ਼ੀ ਦੀ ਲਾਲਗੀ ਆ ਗਈ ਜਿਵੇਂ ਬੱਦਲ ਦਾ ਟੁਕੜਾ ਆ ਗਿਆ ਹੋਵੇ, ਪ੍ਰੰਤੂ ਫਿਰ ਤੁਰੰਤ ਧੁੱਪ ਨਿਕਲ ਆਈ। ਹੱਸਿਆ ਅਤੇ ਬੋਲਿਆ, "ਸਰ, ਇਹ ਅੰਨਤਾਕਸ਼ਰੀ ਕੰਪੀਟੀਸ਼ਨ ਹੈ। ਇਸ 'ਚ ਮੂਲ ਗਾਇਕ ਦੀ ਆਵਾਜ਼ ਨਾਲ ਮੇਲ ਜ਼ਰੂਰੀ ਨਹੀਂ ਹੁੰਦਾ। ਏਥੋਂ ਤੱਕ ਕਿ ਆਦਮੀ ਅਤੇ ਇਸਤਰੀ ਆਵਾਜ਼ ਦਾ ਅੰਤਰ ਵੀ ਅਰਥ ਹੀਣ ਹੋ ਜਾਂਦਾ ਹੈ। ਮੈਂ ਲਤਾ ਜਾਂ ਸ਼ਮਸ਼ਾਦ ਬੇਗਮ ਦੇ ਗਾਣੇ ਵੀ ਗਾ ਸਕਦਾ ਹਾਂ ਅਤੇ ਮਨੋਹਰਾ, ਮੇਰਾ ਮਤਲਬ ਹੈ ਸੁਸ਼ੀਲਾ, ਹੇਮੰਤ ਜਾਂ ਸਹਿਗਲ ਤੱਕ ਦੇ ਗੀਤ ਗਾ ਸਕਦੀ ਹੈ। ਅਤੇ ਫਿਰ ਤਲੱਤ ਦੇ ਗੀਤ ਹੈ ਹੀ ਕਿੰਨੇ ਕੁ? ਅੰਨਤਾਕਸ਼ਰੀ 'ਚ ਤਾਂ ਕਿਸ਼ੋਰ ਹੀ ਚੇਤੇ ਆਉਂਦੇ ਹਨ ਅਤੇ ਉਸ ਤੋਂ ਸਹਾਇਤਾ ਵੀ ਮਿਲਦੀ ਹੈ।"



ਵੰਸ਼ੀਧਰ ਨੂੰ ਸੰਨੀ ਦੇ ਬੋਲਣ ਦਾ ਅੰਦਾਜ਼ ਬਹੁਤ ਪਸੰਦ ਸੀ। ਸ਼ਬਦਾਂ ਨੂੰ ਅਸਰਦਾਰ ਬਣਾਉਣ ਦੀ ਪੂਰੀ ਪੂਰੀ ਕੋਸ਼ਿਸ਼ ਗੱਲਬਾਤ ਦੇ ਵਿਚ ਸਾਹਾਂ ਦੀ ਟਾਈਮਿੰਗ ਅਤੇ ਬੌਡੀ-ਲੈਂਗੂਵੇਜ਼ ਦਾ ਉਸ ਨਾਲ ਜ਼ਬਰਦਸ਼ਤ ਤਾਲਮੇਲ ਇਹੀ ਦੱਸਦਾ ਸੀ ਕਿ ਰਿਆਜ਼ ਕਾਫੀ ਕੀਤੀ ਗਿਆ ਹੈ। ਬਿਨਾ ਦਿਮਾਗ਼ੀ ਚੇਤਨਾ ਅਤੇ ਕੁਝ ਕੰਮ ਕਰਨ ਦੀ ਤੜਫ਼ ਤੋਂ ਇਹ ਅਸੰਭਵ ਨਹੀਂ। ਬੋਲਣ 'ਚ ਝਲਕਦੀ ਬੇਚੈਨੀ ਵੀ ਇਹੀ ਕਹਿੰਦੀ। ਉਂਝ ਸੰਨੀ ਸਨਕੀ ਹੋਣ ਦੇ ਨਾਮ ਤੋਂ ਵੀ ਬਦਨਾਮ ਸੀ। ਵਿਅੰਗ ਨਾਲ ਕਿਹਾ ਜਾਂਦਾ, "ਸੰਨੀ ਉਰਫ਼ ਸਨਕੀ।" ਪ੍ਰੰਤੂ ਵੰਸ਼ੀਧਰ ਉਸ ਨੂੰ ਉਵਰਸੈਂਸਟਿਵ ਮੰਨਦੇ। ਉਸਦਾ ਕਿਤਾਬੀ ਕੀੜਾ ਅਤੇ ਸਮਝਦਾਰ ਦਿਸਣ ਦੀ ਕੋਸ਼ਿਸ਼ ਵੀ ਉਨ੍ਹਾਂ ਨੂੰ ਚੰਗੀ ਲਗਦੀ।

ਦਰਅਸਲ ਵੰਸ਼ੀਧਰ ਦੇ ਬਾਰੇ 'ਚ ਦੂਸਰੇ ਅਧਿਆਪਕਾ ਦੀ ਦਲੀਲ ਸੀ ਕਿ ਉਹ ਸੰਨੀ ਤੋਂ ਪ੍ਰਭਾਵਿਤ ਸੀ। ਵੰਸ਼ੀਧਰ ਇਹ ਖ਼ਿਆਲ ਤੱਕ ਨਹੀਂ ਕਰਦੇ ਕਿ ਮੌਕਾ ਤੇ ਸਮਾਂ ਅਨਕੂਲ ਹੈ ਕਿ ਨਹੀਂ, ਬਸ ਹਰ ਕਿਸੇ ਦੇ ਸਾਹਮਣੇ ਉਸ ਦੀ ਪ੍ਰਸ਼ੰਸ਼ਾ ਕਰਨ ਲੱਗਦੇ। ਹਲਾਂਕਿ ਉਨ੍ਹਾਂ ਦੀ ਇੱਛਾ ਸੀ ਕਿ ਉਹ ਉਨ੍ਹਾਂ ਦੇ ਅੰਦਰ ਨੂੰ ਵੀ ਜਾਣੇ। ਇਕ ਦੋ ਵਾਰ ਉਨ੍ਹਾਂ ਨੇ ਆਪਣੇ ਮਨੋ ਵਿਸ਼ਲੇਸ਼ਣ ਸੰਬੰਧੀ ਅਧਿਆਪਕ ਨੂੰ ਵੀ ਪਰਖਿਆ ਤਾਂ ਕੁਝ ਕਿਤਾਬੀ ਗੱਲਾਂ ਹੀ ਪੱਲੇ ਪਈਆ, "ਉਹ ਕੀ ਹੈ ਸਰ ਕਿ ਅਗੇਯ ਨੇ 'ਸੇਖ਼ਰ ਇਕ ਜੀਵਨੀ' ਦੇ ਅਰੰਭ 'ਚ ਲਿਖ ਦਿੱਤਾ ਸੀ ਕਿ ਵੇਦਨਾ 'ਚ ਇਕ ਸਕਤੀ ਹੁੰਦੀ ਹੈ ਜਿਹੜੀ ਦ੍ਰਿਸ਼ਟੀ ਦਿੰਦੀ ਹੈ। ਜਿਹੜੀ ਪੀੜਾ 'ਚ ਹੈ, ਉਹ ਦ੍ਰਸ਼ਟਾ ਹੋ ਸਕਦਾ ਹੈ। ਬਸ ਅਜਿਹਾ ਹੀ ਕੁਝ ਮੇਰੇ ਬਾਰੇ 'ਚ ਸਮਝ ਲਓ।"

ਡੀਜਾਅਰ ਟੂ ਇਮਪ੍ਰੈਸ' ਸਾਫ ਸਪਸਟ ਨਜ਼ਰ ਆ ਰਿਹਾ ਸੀ ਅਤੇ ਵੰਸ਼ੀਧਰ ਨੂੰ ਇਹ ਸੁਭਾਵਿਕ ਵੀ ਲੱਗ ਰਿਹਾ ਸੀ। ਸਭ ਤੋਂ ਪਹਿਲਾਂ ਵਿਭਾਗ ਦੇ ਇੰਚਾਰਜ਼ ਕੁਲਕਰਨੀ ਨੇ ਦੱਸਿਆ ਸੀ ਕਿ , "ਸੰਨੀ ਐਸ. ਸੀ. ਹੈ। ਪ੍ਰੰਤੂ ਚਹੁੰਦਾ ਇਹੀ ਹੈ ਕਿ ਲੋਕ ਉਸਦੇ 'ਸੂਰੇਯਾਕਾਂਤ ਤ੍ਰਿਪਾਠੀ' ਨਾਂ ਨੂੰ ਦੇਖ ਕੇ ਚੱਕਰ 'ਚ ਫਸ ਜਾਣ। ਉਸ ਦਾ ਅਸਲੀ ਨਾਂ ਸਾਯਨਾ ਹੈ। ਅਜੇ ਸਾਲ ਕੁ ਪਹਿਲਾ ਹੀ ਲੀਗਲੀ ਚੇਂਜ ਕਰਵਾਇਆ ਹੈ ਉਸ ਨੇ ਆਪਣਾ ਨਾਂ।" ਕੁਲਕਰਨੀ ਦੇ ਚਿਹਰੇ ਉੱਤੇ ਅਜੀਬ ਤਰ੍ਹਾਂ ਦੀਆਂ ਲਕੀਰਾਂ ਸਨ।

"ਪ੍ਰੰਤੂ ਸਰਨੇਮ ਤ੍ਰਿਪਾਠੀ ?" ਵੰਸ਼ੀਧਰ ਗੁੱਥੀ ਨੂੰ ਹੋਰ ਉਲਝਦੀ ਦੇਖ ਕੇ ਸੁਲਝਾਉਣ ਦੀ ਕੋਸ਼ਿਸ਼ ਕਰਨ ਲੱਗੇ।

"ਇਸਦਾ ਪਿਓ ਦਲਿਤ ਲੀਡਰ ਹੈ। ਪੋਲੀਟੀਕਲੀ ਕਾਫੀ ਤਾਕਤ ਹੈ ਉਸਦੇ ਕੋਲ। ਉਹ ਹੀ ਸਮਝ ਲਓ ਕਿ 'ਸਮਰਥ ਕੋ ਨਾਹੀਂ ਦੋਸ ਗੋਸਾਈ। ਕਹਿੰਦਾ ਹੈ 'ਮੈਂ ਨਹੀਂ ਮੰਨਦਾ ਤ੍ਰਿਪਾਠੀ ਦਾ ਸਰਨੇਮ।' ਮੇਰੇ ਨਾਂ ਦਾ ਹਿੱਸਾ ਹੈ ਇਹ। ਇਹ ਸਰਨੇਮ-ਵਰਨੇਮ ਦਾ ਚੱਕਰ ਖਤਮ ਕੀਤੇ ਬਿਨਾ ਜਾਤ-ਪਾਤ ਦਾ ਚੱਕਰ ਨਹੀਂ ਤੋੜਿਆ ਜਾ ਸਕਦਾ।" ਕੁਲਕਰਨੀ ਦੇ ਚਿਹਰੇ ਉੱਤੇ ਆਈ ਖਿੱਝ ਦੀ ਪਰਤ ਹੁਣ ਨਫ਼ਰਤ 'ਚ ਬਦਲ ਗਈ ਸੀ। 0 0 0

ਵੰਸ਼ੀਧਰ ਨੂੰ ਤਾਂ ਸੰਨੀ ਦਾ 'ਵੇਦਨਾ' ਅਤੇ 'ਯਾਤਨਾ' (ਪੀੜਾ) ਵਰਗੇ ਸ਼ਬਦਾਂ ਨੂੰ ਬੋਲਣਾ ਹੀ 'ਸੁਪੀਰੀਅਰਿਟੀ ਕੰਪਲੈਕਸ' ਝਲਕਦਾ ਦਿੱਸਿਆ ਤਾਂ ਨਾਲ ਹੀ ਗਹਿਰਾਈ 'ਚ 'ਇੰਨਫੀਰੀਆਰਿਟੀ ਕੰਪਲੈਕਸ' ਵੀ ਠਾਠਾ ਮਾਰਦਾ ਮਹਿਸੂਸ ਹੋਇਆ।

ਕਿਸ਼ੋਰ ਦੇ ਗਏ ਗੀਤਾਂ ਦੇ ਬਾਰੇ 'ਚ ਵੀ ਸੰਨੀ ਦੀ ਗੱਲ ਉਹਨੂੰ ਠੀਕ ਲੱਗ ਰਹੀ ਸੀ ਪ੍ਰੰਤੂ ਵੰਸ਼ੀਧਰ ਨਹੀਂ ਚਾਹੁੰਦੇ ਸਨ ਕਿ ਗੱਲ ਉਥੇ ਹੀ ਖਤਮ ਹੋ ਜਾਵੇ। ਬੋਲੇ, "ਠੀਕ ਹੈ ਪ੍ਰੰਤੂ ਰਫ਼ੀ ਵੀ ਤਾਂ ਚੇਤੇ ਆ ਸਕਦੇ ਹਨ। ਐਨੇ ਗੀਤ ਗਾਏ ਹਨ ਉਨ੍ਹਾਂ ਨੇ ਕਿ ਅੰਨਤਾਕਸ਼ਰੀ ਜਿੱਤਣ ਦੇ ਲਈ ਵੀ ਉਨ੍ਹਾਂ ਤੇ ਨਿਰਭਰ ਰਹਿਣਾ ਪੈ ਸਕਦਾ ਹੈ।"

ਵੰਸ਼ੀਧਰ ਮੰਨਦੇ ਸਨ ਕਿ ਟੀਚਿੰਗ ਦੀ ਸਹੀ ਪਹਿਚਾਣ ਸਟੂਡੈਂਟਸ਼ ਨਾਲ ਨਿਰੰਤਰ ਹੁੰਦਾ ਡਾਇਲਾਗ ਹੀ ਹੈ। ਇਸ ਨੂੰ ਉਹ ਟੀਚਿੰਗ ਦੀ ਆਤਮਾ ਕਹਿੰਦੇ ਸਨ। ਹਮੇਸ਼ਾ ਗੁਰੂ ਬਣੇ ਰਹਿ ਕੇ ਕੁਰਸੀ ਉੱਤੇ ਬੈਠੇ ਰਹਿਣਾ ਅਤੇ ਸਿੱਖਿਆ ਦੇ ਨਾਂ ਤੇ ਪ੍ਰਵਚਨ ਝਾੜਦੇ ਰਹਿਣਾ ਇਕ ਤਣਾਓ ਭਰੇ ਸਰਾਪ ਵਰਗੇ ਅਹਿਸਾਸ 'ਚ ਇਸ ਤਰ੍ਹਾਂ ਜਕੜ ਲੈਂਦਾ ਹੈ ਕਿ ਉਸ ਤੋਂ ਛੁਟਕਾਰਾ ਪਾਉਣਾ ਕਠਿਨ ਹੋ ਜਾਂਦਾ ਹੈ। ਡਾਇਲਾਗ ਹੀ ਉਹ ਤਰੀਕਾ ਹੈ ਜਿਸ ਨਾਲ ਨੌਜਵਾਨ ਐਨਰਜ਼ੀ ਦੀ ਅਜਿਹੀ ਸ਼ਕਤੀ ਪਾਈ ਜਾ ਸਕਦੀ ਹੈ, ਜਿਹੜੀ ਚੰਗੇ ਭਲੇ ਆਲਸੀ ਲੋਕਾ ਤੱਕ ਨੂੰ ਨਿਕੰਮੀ ਆਲਸ ਤੋਂ ਮੁਕਤ ਹੋਣ ਦੀ ਪ੍ਰੇਰਨਾ ਦਿੰਦਾ ਹੈ।

ਜਦ ਵੰਸ਼ੀਧਰ ਨੇ ਸੰਨੀ ਨੂੰ ਪਹਿਲੀ ਵਾਰ ਕਲਾਸ 'ਚ ਦੇਖਿਆ , ਉਦੋਂ ਹੀ ਉਹਨੂੰ ਲੱਗਾ ਸੀ ਉਹ

*ਪ੍ਰਸਿੱਧ ਕਵੀ ਵੇਣੂ ਗੋਪਾਲ ਦਾ ਜਨਮ 22 ਅਕਤੂਬਰ, 1942 'ਚ ਹੋਇਆ। ਉਨ੍ਹਾਂ ਨੇ ਐਮ. ਏ., ਪੀ. ਐਚ. ਡੀ. (ਡਿਗਰੀ) ਤੱਕ ਵਿਦਿਆ ਪ੍ਰਾਪਤ ਕੀਤੀ। ਉਨ੍ਹਾਂ ਦੇ ਚਰਚਿਤ ਕਾਵਿ ਸੰਗ੍ਰਹਿ 'ਵੋਹ ਹਾਥ ਹੋਤੇ ਹੈਂ ', 'ਚੱਟਨਾ ਕਾ ਜਲ ਗੀਤ' , 'ਹਵਾਏ ਚੁੱਪ ਨਹੀਂ ਰਹਿਤੀ' ਹਨ। ਉਨ੍ਹਾਂ ਦੀਆਂ ਕਵਿਤਾਵਾਂ ਦੇਸ਼ ਦੇ ਭਿੰਨ ਭਿੰਨ ਭਾਸ਼ਾਵਾਂ ਦੇ ਮੈਗਜ਼ੀਨਾ 'ਚ ਪ੍ਰਕਾਸ਼ਤ ਹੁੰਦੀਆ ਰਹਿੰਦੀਆਂ ਹਨ। ਉਨ੍ਹਾਂ ਨੇ ਕੁਝ ਨਿੱਗਰ ਕਹਾਣੀਆਂ ਵੀ ਲਿਖੀਆ ਹਨ। ਇਹ ਕਹਾਣੀ 'ਅੰਨਤਾਕਸ਼ਰੀ' ਉਨਾਂ ਦੀ ਦਲਿਤ ਪ੍ਰਸੰਗ ਤੋਂ ਲਿਖੀ ਗਈ ਇਕ ਚਰਚਿਤ ਕਹਾਣੀ ਹੈ। ਇਸ ਕਹਾਣੀ ਬਾਰੇ ਹੰਸ ਦੇ ਸੰਪਾਦਕ ਤੇ ਪ੍ਰਸਿਧ ਕਥਾਕਾਰ ਰਜਿੰਦਰ ਯਾਦਵ ਨੇ ਟਿੱਪਣੀ ਕੀਤੀ ਸੀ 'ਵੇਣੂ ਗੋਪਾਲ ਦੀ ਲੰਮੀ ਕਹਾਣੀ ਅੰਨਤਾਕਸ਼ਰੀ ਮੌਜੂਦਾ ਦਲਿਤ ਚੇਤਨਾ ਨੂੰ ਬਿਲਕੁਲ ਨਵੇਂ ਅੰਦਾਜ਼ 'ਚ ਸਾਹਮਣੇ ਰੱਖਦੀ ਹੈ। ਸੰਨੀ ਦਾ ਸਾਯਨਾ ਤੋਂ ਸੂਰੇਯਾਕਾਂਤ ਤ੍ਰਿਪਾਠੀ ਬਣਨ ਅਤੇ ਮੈਰਿਟ 'ਚ ਪਹਿਲੇ ਦਰਜੇ 'ਚ ਆਉਣ ਦੇ ਬਾਵਜੂਦ ਉਸ ਨੂੰ ਅਸਵੀਕਾਰਨ ਤੋਂ ਬਾਅਦ ਦੇ ਘਟਨਾ ਕ੍ਰਮ 'ਚ ਸਾਯਨਾ ਬਣ ਕੇ ਰਿਜਰਵ ਸੀਟ ਤੋਂ ਚੋਣ ਲੜਨ ਤੱਕ ਦਾ ਸਫ਼ਰ-ਬਿਰਤਾਂਤ ਗੰਭੀਰ ਰੂਪ ਨਾਲ ਵਿਚਾਰ ਕਰਨ ਯੋਗ ਹੈ। ਇਸਤਰੀ ਅਤੇ ਦਲਿਤ ਚੇਤਨਾ ਦਾ ਮੁੱਦਾ ਵੀ ਇਥੇ ਬਿਲਕੁਲ ਨਵੇਂ ਕੌਣ ਤੋਂ ਸਾਹਮਣੇ ਆਇਆ ਹੈ।*

*ਵੇਣੂ ਗੋਪਾਲ ਨੇ ਬੜੇ ਉਤਸਾਹ ਨਾਲ ਤੇ ਮਾਣ ਨਾਲ ਆਦਾਰਾ ਸੁਰ ਸਾਂਝ ਨੂੰ ਕਹਾਣੀ ਦਾ ਪੰਜਾਬੀ ਅਨੁਵਾਦ ਪ੍ਰਕਾਸ਼ਤ ਕਰਨ ਦੀ ਆਗਿਆ ਦਿੱਤੀ। ਇਹੋ ਜਿਹੀ ਦਲਿਤ ਚੇਤਨਾ ਦੀ ਕਹਾਣੀ ਪੰਜਾਬੀ 'ਚ ਅਜੇ ਨਹੀਂ ਲਿਖੀ ਗਈ। ਵੇਣੂ ਗੋਪਾਲ ਦਾ ਪਤਾ*

*803, ਲਕਸ਼ਮੀ ਸਦਨ, ਵਿਕਾਸ ਨਗਰ ਕਾਲੋਨੀ, ਦਿਲਸੁਖ ਨਗਰ, ਹੈਦਰਾਬਾਦ-500060*

ਇਕ ਸਧਾਰਨ ਲੜਕਾ ਹੀ ਨਹੀਂ ਹੈ। ਗੂੜਾ ਕਾਲਾ ਰੰਗ ਪ੍ਰੰਤੂ ਤਿੱਖੇ ਨੈਣ ਨਕਸ਼। ਰੰਗ-ਢੰਗ ਤੋਂ ਇਕ ਕਮਾਈ ਹੋਈ ਲਿਆਕਤ। ਇਸ ਤੋਂ ਵੱਧ ਕਿ ਗੁੱਸਾ ਅਜਿਹਾ ਕਿ ਅੰਸੁਤਲਨ ਦੀ ਹਰੇਕ ਹੱਦ ਨੂੰ ਪਿੱਛੇ ਛੱਡਦਾ ਪ੍ਰੰਤੂ ਫਿਰ ਵੀ ਜਿਸ ਨੂੰ ਟੀਨ-ਏਜ਼ ਦਾ ਰੁਟੀਨ ਵਿਸਫੋਟ ਨਹੀਂ ਕਿਹਾ ਜਾ ਸਕਦਾ। ਸਾਰੀ ਦੁਨੀਆਂ ਨੂੰ ਖਤਮ ਕਰ ਦੇਣ ਅਤੇ ਸਾੜ-ਫੂਕ ਦੇਣ ਦੇ ਉਹਦੇ ਐਲਾਨ ਵੀ ਸ਼ਹਿਰ ਲੁਧਿਆਣਵੀ ਦੇ 'ਪਿਆਸ' ਫਿਲਮ ਦੇ ਉਸ ਗਾਣੇ ਦਾ ਵਰਤਕ ਨੁਮਾ ਅਨੁਵਾਦ ਮਾਤਰ ਲੱਗਦੀ, ਜਿਸ ਨੂੰ ਪਰਦੇ ਉੱਤੇ ਗੁਰੂ ਦੱਤ ਨੇ ਗਾਇਆ ਸੀ, "ਇਹ ਦੁਨੀਆਂ ਜੇਕਰ ਮਿਲ ਵੀ ਜਾਵੇ ਤਾਂ ਕੀ ਹੈ? ' ਸੰਨੀ ਕਹਿੰਦਾ, "ਪਹਿਲਾ ਦੁਨੀਆਂ ਮਿਲ ਤਾਂ ਜਾਵੇ, ਉਸ ਤੋਂ ਬਾਅਦ ਸੋਚਾਗੇ।" ਹਲਾਕਿ ਗੁੱਸੇ ਦੇ ਦੌਰ ਤੋਂ ਬਾਅਦ ਉਹ ਚੁੱਪ ਹੋ ਜਾਂਦਾ ਸੀ।

ਇਕ ਅੱਧੀ ਵਾਰ ਵੰਸ਼ੀਧਰ ਆਪਣੀ ਅਮੇਚਿਉਰ ਸਾਈਕ੍ਰੇਟੀ ਦੀ ਪਰਖ ਕਰਨ ਲਈ ਪੁੱਛਣਾ ਚਾਹੁੰਦਾ ਸੀ, "ਇਹ ਤੈਨੂੰ ਸੰਨੀ ਕੀ ਹੋ ਜਾਂਦਾ ਹੈ।" ਪ੍ਰੰਤੂ ਅਣਗਿਣਤ ਤੁਫਾਨਾ ਨੂੰ ਝੱਲਣ ਦਾ ਅਹਿਸਾਸ ਦਿੰਦੀ ਖ਼ਾਮੋਸ਼ ਨਜ਼ਰਾਂ ਦਾ ਸਾਹਮਣਾ ਹੋਣ ਦੇ ਡਰ ਤੋਂ ਚੁੱਪ ਹੀ ਰਿਹਾ । ਜੇਕਰ ਅਜਿਹੀ ਸਥਿਤੀ 'ਚ ਵੰਸ਼ੀਧਰ ਸੰਨੀ ਨੂੰ ਅੰਦਰੋਂ ਟੋਹਣ ਦੀ ਜਿੱਦ ਛੱਡ ਕੇ 'ਬਸ, ਆਪਣੇ ਕੰਮ ਨਾਲ ਮਤਲਬ ਰੱਖਣ' ਲੱਗ ਜਾਂਦਾ ਤਾਂ ਇਹ ਸੁਭਾਵਿਕ ਹੀ ਸਮਝਿਆ ਜਾਂਦਾ ਅਤੇ ਕਿਸੇ ਹੱਦ ਤੱਕ ਇਹ ਸਮਝਦਾਰੀ ਵੀ ਹੁੰਦੀ। ਸਟੂਡੈਂਟ ਵੀ ਅਪਵਾਦ ਨਹੀਂ ਹੁੰਦੇ। ਇਤਿਹਾਸ ਕਦੇ ਵੀ ਸਿੱਧਾ ਅਤੇ ਸਰਲ ਨਹੀਂ ਹੁੰਦਾ। ਫਿਰ ਇਸ ਦੌਰ 'ਚ ਅਜਿਹਾ ਕੌਣ ਹੋਵੇਗਾ ਜਿਹੜਾ ਸੰਵੇਦਨਸ਼ੀਲ ਵੀ ਹੋਵੇ ਅਤੇ ਸਨਕੀ ਨਾ ਹੋਵੇ। ਜੇਕਰ ਸੰਨੀ ਕਿਸੇ ਵੀ ਸੰਵੇਦਨਸ਼ੀਲ ਦਲਿਤ ਨੌਜਵਾਨ ਦੇ ਵਾਂਗ ਅਸਧਾਰਨ ਅਤੇ ਸੰਨਕੀ ਸੀ ਤਾਂ ਉਸ 'ਚ ਗਲਤ ਕੀ ਸੀ ?।

ਗਲਤੀ ਵੰਸ਼ੀਧਰ ਦੀ ਹੀ ਮੰਨੀ ਜਾਵੇਗੀ। ਉਹਨੂੰ ਸੰਨੀ 'ਚ ਅਜਿਹੀ ਚੁਣੌਤੀ ਮਿਲਦੀ ਹੋਈ ਲਗ ਰਹੀ ਸੀ ਜਿਹੜੀ ਉਸ ਨੂੰ ਉਂਝ ਹੀ ਮਜਬੂਰ ਕਰ ਰਹੀ ਸੀ ਜਿਵੇਂ ਕਦੇ ਮਿਥਕ ਕਾਥਾਵਾਂ 'ਚ ਵਰਣਨ ਵਰਜਿਤ ਫ਼ਲ ਨੇ ਆਦਮ ਨੂੰ ਕੀਤਾ ਸੀ। ਉਹ ਖੁਦ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦੇ ਅਤੇ ਫਿਰ ਵੀ ਹਮੇਸ਼ਾਂ ਖੁਦ ਨੂੰ ਕੁਝ ਨਾ ਕੁਝ ਪੁੱਛ ਪੜਤਾਲ ਕਰਦੇ ਹੋਏ ਪਾਉਂਦੇ। ਜੇਕਰ ਡਾਇਰੈਕਟ ਪੁੱਛ-ਪੜਤਾਲ ਤੋਂ ਬਚਦੇ ਤਾਂ ਗੈਰ ਰਸਮੀ ਬਹਿਸ ਜਾਂ ਗੱਲਬਾਤ ਦਾ ਸਹਾਰਾ ਲੈਣ ਲਗਦੇ। ਆਏ ਦਿਨ ਮਿਲਣ ਵਾਲੀਆਂ ਅਧੂਰੀਆਂ ਜਾਣਕਾਰੀਆਂ ਜਿਹੜੀਆਂ ਕੰਨੋ ਕੰਨੀ ਅਤੇ ਚੁਗਲੀ ਦੀ ਸ਼ਕਲ 'ਚ ਹੁੰਦੀਆ ਉਸ ਦੀ ਚਾਹਤ , ਸੰਨੀ ਨੂੰ ਸਮਝਣ ਦੀ, ਹੋਰ ਵੀ ਵਧਾ ਦਿੰਦੀ। ਗੈਰ ਰਸਮੀ ਗੱਲਬਾਤ ਦੀ ਦਿਸ਼ਾ ਵੀ ਸੰਨੀ ਦੇ ਵੱਲ ਹੀ ਮੁੜ ਜਾਂਦੀ।



ਇਕ ਵਾਰ ਹਿੰਦੀ ਫਿਲਮਾਂ ਉੱਤੇ ਗੱਪ ਗੋਸ਼ਟੀ ਹੋ ਰਹੀ ਸੀ। ਡਾ. ਵੰਸੀਧਰ ਹਰਸ਼ਕੇਸ਼ ਮੁਖਰਜੀ ਅਤੇ ਧਰਮਿੰਦਰ ਦੀ ਸਤਿਆਕਾਮ, ਅਨੁਪਮਾ ਵਰਗੀਆ ਫਿਲਮਾਂ ਦਾ ਜਿਕਰ ਕਰ ਰਹੇ ਸਨ। ਫਿਰ ਉਹ ਸੰਨੀ ਦਿਉਲ ਅਤੇ ਰਾਜ ਕੁਮਾਰ ਸੰਤੋਸ਼ੀ ਦੀ ਦਾਮਿਨੀ, ਘਾਇਲ ਦੀ ਚਰਚਾ ਕਰਨ ਲੱਗੇ। ਵਿਚੋਂ ਹੀ ਇਕ ਨੇ ਪੁੱਛ ਲਿਆ, "ਕੀ ਤੇਰਾ ਸੰਨੀ ਨਾਂ ਵੀ ਤੇਰੇ ਮਾਤਾ ਪਿਤਾ ਨੇ ਸੰਨੀ ਦਿਉਲ ਦੀ ਪਹਿਲੀ ਫਿਲਮ ਬੇਤਾਬ' ਦੇ ਸੁਪਰਹਿਟ ਹੋਣ ਤੇ ਰੱਖਿਆ ਸੀ ? ਤੇਰਾ ਬਰਥ ਈਅਰ ਵੀ ਤਾਂ ਉਸ ਫਿਲਮ ਦੇ ਰਿਲੀਜ਼ ਹੋਣ ਦੇ ਈਅਰ ਨਾਲ ਟੈਲੀ ਕਰਦਾ ਹੈ ।"

ਸੰਨੀ ਜੁਵਾਬ ਦਿੰਦਾ ਉਦੋਂ ਹੀ ਉਸ ਦੀ ਕਲਾਸ ਦਾ ਫਿਰ ਵਰਿੰਦਰ ਸਿੰਘ ਬੋਲ ਪਿਆ , "ਸਰ ਇਸ ਦਾ ਸੰਨੀ ਨਾਂ ਤਾਂ ਪਿਆਰ ਨਾਲ ਬੁਲਾਉਣ ਦਾ ਨਾਂ ਹੈ। ਤੁਸੀਂ ਦੇਖਿਆ ਹੋਵੇਗਾ ਕਿ ਰਜਿਸਟਰ 'ਚ ਇਸਦਾ ਨਾਮ ਸੂਰੇਯਾਕਾਂਤ ਤ੍ਰਿਪਾਠੀ ਹੈ। ਜਿਹੜਾ ਨਾਂ ਮਾਂ ਪਿਓ ਨੇ ਰੱਖਿਆ ਸੀ, ਉਹ ਪਸੰਦ ਨਹੀਂ ਆਇਆ ਇਸ ਲਈ ਕਾਨੂੰਨੀ ਤੌਰ ਤੇ ਬਦਲ ਦਿੱਤਾ।" ਵਰਿੰਦਰ ਦਾ ਟੋਨ ਮਜਾਕ ਉਡਾਉਣ ਦਾ ਸੀ। ਸੰਨੀ ਦੀਆਂ ਅੱਖਾਂ ਗੁੱਸੇ ਨਾਲ ਲਾਲ ਹੋ ਗਈਆ । ਬੁੱਲ ਫਰਕਣ ਲੱਗੇ। 'ਹੋਰ ਵੀ ਜੇ ਕੁਝ ਮੇਰੇ ਸੰਬੰਧ 'ਚ ਪਤਾ ਕਰ ਕੇ ਰੱਖਿਆ ਹੈ ਤਾਂ ਉਹ ਵੀ ਕਹਿ ਦੇ।" ਆਵਾਜ਼ ਦਾ ਤਿੱਖਾਪਨ ਚੀਕਣ ਵਰਗਾ ਤੇ ਉੱਚਾ ਸੀ।

"ਪਤਾ ਤਾਂ ਕਰੀਏ ਜੇਕਰ ਤੂੰ ਇਹਦਾ ਮੌਕਾ ਦੇਵੇਂ।" ਵਰਿੰਦਰ ਦੀ ਖਿੱਲੀ ਉਡਾਉਂਦੀ ਆਵਾਜ਼ ਦੀ ਪਿਚ ਵੀ ਕਾਫੀ ਉੱਚੀ ਹੋ ਗਈ ਸੀ। ਗੱਲ ਗਲਤ ਦਿਸ਼ਾ 'ਚ ਕੁਝ ਇਕ ਤਰ੍ਹਾਂ ਮੁੜ ਚੁੱਕੀ ਸੀ ਕਿ ਵੰਸ਼ੀਧਰ ਨੂੰ ਗੱਲ ਕੱਟਣੀ ਜਰੂਰੀ ਲੱਗੀ, "ਤੁਸੀਂ ਲੋਕ ਤਾਂ ਜਾਣਦੇ ਹੀ ਹੋ ਕਿ ਮੈਂ ਅਟੈਂਡੇਸ਼ ਰਜਿਸਟਰ ਕਿੰਨਾ ਘਟ ਦੇਖਦਾ ਹਾਂ। ਅਤੇ ਇਹ ਵੀ ਕਿ ਉਨ੍ਹਾਂ ਬੱਚਿਆ ਨੂੰ ਮੈਂ ਪਸੰਦ ਹੀ ਨਹੀਂ ਕਰਦਾ ਜਿਹੜੇ ਅਟੈਂਡੇਸ਼ ਨੂੰ ਰਿਚਉਅਲ ਸਮਝਦੇ ਹਨ ਅਤੇ ਉਸ ਨੂੰ ਪੜ੍ਹਾਈ ਤੋਂ ਵੱਧ ਅਹਿਮੀਅਤ ਦਿੰਦੇ ਹਨ। ਫਿਰ ਵੀ ਹਾਂ, ਚੇਤੇ ਆਇਆ ਮੈਨੂੰ ਕਿ ਮੈਂ ਦੇਖਿਆ ਸੀ ਸੂਰੇਯਾਕਾਂਤ ਤ੍ਰਿਪਾਠੀ ਨਾਮ। ਕਿਉਂ ਸੰਨੀ, ਕੀ ਤੇਰੇ ਪੁਰਖੇ ਯੂ. ਪੀ. ਤੋਂ ਆਏ ਸਨ ? ਮੈਨੂੰ ਤਾਂ ਅਜਿਹਾ ਲੱਗਾ ਸੀ ਕਿ ਤੁਸੀਂ ਇਧਰ ਦੇ ਹੀ ਨਾਨ ਹਿੰਦੀ ਸਪੀਕਿੰਗ ਰੀਜਨ ਦੇ ਹੋ!"

ਬੋਲਦੇ ਬੋਲਦੇ ਹੀ ਵੰਸ਼ੀਧਰ ਨੂੰ ਕੁਲਕਰਨੀ ਦੁਆਰਾ ਦਿੱਤੀ ਗਈ ਜਾਣਕਾਰੀ ਦਾ ਚੇਤਾ ਆ ਗਿਆ ਫਿਰ ਵੀ ਫਸਟ ਹੈਂਡ ਜਾਣ ਲੈਣ ਦੀ ਇੱਛਾ ਨਾਲ ਉਸ ਨੇ ਆਪਣੀ ਗੱਲ ਪੂਰੀ ਕੀਤੀ।

ਕੁਝ ਦੇਰ ਖ਼ਮੋਸ਼ੀ ਰਹੀ। ਅਜਿਹਾ ਕਿ ਜਿਸ ਤਰ੍ਹਾਂ ਕਬਰਾਂ 'ਚ ਖ਼ਮੋਸ਼ੀ ਹੁੰਦੀ ਹੈ। ਸੰਨੀ ਦੀਆਂ ਅੱਖਾਂ ਕੁਝ ਹੋਰ ਲਾਲ ਹੁੰਦੀਆਂ ਰਹੀਆ। ਬੋਲਿਆ ਤਾਂ ਆਵਾਜ਼ ਹੋਰ ਵਧੇਰੇ ਗੰਭੀਰ , "ਤੁਹਾਨੂੰ ਠੀਕ ਲੱਗਾ ਸੀ ਸਰ! ਸਾਡਾ ਯੂ. ਪੀ. ਨਾਲ ਕੋਈ ਸੰਬੰਧ ਨਹੀਂ ਹੈ। ਅਸੀਂ ਲੋਕ ਨਲਗੋਂਡਾ ਦੇ ਹਾਂ। ਤੁਸੀਂ 'ਤ੍ਰਿਪਾਠੀ' ਤੋਂ ਕਨਫਿਊਜ਼ ਹੋ ਰਹੇ ਹੋ ਸਾਇਦ। ਇਸ ਦੀ ਵਰਤੋਂ ਬਤੌਰ 'ਸਰਨੇਮ' ਕਰਦੇ ਹੋ ਨਾ ਤੁਸੀਂ। ਬ੍ਰਾਹਮਣ ਹੋਣ ਦੀ ਪਹਿਚਾਣ ਮੰਨਦੇ ਹੋ ਇਸ ਨੂੰ ਪ੍ਰੰਤੂ ਮੈਂ ਨਹੀਂ ਮੰਨਦਾ। ਮੈਂ ਇਸ ਨੂੰ ਆਪਣੇ ਨਾ ਦਾ ਹਿੱਸਾ ਬਣਾਇਆ ਹੈ।"

ਬੋਲਦਿਆ ਸੰਨੀ ਕਦੋਂ ਸੰਵਾਦ ਕਰਨ ਲੱਗ ਜਾਵੇਗਾ ਕਿਹਾ ਨਹੀਂ ਸੀ ਜਾ ਸਕਦਾ। ਹਲਾਂ ਕਿ ਉਸ ਦੇ ਸੰਵਾਦ ਨੂੰ ਉੱਚੀ ਸੁਰ 'ਚ ਬੋਲਣ ਨੂੰ ਦੇਰ ਨਹੀਂ ਲੱਗਦੀ ਸੀ। ਅਜਿਹਾ ਵੰਸ਼ੀਧਰ ਨੂੰ ਲੱਗਦਾ ਸੀ ਕਿ ਜਿਵੇਂ ਉਸ ਦਾ 'ਬੋਲਣਾ' ਇਕ ਹੜ ਆਈ ਨਦੀਂ ਹੋਵੇ ਅਤੇ ਉਹ ਖੁਦ ਉਸ 'ਚ ਤਿਨਕੇ ਵਾਂਗ ਵਹਿ ਰਿਹਾ ਹੋਵੇ। ਮਾਂ ਪਿਓ ਨੇ ਨਾਂ ਰੱਖਿਆ ਸੀ ਸਾਯਨਿਆ। ਅਸੀਂ ਲੋਕ ਅਨੁਸੂਚਿਤ ਜਾਤੀ ਨਾਲ ਸੰਬੰਧ ਰੱਖਦੇ ਹਾਂ, ਐਸ. ਸੀ. ਨਾਲ। ਪ੍ਰੰਤੂ ਤੁਹਾਡੇ ਕਾਲਜ 'ਚ ਮੇਰਾ ਅਡਮਿਸ਼ਨ ਕੋਟੇ 'ਚ ਨਹੀਂ ਹੋਇਆ। ਮੈਂ ਮੈਰਿਟ 'ਚ ਆਇਆ ਹਾਂ, ਡਿਗਰੀ 'ਚ। ਮੈਨੂੰ ਰਿਜ਼ਰਵੇਸ਼ਨ ਜਾਂ ਕੋਟਾ ਨਹੀਂ ਚਾਹੀਦਾ। ਜਰੂਰਤ ਕੀ ਹੈ ? ਦਰਅਸਲ ਮੈਂ ਲੜਾਈ ਲੜ ਰਿਹਾਂ ਹਾਂ। ਇਹ ਲੜਾਈ ਸਭਿਆਚਾਰ ਦੀ ਹੈ। ਦਲਿਤ ਸਭਿਆਚਾਰ 'ਚ ਸਵਾਰਨ ਸਭਿਆਤਾ ਦੀ ਲੜਾਈ। ਜਾਣਦੇ ਹੋ ਨਾ ਤੁਸੀਂ, ਰਾਂਗੇਅ ਰਾਘਵ ਦੀਆਂ ਤੁਕਾਂ-

ਅੱਜ ਮੇਰੀਆਂ ਨਾੜੀਆਂ 'ਚ ਖੌਲ ਉੱਠਿਆ ਹੈ ਗਰਮ ਲਹੂ
ਜਿਹੜਾ ਲੜਿਆ ਸੀ ਜਾਤੀ ਦੰਭੀ,
ਵਰਣ ਦੰਭੀ, 'ਮੈਂ ਅੱਗੇ ਆਰੀਆ ਦੀ ਥਾਂ 'ਸਵਰਣ' ਕਰ ਦੇਣਾ ਚਾਹੁੰਦਾ ਹਾਂ। ਆਖਰ ਸਵਰਣਾ ਦੇ ਕੋਲ ਹੈ ਹੀ ਕੀ ਸੀ ? ਨਾਲਿਜ਼ ਨਾਲਿਜ਼ ਨੂੰ ਉਨ੍ਹਾਂ ਨੇ ਹਥਿਆਰ ਬਣਾਇਆ। ਉਨ੍ਹਾਂ ਦੀ ਤਾਕਤ ਕੁਝ ਹੋਰ ਨਹੀਂ ਬਸ ਉਹਨਾਂ ਦੇ ਸਵਾਰਥਾਂ ਤੇ ਖਾਣ-ਪੀਣ ਕਰਨ ਵਾਲਾ ਨਾਲਿਜ਼ ਸੀ। 'ਨੋ ਦਾਅ ਸੈਲਫ਼' ਜਾਂ

'ਆਤਮਾਂ ਦੀ ਬੁੱਧੀ' ਜਾਂ 'ਖੁਦ ਨੂੰ ਪਹਿਚਾਣੋ' ਦੀਆਂ ਟੂਕਾ ਨੂੰ ਵੀ ਉਨ੍ਹਾਂ ਨੇ ਹਥਿਆਰ ਦੇ ਵਾਂਗ ਵਰਤੋ ਕੀਤੀ। ਉਸਦੇ ਲਈ ਨਾਲਿਜ ਜਾਂ ਗਿਆਨ ਦਾ ਮਤਲਬ ਸੀ ਵੇਦ ! ਬਸ ਵੇਦਾਂ ਨੂੰ ਬੇਸ ਬਣਾ ਕੇ ਤਮਗ਼ੇ ਤਿਆਰ ਕਰ ਲਏ, ਚਤੁਰਵੇਦੀ, ਤ੍ਰਿਪਾਠੀ, ਤ੍ਰਿਵੇਦੀ, ਦਿਵੇਧੀ ਅਤੇ ਪਤਾ ਨੀਂ ਕੀ ਕੀ ! ਇਹ ਸੀ ਉਨ੍ਹਾਂ ਦਾ ਆਪਣਾ ਮੋਰਚਾ। ਸਭਿਆਚਾਰਕ ਲੜਾਈ 'ਚ ਦੁਸ਼ਮਣ ਸਭ ਤੋਂ ਤਾਕਤ ਵਾਰ ਵਸਤੂ ਤੇ ਹਮਲ ਕੀਤਾ ਜਾਂਦਾ ਹੈ। ਮੈਂ ਤਾਂ ਆਪਣਾ ਨਾਂ ਹੀ 'ਤ੍ਰਿਪਾਠੀ ਕਰ ਲਿਆ ਹੈ। ਉਹ ਮੇਰੇ ਲਈ ਕੋਈ ਤਮਗ਼ਾ ਨਹੀਂ, ਕਰਣ ਦੇ ਕਵਚ-ਕੁੰਡਲ ਤੋਂ ਵੀ ਕੁਝ ਵਧੇਰੇ ਹੈ। ਇਹ ਨਾਂ ਤਾਂ ਕਿਸੇ ਲਾਭ ਦੇ ਲਈ ਹੈ, ਨਾ ਕਿਸੇ ਨੂੰ ਠੱਗਣ ਧੋਖਾ ਦੇਣ ਜਾਂ ਨੁਕਸ਼ਾਨ ਕਰਨ ਦੇ ਲਈ ਹੀ! ਬਸ ਇਕ ਚੁਣੌਤੀ ਹੈ। ਇਕ ਲਲਕਾਰ ਹੈ। ਜੇਕਰ ਮੈਂ ਇਕ ਚੁਣੌਤੀ ਹਾਂ 'ਜਾਂ ਲਲਕਾਰ ਹਾਂ। ਤਾਂ ਮੇਰਾ ਨਾਂ ਉਸ ਤਰ੍ਹਾਂ ਦਾ ਕਿਉਂ ਨਾ ਹੋਵੇ।"

"ਮੈਂ ਰਿਜ਼ਰਵੇਸ਼ਨ ਦੇ ਵਿਰੁਧ ਨਹੀਂ ਹਾਂ। ਬਹੁਤ ਸਾਰੇ ਭੈਣ ਭਰਾ ਹਨ ਜਿਹੜੇ ਰਿਜ਼ਰਵੇਸ਼ਨ ਤੋਂ ਬਿਨਾ ਅੱਗੇ ਵਧ ਨਹੀਂ ਸਕਦੇ। ਮੈਨੂੰ ਉਨ੍ਹਾਂ ਤੇ ਗੁੱਸਾ ਨਹੀਂ। ਰਹਿਮ ਆਉਂਦਾ ਹੈ। ਬਾਬਾ ਸਾਹਿਬ ਅੰਬੇਡਕਾਰ ਨੂੰ ਅਦਰਸ਼ ਮੰਨਿਆ ਹੈ ਮੈਂ। ਉਹਨਾਂ ਨੇ ਕਿਸ ਕੋਟੇ 'ਚੋਂ ਪੜਾਈ ਕੀਤੀ ? ਕਿਸ ਕੋਟੇ 'ਚੋਂ ਵਿਦੇਸ਼ ਗਏ ? ਕਿਹੜੀ ਰਿਜ਼ਰਵੇਸ਼ਨ ਦੀ ਸਹਾਇਤਾ ਨਾਲ ਸੰਵਿਧਾਨ ਨਿਰਮਾਤਾ ਬਣੇ ? ਅਤੇ ਫਿਰ ਉਨ੍ਹਾਂ ਤੋਂ ਵੀ ਪਹਿਲਾ ਵਾਲਮੀਕ ! ਅਤੇ ਕ੍ਰਿਸ਼ਨ ਦਵੈਪਾਅਨ ਵਿਆਸ ! ਸਵਰਣ ਦੋਵੇਂ ਹੀ ਨਹੀਂ ਸੀ ਅਤੇ ਫਿਰ ਵੀ ਆਪਣੇ ਗਿਆਨ ਤੇ ਹਿੱਕ ਦੇ ਜੋਰ ਨਾਲ ਆਦਿ ਕਵੀ ਅਤੇ ਬ੍ਰਾਹਮਣ ਸੂਤਰਧਾਰ ਬਣੇ।"

ਜਾਦੂ ਕਰਨ ਦੇ ਵਾਂਗ ਬੋਲੀ ਜਾਂਦਾ ਸੀ ਸੰਨੀ! ਉਸ ਨੂੰ ਟੋਕਣਾ ਉਂਝ ਹੀ ਖਤਰਨਾਕ ਹੁੰਦਾ ਜਿਵੇਂ ਕਿਸੇ ਗੂੜੀ ਬਿਰਤੀ ਲੱਗੇ ਵਿਆਕਤੀ ਨੂੰ ਇਕ ਵਾਰ ਡਿਸਟਰਬ ਕਰ ਦੇਣਾ । "ਤੁਸੀਂ ਦੇਖਣਾ ਸਰ, ਅਤੇ ਤੁਸੀਂ ਹੀ ਕੀ ਪੂਰੀ ਦੁਨੀਆ ਦੇਖੇਗੀ ਕਿ ਮੈਂ ਕੀ ਬਣਦਾ ਹਾਂ ? ਆਪਣੀ ਤਾਕਤ ਨਾਲ। ਮੈਨੂੰ ਕੋਈ ਵੀ ਰਹਿਮ ਜਾਂ ਅਹਿਸਾਨ ਨਹੀਂ ਚਾਹੀਦਾ। ਨਾਲਗੋਂਡਾ ਕੋਈ ਮਾਮੂਲੀ ਥਾਂ ਨਹੀਂ ਹੈ। ਜੇ ਮੌਕੇ ਦੇ ਲਈ ਜਾਣਿਆ ਜਾਂਦਾ ਹੈ ਤਾਂ ਹਥਿਆਰਬੰਦ ਲੜਾਈ ਦੇ ਲਈ ਵੀ। ਤਲੰਗਨੇ ਦੀ ਲੜਾਈ ਦਾ ਇਕ ਸਰਗਰਮ ਗੜ੍ਹ ਰਿਹਾ ਹੈ ਉਹ ! ਮੈਂ ਉਥੋਂ ਦੀ ਮਿੱਟੀ ਤੋਂ ਹੌਂਸਲਾ ਪ੍ਰਾਪਤ ਕੀਤਾ ਸੀ! ਦੇਖੋ ਮੇਰਾ ਹਿੰਦੀ ਬੋਲਣ ਦਾ ਲਹਿਜਾ। ਕਈ ਸਾਲ ਸੁਣੇ ਹਨ ਮੈਂ ਬੀ ਬੀ ਸੀ ਦੇ ਹਿੰਦੀ ਦੇ ਪ੍ਰੋਗਰਾਮ ਅਤੇ ਕੀਤਾ ਹੈ ਉਨ੍ਹਾਂ ਦੇ ਸਹਾਰੇ ਅਭਿਆਸ। ਇਕੱਲੇ ਹੀ। ਸਾਤਵਲੇਕਰ ਦੀ 'ਸੰਸਕ੍ਰਿਤ ਸਵੇਮ ਸਿੱਖਿਅਕ' ਨੂੰ ਪੜ੍ਹ ਪੜ੍ਹ ਕੇ ਸੰਸਕ੍ਰਿਤ ਸਿੱਖੀ। ਚੈਲੇਂਜ ਹੈ ਮੇਰਾ, ਆ ਜਾਣ ਮੇਰੇ ਸਾਹਮਣੇ ਯੂ ਪੀ ਦੇ ਤ੍ਰਿਵੇਦੀ-ਚਤੁਰਵੇਦੀ। ਮੇਰੀ ਏਜ਼ ਗਰੁਪ ਦਾ। ਪੀ ਜੀ 'ਚ ਹਾਂ ਤਾਂ ਕੀ ਹੈ ? ਕੇਵਲ ਉਨੀਂਆ ਸਾਲਾ ਦਾ ਹਾਂ ਮੈਂ। ਜਦੋਂ ਏਟ ਪਾਸ ਕੀਤਾ ਸੀ ਤਾਂ ਚੌਦਾ ਦਾ ਵੀ ਨਹੀਂ ਹੋਇਆ ਸੀ। ਬੜੀ ਮੁਸ਼ਕਲ ਆਈ ਸੀ। ਮੈਡੀਕਲ ਸਰਟੀਫਿਕੇਟ ਦੇਣਾ ਪਿਆ ਸੀ ਪਿਤਾ ਜੀ ਨੂੰ। ਮੇਰੇ ਲਈ ਸੌਖਾ ਕੁਝ ਵੀ ਨਹੀਂ ਰਿਹਾ ਕਦੇ। ਪ੍ਰੰਤੂ ਮੈਂ ਵੀ ਆਖ਼ਿਰ ਮੈਂ ਹੀ ਹਾਂ। ਮਿਡਲ 'ਚ ਪੂਰੇ ਜ਼ਿਲੇ 'ਚ ਫਸਟ ਆਇਆ ਸੀ, ਅੰਗ੍ਰੇਜ਼ੀ 'ਚ ਵੀ, ਹਿੰਦੀ 'ਚ ਵੀ ਅਤੇ ਤੇਲਗੂ 'ਚ ਵੀ। ਮੈਂ ਕੋਈ ਵੀ ਵਿਸ਼ੇ ਲੈ ਕੇ ਉੱਚ ਸਿੱਖਿਆ ਪ੍ਰਾਪਤ ਕਰ ਸਕਦਾ ਸੀ। ਪ੍ਰੰਤੂ ਮੈਂ ਤਾਂ ਹਿੰਦੀ ਸੰਸਕ੍ਰਿਤ ਹੀ ਪੜ੍ਹਨੀ ਸੀ। ਦੁਸ਼ਮਣ ਦੇ ਘਰ 'ਚ ਵੜ ਕੇ ਉਹਨੂੰ ਮਾਰਨਾ ਸੀ। ਅਤੇ ਮੈਂ ਮਾਰੂਗਾ। ਮਾਰ ਕੇ ਰਹਾਗਾ। ਦੁਨੀਆਂ ਇਕ ਦਿਨ ਦੇਖੇਗੀ ਕਿ ਮੈਂ ਜਿੱਤ ਗਿਆ।"

ਅੱਖਾਂ ਦੀ ਲਾਲ੍ਹੀ ਪਹਿਲਾ ਨਮੀ 'ਚ ਤਬਦੀਲ ਹੋਈ, ਅੱਥਰੂ ਬਣ ਕੇ ਵਹਿ ਤੁਰੀ। ਗਲਾ ਵੀ ਭਰ ਆਇਆ ਅਤੇ ਵਿਚ ਵਿਚ ਹਾਸਾ ਵੀ ਆਉਂਦਾ ਰਿਹਾ। ਸਵੈ-ਸੰਵਾਦ ਨੁਮਾ ਪ੍ਰਵਚਨ ਬਿਨਾ ਰੁਕੇ ਚੱਲਦੇ ਰਹੇ। "ਅਤੇ ਮਿਡਲ 'ਚ ਵੀ ਸਾਇਦ ਲੇਖ ਮੁਕਾਬਲਾ 'ਚ ਨਿਰਾਲਾ ਦੀ ਕਵਿਤਾ ...ਪੁਸਤਕ ਅਨਾਮਿਕਾ ਐਵਾਰਡ 'ਚ ਮਿਲੀ। ਹੈਡ ਮਾਸਟਰ ਜੀ ਨੇ ਉਸ ਉਪਰ ਅਸ਼ੀਰਵਾਦ ਲਈ ਦੋ ਸ਼ਬਦ ਲਿਖੇ, "ਸੂਰਜ ਦੇ ਵਾਂਗ ਭਵਿੱਖ ਗਗਨ 'ਚ ਚਮਕੇ।" ਉਸ ਨਾਲ ਭਾਵ ਕਿ 'ਸੂਰਜ ਦੀ ਚਮਕ ਨਾਲ, ਸੰਨੀ ਨਾਂ ਸੁਝਿਆ। 'ਸੂਰੇਯਾਕਾਂਤ ਵੀ ਸੰਨੀ ਦਾ ਹੀ ਅਨੁਵਾਦ ਹੈ। ਅਨਾਮਿਕਾ ਦੀਆਂ ਕਵਿਤਾਵਾਂ ਮੇਰੀਆਂ ਮਨ ਪਸੰਦ ਬਣ ਗਈਆ। ਸਮਝ 'ਚ ਆਉਣਾ ਜਾ ਨਾ ਆਉਣ, ਮੈਂ ਉਨ੍ਹਾਂ ਨੂੰ ਮੂੰਹ 'ਚ ਗਾਉਂਦਾ ਰਹਿੰਦਾ। ਅਤੇ ਫਿਰ ਮੈਨੂੰ ਲੱਗਾ ਕਿ ਮੈਂ ਵੀ ਅਜਿਹੀਆਂ ਕਵਿਤਾਵਾਂ ਲਿਖਾਂ। ਨਲਗੋਂਡਾ ਨੂੰ ਪਿਛੜਾ ਇਲਾਕਾ ਮੰਨਿਆ ਜਾਂਦਾ ਹੈ ਅਤੇ ਮੈਂ ਤੈਲਗੂ ਭਾਸ਼ੀ ਸਡਿਊਲਡ ਕਾਸਟ ਪ੍ਰੰਤੂ ਲੜਾਈ ਤਾਂ ਆਖਰ ਲੜਾਈ ਹੁੰਦੀ ਹੈ। ਹਾਰਨਾ ਮੈਂ ਅਫੋਰਡ ਕਰ ਹੀ ਨਹੀਂ ਸਕਦਾ ਸੀ। ਨਾਂ ਜਿੰਦਗੀ 'ਚ ਅਤੇ ਨਾ ਪੜ੍ਹਾਈ 'ਚ ।



ਆਪ ਨੇ ਦੇਖਿਆ ਹੋਵੇਗਾ ਕਿ ਮੈਂ ਪ੍ਰਸ਼ਨ ਮੰਚ 'ਚ ਵੀ ਪਹਿਲਾਂ ਸਥਾਨ ਪ੍ਰਾਪਤ ਕਰਦਾ ਹਾਂ ਅਤੇ ਅਨੰਤਾਕਸ਼ਰੀ 'ਚ ਵੀ।" ਉਸਦੀ ਆਵਾਜ਼ ਨਾ ਕੇਵਲ ਬੇਹੱਦ ਅਸੰਤੁਲਿਨ ਹੋ ਗਈ ਸੀ ਬਲਕਿ ਪ੍ਰਸਿੱਧੀ ਦੀ ਲਲਕ ਨੇ ਉਸ ਨੂੰ ਐਨਾ ਥੱਕਾ ਦਿੱਤਾ ਸੀ ਕਿ ਵੰਸ਼ੀਧਰ ਨੂੰ ਲੱਗਾ ਕਿ ਉਹ ਕਿਸੇ ਵੀ ਪਲ ਢਹਿ ਸਕਦਾ ਹੈ। ਫਿਰ ਵੀ ਉਸ ਨੂੰ ਟੋਕਣਾ ਜਾ ਰੋਕਣ ਦੀ ਕੋਸ਼ਿਸ਼ ਗਲਤ ਹੁੰਦੀ।

ਵੰਸ਼ੀਧਰ ਨੂੰ ਇਹ ਠੀਕ ਲੱਗਾ ਕਿ ਉਹ ਮਲਕ ਦੇਣੀ ਉਥੋਂ ਖਿਸਕ ਜਾਵੇ। ਸੰਨੀ ਸਰੋਤਿਆ ਦੇ ਵਿਚ ਵੀ ਇਕੱਲਾ ਸੀ। ਦਰਅਸਲ ਉਸ ਨੂੰ ਸਰੋਤਾ ਬਣਨਾ ਮਨਜੂਰ ਹੀ ਨਹੀਂ ਸੀ। ਪਿਛਲੇ ਕੁਝ ਹੀ ਦਿਨਾਂ 'ਚ ਵੰਸ਼ੀਧਰ ਜਾਣ ਚੁੱਕੇ ਸਨ ਕਿ ਸੰਨੀ ਦੇ ਅਜਿਹੇ ਸਵੈ-ਕੇਂਦਰਤ ਨੁਮਾ ਭਾਸ਼ਣ ਰੋਜਾਨਾ ਦੀਆਂ ਘਟਨਾਵਾਂ ਹਨ। ਖੁਦ ਦੀ ਬੇਵਕੂਫੀ ਤੇ ਰੋਣ ਦੇ ਸਿਵਾਏ ਹੋਰ ਕੋਈ ਹੱਲ ਨਹੀਂ ਸੀ ਉਸਦੇ ਸਾਹਮਣੇ। ਜਿਹੜੀ ਆਪ ਮੁਹਾਰੇ ਵਹਿ ਰਹੀ ਹੋਵੇ ਉਸ ਲੁਕੀ ਹੋਈ ਧਾਰਾ ਸਮਝ ਕੇ ਲੱਭਣ ਨੂੰ ਹੋਰ ਕੀ ਕਿਹਾ ਜਾਵੇ ? ਸਭ ਕੁਝ ਦਿਖਾਈ ਦੇ ਰਿਹਾ ਸੀ ਅਤੇ ਉਹ ਕਿਸੇ ਦੱਬੀ ਹੋਈ ਅਤੇ ਗੁਪਤ ਚੀਜ ਨੂੰ ਲੱਭ ਰਹੇ ਸਨ। ਇਹ ਹੋਰ ਗੱਲ ਹੈ ਕਿ ਹੜ 'ਚ ਉਛਲਦੀ ਨਦੀਂ 'ਚ ਝੱਗ ਵੀ ਕਾਫ਼ੀ ਸਾਰੀ ਹੁੰਦੀ ਹੈ। ਇਹ ਲੱਭਣਾ ਸੱਚਮੁੱਚ ਮੁਸ਼ਕਿਲ ਸੀ ਕਿ ਸੰਨੀ ਦਾ ਸੱਚ ਕਿੰਨਾ ਸੱਚਾ ਹੈ ਅਤੇ ਕਿੰਨੀ ਕਲਪਨਾ! ਕਈ ਵਾਰ ਤਾਂ ਵੰਸ਼ੀਧਰ ਨੂੰ ਇਹ ਵੀ ਲੱਗਾ ਕਿ ਸੰਨੀ ਦੇ ਲਈ ਪੜ੍ਹੀਆ ਹੋਈਆ ਗੱਲਾਂ ਅਤੇ ਵਾਪਰ ਚੁੱਕੇ ਅਨੁਭਵ 'ਚ ਕੋਈ ਫ਼ਰਕ ਨਹੀਂ ਰਹਿ ਜਾਂਦਾ। ਸਭ ਕੁਝ ਦਾ ਸੰਨੀ ਕਰਨ ਹੋ ਜਾਂਦਾ ਹੈ। ਅਤੇ ਝੂਠ ਸੱਚ ਦਾ ਸਾਰਾ ਅੰਤਰ ਹੀ ਮਿਟ ਜਾਂਦਾ ਹੈ। ਸੰਨੀ ਅਤੇ ਸੂਰੇਯਾਕਾਂਤ ਵਰਗੇ ਨਾਮ ਵੀ ਉਸਦੀ ਸੱਚਾਈ ਬਣ ਗਏ ਹਨ। ਕਈ ਵਾਰ ਤਾਂ ਵੰਸ਼ੀਧਰ ਨੂੰ ਲੱਗਦਾ ਕਿ ਕਲਾਸ ਰੂਮ ਲੈਕਚਰ ਦਿੰਦੇ ਸਮੇਂ ਵੀ ਉਹਨੂੰ ਚੇਤੇ ਰੱਖਣਾ ਚਾਹੀਦਾ ਕਿ ਸੁਣਨ ਵਾਲਿਆ 'ਚ ਸੰਨੀ ਵੀ ਹੈ। ਜਦੋਂ ਇਕ ਵਾਰ ਉਹ ਇਹ ਭੁੱਲ ਗਏ ਸਨ ਕਿ ਸੰਨੀ ਦਾ ਸੰਤੁਲਿਨ ਖੋਹਕੇ ਹਮਲਾਵਰ ਵਾਲੀ ਪ੍ਰਵਿਤਰੀ ਦਾ ਸ਼ਿਕਾਰ ਹੋ ਜਾਣਾ ਉਹਨੂੰ ਅਪਰਾਧ ਬੋਧ ਨਾਲ ਗ੍ਰਸਤ ਕਰ ਗਿਆ ਸੀ।

ਬਾਬਾ ਨਾਗਾਆਰੁਜਨ ਦੀ ਕਵਿਤਾ ਸੰਗ੍ਰਹਿ ਸਿਲੇਬਸ 'ਚ ਸੀ। 'ਅਕਾਲ ਅਤੇ ਉਸਦੇ ਬਾਅਦ' ਕਵਿਤਾ ਭੜ੍ਹਾਉਂਦੇ ਸਮੇਂ ਵੰਸ਼ੀਧਰ ਨੂੰ ਇਹ ਜ਼ਰੂਰੀ ਲੱਗਾ ਕਿ ਉਹ ਬਾਲਕ ਫਕੱਨਾ ਦੀ ਮਨੋਦਸ਼ਾ ਨੂੰ ਬਾਬਾ ਨਾਗਅਰੁਜਨ ਦੀ ਕਰੁਣਾ 'ਚ ਤਬਦੀਲ ਹੋਣਾ ਵਿਸਥਾਰ ਨਾਲ ਉਦਾਹਰਣ ਦੇ ਕੇ ਸਮਝਾਵੇ। ਇਸ ਦੇ ਲਈ ਉਸਨੇ ਕੈਨੇਡਾ ਦੇ ਵਿਸ਼ਵ ਪ੍ਰਸਿੱਧ ਮਨੋਵਿਗਿਆਨ ਦੇ ਡਾਕਟਰ ਆਰ. ਡੀ. ਲੇਂਗ ਦਾ ਇਕ ਐਕਸਪ੍ਰੈਰੀਮੈਂਟ ਦਾ ਹਵਾਲਾ ਦਿੱਤਾ। ਖੁਦ ਨੂੰ ਨੇਪੋਲੀਅਨ ਮੰਨਣ ਅਤੇ ਕਹਿਣ ਵਾਲੇ ਇਕ ਪਾਗਲ ਨੂੰ ਜਦੋਂ ਲਾਈ-ਡਿਟੇਕਟਰ (ਝੂਠ ਨੂੰ ਫੜਨ ਵਾਲੇ ਯੰਤਰ) ਲਗਾਈ ਗਈ ਤਾਂ ਪਾਗਲ ਡਰ ਗਿਆ ਅਤੇ ਇਨਕਾਰ ਕਰਨ ਲੱਗਾ। ਕਹਿਣ ਲੱਗਾ, "ਮੈਂ ਨੇਪੋਲੀਅਨ ਨਹੀਂ ਹਾਂ। " ਜੰਤਰ ਨੇ ਦੱਸਿਆ ਕਿ ਉਹ ਝੂਠ ਬੋਲ ਰਿਹਾ ਹੈ। ਐਕਸਪੈਰੀਮੈਂਟ ਦਾ ਨਤੀਜਾ ਇਹ ਸੀ ਕਿ ਉਹ ਪਾਗਲ ਅੰਦਰੋਂ ਹੀ ਨਿਪੋਲੀਅਨ ਬਣ ਚੁੱਕਿਆ ਸੀ। ਇਸ ਤਰ੍ਹਾਂ ਦੀ ਮਨੋਦਸ਼ਾ ਦਾ ਪੂਰੀ ਤਰ੍ਹਾਂ ਬੁੱਤ 'ਠੱਕਨ ' ਹੀ ਕੁਝ ਸਮੇਂ ਲਈ 'ਚ ਕੁਰਣਾ ਦੀ ਮੂਰਤ ਬਾਬਾ ਨਾਗਾਅਰੁਜਨ ਬਣ ਗਿਆ। ਉਦਾਹਰਣ ਹੈ ਉਸਦਾ ਜੀਵਨ ਅਤੇ.......

ਵੰਸ਼ੀਧਰ ਦੇ ਲੈਕਚਰ ਨੂੰ ਵਿਚਕਾਰੋ ਹੀ ਕੱਟਦੀ ਹੋਈ ਸੰਨੀ ਦੀ ਆਵਾਜ਼ ਉਭਰੀ, "ਜੇਕਰ ਇਕ ਪਾਗਲ ਨੈਪੋਲੀਅਨ ਬਣ ਸਕਦਾ ਹੈ ਅਤੇ ਠੱਕਨ ਬਾਬਾ ਨਾਗਾਅਰੁਜਨ 'ਚ ਬਦਲ ਸਕਦਾ ਹੈ ਤਾਂ ਸਾਯਨਾ ਵੀ ਸੁਰੇਯਾਕਾਂਤ ਤ੍ਰਿਪਾਠੀ ਬਣ ਸਕਦਾ ਹੈ। ਬਹੁਤ ਬਹੁਤ ਸ਼ੁਕਰੀਆ 'ਸਰ ।'

ਸੁਣ ਕੇ ਵੰਸ਼ੀਧਰ ਗੁੱਸੇ ਨਾਲ ਭਰ ਗਿਆ। ਚੀਕ ਕੇ ਪੂਰੀ ਕਲਾਸ ਨੂੰ ਡਿਸਟਰੱਬ ਕਰ ਦੇਣਾ ਕਿਸੇ ਵੀ ਨਜ਼ਰੀਏ ਤੋਂ ਠੀਕ ਨਹੀਂ ਸੀ।" "ਸੰਨੀ ਇਹ ਟਿੱਪਣੀ ਤੁਸੀਂ ਕਲਾਸ ਖਤਮ ਹੋ ਜਾਣ ਤੋਂ ਬਾਅਦ ਵੀ ਕਰ ਸਕਦੇ ਸੀ।" ਉਹਨਾਂ ਨੇ ਡਾਂਟਦੇ ਹੋਏ ਸੰਨੀ ਨੂੰ ਕਿਹਾ ਤਾਂ ਸੰਨੀ ਨੇ ਢੀਠ ਹੋ ਕੇ ਉਤਰ ਦਿੱਤਾ, "ਬਾਅਦ 'ਚ ਜੇਕਰ ਚੇਤਾ ਭੁੱਲ ਜਾਂਦਾ ਤਾਂ, ਅਤੇ ਸਰ ਮੈਂ ਤਾਂ ਆਪ ਨੂੰ ਉਦਾਹਰਣ ਦੇ ਨਾਲ ਤੁਹਾਡੇ ਗਿਆਨ ਨੂੰ ਹੀ ਸਹੀ ਸਿੱਧ ਕਰ ਰਿਹਾ ਸੀ।"

ਵੰਸ਼ੀਧਰ ਨੂੰ ਲਗ ਰਿਹਾ ਸੀ ਕਿ ਸੰਨੀ ਨੂੰ ਕੁਝ ਵੀ ਕਹਿਣ ਦਾ ਕੋਈ ਲਾਭ ਨਹੀਂ।

ਸਵੈ-ਕੇਂਦਰ ਵਿਆਕਤੀ ਖ਼ੁਦ ਤੋਂ ਇਲਾਵਾ ਕਿਸੇ ਹੋਰ ਦੀ ਸਥਿਤੀ ਨੂੰ ਸਮਝ ਹੀ ਨਹੀਂ ਸਕਦਾ। ਕੋਸ਼ਿਸ਼ ਵੀ ਨਹੀਂ ਕਰਦਾ। ਇੱਛਾ ਵੀ ਨਹੀਂ ਹੁੰਦੀ। ਕੀ ਦਲਿਤ ਨੌਜਵਾਨਾ 'ਚੋਂ ਹਰ ਇਕ ਦਾ ਅਜਿਹਾ ਹੀ ਚ੍ਰਿਤਰ ਹੁੰਦਾ ਹੈ ? ਸਾਇਦ ਕਿਸੇ ਹੱਦ ਤੱਕ ਇਹ ਗੱਲ ਹਰ ਪੀੜਤ ਅਤੇ ਸ਼ੋਸ਼ਤ ਵਿਅਕਤੀ ਉਪਰ ਲਾਗੂ ਹੁੰਦੀ ਹੈ।

ਵੰਸ਼ੀਧਰ ਨੂੰ ਲੱਗਾ ਕਿ ਸੰਨੀ ਲਾਗੇ ਬੈਠੇ ਲੜਕੇ ਨੂੰ ਕਹਿ ਰਿਹਾ ਹੈ, "ਸੱਚ ਨੂੰ ਉਸ ਸਮੇਂ ਹੀ ਕਹਿ ਦੇਣਾ ਚਾਹੀਦਾ। ਜੇਕਰ ਇਸ ਨਾਲ ਕੋਈ ਡਿਸਟਰੱਬ ਹੋ ਰਿਹਾ ਹੈ ਤਾਂ ਇਸ ਨਾਲ ਕੀ ਫਰਕ ਪੈਂਦਾ ਹੈ। ਕੱਲ੍ਹ ਹੁੰਦਾ , ਅੱਜ ਹੋ ਜਾਵੇ।"

ਸੱਚ ਦਾ ਨੁਮਾਇੰਦਾ ਬਣਿਆ ਸੰਨੀ ਅਜਿਹੀ ਮਾਂ ਦੇ ਵਾਂਗ ਲੱਗਦਾ ਸੀ ਜਿਹੜੀ ਆਪਣੀ ਔਲਾਦ ਉਪਰ ਆਏ ਸੰਕਟ ਨੂੰ ਦੂਰ ਕਰਨ ਦੇ ਲਈ ਕਮਰ ਕੱਸ ਲੈਂਦੀ ਹੈ। ਸੱਚ ਦੇ ਸਰਵ ਸ਼ਕਤੀਮਾਨ ਹੋਣ ਦੇ ਮਿੱਥਕ ਨੂੰ ਅਸਵੀਕਾਰ ਕਰਦੇ ਹੋਏ ਉਹ ਕਿਤੇ ਪੜ੍ਹੀ ਤੁਕ ਨੂੰ ਦੁਹਰਾਉਂਦਾ ਰਹਿੰਦਾ, "ਅਸੀਂ ਸੱਚ ਦੀ ਰੱਖਿਆ ਕਰਾਗੇ, ਤਾਂ ਹੀ ਸੱਚ ਸਾਡੀ ਰੱਖਿਆ ਕਰੇਗਾ।"

ਸੰਨ੍ਹੀ ਦੇ ਨੈਣ-ਨਕਸ਼ ਤਿੱਖੇ ਸਨ। ਰੰਗ ਭਾਵੇਂ ਗੂੜਾ ਕਾਲਾ ਸੀ। ਪ੍ਰੰਤੂ ਰਹਿਣ-ਸਹਿਣ ਨੂੰ ਖਿੱਚ ਭਰਪੂਰ ਅਤੇ ਖੁਸ਼ਹਾਲ ਬਣਾਈ ਰੱਖਣ ਦੀ ਕੋਸ਼ਿਸ਼ ਉਸਦੇ ਰੂਪ ਰੰਗ ਤੋਂ ਲੈ ਕੇ ਉਸਦੇ ਕੱਪੜਿਆ ਤੱਕ ਤੋਂ ਝਲਕਦੀ ਸੀ। ਜਦ ਗੁੱਸਾ ਆਉਂਦਾ ਤਾਂ ਉਸਦੀ ਪੂਰੀ ਚਮੜੀ ਕੰਬਣ ਲਗਦੀ। ਵੰਸ਼ੀਧਰ ਨੂੰ ਇਹ ਵੀ ਪਤਾ ਸੀ ਕਿ ਉਹ ਆਦਮੀਆ ਦੇ ਲਈ ਵਿਸ਼ੇਸ਼ ਰੂਪ ਨਾਲ ਬਣੇ ਬਿਊਟੀ ਪਾਰਲਰ ਜਾਂਦਾ ਹੈ ਤਾਂ ਉਹ ਹੈਰਾਨ ਹੋਇਆ ਸੀ। ਸੰਕੋਚ ਦੇ ਕਾਰਨ ਸਾਫ਼ ਸਾਫ਼ ਨਹੀਂ ਪੁੱਛ ਸਕਿਆ ਸੀ ਪ੍ਰੰਤੂ ਸੰਨੀ ਨੇ ਇਸ਼ਾਰਾ ਸਮਝ ਕੇ ਬਿਨਾ ਝਿਜਕ ਜੁਵਾਬ ਦਿੱਤਾ ਸੀ, "ਸਰ ਮੈਂ ਆਪ ਨੂੰ ਕਈ ਵਾਰ ਕਹਿ ਚੁੱਕਾ ਹਾਂ ਕਿ ਮੈਂ ਜ਼ਿੰਦਗੀ 'ਚ ਹਾਰ ਅਫੋਰਡ ਕਰ ਹੀ ਨਹੀਂ ਸਕਦਾ। ਮੈਂ ਹਰ ਰੋਜ ਜ਼ਿਮ ਵੀ ਜਾਂਦਾ ਹਾਂ। ਸਰੀਰ ਦੇ ਸਾਂਭ-ਸੰਭਾਲ ਦੇ ਮਾਮਲੇ 'ਚ ਸਾਰਿਆ ਨੂੰ, ਇਸਤਰੀ ਹੋਵੇ ਜਾਂ ਪੁਰਸ਼ ਬਰਾਬਰ ਦਾ ਹੱਕ ਹੈ। ਮੈਂ ਉਹ ਸਾਰੀਆ ਮਿੱਥਾ ਤੋੜ ਕੇ ਰਹਾਂਗਾ, ਜਿਹੜੀਆਂ ਕਈ ਸਾਲਾਂ ਤੋਂ ਚੱਲੀਆ ਆ ਰਹੀਆ ਹਨ। ਇਹ ਬ੍ਰਾਹਮਣ ਦੀਆਂ ਬਣਾਈਆਂ ਹੋਈਆਂ ਹਨ। ਚਾਹੇ ਦੇਹ ਹੋਵੇ ਜਾਂ ਆਤਮਾ ਕਹਿ ਲਓ ਚੇਤਨਾ, ਇਸਦੀ ਦੇਖਭਾਲ ਅਤੇ ਤਰੱਕੀ ਦੀ ਜਰੂਰਤ ਹਰ ਇਸਨਾਨ ਨੂੰ ਹੈ। ਉਥੇ ਬ੍ਰਾਹਮਣ ਅਤੇ ਦਲਿਤ ਨਾਲ ਵਿਤਕਰਾ ਕਰਨਾ ਨਿੱਕੀ ਬੇਵਕੂਫੀ ਹੋਵੇਗੀ। ਐਸ. ਸੀ. ਵੀ ਉਸ ਤਰ੍ਹਾਂ ਦੇ ਸੰਵੇਦਨਸ਼ੀਲ ਅਤੇ ਸਮਝਦਾਰ ਹੋ ਸਕਦੇ ਹਨ, ਜਿਸ ਤਰ੍ਹਾਂ ਦੇ ਬ੍ਰਾਹਮਣ ਬਲਕਿ ਉਸ ਤੋਂ ਵੱਧ ਹੀ ਕਿਉਂਕਿ ਉਹ ਦਲਿਤ ਹੁੰਦੇ ਹਨ।"

0 0 0

ਸੰਨੀ ਨਲਗੌਂਡਾ ਤੈਲਗੂ ਭਾਸ਼ੀ ਦਲਿਤ ਪਰਿਵਾਰ ਦਾ ਇਕਲੌਤਾ ਮੁੰਡਾ। ਪਿਤਾ ਲੋਕਲ ਰਾਜਨੀਤੀ 'ਚ ਬਹੁਤ ਜਿਆਦਾ ਦਿਲਚਸਪੀ ਰੱਖਦੇ ਸਨ। ਅੱਚਛਨਾ ਨਾਂ ਸੀ ਉਨ੍ਹਾਂ ਦਾ। ਸੰਨੀ ਨੇ ਉਨ੍ਹਾਂ ਤੋਂ ਅਤੇ ਘਰ ਦੀਆਂ ਬਜ਼ੁਰਗ ਇਸਤਰੀਆਂ ਤੋਂ ਆਪਣੇ ਪੁਰਖਿਆ ਦੀਆਂ ਜਿਹੜੀਆਂ ਯਾਦਾ ਤੇ ਘਟਨਾਵਾਂ ਸੁਣੀਆ ਸਨ ਉਨ੍ਹਾਂ 'ਚ ਜਾਂ ਤਾਂ ਦੁੱਖ-ਪੀੜਾ ਦਾ ਵਰਣਨ ਸੀ ਜਾਂ ਫਿਰ ਤੇਲੰਗਨਾ-ਹਥਿਆਰ ਬੰਦ ਲੜਾਈ ਦੀਆਂ ਯਾਦਾਂ। ਸੁਣੀਆਂ ਹੋਈਆਂ ਗੱਲਾਂ ਦੀ ਅਤੇ ਪਿਤਾ ਦੀ ਵਿਰਾਸਤ ਦਾ ਸਾਰ ਇਹੀ ਸੀ ਕਿ ਸੰਘਰਸ਼ ਜਿੱਤ ਨਾਲ ਹੀ ਸਾਰਥਕ ਹੁੰਦਾ ਹੈ। ਜਿੱਤਣ ਵਾਲਾ ਹੀ ਤਾਕਤਵਾਰ ਹੁੰਦਾ ਹੈ ਅਤੇ ਜ਼ਿੰਦਗੀ ਨੂੰ ਠੀਕ ਠੀਕ ਜੀ ਸਕਦਾ ਹੈ। ਵਿਰਾਸਤ ਚੋਂ ਮਿਲੀ ਇਸ ਸਿੱਖਿਆ ਨੇ ਉਸਦੇ ਸੁਪਨਿਆ ਨੂੰ ਬੀਜਿਆ ਸੀ ਪੁਰਖਿਆ ਦੀਆਂ ਹਾਰਾਂ ਦੀਆਂ ਕਹਾਣੀਆਂ ਦਾ ਬੋਝ ਚਕਨਾਚੂਰ ਕਰ ਦੇਣ ਵਾਲਾ ਸੀ ਪ੍ਰੰਤੂ ਤਾਕਤ ਹਾਸਿਲ ਕਰਨ ਦੀ ਪ੍ਰੇਰਨਾ ਵੀ ਜ਼ਬਰਦਸਤ ਢੰਗ ਨਾਲ ਉਸ ਨੇ ਦਿੱਤੀ ਸੀ।

ਖੁਦ ਨੂੰ ਹੋਰਨਾ ਤੋਂ ਵੱਖਰਾ ਸਮਝਣਾ, ਉਸ ਦੇ ਸੁਭਾਅ ਦਾ ਹਿੱਸਾ ਬਣ ਗਿਆ ਸੀ। ਜੇਕਰ ਰਾਜਨੀਤੀ ਦੇ ਨਾਲ ਪੜ੍ਹਾਈ ਅਤੇ ਗਿਆਨ ਵੀ ਮਿਲ ਜਾਵੇ ਤਾਂ ਤਾਕਤ ਦੁਗਣੀ ਹੋ ਜਾਂਦੀ ਹੈ। ਜਦੋਂ ਪਹਿਲੀ ਵਾਰ ਉਹ ਮੈਰਿਟ ਨਾਲ ਪਾਸ ਹੋਇਆ ਸੀ ਤਾਂ ਉਸ ਨੇ ਲੋਕਾਂ ਦੀਆਂ ਅੱਖਾਂ 'ਚ ਤਰੀਫ਼ ਦੇ ਨਾਲ ਨਾਲ ਇਕ ਡਰ ਵੀ ਦੇਖਿਆ ਸੀ। ਸਾਬਾਸ਼ ਦੇ ਨਾਲ ਹੀ ਇਹ ਵੀ ਬਿਨਾ ਬੋਲੇ ਕਿਹਾ ਮਹਿਸੂਸ ਹੁੰਦਾ ਸੀ ਕਿ ਐਸ. ਸੀ. ਹੁੰਦੇ ਹੋਏ ਵੀ ਅਜਿਹੀ ਮੈਰਿਟ ਪ੍ਰਾਪਤ ਕਰਨਾ।"ਹੈਡਮਾਸਟਰ ਜੀ ਦਾ ਅਸ਼ੀਰਵਾਦ , "ਸੂਰਜ ਦੇ ਵਾਂਗ ਭਵਿੱਖ 'ਚ ਅਸਮਾਨ 'ਚ ਚਮਕੋ।" ਤਾਂ ਜਿਵੇਂ ਅੱਜ ਵੀ ਅਕਸਰ ਉਸਦੇ ਸਾਹਮਣੇ ਬਿਜਲੀ ਵਾਂਗ ਸਰੀਰ 'ਚ ਫਿਰ ਜਾਂਦਾ ਸੀ।

ਪਿਤਾ ਦੀ ਪੜ੍ਹਾਈ, ਤੈਲਗੂ 'ਚ ਦਸਤਖ਼ਤ ਕਰਨ ਅਤੇ ਤੈਲਗੂ ਅਖ਼ਬਾਰ ਪੜ੍ਹ ਲੈਣ ਤੱਕ ਹੀ ਸੀਮਿਤ ਰਹਿ ਗਈ ਸੀ। ਕਦੇ ਉਹ ਸਕੂਲ ਦੇ ਹੈਡ ਮਾਸਟਰ ਜੀ ਦੇ ਨਾਲ ਆਰੀਆ ਸਮਾਜ ਤੋਂ ਪ੍ਰਭਾਵਿਤ ਹੋ ਕੇ ਨਿਜ਼ਾਮ ਦੇ ਵਿਰੁਧ ਲੜੇ ਸੀ। ਹਿੰਦੀ ਪਰਚਾਰ ਸਭਾ ਦੀਆਂ ਪ੍ਰੀਖਿਆ 'ਚ ਉਨ੍ਹਾਂ ਦੋਨਾਂ ਦੀ ਦਿਲਚਸਪੀ ਪੁਰਾਣੀਆਂ ਯਾਦਾ ਦੇ ਚੱਲਦੇ ਹੀ ਸੀ।

ਹੈਡਮਾਸਟਰ ਜੀ ਨੇ ਬਤੌਰ ਹਿੰਦੀ ਅਧਿਆਪਕ ਇਕ ਆਰੀਆ ਸਮਾਜੀ ਵਿਦਵਾਨ ਪੰਡਤ ਰਾਮ



ਸ਼ਾਸ਼ਤਰੀ ਨੂੰ ਨਿਯੁਕਤ ਕੀਤਾ ਸੀ। ਪੰਡਤ ਰਾਮ ਸ਼ਾਸ਼ਤਰੀ ਵਿਦਿਆਰਥੀ ਵਿਦਿਆਰਥਣਾਂ ਨੂੰ ਪੜ੍ਹਾਉਣ ਦੇ ਨਾਲ ਨਾਲ ਉਨ੍ਹਾਂ ਨੂੰ ਸੁਪਨੇ ਦੇਖਣਾ ਵੀ ਜਰੂਰੀ ਸਮਝਦੇ ਸਨ। ਉਹ ਇਹਨੂੰ ਹੀ ਠੀਕ ਤਰ੍ਹਾਂ ਦੀ ਪੜ੍ਹਾਈ ਕਹਿੰਦੇ ਸਨ। ਹਾਈ ਸਕੂਲ 'ਚ ਪਹੁੰਚਦੇ ਪਹੁੰਚਦੇ ਸਾਯਨਿਆ ਉਨ੍ਹਾਂ ਦੇ ਸੰਪਰਕ 'ਚ ਆ ਗਿਆ। ਉਦੋਂ ਹੀ ਉਹਨੂੰ ਪਤਾ ਲੱਗਾ ਕਿ ਪੁਰਸਕਾਰ 'ਚ 'ਅਨਾਮਿਕਾ' ਦਾ ਮਿਲਣਾ ਅਤੇ ਉਸ ਉਪਰ ਹੈਡਮਾਸਟਰ ਜੀ ਵਲੋਂ ਉਸਤਾਦ ਵਜੋਂ ਕੁਝ ਲਿਖ ਕੇ ਦੇਣਾ ਉਸ ਦੀ ਸਲਾਹ ਦਾ ਫ਼ਲ ਸੀ। ਉਹਨੇ ਹੀ ਇਕ ਦਿਨ ਸੰਨੀ ਨੂੰ ਕਿਹਾ ਸੀ, "ਇਹ ਸੰਨੀ ਨਾਂ ਹੀ ਕਿਉ ? 'ਸੂਰਜ ਦੇ ਵਾਂਗ ਚਮਕੋ ਨੂੰ ਆਧਾਰ ਬਣਾ ਕੇ 'ਸੂਰੇਯਾਕਾਂਤ' ਵੀ ਤਾਂ ਰੱਖਿਆ ਜਾ ਸਕਦਾ ਹੈ। 'ਨਿਰਾਲਾ ਜੀ' ਦੀ ਯਾਦ ਅਲੱਗ ਤੋਂ ਦਿਸਣ ਵਾਲਾ।"

ਬਾਅਦ 'ਚ ਜਦ ਸੰਨੀ ਨੇ 'ਸੂਰੇਯਾਕਾਂਤ ਤ੍ਰਿਪਾਠੀ ਨਾਮ ਰੱਖਣ ਦੀ ਕਾਨੂੰਨੀ ਕਾਰਵਾਈ ਕੀਤੀ ਤਾਂ ਦਿਮਾਗ਼ 'ਚ ਕਿਤੇ ਪੰਡਤ ਰਾਮ ਸ਼ਾਸਤਰੀ ਦੀ ਕਹੀ ਹੋਈ ਗੱਲ ਦੀ ਯਾਦ ਵੀ ਚਲ ਰਹੀ ਸੀ। ਪੰਡਤ ਰਾਮ ਸਾਸਤਰੀ ਨੇ ਹੀ ਸੰਨੀ ਨੂੰ ਉਸਦੇ ਖੁਦ ਦੇ ਮਹੱਤਵ ਤੋਂ ਜਾਣੂ ਕਰਵਾਇਆ। ਹੱਲਾਸ਼ੇਰੀ ਵਾਲੇ ਅੰਦਾਜ 'ਚ ਇਥੇ ਤੱਕ ਕਿਹਾ, "ਮੈਨੂੰ ਤਾਂ ਅਜਿਹਾ ਲੱਗਦਾ ਹੈ ਸਾਨਿਯਾ ਕਿ ਤੇਰਾ ਨਾਂ ਅਤੇ ਵੇਦਾਂ ਦਾ ਉਚਾਰਣ ਕਰਨ ਵਾਲੇ ਸਾਯਣਚਾਰੀਆ ਦਾ ਨਾਮ ਇਕ ਹੀ ਹੈ। ਸਾਅਣਚਾਰੀਆ ਦਾ 'ਸਾਯਣਾ' ਹੀ ਅੱਜ ਦਾ ਸਾਯਨਾ ਹੈ। ਸਾਯਨਾ ਦਾ ਸੀਨਾ ਜੇਕਰ ਨਾ ਫੁਲ ਜਾਵੇ ਤਾਂ ਆਤਮ ਗੌਰਵ ਨਾਲ ਭਰ ਜਾਣਾ ਤਾਂ ਸੁਭਾਵਿਕ ਹੀ ਸੀ। ਕਿਥੇ ਉਹ ਅੱਜ ਦਾ ਐਸ. ਸੀ. ਨਾਲਗੋਂਡਵੀ ਅਤੇ ਕਿੱਥੇ ਵੇਦਾਂ ਦੇ ਭਾਸ਼ਣਕਾਰ ਸਾਯਣਚਾਰੀਆ।

ਪੰਡਤ ਰਾਮ ਸ਼ਾਸ਼ਤਰੀ ਦੀ ਹੀ ਪ੍ਰੇਰਨਾ ਨਾਲ ਉਸਦਾ ਪਿਤਾ ਅੱਛਨਾ ਨੇ ਕਿਹਾ ਸੀ, "ਸਾਯਨਾ , ਮੈਂ ਤਾਂ ਪੜ੍ਹਿਆ ਲਿਖਿਆ ਬਿਲਕੁਲ ਨਹੀਂ। ਫਿਰ ਵੀ ਨਿਜ਼ਾਮ ਨਾਲ ਲੜਿਆ। ਪਾਲਿਟਿਕਸ ਵੀ ਕੀਤੀ। ਤੂੰ ਹਿੰਦੀ ਪੜ੍ਹ ਤਾਂ ਹੀ ਦਿੱਲੀ ਜਾ ਸਕਦਾ । ਨੈਸ਼ਨਲ ਪਾਲਿਟਿਕਸ ਕਰ ਸਕਦਾ। ਹੈਦਰਾਬਾਦ ਜਾ ਕੇ ਹਿੰਦੀ ਹੀ ਪੜ੍ਹਨਾ। ਨਹੀਂ ਤਾਂ ਕਰਨਾਟਕ ਦੇ ਦੇਵਗੌੜਾ ਵਰਗਾ ਹਾਲ ਹੋਵੇਗਾ। ਪੀ. ਐਮ. ਬਣਿਆ ਪਰ ਹਿੰਦੀ ਨਹੀਂ ਆਉਂਦੀ। ਸਾਡੇ ਵਰੰਗਲ ਦਾ ਪੀ. ਵੀ. ਚੰਗਾ ! ਕਿਸ ਤਰ੍ਹਾਂ ਫਰਟੇਦਾਰ ਹਿੰਦੀ ਬੋਲਦਾ। ਤੂੰ ਵੀ ਦਿੱਲੀ ਜਾ ਕੇ ਇਹੋ ਜਿਹੀ ਹਿੰਦੀ ਬੋਲਣੀ।"

ਉਦੋਂ ਤੋਂ ਸੰਨੀ ਨੂੰ ਹਿੰਦੀ 'ਚ ਦਿੱਲੀ ਦਿਸਣ ਲੱਗ ਪਈ। ਦਿੱਲੀ ਤੋਂ ਵੱਡੀ ਹੋਰ ਕਿਹੜੀ ਤਾਕਤ ਹੈ। ਉਹ ਮੈਟ੍ਰਿਕ ਦੀ ਪ੍ਰੀਖਿਆ 'ਚ ਮੈਰਿਟ 'ਚ ਪਾਸ ਹੋਇਆ। ਉਸਦਾ ਅੰਡਰ ਏਜ਼ ਹੋਣਾ ਪਿਤਾ ਅੱਚਨਾ ਦੇ ਲਈ ਮਾਣ ਦਾ ਕਾਰਨ ਬਣਿਆ। ਡਾਕਟਰ ਤੋਂ ਮੈਡੀਕਲ ਸਰਟੀਫਿਕੇਟ ਦੀ ਗੱਲ ਕਰਦੇ ਸਮੇਂ ਸ਼ਬਦ ਸ਼ਬਦ ਜਿਵੇਂ ਪਿਆਲਾ ਹੋਵੇ। ਜਿਸ 'ਚ ਗਰਵ ਛਲਕ ਦਾ ਰਿਹਾ ਹੋਵੇ, "ਸਾਡਾ ਸਾਯਨਾ ਬਾਬੂ ! ਛੋਟੀ ਉਮਰ ਦਾ। ਵੱਡਿਆ ਦੇ ਪੜ੍ਹਾਈ 'ਚ ਕੰਨ ਕੱਟਦਾ ਹੈ।"

ਸੰਨੀ ਜਦੋਂ ਹੈਦਰਾਬਾਦ ਆਇਆ ਤਾਂ ਅਜਿਹਾ ਲੱਗਾ ਜਿਵੇਂ ਲਾਇਬ੍ਰੇਰੀਆਂ ਦੇ ਸ਼ਹਿਰ ਆ ਗਿਆ ਲਾਇਬ੍ਰੇਰੀਆ ' ਚ ਕਿਤਾਬਾਂ ਨਾਲ ਤੁੰਨ ਤੁੰਨ ਭਰੀਆਂ ਆਲਮਾਰੀਆਂ ਦੇ ਵਿਚ ਖੜੇ ਹੋ ਕੇ ਉਸ ਨੂੰ ਅਜਿਹਾ ਲੱਗਾ ਕਿ ਜਿਵੇਂ ਧੜਕਨਾ 'ਚ ਨਾਲਿਜ ਇਜ਼ ਪਾਵਰ' ਗੂੰਜ ਰਿਹਾ ਹੋਵੇ। ਨਲਗੋਂਡਾ 'ਚ ਪੜ੍ਹਨਾ ਤਾਰਿਆ ਵੱਲ ਦੇਖਣਾ ਸੀ ਪ੍ਰੰਤੂ ਹੈਦਰਾਬਾਦ ਦੀਆਂ ਲਾਇਬ੍ਰੇਰੀਆ ਨੇ ਉਸ ਨੂੰ ਕਿਹਾ, "ਸਿਤਾਰਿਆ ਦੇ ਅੱਗੇ ਵੀ ਅਸਮਾਨ ਹੈ।" ਵਿਰਾਸਤ 'ਚੋਂ ਇਹ ਗੁਣ ਮਿਲਿਆ ਸੀ, "ਬੀ ਪਾਵਰਫੁੱਲ' (ਸ਼ਕਤੀਮਾਨ ਬਣੋ) ਲਾਇਬ੍ਰੇਰੀਆ ਨੇ ਇਸ ਵਿਰਾਸਤ ਦੇ ਮਹੱਤਵ ਨੂੰ ਸਮਝਣ 'ਚ ਸਹਾਇਤਾ ਕੀਤੀ। ਸੰਨੀ ਨੂੰ ਜ਼ਿੰਦਗੀ 'ਚ ਪਹਿਲੀ ਵਾਰ ਲੱਗਾ ਕਿ ਉਸਦੇ ਨਵੇਂ ਪਰ ਨਿਕਲੇ ਹਨ। ਕਿਤਾਬਾਂ ਉਸ ਨੂੰ ਉੜਨ 'ਚ ਸਹਾਇਤਾ ਕਰਨ ਲੱਗੀਆ। ਲੋਕ ਉਹਦੀਆਂ ਗੱਲਾਂ ਸੁਣ ਕੇ ਅੱਖਾਂ ਚੌੜੀਆਂ ਕਰ ਲੈਂਦੇ। ਕਈ ਵਾਰ ਤਾਂ ਉਸਦੇ ਵਿਚਾਰਾਂ ਦੀ ਮੌਲਿਕਤਾ ਹੈਰਾਨ ਪਰਿਸ਼ਾਨ ਲੋਕਾਂ ਦੀ ਨਜ਼ਰ 'ਚ ਉਸ ਨੂੰ ਫ਼ਜ਼ੂਲ ਅਤੇ ਗੈਰ ਪ੍ਰਸੰਗਕ ਠਹਿਰਾਉਂਦੀ। ਉੜਨ ਦਾ ਨਸ਼ਾ ਐਨਾ ਗਹਿਰਾ ਸੀ ਕਿ ਲੋਕਾਂ ਦੇ ਵੱਲ ਧਿਆਨ ਦੇਣਾ ਵੀ ਉਸ ਨੂੰ ਫ਼ਜ਼ੂਲ ਲੱਗਦਾ। ਕਲਾਸ ਰੂਮ ਦੀ ਪੜ੍ਹਾਈ ਹੁਣ ਬੋਰੀਅਤ ਪੈਦਾ ਕਰਦੀ, ਪ੍ਰੰਡਤ ਰਾਮ ਸ਼ਾਸ਼ਤਰੀ ਦੀ ਇਸ ਗੱਲ ਨੂੰ ਉਸਨੇ ਗੰਢ ਮਾਰ ਲਿਆ ਸੀ, 'ਬੋਰੀਅਤ ਇਕ ਤਰ੍ਹਾਂ ਦੀ ਅੱਯਾਸ਼ੀ ਹੈ।" ਸੰਨੀ ਨੂੰ ਇਹ ਪਤਾ ਸੀ ਕਿ ਇਸ ਦੁਨੀਆਂ ਨਾਂ ਵਾਲੀ ਥਾਂ 'ਚ ਸਰਟੀਫਿਕੇਟ ਨਾਮ ਦੇ ਕਾਗ਼ਜ਼ ਦੀ ਕਾਫ਼ੀ ਅਹਿਮੀਅਤ ਹੈ। ਉਹ ਇਕ ਤਰੀਕਾ ਹੈ, ਸਾਧਨ ਹੈ, ਜਿਸ ਦੇ ਸਹਾਰੇ ਨਾਲ ਖ਼ੁਦ ਨੂੰ ਬਚਾਉਣ 'ਚ ਮੱਦਤ ਮਿਲ ਸਕਦੀ ਹੈ। ਜੇਕਰ ਖੁਦ ਨੂੰ ਬਚਾ ਸਕੇ ਤਾਂ ਹੀ ਕੋਈ ਇੱਛਾ ਜਾਂ ਕੋਈ ਸੁਪਨਾ ਬਚਿਆ ਰਹਿ

ਸਕਦਾ ਹੈ ਅਤੇ ਪੂਰਾ ਵੀ ਹੋ ਸਕਦਾ ਹੈ। ਦੁਨਿਆਵੀ ਗਰੰਟੀ ਹੈ ਸਰਟੀਫਿਕੇਟ ਗਿਆਨੀ ਹੋਣ ਦਾ।

ਵਿਰਾਸਤ 'ਚੋਂ ਜਿਹੜਾ ਐਸ. ਸੀ. ਹੋਣ ਦਾ ਬਿੱਲਾ ਮਿਲਿਆ ਹੈ। ਉਸਦੇ ਕਾਰਣ ਇਹ ਹੋਰ ਵੀ ਵਧੇਰੇ ਜਰੂਰੀ ਹੈ ਕਿ ਜ਼ਿਆਦਾ ਤੋਂ ਜ਼ਿਆਦਾ ਸੰਖਿਆ 'ਚ ਸਾਰਟੀਫਿਕੇਟ ਪ੍ਰਾਪਤ ਕੀਤੇ ਜਾਣ।

ਉਂਝ ਵਿਰਾਸਤ 'ਚ ਪਾਲਿਟਿਕਸ, ਪਾਵਰ ਅਤੇ ਪੈਸਾ ਵੀ ਮਿਲਿਆ ਸੀ ਲੇਕਿਨ ਉਹ ਕਹਾਵਤ ਹੈ ਕਿ ਸ਼ੇਰਨੀ ਦਾ ਦੁੱਧ ਸੋਨੇ ਦੇ ਭਾਂਢੇ 'ਚ ਹੀ ਟਿਕ ਸਕਦਾ ਹੈ। ਚ੍ਰਤਿਰ ਵੀ ਤਾਂ ਅਜਿਹਾ ਹੋਣਾ ਚਾਹੀਦਾ ਹੈ ਕਿ ਉਹ ਤਿੰਨੋ 'ਪੀ' ਸੋਭਾ ਬਣ ਸਕੇ। ਕਮੀ ਨਹੀਂ ਹੈ ਅਜਿਹੇ ਪਾਵਰ ਫੁੱਲ ਲੋਕਾਂ ਦੀ ਜਿਹੜੇ ਪਾਵਰ ਲੈਸ ਜਾਂ ਸਧਾਰਨ ਲੋਕਾਂ ਦੇ ਨੁਮਾਇੰਦੇ ਲੱਗਦੇ ਹਨ। ਨਾ ਕੇਵਲ ਚ੍ਰਤਿਰ ਬਲਕਿ ਉਨ੍ਹਾਂ ਦਾ ਵਿਵਹਾਰ ਅਤੇ ਆਦਤਾਂ ਵੀ।

ਉਧਾਰ 'ਚ ਕੁਝ ਨਹੀਂ ਮਿਲਦਾ। ਕਮਾਉਣਾ ਪੈਂਦਾ ਹੈ। ਇਸ ਮਾਸਲੇ 'ਤੇ ਸੰਨੀ ਦੀ ਦੂਜੇ ਬੀ. ਸੀ. ਅਤੇ ਐਸ. ਸੀ. ਲੋਕਾਂ ਨਾਲ ਬਿਲਕੁਲ ਨਹੀਂ ਬਣਦੀ ਸੀ।

ਤਾਂ ਰਾਜਨਾਥ ਯੂਨੀਵਰਸਿਟੀ 'ਚ ਹਿੰਦੀ ਵਿਭਾਗ ਦੇ ਅਧਿਆਪਕ। ਦਲਿਤ ਸਾਹਿਤ ਦੇ ਪ੍ਰਮੁੱਖ ਹਾਮੀ ਭਰਨ ਵਾਲੇ। ਨਾ ਸੰਨੀ ਉਹਨੂੰ ਚੰਗਾ ਲੱਗਦਾ ਨਾ ਉਹ ਸੰਨੀ ਨੂੰ। ਆਪਣੇ ਐਸ. ਸੀ. ਹੋਣ ਦੀ ਰੌਲੀ ਪਾਉਣ ਦਾ ਉਸ ਦਾ ਤਰੀਕਾ ਸਿੱਧਾ ਸਿੱਧਾ 'ਏਕੀਜ਼ਬੀਸ਼ਨੀਜ਼ਮ' 'ਪ੍ਰਦਰਸ਼ਨ ਵਾਦ ) ਦੀ ਉਦਾਹਰਨ ਨਜ਼ਰ ਆਉਂਦਾ। ਸੰਨੀ ਕਹਿੰਦਾ, "ਪੋਤਰਾਜ ਭੀਖ਼ ਮੰਗਣ ਦੇ ਲਈ। ਖੁਦ ਨੂੰ ਕੋੜੇ ਮਾਰਦਾ ਹੈ ਅਤੇ ਜ਼ਖ਼ਮ ਦੀ ਨੁਮਾਇਸ਼ ਕਰਦਾ ਹੈ। ਸਾਨੂੰ ਆਪਣੇ ਤਕਲੀਫ਼ਨਾਮੇ ਦੀ ਵਰਤੋਂ ਘਟ ਤੋਂ ਘੱਟ ਅਜਿਹੀ ਤਾਂ ਨਹੀਂ ਕਰਨੀ ਚਾਹੀਦੀ ਕਿ, 'ਦੇਖੋ ਦੇਖੋ ਬ੍ਰਾਹਮਣਾ ਨੇ ਸਾਨੂੰ ਇਥੋਂ ਇਥੋਂ ਮਾਰਿਆ, ਇਹ ਤਕਲੀਫ਼ਾਂ ਦਿੱਤੀਆ, ਉਹ ਤਕਲੀਫ਼ ਦਿੱਤੀਆਂ, ਰਹਿਮ ਕਰੋ ਸਾਡੇ ਉਤੇ, ਦੇਖੋ ਸਾਡੇ ਵੱਲ! ਸੁਣੋ ਸਾਡੀ ਗੱਲ।" ਇਹ ਕੇਵਲ ਹੀਣ ਭਾਵਨਾ ਦਾ ਪ੍ਰਦਾਰਸ਼ਨ ਹੈ ਹੋਰ ਕੁਝ ਨਹੀਂ।"

ਸੰਨੀ ਨੂੰ ਇਹ ਵੀ ਬਹੁਤ ਅਖ਼ਰਦਾ ਕਿ ਨਾਲਾਇਕੀ ਨੂੰ ਦੂਰ ਕਰਨ ਦੀ ਕੋਸ਼ਿਸ਼ ਬਿਲਕੁਲ ਨਾ ਕਰਦੇ ਹੋਏ ਰੀਜ਼ਰਵੇਸ਼ਨ ਉੱਤੇ ਨਿਰਭਰ ਰਹਿੰਦੇ ਹਨ ਕਿ ਚੰਗੀ ਨੌਕਰੀ ਮਿਲ ਜਾਵੇਗੀ ਜਾਂ ਤਰੱਕੀ ਹੋ ਜਾਵੇਗੀ। ਕਈ ਵਾਰ ਤਾਂ ਸੰਨੀ ਨੂੰ ਜਿੰਨਾ ਗੁੱਸਾ ਬ੍ਰਾਹਮਣਾ ਉੱਤੇ ਆਉਂਦਾ, ਉਸ ਤੋਂ ਕਿਤੇ ਵੱਧ ਰਿਜ਼ਰਵੇਸ਼ਨ ਲੈਣ ਵਾਲੇ ਦਲਿਤਾ ਉਪਰ ਆਉਂਦਾ। ਉਹ ਉਸਦੀ ਗੱਲ ਆਉਣ ਤੇ ਭੜਕ ਉਠਦਾ, "ਮੈਂ ਉਹੋ ਜਿਹਾ ਦਲਿਤ ਨਹੀਂ ਹਾਂ। ਉਏ, ਕਦੀ ਸਾਡੇ ਪੁਰਖੇ ਦਲਿਤ ਸਨ ਜਾਂ ਸਾਡੇ ਭੈਣ ਭਰਾ। ਅਜੇ ਵੀ ਪਿੰਡਾ 'ਚ ਜ਼ੁਲਮ ਦੇ ਸ਼ਿਕਾਰ ਹੋ ਰਹੇ ਹਨ। ਪ੍ਰੰਤੂ ਅਸੀਂ ਲੜ ਰਹੇ ਹਾਂ। ਅਸੀਂ ਸਿਪਾਹੀ ਹਾਂ, ਦਲਿਤ ਨਹੀਂ। ਸਿਪਾਹੀ ਕਦੇ ਵੀ ਦਲਿਤ ਨਹੀਂ ਹੋ ਸਕਦਾ। ਖੁਦ ਨੂੰ 'ਦਲਿਤ' ਕਹਿਣਾ ਉਸ ਲੜਾਈ ਦਾ ਨਿਰਾਦਰ ਕਰਨਾ ਹੈ। ਜਿਹੜੀ ਅਸੀਂ ਬ੍ਰਾਹਮਣ ਸੱਭਿਆਚਾਰ ਵਿਰੁਧ ਲੜ ਰਹੇ ਹਾਂ।"

ਦਰਅਸਲ ਸੰਨੀ ਨੂੰ ਜ਼ਿੰਦਗੀ ਤੋਂ ਵੱਧ, ਕਿਤਾਬਾਂ ਰਸਤਾ ਦਿਖਾ ਰਹੀਆ ਸਨ। ਇਕੋ ਵਾਰ ਕਈ ਰਸਤੇ। ਸਾਰੇ ਹੀ ਖਿੱਚ ਭਰਪੂਰ। ਸਾਰੇ ਲਾਲਚ ਦੇਣ ਵਾਲੇ। ਖੁਦ ਦੀ ਹੋਂਦ ਦੀ ਉਹ ਕੋਈ ਸੀਮਾ ਹੀ ਨਹੀਂ ਮੰਨਦਾ ਸੀ ਅਤੇ ਅਕਸਰ ਇਸ ਬੁਨਿਆਦੀ ਸੱਚਾਈ ਨੂੰ ਨਕਾਰ ਦਿੰਦਾ ਸੀ ਕਿ ਕਈ ਰਾਹ ਤੇ ਇਕੋ ਵਾਰ ਨਹੀਂ ਤੁਰਿਆ ਜਾ ਸਕਦਾ। ਪ੍ਰੰਤੂ ਉਹ ਕਰੇ ਤਾਂ ਕੀ ਕਰੇ ? ਕਿਤਾਬਾਂ ਉਹਨੂੰ ਬਹੁਤ ਚੰਗੀਆਂ ਲੱਗਦੀਆਂ। ਹਰ ਚੰਗੀ ਲੱਗਣ ਵਾਲੀ ਚੀਜ ਸੱਚੀ ਨਹੀਂ ਹੁੰਦੀ। ਉਹ ਸਭ ਚਿੰਤਨ ਛਿਣਾ ਨੂੰ ਸਮਝਦਾ ਪ੍ਰੰਤੂ ਚੌਵੀ ਘੰਟੇ ਤਾਂ ਚਿੰਤਨ ਨਹੀਂ ਕੀਤਾ ਜਾ ਸਕਦਾ ਫਿਰ ਇਕ ਮੁਸ਼ਕਲ ਇਹ ਵੀ ਆ ਰਹੀ ਸੀ ਕਿ ਚਿੰਤਨ ਉਸ ਨੂੰ ਆਪਣੇ ਤੋਂ ਵੱਖਰਾ ਕਰ ਦਿੰਦਾ ਸੀ। ਜਿਹੜਾ ਵੀ ਫ਼ੈਸਲਾ ਉਹ ਕਰਦਾ , ਦੂਜਿਆ ਨੂੰ ਭੜਕਾਉਂਦਾ। ਚਾਹੇ ਉਹ ਫ਼ੈਸਲਾ ਨਿਰੋਲ ਨਿੱਜੀ ਹੀ ਕਿਉਂ ਨਾ ਹੋਵੇ। ਉਸਦਾ ਬਹਿਸ ਕਰਨਾ ਵੀ ਲੋਕਾਂ ਨੂੰ ਦੁੱਖੀ ਕਰਦਾ ਅਤੇ ਜਦੋਂ ਉਹ ਥੋੜੀ ਹੀ ਦੇਰ 'ਚ ਪ੍ਰਵਚਨ ਨੁਮਾ ਸ਼ੈਲੀ 'ਚ ਬਦਲਦਾ ਤਾਂ ਉਸ ਦੇ ਸਾਥੀਆ ਨੂੰ ਖਿੱਝ ਚੜ੍ਹਨ ਲੱਗ ਜਾਂਦੀ। ਭਾਵੇਂ ਕਿ ਕੁਝ ਸਾਥੀ ਉਸ ਨੂੰ ਇਹਦੇ ਬਾਵਜੂਦ ਜੀਨੀਅਸ ਸਮਝਦੇ ਅਤੇ ਕਹਿੰਦੇ। ਉਸਦੀ ਹਿੰਸਕ ਪ੍ਰਵਿਰਤੀ ਵੀ ਉਦੋਂ ਸਾਹਿਜ ਵਾਲੀ ਨਜ਼ਰ ਆਉਣ ਲੱਗਦੀ। ਵੰਸ਼ੀਧਰ ਮਹਿਸੂਸ ਕਰਦੇ ਕਿ ਉਹਦਾ ਬੋਲਣਾ ਵੀ ਉਸ ਦੀ ਪ੍ਰਤਿਭਾ ਦੀ ਕੁਝ ਝਲਕ ਪੇਸ਼ ਕਰਦਾ ਹੈ।

ਸਭ ਤੋਂ ਪਹਿਲਾ ਘੁੰਮਣ ਘੇਰੀ 'ਚ ਫਸਿਆ ਉਹ ਵਕੀਲ, ਜਿਸ ਨੂੰ ਸੰਨੀ ਆਪਣੇ ਉਂਨੀਵਾਂ ਜਨਮ ਦਿਨ ਮਨਾਉਣ ਦੇ ਦੂਜੇ ਦਿਨ ਮਿਲਿਆ ਸੀ। ਉਹ ਵਕੀਲਾ ਮੂਲ ਰੂਪ 'ਚ ਨਲਗੌਂਡਾ ਦਾ ਸੀ ਅਤੇ ਹੈਦਰਾਬਾਦ 'ਚ ਪ੍ਰੈਕਟਿਸ ਕਰਦਾ ਸੀ। ਸ਼ਹਿਰ ਦੇ ਨਾਮਵਰ ਵਕੀਲਾਂ 'ਚ ਉਹਦਾ ਨਾਂ ਸ਼ਾਮਿਲ ਸੀ ਸੰਨੀ ਦੇ ਪਿਤਾ ਅੱਛਨਾ ਨੂੰ ਉਹ ਚੰਗੀ ਤਰ੍ਹਾਂ ਜਾਣਦਾ ਸੀ। ਹਾਲ ਚਾਲ ਪੁੱਛਣ ਤੋਂ ਬਾਅਦ ਸੰਨੀ ਤੁਰੰਤ



ਮੁੱਦੇ ਤੇ ਆਇਆ , "ਮੈਂ ਜਦੋਂ ਉਂਨੀਵਾਂ ਜਨਮ ਦਿਨ ਮਨਾ ਚੁੱਕਾ ਹਾਂ। ਅਡੱਲਟ ਹਾਂ। ਮੈਂ ਕਾਨੂੰਨੀ ਤੌਰ ਉੱਤੇ ਆਪਣਾ ਨਾ ਬਦਲਣਾ ਚਾਹੁੰਦਾ ਹਾਂ।"

"ਜਰੂਰ! ਪਰ ਨਾਂ ਕਿਉਂ ਬਦਲਣਾ ਚਾਹੁੰਦੇ ਹੋ ?"

"ਕੀ ਸੰਨੀ ਰੱਖਣਾ ਚਾਹੁੰਦੇ ਹੋ ?"

"ਨਹੀਂ ਮੈਂ ਆਪਣਾ ਨਾਂ ਸੂਰੇਯਾ ਕਾਂਤ ਤ੍ਰਿਪਾਠੀ ਰੱਖਣਾ ਚਾਹੁੰਦਾ ਹਾਂ।"

"ਕੀ ?" ਵਕੀਲ ਆਪਣੀ ਹੈਰਾਨੀ ਤੇ ਕਾਬੂ ਨਾ ਰੱਖ ਸਕਿਆ।

ਸੰਨੀ ਚੁਪ ਰਿਹਾ।

ਵਕੀਲ ਨੇ ਖ਼ੁਦ ਨੂੰ ਸੰਭਾਲਿਆ ਤੇ ਪੁੱਛਿਆ , "ਇਹ ਨਾਂ ਕਿਉ ?"

"ਮੈਨੂੰ ਪਸੰਦ ਹੈ।"

"ਅਜਿਹਾ ਨਾਂ ਤਾਂ ਯੂ. ਪੀ. ਸਾਈਡ 'ਚ ਮਿਲਦਾ ਹੈ। ਅਤੇ 'ਤ੍ਰਿਪਾਠੀ' ਤਾਂ ਸਰਨੇਮ ਹੈ। ਬ੍ਰਾਹਮਣ ਲੋਕ ਲਾਉਂਦੇ ਹਨ, ਉਥੇ !"ਵਕੀਲ ਦੀ ਹੈਰਾਨੀ ਹੁਣ ਪ੍ਰੇਸ਼ਾਨੀ ਬਣ ਰਹੀ ਸੀ।

'ਹੁੰਦਾ ਹੋਵੇਗਾ 'ਸਰਨੇਮ' ਮੈਂ ਨਹੀਂ ਮੰਨਦਾ। ਮੈਂ ਇਹਨੂੰ ਬਤੌਰ 'ਸਰਨੇਮ' ਨਹੀਂ ਬਲਕਿ ਆਪਣਾ ਨਾਂ ਬਣਾਉਣਾ ਚਾਹੁੰਦਾ ਹਾਂ। ਮੇਰਾ ਖਿਆਲ ਹੈ ਇਹ ਕਿਸੇ ਕਾਨੂੰਨ ਵਿਚ ਨਹੀਂ ਲਿਖਿਆ ਕਿ ਤ੍ਰਿਪਾਠੀ, ਤ੍ਰਿਵੇਦੀ ਜਾਂ ਚਤੁਰਵੇਦੀ ਆਦਿ ਉਪਰ ਕੇਵਲ ਬ੍ਰਾਹਮਣ ਲੋਕਾਂ ਦਾ ਕਬਜਾ ਹੈ। ਕਿਸੇ ਜ਼ਮਾਨੇ 'ਚ ਤਿੰਨ ਵੇਦਾਂ ਦਾ ਪਾਠ ਕਰਨ ਵਾਲਾ ਤ੍ਰਿਪਾਠੀ ਅਤੇ ਤ੍ਰਿਵੇਦੀ ਕਹਾਉਂਦਾ ਸੀ। ਫਿਰ ਇਹ ਰੀਤ ਪੈ ਗਈ। ਜ਼ਿੰਦਗੀ 'ਚ ਵੇਦ ਦੀ ਜਿਲਦ ਤੱਕ ਜਿਨ੍ਹਾਂ ਨੇ ਨਹੀਂ ਦੇਖੀ ਉਹ ਵੀ ਮਾਣ ਨਾਲ ਤ੍ਰਿਪਾਠੀ, ਤ੍ਰਿਵੇਦੀ ਅਤੇ ਤਿਵਾੜੀ ਕਹਿਲਾਉਣ ਲੱਗਾ ਪਏ। ਤੁਸੀਂ ਤਾਂ ਬਸ ਇਹ ਨਾਂ ਮੈਨੂੰ ਦਵਾ ਦਿਉ।" ਸੰਨੀ ਨੇ ਕਿਹਾ ਅਤੇ ਪ੍ਰਵਚਨ 'ਚ ਵਹਿ ਜਾਣ ਤੋਂ ਪਹਿਲਾਂ ਹੀ ਉਹ ਸੰਭਲ ਗਿਆ।

"ਪ੍ਰੰਤੂ... ਮੇਰੇ ਸਮਝ ਵਿਚ ਨਹੀਂ ਆ ਰਿਹਾ ਕਿ ਤੁਸੀਂ ਇਹ ਨਾਂ ਕਿਉਂ ਰੱਖ ਰਹੇ ਹੋ ?" ਜੇਕਰ ਬ੍ਰਾਹਮਣ ਸਰਨੇਮ ਹੀ ਲਗਾਉਣਾ ਹੈ ਤਾਂ ਆਪਣੇ ਸਾਊਥ 'ਚ ਘਟ ਹਨ ?"

"ਇਹ ਤਾਂ ਸਰਾਸਰ ਜ਼ਿਆਦਤੀ ਹੈ। ਮੈਨੂੰ ਇਹ ਨਾਂ ਪਸੰਦ ਹੈ ਬਸ। ਕੀ ਅਜਿਹੇ ਨਾਂ ਪੁਰਾਣੇ ਜ਼ਮਾਨੇ ਦੇ ਮੰਦਿਰਾਂ ਦੇ ਵਾਂਗ ਹੀ ਹਨ ਕਿ ਅਪਰ ਕਾਸਟ ਦੇ ਲੋਕ ਹੀ ਰੱਖ ਸਕਦੇ ਹਨ, ਅਸੀਂ ਲੋਕ ਨਹੀਂ ? ਨਾਂ ਨਾਲ ਜਾਤੀ ਦੀ ਪਹਿਚਾਣ ਦਾ ਇਹ ਪਖੰਡ ਖਤਮ ਹੋਣਾ ਚਾਹੀਦਾ। ਲੋਕ ਤੰਤਰ 'ਚ ਸਭ ਬਰਾਬਰ। ਨਾਂ ਤਾਂ ਮੈਂ ਇਹ ਨਾਂ ਥੋਖਾ ਦੇਣ ਲਈ ਰੱਖ ਰਿਹਾ ਹਾਂ ਅਤੇ ਨਾ ਕਿਸੇ ਤਰ੍ਹਾਂ ਦਾ ਗ਼ਲਤ ਲਾਭ ਲੈਣ ਲਈ। ਅਪਰ ਕਾਸਟ ਦੇ ਲੋਕ ਰਿਜ਼ਰਵੇਸ਼ਨ ਦਾ ਲਾਭ ਲੈਣ ਲਈ, ਲੋਅਰ ਕਾਸਟ 'ਚ ਸ਼ਾਮਿਲ ਹੋਣ ਦੀ ਕੋਸ਼ਿਸ਼ ਕਰਦੇ ਹਨ। ਮੈਂ ਤਾਂ ਕੇਵਲ ਆਪਣੀ ਪਸੰਦ ਦਾ ਨਾਂ ਰੱਖਣਾ ਚਾਹੁੰਦਾ ਹਾਂ, ਬਸ। ਕਾਨੂੰਨ ਨੂੰ ਇਸ 'ਚ ਕੀ ਪਰੇਸ਼ਾਨੀ ? ਅਤੇ ਵਕੀਲ ਸਾਹਿਬ ।" ਸੰਨੀ ਦੇ ਚਿਹਰੇ ਅਤੇ ਬੋਲਾਂ 'ਚ ਕਠੋਰਤਾ ਉਭਰੀ, "ਜੇਕਰ ਕੋਈ ਰੁਕਾਵਟ ਆਈ ਵੀ ਤਾਂ ਆਪ ਲੈ ਦੇ ਕੇ ਜਾਂ ਕਿਸੇ ਹੋਰ ਢੰਗ ਨਾਲ, ਜਿਵੇਂ ਵੀ ਹੋਵੇ, ਮੇਰਾ ਨਾਂ ਕਾਨੂੰਨਣ ਸੂਰੇਯਾਕਾਂਤ ਤ੍ਰਿਪਾਠੀ ਕਰਵਾ ਦਿਓ, ਬਸ।"

ਵਕੀਲ ਹੁਸ਼ਿਆਰ ਸੀ। ਸੰਨੀ ਦੇ ਪਿਤਾ ਅੱਛਨਾ ਦੀ ਰਾਜਨੀਤਿਕ ਤਾਕਤ ਤੋਂ ਜਾਣੂ ਸੀ। ਖਰਚ ਦਾ ਹਿਸਾਬ ਕਿਤਾਬ ਉਸ ਨੇ ਜਰੂਰ ਕੁਝ ਵੱਧ ਦੱਸਿਆ, ਪ੍ਰੰਤੂ ਸਾਰੀ ਕਾਰਵਾਈ ਸਲੀਕੇ ਅਤੇ ਬਿਨਾ ਕਿਸੇ ਸ਼ੋਰ ਸਰਾਬੇ ਦੇ ਹੋ ਗਈ। ਨਾ ਕੇਵਲ ਸੰਨੀ ਦਾ ਨਾਂ ਸਾਯਨਿਆ ਦੀ ਥਾਂ ਸੂਰੇਯਾਕਾਂਤ ਤ੍ਰਿਪਾਠੀ ਹੋਇਆ। ਬਲਕਿ ਉਸਦੇ ਸਾਰੇ ਪਿਛਲੇ ਸਰਟੀਫਿਕੇਟ ਵੀ ਨਵੇਂ ਸਿਰੇ ਤੋਂ ਬਦਲੇ ਹੋਏ ਰੂਪ 'ਚ ਬਣ ਗਏ। ਸਾਰੀ ਕਾਨੂੰਨੀ ਕਾਰਵਾਈ, ਇਸ ਤਰ੍ਹਾਂ ਪੂਰੀ ਹੋਈ ਜਿਵੇਂ ਮੱਖਣ 'ਚ ਚਾਕੂ ਲੰਘਿਆ ਹੋਵੇ।

ਸੰਨੀ ਨੇ ਵਕੀਲ ਨੂੰ ਅਤੇ ਹੋਰ ਕਿਸੇ ਨੂੰ ਇਹ ਦੱਸਣਾ ਜਰੂਰੀ ਨਹੀਂ ਸਮਝਿਆ ਕਿ ਇਹ ਨਾਂ ਉਸ ਦੀ ਪਸੰਦ ਦੇ ਕਵੀ ਦਾ ਹੈ। ਕਿਸੇ ਜਾਣੂ ਨੇ, ਜਿਹੜਾ ਖੁਦ ਵੀ ਐਸ. ਸੀ. ਕਮਿਊਨਿਟੀ ਦਾ ਸੀ। ਏਤਰਾਜ ਕਰਨਾ ਚਾਹਿਆ, "ਅਜਿਹੇ ਇਸ਼ੂ ਨੂੰ ਬੇਕਾਰ 'ਚ ਛੇੜਨਾ ਹੀ ਕੀ ਹੈ? ਜਿਹੜੇ ਨਾਂ ਯੂ. ਪੀ. ਦੇ ਬ੍ਰਾਹਮਣਾਂ ਦੇ ਹੁੰਦੇ ਹਨ ਅਸੀਂ ਕਿਓ ਰੱਖੀਏ ?"

ਸੰਨੀ ਉਖੜ ਗਿਆ, "ਅੱਵਲ ਤਾਂ ਨਾਂ ਰੱਖਣ ਦਾ ਕੋਈ ਇਸ਼ੂ ਹੈ ਹੀ ਨਹੀਂ। ਮੇਰੀ ਪਸੰਦ ਦਾ ਨਾਂ ਹੈ, ਬਸ ! ਅਜੇ ਤਾਂ ਅਸੀਂ ਆਪਣੇ ਪੁਰਖਿਆ ਦਾ ਧੰਦਾ ਛੱਡ ਦਿੱਤਾ ਹੈ ਵਰਨਾ ਮੇਰਾ ਵਸ ਚੱਲਦਾ ਤਾਂ ਮੈਂ ਸੂਰੇਯਾਕਾਂਤ ਤ੍ਰਿਪਾਠੀ ਨਾਂ ਰੱਖ ਕੇ ਮੈਲ਼ਾ ਸਾਫ ਕਰਨ ਦਾ ਕੰਮ ਕਰਦਾ। ਦੇਖਦਾ ਕੌਣ ਮੈਨੂੰ ਰੋਕਦਾ ਹੈ ? ਤੇ ਕਿਉਂ ? ਨਾ ਕੀ ਕਿਸੇ ਦੀ ਜਾਗੀਰ ਹੈ ਜਿਹੜੀ ਟ੍ਰੇਸਪਾਸਿੰਗ ਦਾ ਕੇਸ ਹੋ ਜਾਂਦਾ।" ਜਦ ਸੰਨੀ ਦਾ

ਪ੍ਰਵਚਨ ਸੰਦੇਸ਼ ਸ਼ੁਰੂ ਹੋਇਆ ਤਾਂ ਇਤਰਾਜ਼ ਕਰਨ ਵਾਲਾ ਮੱਥੇ 'ਤੇ ਹੱਥ ਮਾਰ ਕੇ ਰਹਿ ਗਿਆ।

ਵਿਸ਼ਵ ਵਿਦਿਆਲਿਆ 'ਚ ਉਨ੍ਹਾਂ ਦੇ ਵਿਭਾਗ ਦੇ ਮੁੱਖੀ ਰਾਜਨਾਥ ਨਾਲ ਸੰਨੀ ਦੀ ਬਹੁਤ ਤਿੱਖੀ ਬਹਿਸ ਹੋ ਗਈ।

"ਮੈਂ ਸੁਣਿਆ ਹੈ ਸਾਯਨਾ ਕਿ ਤੂੰ...।'

"ਮੇਰਾ ਨਾਂ ਸਾਯਨਾ ਨਹੀਂ, ਸੂਰੇਯਾਕਾਂਤ ਤ੍ਰਿਪਾਠੀ ਹੈ ਹੁਣ।"

"ਨਾਂ ਬਦਲ ਲੈਣ ਨਾਲ ਵਿਆਕਤੀ ਨਹੀਂ ਬਦਲ ਜਾਂਦਾ।"

"ਨਹੀਂ ਬਦਲਦਾ ਤਾਂ ਫਿਰ ਇਤਰਾਜ਼ ਹੀ ਕਿਓ ?"

"ਜੋ ਵੀ ਹੈ ਤੂੰ ਕੀਤਾ ਗ਼ਲਤ ਹੈ। ਅਸੀਂ ਚਾਹੇ ਐਸ. ਸੀ. ਹਾਂ ਪ੍ਰੰਤੂ ਸਾਡੀ ਵੀ ਇਕ ਹੋਂਦ ਹੈ। ਪਹਿਚਾਣ ਹੈ। ਤੂੰ ਨਾਂ ਬਦਲ ਕੇ ਆਪਣੀ ਜਾਤੀ ਦਾ ਅਪਮਾਨ ਕੀਤਾ ਹੈ!" ਉਹ ਗੁੱਸੇ 'ਚ ਸੀ।

"ਨਾਂ ਤੋਂ ਹੋਂਦ ਨੂੰ ਜੋੜਨ ਦਾ ਤੁਹਾਡਾ ਇਹ ਤਰਕ ਇਹੀ ਸਾਬਤ ਕਰਦਾ ਹੈ ਕਿ ਤੁਹਾਡੇ ਮੂੰਹ 'ਚੋਂ ਮਨੂੰਵਾਦੀ ਸੰਸਕਾਰ ਬੋਲ ਰਹੇ ਹਨ, ਆਪ ਨਹੀਂ। ਤ੍ਰਿਪਾਠੀ ਨੂੰ ਬ੍ਰਾਹਮਣ ਹੋਣ ਦਾ ਪ੍ਰਮਾਣ ਮੰਨ ਲੈਣਾ ਅਤੇ ਸਾਯਨਾ ਦੇ ਲਈ ਜਿਵੇਂ ਤ੍ਰਿਪਾਠੀ ਵਰਜਿਤ ਫ਼ਲ। ਨਹੀਂ ਰੱਖ ਸਕਦਾ ਉਹ ਤ੍ਰਿਪਾਠੀ ਨਾਂ।" ਸੰਨੀ ਨੂੰ ਵੀ ਗੁੱਸਾ ਆ ਗਿਆ ਸੀ, "ਨਾਂ ਨੂੰ ਲਛਮਣ ਰੇਖਾ ਬਣਾ ਲੈਣਾ ਅਤੇ ਸਾਯਨਾ ਨੂੰ ਇਹ ਕਹਿਣਾ ਕਿ ਉਹ ਸੂਰਯਾਕਾਂਤ ਤ੍ਰਿਪਾਠੀ ਨਾਂ ਨਹੀਂ ਰੱਖ ਸਕਦਾ। ਪੂਰੀ ਤਰ੍ਹਾਂ ਅਨਿਆ ਹੈ ਇਹ। ਕੋਈ ਵੀ ਵਿਆਕਤੀ ਆਪਣੀ ਪਸੰਦ ਦਾ ਨਾਂ ਰੱਖ ਸਕਦਾ ਹੈ। ਇਹ ਝੂਠੇ ਬੰਧਨ ਟੁੱਟਣੇ ਹੀ ਚਾਹੀਦੇ ਹਨ। ਨਾਂ ਦੇ ਵੀ ਅਤੇ ਕੰਮ ਦੇ ਵੀ। ਮੇਰਾ ਵਸ ਚੱਲੇ ਤਾਂ ਐਚ. ਜੀ. ਵੇਲਸ ਦੀ ਟਾਈਮ ਮਸ਼ੀਨ ਦੀ ਵਰਤੋਂ ਕਰਾਂ ਅਤੇ ਸਮਾਜ ਨੂੰ ਫਿਰ ਤੋਂ ਉਸ ਯੁੱਗ 'ਚ ਲੈ ਆਵਾਂ, ਜਦੋਂ ਸਾਡੇ ਪੁਰਖੇ ਸਿਰ ਉਪਰ ਮੈਲਾ ਢੋਂਦੇ ਸਨ। ਫਿਰ ਕੰਮਪਲਸਰੀ ਕਰ ਦੇਵਾ ਤ੍ਰਿਪਾਠੀਆ-ਤ੍ਰਿਵੇਦੀਆ ਅਤੇ ਚਤੁਰਵੇਦੀਆ ਦੇ ਲਈ ਕਿ ਉਹ ਸਿਰ ਉਪਰ ਸਾਯਨਾ ਦੇ ਪੁਰਖਿਆ ਦਾ ਮੈਲਾ ਢੋਣ ਅਤੇ ਸਾਯਨਾ ਦੇ ਪੁਰਖੇ ਤਿੰਨ ਵੇਦਾਂ ਅਤੇ ਚਾਰ ਵੇਦਾਂ ਦਾ ਪਾਠ ਕਰਨ। ਜੇਕਰ ਨਹੀਂ ਹੈ ਮੇਰੇ ਕੋਲ ਅਜਿਹੀ ਟਾਈਮ-ਮਸ਼ੀਨ ਤਾਂ ਕੋਈ ਗੱਲ ਨਹੀਂ। ਮੈਂ ਆਪਣਾ ਨਾਂ ਸੂਰੇਯਾਕਾਂਤ ਤ੍ਰਿਪਾਠੀ ਤਾਂ ਰੱਖ ਹੀ ਸਕਦਾ ਹਾਂ। ਦੇਖਦਾ ਹਾਂ, ਸਮਾਜ ਕੀ ਕਰਦਾ ਹੈ ?" ਸੰਨੀ ਦਾ ਵਿਰਲਾਪ ਨੁਮਾ ਪ੍ਰਵਚਨ ਇਹ ਨਹੀਂ ਦੇਖਦਾ ਸੀ ਕਿ ਸਾਹਮਣੇ ਕੌਣ ਹੈ। ਵਿਭਾਗ ਦੇ ਮੁੱਖੀ ਰਾਜਨਾਥ ਦਾ ਹੋਣਾ ਤਾਂ ਜਿਵੇਂ ਉਸਦੇ ਗੁੱਸੇ ਨੂੰ ਹੋਰ ਵਧੇਰੇ ਵਿਸਫੋਟਕ ਬਣਾ ਰਿਹਾ ਸੀ। ਉਹ ਜਾਣਦਾ ਸੀ ਕਿ ਰਾਜਨਾਥ ਕੇਵਲ ਰਿਜ਼ਰਵੇਸ਼ਨ ਦੇ ਸਿਰ 'ਤੇ ਡਿਗਰੀਆ ਹਾਸਿਲ ਕਰਦਾ ਰਿਹਾ, ਨੌਕਰੀ ਪ੍ਰਾਪਤ ਕੀਤੀ ਤਰੱਕੀ ਦੀਆਂ ਪੌੜੀਆ ਚੜ੍ਹ ਕੇ ਇਥੋਂ ਤੱਕ ਪਹੁੰਚਿਆ। ਸਾਇਦ ਚੜ੍ਹਨ ਦੀ ਮਿਹਨਤ ਵੀ ਉਸਨੇ ਨਹੀਂ ਕੀਤੀ। ਰਿਜ਼ਰਵੇਸ਼ਨ ਦੀ ਲਿਫ਼ਟ ਜਿਉਂ ਸੀ ਉਸ ਨੂੰ ਸ਼ਿਖਰ ਉੱਤੇ ਪਹੁੰਚਾਉਣ ਦੇ ਲਈ। "ਦਰਅਸਲ ਦੇਖਿਆ ਜਾਵੇ ਤਾਂ ਬੇ ਇੱਜਤੀ ਤੁਹਾਡੇ ਵਰਗੇ ਲੋਕ ਕਰਦੇ ਹਨ, ਆਪਣੀ ਕਮਿਊਨਿਟੀ ਦੀ। ਰਿਜ਼ਰਵੇਸ਼ਨ ਉਤੇ ਨਿਰਭਰ ਹੋ ਕੇ। ਉਸ ਕੁਰਸੀ ਉੱਤੇ ਬੈਠ ਜਾਂਦੇ ਹਨ, ਜਿਸ ਦੇ ਯੋਗ ਤੁਸੀਂ ਨਹੀਂ ਹੁੰਦੇ। ਫ਼ਜ਼ੂਲ ਹੀ ਲੈਂਦੇ ਹੋ ਤੁਸੀਂ ਬਾਬਾ ਸਾਹਿਬ ਅੰਬੇਡਕਾਰ ਦਾ ਨਾਂ! ਉਨ੍ਹਾਂ ਨੇ ਬਿਨ੍ਹਾਂ ਕਿਸੇ ਕੰਨਸ਼ੇਸ਼ਨ ਅਤੇ ਬਿਨਾ ਕਿਸੇ ਰਿਜ਼ਰਵੇਸ਼ਨ ਦੇ, ਆਪਣੀ ਪ੍ਰਤਿਭਾ ਦਾ ਲੋਹਾ ਮੰਨਵਾ ਦਿੱਤਾ ਸੀ।

ਮੈਂ ਜੇਕਰ ਆਪਣਾ ਨਾਂ ਸੂਰੇਯਾਕਾਂਤ ਤ੍ਰਿਪਾਠੀ ਰੱਖਿਆ ਹੈ। ਤਾਂ ਇਕ ਚੁਣੌਤੀ ਦਿੱਤੀ ਹੈ। ਹੱਲਾ ਬੋਲਿਆ ਹੈ ਮੈਂ ਮਨੂੰਵਾਦੀ ਸੰਸਕਾਰਾਂ ਦੇ ਖਿਲਾਫ਼ ! ਜਦ ਡਿਗਰੀ ਵਿਚ ਸੀ ਉਦੋਂ ਮੈਂ ਇਕ ਕਵਿਤਾ ਲਿਖੀ ਸੀ। ਸੁਣੋ-

ਅਰੇ ਓ ਸਮਾਜ!
ਨਾ ਤੈਨੂੰ ਕੁਝ ਸ਼ਰਮ ਹੈ ਅਤੇ ਨਾ ਲਿਹਾਜ।
ਪੜ੍ਹਦਾ ਰਹਿੰਦਾ ਏ ਬਸ ਮਨੂੰਵਾਦ ਦਾ ਪਹਾੜਾ।
ਹੁਣ ਆ ਗਿਆ ਹੈ ਤੇਰਾ ਅੰਤ।
ਕਿ ਮੈਂ ਆ ਗਿਆ ਹਾਂ ਹੱਥ 'ਚ ਲੈ ਕੇ ਕੁਹਾੜਾ।

ਕਵਿਤਾ ਲੰਮੀ ਸੀ ਅਤੇ ਸੁਣਦੇ ਹੋਏ ਰਾਜਨਾਥ ਨੇ ਕਈ ਵਾਰ ਕੋਸ਼ਿਸ਼ ਕੀਤੀ ਕਿ ਸੰਨੀ ਨੂੰ ਚੁੱਪ ਕਰਵਾਏ ਪ੍ਰੰਤੂ ਸੰਨੀ ਦਾ ਲੋਹਾ ਲਾਖਾ ਚਿਹਰਾ ਅਤੇ ਉਸਦੀ ਡਾਂਟ, "ਚੁੱਪ ਰਹੋ ! ਵਿਭਾਗ ਦੇ ਮੁੱਖੀ ਹੋ ਤਾਂ ਇਹ ਜਾਣਦੇ ਹੀ ਹੋਵੋਗੇ ਕਿ ਕਵਿਤਾ ਸੁਣਨ ਦੀ ਇਕ ਤਮੀਜ਼ ਹੁੰਦੀ ਹੈ। ਦੇਖੋ , ਮੈਂ ਕਿਸ ਤਰ੍ਹਾਂ ਕਰੂਰਤਾ ਦੀ ਲਛਮਣ ਰੇਖਾ ਨੂੰ ਅੱਗੇ ਵਧਾਇਆ ਹੈ, ਨਵੀਂ ਸ਼ਕਲ ਦਿੱਤੀ ਹੈ, ਜਦੋਂ ਤੱਕ ਸੰਨੀ ਨੇ



ਕਵਿਤਾ ਦੀ ਆਖਰੀ ਪੰਕਤੀ ਪੜ੍ਹੀ,

ਭੱਜ ਕੇ ਕਿੱਥੇ ਜਾਵੋਗੇ ਹੁਣ ਸਵਰਣ ਚੂਹੇ।
ਕਿਉਕਿ ਤੂੰ ਇਕ ਡੁੱਬਦਾ ਹੋਇਆ ਜਹਾਜ ਏ!
............
ਅਰੇ ਓ ਸਮਾਜ !"

ਉਦੋਂ ਤੱਕ ਰਾਜਨਾਥ ਦਾ ਜਿਵੇਂ ਮਨ-ਮਸਤਿਕ ਸੁੰਨ ਹੋ ਗਿਆ ਸੀ। ਉਸ ਦਾ ਵਸ ਚੱਲਦਾ ਤਾਂ ਉਹ ਜਿਹੜਾ ਸਲੂਕ ਬ੍ਰਾਹਮਣ ਗ਼ਰੀਬ ਵਿਦਿਆਰਥੀਆ ਦੇ ਨਾਲ ਕਰਦਾ ਸੀ, ਉਸ ਤੋਂ ਵੀ ਵੱਧ ਕੁਝ ਸੰਨੀ ਦੇ ਨਾਲ ਵੀ ਕਰਦਾ ਪ੍ਰੰਤੂ ਸੰਨੀ ਦਾ ਪਿਤਾ ਅੱਛਨਾ ਦੇ ਪੋਲੀਟੀਕਲ ਪ੍ਰਭਾਵ ਬਾਰੇ 'ਚ ਜਾਣਦਾ ਸੀ ਇਸ ਲਈ ਮਨ ਮਸੋਸ ਕੇ ਚੁੱਪ ਰਿਹਾ। ਦਿਲ 'ਚ ਇਹ ਫ਼ੈਸਲਾ ਜਰੂਰ ਕਰ ਲਿਆ ਕਿ ਹੁਣ ਜੇਕਰ ਨੁਕਸਾਨ ਨਹੀਂ , ਤਾਂ ਨਾ ਸਹੀ ਪ੍ਰੰਤੂ ਇਹ ਖਿਆਲ ਰੱਖਿਆ ਜਾਵੇਗਾ ਕਿ ਉਸ ਦੇ ਹੱਥੋਂ ਸੰਨੀ ਦਾ ਕੋਈ ਲਾਭ ਹਰਗਿਜ਼ ਨਾ ਹੋਵੇ।

0 0 0

ਪਿਤਾ ਵਲੋਂ ਸੰਨੀ ਜਰੂਰ ਅਰਥਹੀਣ ਸੀ ਪ੍ਰੰਤੂ ਉਸ ਨੂੰ ਮੰਨਾਉਣ 'ਚ ਵਧੇਰੇ ਸਮਾਂ ਨਹੀਂ ਲੱਗਿਆ। ਏਤਰਾਜ਼ ਉਨ੍ਹਾਂ ਨੇ ਜਰੂਰ ਕੀਤਾ ਸੀ ਪ੍ਰੰਤੂ ਜਦੋਂ ਸੰਨੀ ਨੇ ਉਹਨਾਂ ਨੂੰ ਸਮਝਾਇਆ, "ਤੁਸੀਂ ਸੋਚੋ, ਕਿੰਨਾ ਪੋਲੀਟਿਕਲ ਅਡਵਾਂਟੇਜ਼ ਮਿਲੇਗਾ ਇਸ ਨਾਲ ! ਮੰਨ ਲਓ ! ਕੱਲ ਦੇ ਦਿਨ 'ਚ ਕਿਸੇ ਰਿਜ਼ਰਵ ਸੀਟ ਤੋਂ ਚੋਣਾ 'ਚ ਖੜਾ ਹੋਵਾ, ਮੈਂ ਸੂਰਯਾਕਾਂਤ ਤ੍ਰਿਪਾਠੀ' ਤਾਂ ਕਿਸ ਤਰ੍ਹਾਂ ਦਾ ਹੱਲਾ ਮਚੇਗਾ ! ਇਹ ਨਾਂ ਦਾ ਇਸ਼ੂ, ਪੁਰਾਣੇ ਜ਼ਮਾਨੇ ਦੇ ਮੰਦਰ ਪ੍ਰਵੇਸ਼ ਅੰਦੋਲਨ ਨੂੰ ਮੀਲਾਂ ਤੱਕ ਪਿੱਛੇ ਛੱਡ ਦੇਵੇਗਾ। ਤੁਸੀਂ ਦੇਖਦੇ ਹੀ ਰਹਿ ਜਾਵੋਗੇ !"

ਅੱਛਨਾ ਨੂੰ ਗੱਲ 'ਚ ਵਜ਼ਨ ਨਜ਼ਰ ਆਇਆ। "ਵਾਹ ਬਈ ਵਾਹ ਇਹ ਹੋਈ ਨਾ ਗੱਲ ! ਸਾਊਥ ਰੀਜਨ ਦੀ ਰਿਜ਼ਰਵ ਸੀਟ ਤੋਂ ਸੰਸਾਦ ਦੇ ਲਈ ਖੜਾ ਹੋ ਰਿਹਾ ਹਾਂ ਮੈਂ, "ਸੂਰਯੇਆਕਾਂਤ ਤ੍ਰਿਪਾਠੀ' ਨਾ ਹੈ ਮੇਰਾ, ਦੇਖਦਾ ਹਾਂ ਕੋਈ ਕੀ ਪੁੱਟ ਲਵੇਗਾ ?"

0 0 0

ਬਾਅਦ 'ਚ ਜੇ ਕਦੇ ਇਸ ਪ੍ਰਸੰਗ ਦੀ ਗੱਲ ਚੱਲੀ ਤਾਂ ਸੰਨੀ ਨੇ ਵੰਸ਼ੀਧਰ ਨੂੰ ਕਿਹਾ, "ਇਹ ਸਭ, ਪੋਲੀਟੀਕਲ ਸਟੰਟ ਵਰਗੀਆ ਗੱਲਾਂ ਤਾਂ ਬਾਅਦ 'ਚ ਮੇਰੇ ਦਿਮਾਗ਼ 'ਚ ਆਈਆ ! ਪਹਿਲਾ ਤਾਂ ਕੇਵਲ ਇਕ ਅਤ੍ਰਿਪਤੀ ਸੀ ਅਤੇ ਉਸ ਤੋਂ ਉਪਜੀ ਇਹ ਇੱਛਾ ਸੀ ਕਿ ਮੇਰਾ ਨਾਂ ਮੇਰੇ ਪਿਆਰੇ ਹਿੰਦੀ ਕਵੀ ਦੀ ਨਕਲ 'ਚ ਕਿਉ ਨਹੀਂ ਹੋ ਸਕਦਾ ? ਕੀ ਨਾਂ ਇਹ ਤਥਾ-ਕਥਿਤ 'ਸਰਨੇਮ' ਨੂੰ ਕਿਸੇ ਵਰਣ-ਵਿਸ਼ੇਸ਼ ਦਾ ਕੁਝ ਹੋਰ ਹੀ ਬਣਾ ਦੇਣਾ ਲੋਕਤੰਤਰ ਦੇ ਚਰ੍ਰਿਤਰ ਦੇ ਅਨੁਕੂਲ ਹੈ? ਨਾਂ 'ਚ ਵੀ ਸਵਰਣ-ਦਲਿਤ ਦਾ ਭੇਦਭਾਵ! ਹੱਦ ਹੈ !" ਵੰਸ਼ੀਧਰ ਨੇ ਸੰਨੀ ਦਾ ਭਖਦਾ ਚਿਹਰਾ ਦੇਖ ਕੇ ਕੁਝ ਨਹੀਂ ਕਿਹਾ। ਚੁੱਪ ਰਹਿਣਾ ਹੀ ਅਜਿਹੀ ਸਥਿਤੀ 'ਚ ਬੇਹਤਰ ਹੈ ! ਵਿਰੋਧ 'ਚ ਅਕਸਰ ਓਵਰ-ਐਕਸਨ ਹੋ ਹੀ ਜਾਂਦਾ ਹੈ, ਉਸ ਨੇ ਖੁਦ ਨੂੰ ਸਮਝਾਇਆ।

0 0 0

ਸੰਨੀ ਪੀ ਜੀ ਦੀ ਪੜ੍ਹਾਈ ਦੇ ਲਈ ਵਿਦਿਆ ਰੰਜਨ ਕਾਲਜ 'ਚ ਕਿਉ ਦਾਖਲ ਹੋਏ ? ਸ਼ੁਰੂ-ਸ਼ੁਰੂ 'ਚ ਵੰਸ਼ੀਧਰ ਦੇ ਲਈ ਇਹ ਰਹੱਸ ਸੀ। ਸੁਸ਼ੀਲਾ ਦੇ ਬਾਰੇ 'ਚ ਜਾਨਣ ਕਾਰਕੇ ਹੀ ਇਹ ਰਹੱਸ ਖੁੱਲਿਆ।

ਯੂਨੀਵਰਸਿਟੀ 'ਚ 'ਪ੍ਰਤਿਭਾ' ਨਾਮਕ ਸਾਲਾਨਾ ਸਮਰੋਹ ਉਦੋਂ ਸ਼ੁਰੂ ਹੋਏ ਹੀ ਸਨ, ਜਦੋਂ ਡਿਗਰੀ ਦੇ ਲਈ ਸੰਨੀ ਹੈਦਰਾਬਾਦ ਆਇਆ ਸੀ। ਉਸ ਸਮਾਗਮ ਦੇ ਸੰਬੰਧ ਇੰਟਰ ਕਾਲਜ ਅਤੇ ਯੂਨੀਵਰਸਿਟੀ ਮੁਕਾਬਲੇ ਹੁੰਦੇ ਸੀ। ਸੰਨੀ ਆਪਣੇ ਕਾਲਜ ਨੂੰ ਰੀਪ੍ਰੈਜੇਂਟ ਕਰਨ ਆਇਆ ਤਾਂ ਉਥੇ ਉਸ ਦੀ ਮੁਲਾਕਾਤ ਸੁਸ਼ੀਲਾ ਨਾਲ ਹੋਈ। ਡਿਗਰੀ ਦੇ ਸਾਲਾਂ 'ਚ ਉਸਦਾ ਕਿਸੇ ਨਾ ਕਿਸੇ ਮੁਕਾਬਲੇ ਦੇ ਲਈ ਅਕਸਰ ਹੀ ਆਹਮਣਾ ਸਾਹਮਣਾ ਹੁੰਦਾ ਸੀ ਸੰਨੀ ਹਰੇਕ ਮੁਕਾਬਲੇ 'ਚ ਇਨਾਮ ਪ੍ਰਾਪਤ ਕਰਦਾ। "ਬਿਨਾ ਜਿੱਤੇ ਮੈਂ ਰਹਿ ਹੀ ਨਹੀਂ ਸਕਦਾ, ਇਸ ਨੂੰ ਵਰਦਾਨ ਕਹਿ ਲਓ ਜਾ ਸਰਾਪ, ਮੇਰੇ ਜਨਮ ਤੋਂ ਹੀ ਇਹ ਮੇਰੇ ਨਾਲ ਲੱਗਾ ਹੈ।" ਸੰਨੀ ਨੇ ਮਜਾਕ ਦੀ ਟੋਨ 'ਚ ਸੁਸ਼ੀਲਾ ਨੂੰ ਕਿਹਾ ਤੇ ਮੂੰਹ 'ਚ ਗਾਉਣ ਲੱਗਾ, "ਮਿਜ਼ਾਜ ਜਵਾਨੀ ਤੋਂ ਹੀ ਮੇਰਾ ਆਸ਼ਿਕਾਨਾ ਹੈ।" ਅਜਿਹੀ ਹੀ ਇਕ ਗੱਲਬਾਤ ਦੌਰਾਨ ਸੰਨੀ ਨੇ ਇਕ ਵਾਰ ਕਿਹਾ, "ਆਪਾ ਦੋਹਾਂ ਨੂੰ ਇਕ ਹੀ ਟੀਮ 'ਚ ਹੋਣਾ ਚਾਹੀਦਾ ਹੈ।" ਸੁਸ਼ੀਲਾ ਭਾਵੇਂ ਕਿ ਸੰਨੀ ਨੂੰ ਕਦੇ

ਹਰਾ ਨਹੀਂ ਸਕੀ, ਪ੍ਰੰਤੂ ਇਕ... ਅੱਧੀ ਵਾਰ ਨੂੰ ਛੱਡ ਕੇ, ਇਨਾਮ ਦੀ ਹੱਕਦਾਰ ਉਹ ਵੀ ਹਮੇਸ਼ਾ ਹੀ ਹੁੰਦੀ ਸੀ... ਉਸ ਨੂੰ ਇਹ ਬਹੁਤ ਚੰਗਾ ਲੱਗਾ ਸੀ ਕਿ ਜਿੰਨੀ ਮਿਹਨਤ ਸੰਨੀ ਭਾਸ਼ਣ ਅਤੇ ਲੇਖ ਮੁਕਾਬਲੇ ਦੇ ਲਈ ਕਰਦਾ ਸੀ, ਉਹੋ ਜਿਹੀ ਅਤੇ ਉਨੀ ਹੀ ਮਿਹਨਤ ਉਹ ਅੰਨਤਾਕਸ਼ਰੀ ਦੇ ਲਈ ਵੀ ਕਰਦਾ ਸੀ।

ਸੁਸ਼ੀਲਾ ਦੇ ਸ਼ੌਂਕ ਦੇ ਲਈ ਫਿਲਮੀ ਗਾਨਿਆ ਦਾ ਇਕ ਰਜਿਸਟਰ ਬਣਾਇਆ ਸੀ। ਜਦਕਿ ਸੰਨੀ ਨੇ ਉਹਨੂੰ ਦੱਸਿਆ ਸੀ, "ਜਦੋਂ ਮੈਂ ਹੈਦਰਾਬਾਦ ਆਇਆ ਤਾਂ ਮੈਨੂੰ ਪਤਾ ਲੱਗਾ ਕਿ ਕਾਲਜ 'ਚ 'ਪ੍ਰਤਿਭਾ' ਨਾ ਦਾ ਸਾਲਾਨਾ ਉਤਸਵ ਹੁੰਦਾ ਹੈ ਅਤੇ ਉਸ 'ਚ ਸਾਮਿਲ ਭਾਗ ਲੈਣ ਵਾਲੇ ਵਿਦਿਆਰਥੀਆਂ 'ਚ ਫਿਲਮੀ ਗਾਨਿਆ ਦਾ ਅੰਨਤਾਕਸ਼ਰੀ ਵੀ ਹੁੰਦੀ ਹੈ ਤਾਂ ਮੈਂ ਤਿਆਰੀ ਸ਼ੁਰੂ ਕਰ ਦਿੱਤੀ। ਤੇਰੇ ਵਾਂਗ ਇਕ ਰਜਿਸਟਰ ਬਣਾਇਆ। ਗਾਨਿਆ ਦੀਆਂ ਕੈਸੇਟਾਂ ਖਰੀਦੀਆਂ ਮੇਰੇ ਲਈ ਸ਼ੌਕ ਵਰਗੀ ਕੋਈ ਚੀਜ ਨਹੀਂ ਹੈ। ਜਾਂ ਕਹਿ ਲਓ ਕਿ ਜ਼ਿੰਦਗੀ ਮੇਰੇ ਲਈ ਇਕ ਲੜਾਈ ਹੈ। ਤੇ ਮੇਰਾ ਸ਼ੌਕ ਲੜਨਾ ਤੇ ਜਿੱਤਣਾ ਹੈ। ਹਾਰ ਤੋਂ ਮੈਨੂੰ ਨਫ਼ਰਤ ਹੈ। ਹਲਾ ਕਿ ਮੈਂ ਜਾਣਦਾ ਹਾਂ ਕਿ ਹਾਰਨਾ ਵੀ ਲੜਾਈ 'ਚ ਸਾਮਿਲ ਹੈ ਅਤੇ ਹਾਰਨ ਨਾਲ ਲੜਾਈ ਖਤਮ ਨਹੀਂ ਹੋ ਜਾਂਦੀ।"

ਲੜਨ ਅਤੇ ਜਿੱਤਣਾ ਦੀ ਇਹ ਤੜਫ਼ ਸੁਸ਼ੀਲਾ ਦੇ ਲਈ ਇਕ ਚੁੰਬਕੀ ਖਿੱਚ ਬਣ ਗਈ। ਉਦੋਂ ਤੱਕ 'ਸਾਯਾਨਾ' , 'ਸੁਰੇਯਾਕਾਂਤ ਤ੍ਰਿਪਾਠੀ ਬਣਿਆ ਸੀ। ਉਂਝ ਹੀ ਸਾਯਨਾ ਬੁਲਾਇਆ ਜਾਂਦਾ। ਪੰਡਤ ਰਾਮ ਸ਼ਾਸਤਰੀ ਦੀ ਸਾਯਨਾ ਅਚਾਰੀਆ ਵਾਲੀ ਗੱਲ ਚੇਤੇ ਕਰਕੇ ਵੀ ਉਹਨੂੰ ਅਖਰਦਾ। ਇਸ ਸੰਬੰਧ 'ਚ ਗੱਲ ਚੱਲਣ 'ਚ ਉਸ ਨੇ ਸੁਸ਼ੀਲਾ ਨੂੰ ਕਿਹਾ, "ਨਾਮ ਵੀ' 'ਅਪੀਯਰੇਂਸ' ਦੀ ਅਹਿਮੀਅਤ ਜ਼ਿੰਦਗੀ 'ਚ ਖਾਸ ਕਰਕੇ ਸਮਾਜਿਕ ਜ਼ਿੰਦਗੀ 'ਚ ਬਹੁਤ ਹੁੰਦੀ ਹੈ। ਮੰਨ ਲਓ ਤੇਰਾ ਨਾਂ ਸ਼ੁਸੀਲਾ ਦੀ ਥਾਂ ਪੇਂਟਿੰਮਾ ਜਾਂ ਮਲੰਮਾ ਹੁੰਦਾ ਤਾਂ ? ਅਤੇ ਦੂਜੀ ਗੱਲ ਮੈਂ ਇਸ ਨੂੰ ਆਪਣੀ ਲੜਾਈ ਦਾ ਅਹਿਮ ਮੋਰਚਾ ਮੰਨਦਾ ਹਾਂ ਕਿ ਨਾ ਦੇ ਪੱਧਰ ਤੇ , ਉਤਰ ਦੱਖਣ, ਬ੍ਰਾਹਮਣ-ਦਲਿਤ ਏਥੋ ਤੱਕ ਕਿ ਦੇਸ਼ ਕਾਲ ਦੇ ਭੇਦ ਭਾਵ ਵੀ ਕਰ ਦੇਵਾਂ, ਕਿਉਂ ਨਹੀਂ ਕੋਈ ਹਿੰਦੋਸਤਾਨੀ ਆਪਣੇ ਬੇਟੇ ਦਾ ਨਾਂ 'ਸਾਓ' ਜਾਂ ਕੰਨਫਿਊਸ਼ਿਅਸ' ਰੱਖਦਾ ?"

ਸੁਸ਼ੀਲਾ ਨੇ ਆਪਣੀ ਸੀਮਿਤ ਜਾਣਕਾਰੀ ਦੇ ਸਹਾਰੇ ਟਿੱਪਣੀ ਕਰਨੀ ਚਾਹੀ, "ਸਟਾਲਿਨ , ਲੈਨਿਨ ਨਾਂ ਤਾਂ ਮਿਲਣ ਲੱਗੇ ਹਨ। ਟੀ. ਵੀ. ਸੀਰੀਅਲ 'ਤੇ ਗਰੂੰਸ਼ਾ ਕਪੂਰ ਵੀ ਇਕ ਐਕਟਰ ਦਾ ਨਾਮ ਹੈ।"

ਸੰਨੀ ਖੁਸ਼ ਹੋਇਆ, "ਜਾਣਦੀ ਏਂ, ਗਰੂੰਸ਼ਾ ਨਾਮ ਕਿਥੋਂ ਲਿਆ ਗਿਆ ? ਬ੍ਰਿਟਿਸ਼ ਦੇ ਮਹਾਨ ਨਾਟਕ 'ਕਾਕੇਸ਼ੀਅਨ ਚਾਕ ਸਰਕਲ ਦੀ ਨਾਇਕਾ ਹੈ ਗਰੂੰਸਾ। ਹਾਂ ਤਾਂ ਮੈਂ ਇਹ ਵੀ ਕਹਿਣਾ ਚਹੁੰਦਾ ਹਾਂ। ਕਿ ਸਭ ਤੋਂ ਵੱਧ ਚਿੜ ਹੈ ਮੈਨੂੰ ਸਰਨੇਮ ਲਗਾਉਣ ਤੋਂ ਜਿਵੇਂ ਕਿਸੇ ਨਾਂ ਦੀ ਪੂਛ ਹੋਵੇ। ਗਰੂੰਸ਼ਾ ਕਪੂਰ ਦੀ ਥਾਂ ਕੇਵਲ ਗਰੂੰਸ਼ਾ ਹੋਣਾ ਚਾਹੀਦਾ ਸੀ। ਪਹਿਚਾਣ ਦੀ ਕਸੌਟੀ ਬਣੇ ਹੋਏ ਹਨ 'ਸਰਨੇਮ' ਇਸ ਕਸੌਟੀ ਦਾ ਬਦਲਿਆ ਜਾਣਾ ਸਾਡੀ ਪਹਿਲੀ ਜਰੂਰਤ ਹੈ। ਮੈਂ ਆਪਣਾ ਨਾਂ ਸਾਯਨਾ ਤੋਂ ਸੁਰੇਯਾਕਾਂਤ ਤ੍ਰਿਪਾਠੀ ਕਰਨ ਵਾਲਾ ਹਾਂ ਅਤੇ ਇਹ ਘਟਨਾ ਮੇਰੇ ਜੀਵਨ 'ਚ ਕਿਸੇ ਕ੍ਰਾਂਤੀ ਤੋਂ ਘੱਟ ਨਹੀਂ ਹੋਵੇਗੀ। ਇਹ ਦੇਖ ਲੈਣਾ ਤੂੰ।"

0 0 0

ਸੁਸ਼ੀਲਾ ਠੇਠ ਦੱਖਣੀ ਬ੍ਰਾਹਮਣ ਪਰਿਵਾਰ ਦੀ ਕੁੜੀ ਸੀ। ਪਿਤਾ ਇਕ ਕਾਲਜ 'ਚ ਵਿਗਿਆਨ ਪੜਾਉਂਦੇ ਸੀ। ਮਾਂ ਕੱਟੜ ਸੰਸਕਾਰਾਂ ਦੀ ਘਰੇਲੂ ਔਰਤ ਸੀ। ਸੁਸ਼ੀਲਾ ਨੂੰ ਪਿਤਾ ਵਲੋਂ ਵਿਸ਼ਾਲ ਸੋਚ ਦੇ ਸੰਸਕਾਰ ਮਿਲੇ ਸੀ। ਮਾਂ ਦੀ ਕੱਟੜਤਾ ਨੂੰ ਉਹ ਹਿੰਦੋਸਤਾਨ 'ਚ ਆਏ ਨਾਰੀਵਾਦੀ ਦੇ ਆਧਾਰ ਤੇ ਸਮਝਣ ਦੀ ਕੋਸ਼ਿਸ਼ ਕਰਦੇ ਅਤੇ ਉਸ ਦੇ ਪ੍ਰਤੀ ਸਰਧਾ ਭਾਵ ਨਾਲ ਭਰ ਉਠਦੀ। ਪ੍ਰਭਾ ਖੇਤਾਨ ਦੇ, ਸੀਮੋਨ ਦਾ ਬੋਓਵਾ ਦੇ 'ਦ ਸੈਕੇਂਡ ਸੈਕਸ' ਦੇ ਅਨੁਵਾਦ ਨੂੰ ਵਾਰ ਵਾਰ ਪੜ੍ਹਦੀ ਅਤੇ ਉਸ ਨੂੰ ਹਰ ਵਾਰ ਲੱਗਦਾ ਕਿ ਉਸਨੇ ਇਸਤਰੀ ਜਾਤੀ ਨੂੰ ਅਤੇ ਖਾਸ ਤੌਰ ਤੇ ਆਪਣੀ ਮਾਂ ਨੂੰ ਕੁਝ ਹੋਰ ਸਮਝ ਲਿਆ ਹੈ। ਉਸਨੇ ਇਸ ਅਹਿਸਾਸ ਨੂੰ ਸੰਮੀ ਦੇ ਨਾਲ ਸੇਅਰ ਕਰਨਾ ਚਾਹਿਆ। ਉਸ ਨੂੰ ਇਹ ਜਾਣ ਕੇ ਹੈਰਾਨੀ ਹੋਈ ਕਿ ਸੰਨੀ ਇਸਤਰੀਵਾਦ ਦੇ ਬਾਰੇ 'ਚ ਨਹੀਂ ਜਾਣਦਾ ਹੈ ਅਤੇ ਨਾ ਉਸ 'ਚ ਜਾਨਣ ਦੀ ਉਤਸੁਕਤਾ ਹੈ। "ਅਜਿਹਾ ਕਿਉਂ ? ਤੂੰ ਆਪਣੀ ਲੜਾਈ ਨੂੰ ਹੀ ਲੜਾਈ ਸਮਝਦਾ ਏ। ਇਸਤਰੀਆਂ ਵੀ ਤਾਂ ਲੜ ਰਹੀਆ ਹਨ।"



"ਤਾਂ ?"

"ਕਮਾਲ ਹੈ, ਇਕ ਲੜਾਈ ਲੜਨ ਵਾਲੇ ਨੂੰ ਦੂਜੇ ਦੀ ਲੜਾਈ 'ਚ ਕੋਈ ਰੁਚੀ ਨਹੀਂ !"

ਰੁਚੀ ਦੇ ਲਈ ਵਿਹਲ ਚਾਹੀਦੀ ਹੈ। ਲੜਦੇ ਹੋਏ ਸਿਪਾਹੀ ਤੋਂ ਇਹ ਉਮੀਦ ਕਰਨਾ ਵੀ ਕਿੰਨਾ ਗ਼ਲਤ ਹੈ ਕਿ ਉਹ ਆਪਣੀ ਲੜ੍ਹਾਈ ਦੇ ਮੈਦਾਨ ਤੋਂ ਪਾਰ ਦੂਜੇ ਦੀ ਲੜ੍ਹਾਈ ਦੇ ਮੈਦਾਨ 'ਚ ਝਾਤੀਆ ਮਾਰੇ।"

"ਇਸ ਦੇ ਚੱਲਦਿਆ ਇਹ ਵੀ ਤਾਂ ਹੋ ਸਕਦਾ ਹੈ ਕਿ ਕੋਈ ਆਪਣੀ ਲੜਾਈ ਨੂੰ ਹੀ ਇਕ ਮਾਤਰ ਲੜਾਈ ਸਮਝਣ ਲੱਗ ਜਾਵੇ। ਦੂਜੀ ਦੀ ਲੜਾਈ ਦੀ ਕੋਈ ਅਹਿਮੀਅਤ ਹੀ ਨਾ ਰਹਿ ਜਾਵੇ ਉਸਦੇ ਲਈ।

"ਮੈਂ ਕਿਹਾ ਹੈ ਨਾ 'ਫੁਰਸਤ' ਆਪਣੀ ਲੜਾਈ ਤੋਂ ਛੁੱਟੀ ਮਿਲੇ ਤਾਂ ਇਹ ਸਭ ਗੱਲਾਂ ਉਭਰਦੀਆਂ ਹਨ ਨਹੀਂ ਤਾਂ...।" ਸੰਨੀ ਦੇ ਬੋਲ ਐਨੇ ਰੁੱਖੇ ਸਨ ਕਿ ਸੁਸ਼ੀਲਾ ਨੂੰ ਕਿਤੇ ਆਪਣੇ ਅੰਦਰ ਕੁਝ ਟੁੱਟਣ ਦਾ ਅਹਿਸਾਸ ਹੋਇਆ।

"ਮੈਂ ਤਾਂ ਤੇਰੀ ਬੈਚੈਨੀ ਅਤੇ ਤੜਪ ਨੂੰ ਇਸ ਲਈ ਮਹਿਸੂਸ ਕੀਤਾ ਹੈ ਕਿ ਮੈਂ ਇਕ ਔਰਤ ਹਾਂ ਅਤੇ ਜਾਣਦੀ ਹਾਂ ਕਿ ਕਿਸੇ ਦੇ ਦੁਆਰਾ ਇਨਸਾਨ ਤੱਕ ਨਾ ਸਮਝਿਆ ਜਾਣਾ ਅਤੇ ਜਾਨਵਰ ਹੀ ਨਹੀਂ ਬਲਕਿ ਬੇਜ਼ਾਨ ਚੀਜ਼ ਦੇ ਵਾਂਗ ਵਰਤੋਂ...।" ਤਾਂ ਸੁਸ਼ੀਲਾ ਦਾ ਗਲਾ ਭਰ ਆਇਆ।

"ਤੂੰ ਭਾਵੁਕ ਹੋ ਰਹੀ ਏ। ਤੁਹਾਡੇ ਵਰਗੀਆਂ ਔਰਤਾਂ ਦੀ ਇਹੀ ਤਾਂ ਮੁਸ਼ਕਿਲ ਹੈ ਕਿ ਜ਼ਰਾ ਵੀ ਮੌਕਾ ਮਿਲੇ ਅਤੇ ਅੱਥਰੂ, ਰੋਣਾ ਧੋਣਾ ਸ਼ੁਰੂ। ਫਿਰ ਲੜਾਈ ਦੀ ਗੱਲ ਵੀ ਕਰਦੀ ਏਂ। ਕੀ ਇਸ ਤਰ੍ਹਾਂ ਲੜਦਾ ਹੈ ਕੋਈ ?" ਸੰਨੀ ਦੇ ਬੋਲਾਂ 'ਚ ਨਫ਼ਰਤ ਮਹਿਸੂਸ ਕਰਕੇ ਸੁਸ਼ੀਲਾ ਨੇ ਤਿੱਖੀ ਆਵਾਜ਼ 'ਚ ਕਿਹਾ, "ਲੜਾਈ ਇਸ ਤਰ੍ਹਾਂ ਹੀ ਲੜੀ ਜਾਂਦੀ ਹੈ। ਵਿਚਾਰਾ ਦੇ ਨਾਲ ਲੜਨ ਦੀ ਗੱਲ ਰੋਬੋਟਾ ਦੇ ਲਈ ਛੱਡ ਦਿਓ। ਚਾਹੇ ਦਲਿਤ ਹੋਣ ਜਾਂ ਇਸਤਰੀ ਜਾਂ ਅਨਿਆ ਦੇ ਵਿਰੁਧ ਆਵਾਜ਼ ਉਠਾਉਣ ਵਾਲਾ ਕੋਈ ਵੀ ਏ... ਬੀ... ਸੀ... ਡੀ...! ਜੇਕਰ ਭਾਵਨਾ ਤੋਂ ਕੱਟਿਆ ਹੋਇਆ ਹੈ ਤਾਂ ।" ਉਸ ਨੇ ਖ਼ੁਦ ਨੂੰ ਸੰਭਾਲਣ ਦੀ ਕੋਸ਼ਿਸ਼ ਕਰਦੇ ਹੋਏ ਕਿਹਾ, "ਸੰਨੀ! ਜ਼ਰਾ ਦੱਸਣਾ ਆਪਣੀ ਗਲੋਰੀਫਾਈਡ ਲੜਾਈ ਨੂੰ ! ਤੇਰੀ ਗੱਲ ਮੰਨਾ ਤਾਂ ਗੇਰੀਬਲਡੀ ਅਤੇ ਲੈਨਿਨ ਨੂੰ ਪੜ੍ਹਨਵਾਲੇ ਭਗਤ ਸਿੰਘ ਆਪਣੀ ਲੜਾਈ ਦੇ ਪ੍ਰਤੀ ਇਮਾਨਦਾਰ ਨਹੀਂ ਸੀ। ਮਾਫ਼ ਕਰਨਾ, ਮੈਂ ਸਮਝਦੀ ਹਾਂ, ਦਲਿਤਾ ਦੀ ਲੜਾਈ ਇਸ ਕਰਕੇ ਕੂਪ-ਮੰਡੂਕ (ਖੂਹ ਦੇ ਡੱਡੂ ਦੇ ਵਾਂਗ ਪ੍ਰਦਰਸ਼ਨਵਾਦ ) ਜਾਂ ਤਕਲੀਫ਼ਨਾਮਾ ਬਣੀ ਹੋਈ ਨਜ਼ਰ ਆਉਂਦੀ ਹੈ। ਮੈਂ ਵਿਰੋਧ ਦੀ ਗੱਲ ਨਹੀਂ ਕਰ ਰਹੀ। 'ਮੈਂ ਦਲਿਤ... ਮੈਂ ਦਲਿਤ' ਦੀ ਰੌਲੀ ਪਾਉਣ ਦੀ ਗੱਲ ਕਰ ਰਹੀ ਹਾਂ। ਮੈਂ ਸਮਝਦੀ ਹਾਂ ਕਿ ਇਸਤਰੀ ਦੀ ਲੜਾਈ 'ਚ ਰੁਚੀ ਨਾ ਰੱਖਣ ਵਾਲਾ ਤੂੰ ਭਗਤ ਸਿੰਘ ਦੀ ਲੜਾਈ ਤੋਂ ਵੀ ਕੋਈ ਮਤਲਬ ਨਹੀਂ ਰੱਖਦਾ ਹੋਵੇਗਾ। ਮੇਘਾ ਪਾਟਕਰ ਜਾ ਬਾਬਾ ਆਮਟੇ ਵੀ ਤੇਰੇ ਲਈ ਫ਼ਜ਼ੂਲ ਹੋਣਗੇ। ਅਤੇ... ਇਕ ਆਖਰੀ ਗੱਲ ਕਹਾਂ ।" ਸੁਸ਼ੀਲਾ ਸਮਝ ਗਈ ਕਿ ਉਹ ਖੁਦ ਨੂੰ ਕੋਸ਼ਿਸ਼ ਕਰਨ ਤੋਂ ਬਾਅਦ ਵੀ ਸੰਭਾਲ ਨਹੀਂ ਪਾ ਰਹੀ ਅਤੇ ਗੱਲ ਨੂੰ ਖਤਮ ਕਰ ਦੇਣਾ ਹੀ ਠੀਕ ਹੋਵੇਗਾ, "ਤੂੰ ਜਿਹੜੀ ਹਮੇਸਾਂ ਜਿੱਤਣ ਦੀ ਅਤੇ ਹਾਰਨ ਦੀ ਗੱਲ ਕਰਦਾ ਏ। ਐਨੀ ਬੁਰੀ ਤਰ੍ਹਾਂ ਹਾਰੋਗੇ ਕਿ ਇਕ ਦਿਨ ਜ਼ਿੰਦਗੀ ਦੀ ਲੜਾਈ ਲੜਨੀ ਤਾਂ ਦੂਰ, ਉਸਦੀ ਗੱਲ ਕਰਨੀ ਵੀ ਤੇਰੇ ਲਈ ਅਸਾਨ ਨਹੀਂ ਹੋਵੇਗਾ। ਇਕ ਮੋਰਚੇ ਤੇ ਲੜਨ ਦੀ ਸਮੁੱਚੀ ਲੜਾਈ ਸਮਝਣ ਦਾ ਭਰਮ ਸਿਪਾਹੀ ਦੀ ਨਾ-ਕਾਬਲੀਅਤ ਦੀ ਨਿਸ਼ਾਨੀ ਹੈ।"

ਸੰਨੀ ਨੇ ਪਹਿਲੀ ਵਾਰ ਆਪਣੇ ਅੱਗੇ ਹਾਰ ਦੀ ਸੰਭਾਵਨਾ ਦੇਖੀ। ਦਿਖਾਉਣ ਵਾਲੇ ਦੇ ਪ੍ਰਤੀ ਖਿੱਚ ਜਿਹੀ ਮਹਿਸੂਸ ਹੋਈ, "ਧੰਨਵਾਦ ਸੁਸ਼ੀਲ ! ਅਜੇ ਤਾਂ ਮੇਰੀ ਲੜਾਈ ਸ਼ੁਰੂ ਹੀ ਹੋਈ ਹੈ। ਗਲਤੀਆਂ ਹੋਣਾ ਸੁਭਾਵਿਕ ਹਨ। ਉਮਰ ਹੀ ਕੀ ਹੈ ਮੇਰੀ। ਅਠਾਹਰਾ ਪੂਰੇ ਵੀ ਨਹੀਂ ਹੋਏ। ਅਜੇ ਤੱਕ।" ਸੰਨੀ ਨੂੰ ਇਹ ਦੇਖ ਕੇ ਹੈਰਾਨੀ ਹੋਈ ਕਿ ਉਸ ਨੇ ਪਹਿਲੀ ਵਾਰੀ ਇਹ ਜਾਣਿਆ ਦਾਇਆ ਭਾਵਨਾ ਅਤੇ ਗਰੀਬੀ ਨੂੰ ਵੀ ਆਪਣੇ ਕਦਮ ਨਾਲ ਕਦਮ ਮਹਿਸੂਸ ਕਰ ਸਕਦੇ ਹੋ। ਇਹ ਜਾਨਣਾ ਵੀ ਉਸਦੀ ਤਾਕਤ ਨੂੰ ਵਧਾਉਣ ਵਾਲਾ ਸਿੱਧ ਹੋਵੇਗਾ, ਉਸ ਨੇ ਸੋਚਿਆ।

0 0 0

ਸੁਸ਼ੀਲਾ ਦੇ ਲਈ ਖੁਸ਼ੀ ਦੀ ਗੱਲ ਇਹ ਸੀ ਕਿ ਸੰਨੀ ਦਾ ਐਸ. ਸੀ. ਹੋਣਾ ਉਸ ਨੂੰ ਬੁਰਾ ਨਹੀਂ ਲੱਗਾ। ਹਾਂ ਸੰਸਕਾਰਾਂ ਦੇ ਕਾਰਨ ਜਿਵੇਂ ਉਸਦੀ ਲੜਾਈ ਵਾਲਾ ਤਰਕ ਕੂਪਮੰਡੂਕਤਾ ਦੀ ਉਦਾਹਰਣ

ਲੱਗਾ, ਉਂਝ ਹੀ ਉਸ ਨੂੰ ਕਈ ਵਾਰ ਇਹ ਵੀ ਲੱਗਿਆ ਸਾਹਮਣੇ ਇਕ ਸਹਿਜਤਾ ਨਹੀਂ ਬਲਕਿ ਅਭਿਆਸ ਖੜਾ ਹੈ। ਉਸ ਨੂੰ ਆਪਣਾ ਇਹ ਅਹਿਸਾਸ ਵੀ ਅਖਰਦਾ ਕਿ ਸੰਨੀ ਮੌਕਾ ਮਿਲਦੇ ਹੀ ਗੱਲਬਾਤ ਦੇ ਨਾਂ ਤੇ ਜਾਂ ਤਾਂ ਕੈਸੇਟ ਵਾਂਗ ਬੋਲਣ ਲੱਗਦਾ ਹੈ ਜਾਂ ਕੋਈ ਠੇਠ ਕਿਤਾਬ ਸਿਰ ਉੱਤੇ ਦੇ ਮਾਰਦਾ ਹੈ। 'ਡੀਜ਼ਾਅਰ ਟੂ ਇਮਪ੍ਰੈਸ਼' ਤਾਂ ਠੀਕ ਹੈ ਪ੍ਰੰਤੂ ਉਸ ਡੀਜਾਅਰ ਦਾ ਸ਼ਿਕਾਰ ਹੋ ਜਾਣਾ। ਫਿਰ ਵੀ ਸੁਸ਼ੀਲ ਇਸ ਨੁਕਤੇ ਉੱਤੇ ਸਾਵਧਾਨ ਰਹੀ ਕਿ ਸਾਇਦ ਦਲਿਤ ਦਾ ਮਨੋਵਿਗਿਆਨ ਹੀ ਅਜਿਹਾ ਰਹਿੰਦਾ ਹੈ। ਇਸਤਰੀ ਮਨੋ-ਵਿਗਿਆਨ ਨੇ ਹੀ ਉਸ ਨੂੰ ਇਹ ਲਚਕੀਲਾਪਨ ਸਿਖਾਇਆ ਸੀ।

ਸੰਸਕਾਰਾਂ ਦੇ ਕਰਕੇ ਹੀ ਸੁਸ਼ੀਲਾ ਦੇ ਦਿਲ 'ਚ ਜਿਹੜਾ ਪਹਿਲਾ ਸਵਾਲ ਉੱਠਿਆ, ਉਹ ਖਾਣ ਪੀਣ ਨੂੰ ਲੈ ਕੇ ਸੀ। ਦਲਿਤ ਹੈ ਤਾਂ ਫਿਰ ਪਤਾ ਨਹੀਂ ਕੀ ਕੀ ਚਲਦਾ ਹੋਵੇਗਾ? ਪ੍ਰੰਤੂ ਪੁੱਛਣਾ ਠੀਕ ਨਹੀਂ ਲੱਗਾ। ਜਦੋਂ 'ਤੁਸੀਂ' ਤੋਂ 'ਤੂੰ' ਤੱਕ ਦਾ ਸਫ਼ਰ ਤੈਅ ਹੋ ਗਿਆ, ਸਾਯਨਾ ਤੋਂ ਸੁਰਯਾਕਾਂਤ ਤ੍ਰਿਪਾਠੀ ਤੱਕ ਦੀ ਯਾਤਰਾ ਪੂਰੀ ਹੋ ਗਈ ਵਿਦਿਆ ਰੰਜਨ ਯੂਨੀਵਰਸਿਟੀ 'ਚ ਦੋਵੇਂ ਇਕ ਹੀ ਕਲਾਸ 'ਚ ਪੜ੍ਹਨ ਲੱਗੇ ਤਾਂ ਸੁਸ਼ੀਲਾ ਨੂੰ ਲੱਗਾ, "ਕਿਤੇ ਸੰਨੀ ਦੇ ਪ੍ਰਤੀ ਮੇਰੀ ਭਾਵਨਾ 'ਪਿਆਰ' ਦੀ ਨਹੀਂ ਹੈ। ਪਹਿਲਾ ਤਾਂ ਉਹਨੂੰ ਲੱਗਾ ਕਿ ਅਜਿਹਾ ਲੱਗਣਾ ਫਿਲਮਾਂ ਦੇ ਅਸਰ ਦਾ ਨਤੀਜਾ ਹੋਵੇਗਾ। ਉਮਰ 'ਚ ਇਹ ਸੰਨੀ ਤੋਂ ਦੋ ਸਾਲ ਵੱਡੀ ਸੀ ਅਤੇ ਇਸ ਕਰਕੇ ਸੋਚਦੀ ਸੀ ਕਿ ਉਸਦੀ ਜ਼ਿੰਮੇਦਾਰੀ ਵੱਧ ਬਣਦੀ ਹੈ। ਪ੍ਰੰਤੂ ਸੰਸਕਾਰਾਂ ਕਰਕੇ ਹੀ ਉਹ ਖਾਣ-ਪੀਣ ਦੇ ਮੁੱਦੇ ਤੇ ਵੱਧ ਤੋਂ ਵੱਧ ਸੋਚਣ ਲੱਗੀ। ਜਿਓਂ ਹੀ ਇਕਾਂਤ ਹੁੰਦਾ ਅਤੇ ਉਹ ਸੰਨੀ ਦੇ ਬਾਰੇ ਸੋਚਦੀ ਤਾਂ ਉਹ ਉਸ ਨੂੰ ਅਪਵਿੱਤਰ ਪਵਿੱਤਰ ਕਰਦਾ ਦੇਖਦੀ। ਜਿਵੇਂ ਸ਼ਾਕ ਲੱਗਦਾ ਅਤੇ ਉਹ ਆਸਮਾਨ ਤੋਂ ਡਿਗ ਪੈਂਦੀ। ਕੁਝ ਦਿਨ੍ਹਾਂ 'ਚ ਉਸ ਨੂੰ ਇਸ ਤਰ੍ਹਾਂ ਲੱਗਣ ਲੱਗਾ ਕਿ ਜਿਵੇਂ ਇਸ ਖਿਆਲ ਨੂੰ ਲੈ ਕੇ ਉਸ 'ਚ ਕੋਈ ਬਿਮਾਰੀ ਘਰ ਕਰਨ ਲੱਗੀ ਹੈ।

ਹੁਣ ਟਾਲਿਆ ਨਹੀਂ ਜਾ ਸਕਦਾ ਸੀ। ਵਿਹਲ ਮਿਲਣ ਤੇ ਉਸਨੇ ਆਖਰਕਾਰ ਪੁੱਛ ਹੀ ਲਿਆ, "ਤੂੰ ਖਾਣੇ ਦੇ ਮਾਮਲੇ 'ਚ ਵੈਜ ਏ ਜਾਂ ਨਾਨ ਵੈਜ ? ਉਸ ਸਮੇਂ ਯੂਨੀਵਰਸਿਟੀ ਦੀ ਕੰਟੀਨ 'ਚ ਬੈਠੇ ਸੀ। ਮੂਹਰੇ ਪਲੇਟ 'ਚ ਬਿਸਕੁਟ ਰੱਖੇ ਸੀ।

ਸੰਨੀ ਨੇ ਉਤਰ ਦੇਣ 'ਚ ਸਾਵਧਾਨੀ ਵਰਤੀ। ਸੁਸ਼ੀਲਾ ਦੇ ਸਵਾਲ 'ਚ ਬੇਹੱਦ ਘਬਰਾਹਟ ਨੂੰ ਉਸ ਨੇ ਦੇਖ ਲਿਆ ਸੀ। ਬਿਸਕੁਟ ਖਾਂਦੇ ਹੋਏ ਉਹ ਬੋਲਿਆ, "ਸਾਡੇ ਘਰਾਂ 'ਚ ਤਾਂ ਤੂੰ ਜਾਣਦੀ ਹੀ ਏਂ। ਬਚਪਨ 'ਚ ਸਭ ਕੁਝ ਚੱਲਦਾ ਸੀ। ਹਲਾਂਕਿ ਪਿਤਾ ਜੀ ਆਰੀਆ ਸਮਾਜ ਦੇ ਅਸਰ ਅਧੀਨ ਸੀ ਅਤੇ ਉਹ ਘਰ 'ਚ ਸਭ ਤੋਂ ਵੱਖਰੇ ਰਹਿੰਦੇ ਸੀ। ਸਮਾਜਿਕ ਭੰਡਾਰੇ 'ਚ ਵੀ ਉਹ ਸਾਮਿਲ ਨਹੀਂ ਹੁੰਦੇ ਸਨ। ਰਾਜਨੀਤਿਕ ਪਿਛੋਕੜ ਦੇ ਕਾਰਨ ਇਹ ਅਫੋਰਡ ਕਰ ਸਕਦੇ ਸੀ। ਉਨ੍ਹਾਂ ਨੂੰ ਕਹਿਣ ਦੀ ਕਿਸੇ 'ਚ ਹਿੰਮਤ ਨਹੀਂ ਸੀ ਹੁੰਦੀ। ਮਿਡਲ ਸਕੂਲ ਤੋਂ ਅੱਗੇ ਵਧਿਆ ਤਾਂ ਮੈਨੂੰ ਅਧਿਆਪਕ ਵੀ ਆਰੀਆ ਸਮਾਜੀ ਮਿਲਿਆ। ਉਹ ਬੀ. ਸੀ. ਸੀ। ਪੜ੍ਹਾਈ ਦੇ ਸੰਬੰਧ 'ਚ ਮੈਂ ਉਸ ਤੋਂ ਪ੍ਰਭਾਵਿਤ ਤਾਂ ਹੋਇਆ ਹੀ, ਬਾਕੀ ਮਸਲਿਆ ਤੇ ਵੀ ਉਸ ਦੀ ਗੱਲ ਮੰਨਣ ਲੱਗਾ। ਪਿਤਾ ਜੀ ਦੇ ਅਸਰ 'ਚ ਤਾਂ ਸੀ ਹੀ। ਵੈਜੀਟੇਰੀਅਨ ਬਣਨ ਦਾ ਯਤਨ ਉਥੋਂ ਹੀ ਅਰੰਭ ਹੋਇਆ ਆਪਣੀ ਲੜਾਈ ਮੈਨੂੰ ਸਮਾਜਿਕ ਤੋਂ ਵੱਧ ਸਭਿਆਚਾਰਕ ਲੱਗਦੀ ਸੀ, ਇਸ ਲਈ ਵੀ ਮੈਨੂੰ ਇਹ ਜਰੂਰੀ ਲੱਗਿਆ। ਮੈਨੂੰ ਉਹ ਅਧਿਆਪਕ ਸਮਝ 'ਚ ਨਹੀਂ ਆਇਆ ਅਤੇ ਨਾਂ ਹੀ ਪ੍ਰਭਾਵਿਤ ਕੀਤਾ ਜਿਹੜਾ ਪੜਾਏਗਾ ਭਗਤੀ ਸਾਹਿਤ , ਕਬੀਰ-ਤੁਲਸੀ ਆਦਿ, ਅਹਿੰਸਾ ਦੇ ਮਹੱਤਵ ਦਾ ਪਾਠ ਅਤੇ ਖਾਣ ਪੀਣ 'ਚ .... ਖ਼ੈਰ ਛੱਡੋ, ਤਾਂ ਹੁਣ ਮੈਂ ਪੂਰੀ ਤਰ੍ਹਾਂ ਨਾਲ 'ਵੈਜ਼' ਹਾਂ। ਨਾਲ ਹੀ 'ਵੈਜੀਟਰੇਅਨਿਜ਼ਮ' ਦਾ ਸਮਰਥੱਕ ਅਤੇ ਪ੍ਰਚਾਰਕ। ਹਾਂ ਕਦੇ ਕਦੇ ਯਾਰਾ-ਬੇਲੀਆ ਦੇ ਵਿਚ ਬੈਠਾ ਹੋਵਾਂ ਤਾਂ 'ਵੈਜ ਐਗਸ' ਤੋਂ ਜਰੂਰ ਪਰਹੇਜ਼ ਨਹੀਂ ਕਰਦਾ। 'ਤੂੰ ਆਪਣਾ ਦੱਸ' ਸੰਨੀ ਨੂੰ ਆਪਣਾ ਝੂਠ ਆਪਣੇ ਹੀ ਸੰਘ 'ਚ ਅੜਦਾ ਮਹਿਸੂਸ ਹੁੰਦਾ। ਆਰੀਆ ਸਮਾਜ ਦੇ ਪ੍ਰਭਾਵ ਨਾਲ ਉਹ ਜਰੂਰ ਆਇਆ ਸੀ ਅਤੇ ਪਿਤਾ ਜੀ ਅਤੇ ਅਧਿਆਪਕ ਵਾਲੀ ਗੱਲ ਵੀ ਠੀਕ ਸੀ ਪ੍ਰੰਤੂ ਉਹ ਜ਼ੁਬਾਨ ਦੇ ਸੁਆਦ ਦੀ ਆਦਤ 'ਤੇ ਕੰਟਰੋਲ ਨਹੀਂ ਲਾ ਸਕਿਆ ਸੀ। ਕਈ ਵਾਰ ਉਹ ਪੱਕਾ ਨਿਰਣਾ ਕਰਦਾ, ਸੌਂਹਾ ਖਾਂਦਾ ਪ੍ਰੰਤੂ 'ਨਿਰਾਲਾ ਦੀ ਜੀਵਨੀ ਪੜ੍ਹ ਕੇ ਅਤੇ ਰਾਹੁਲ ਸ਼ੰਕਰਤਿਆਨ ਦੇ ਮੀਟ ਖਾਣ ਬਾਰੇ ਪੜ੍ਹ ਕੇ ਜਾਣ ਕੇ ਉਸ ਨੂੰ ਰਾਹਤ ਹੁੰਦੀ ਕਿ ਉਹ ਬੁੱਧੀਜੀਵੀ ਬ੍ਰਾਹਮਣ ਲੋਕ ਵੀ ਸਭ ਕੁਝ ਖਾ ਲੈਂਦੇ ਸੀ, ਤਾਂ ਉਹ ਕਿਉਂ ਸਵਾਦ ਦੇ ਮੋਰਚੇ ਤੇ ਸ਼ਹੀਦ ਹੋਵੇ ? ਸਾਕਾਹਾਰੀ ਦੇ ਪੱਖ 'ਚ ਦਿੱਤਾ ਗਿਆ ਤਰਕ ਉਸ ਨੂੰ ਠੀਕ ਲੱਗਦਾ ਸੀ, ਪ੍ਰੰਤੂ ਬਚਪਨ ਤੋਂ ਪੈਦਾ ਹੋਈ ਆਦਤ ਦਾ ਕੀ ਕਰੇ ? ਸੁਸ਼ੀਲ ਤੋਂ ਇਹ ਸਭ ਕੁਝ ਲਕੋਣਾ ਉਸ ਨੂੰ ਜਰੂਰੀ ਲੱਗਾ ਅਤੇ ਕਿਤੇ ਅੰਦਰੋਂ ਉਸ ਨੇ ਵੀ ਫ਼ੈਸਲਾ



ਕੀਤਾ ਕਿ ਅੱਗੇ ਉਸ ਨੇ ਘੱਟ ਤੋਂ ਘੱਟ ਆਪਣੇ ਖਾਣ-ਪੀਣ 'ਚ ਸਾਵਧਾਨੀ ਰੱਖਣੀ ਹੈ, ਘੱਟ ਤੋਂ ਘੱਟ ਇਸ ਮੁੱਦੇ ਤੇ ਹੁੰਦੀ ਗੱਲਬਾਤ 'ਚ ਤਾਂ । ਸੁਸ਼ੀਲਾ ਨੂੰ ਉਹ ਖੋਹਣਾ ਨਹੀਂ ਚਾਹੁੰਦਾ ਸੀ।

ਪ੍ਰੰਤੂ ਉਹਨੂੰ ਇਹ ਵੀ ਪਤਾ ਸੀ ਕਿ ਉਹ ਉਹਤੋਂ ਵਿਛੜੇਗਾ ਜਰੂਰ। ਜਿਹੜਾ ਅਹਿਸਾਸ ਸੁਸ਼ੀਲਾ ਨੂੰ 'ਪਿਆਰ' ਦੇ ਬਾਰੇ 'ਚ ਹੋਇਆ ਸੀ, ਉਸਦੇ ਰੂ ਬ ਰੂ ਸੰਨੀ ਵੀ ਹੋਇਆ ਸੀ। ਉਹ ਜਾਣਦੇ ਹੋਏ ਵੀ ਕਿ ਉਹ ਬ੍ਰਾਹਮਣ ਹੈ, ਉਸਦੇ ਮਨ ਵਿਚ ਕਿਤੇ ਇਹ ਲਾਲਸਾ ਜਾਗੀ ਕਿ ਉਸ ਨਾਲ ਹਮਬਿਸਤਰ ਹੋਣਾ ਵੀ ਉਸਦੀ ਲੜਾਈ ਦਾ ਇਕ ਹਿੱਸਾ ਹੈ। ਦਲਿਤ ਮਰਦ ਅਤੇ ਬ੍ਰਾਹਮਣ ਨਾਰੀ! ਅਜਿਹਾ ਹੋਣ ਤੇ ਬਹੁਤ ਕੁਝ ਟੁੱਟੇਗਾ, ਪ੍ਰੰਤੂ ਕੀ ਅਜਿਹੀ ਤੋੜ ਫੋੜ ਸਭਿਆਚਾਰਕ ਪੱਧਰ ਤੇ ਜ਼ਰੂਰੀ ਨਹੀਂ ਹੈ ?

ਇਸ ਤਰ੍ਹਾਂ ਦੇ ਖਿਆਲਾ ਨੂੰ ਬਾਹਰ ਨਾ ਆਉਣ ਦੇਣਾ ਵੀ ਜਰੂਰੀ ਸੀ ਕਿਉਂਕਿ ਨਲਗੋਂਡਾ 'ਚ ਵੀ ਉਹ ਅਜਿਹੀ ਗੱਲ ਕੇਵਲ ਖਿਆਲਾ ਦੇ ਪੱਧਰ ਤੇ ਹੀ ਰੱਖਦਾ ਸੀ। ਅੱਗੇ ਨਹੀਂ ਵੱਧਣ ਦਿੰਦਾ ਸੀ। ਇਹ ਹੋਰ ਗੱਲ ਸੀ ਕਿ ਉਹ ਕਿੰਨਾ ਹੀ ਅਜਿਹੇ ਖਿਆਲਾ ਨੂੰ ਅੰਦਰ ਦੱਬਣਾ ਚਾਹੁੰਦਾ , ਉਨੇ ਹੀ ਉਹ ਬਾਹਰ ਆ ਕੇ ਹਕੀਕਤ 'ਚ ਬਦਲੇ ਜਾਣ ਲਈ ਤਰਲੋ ਮੱਛੀ ਹੁੰਦੇ। ਉਸਦੀ ਬਹਿਸ ਦਾ ਗੈਰ-ਜਰੂਰੀ ਭੇਤ ਤੇ ਤਿੱਖਾ ਹੋਣਾ ਅਤੇ ਕੌੜਾ ਹੋਣਾ ਇਸ ਤਣਾਓ ਦੇ ਕਾਰਨ ਸੀ। ਫਿਰ ਉਸ ਨੂੰ ਇਹ ਵੀ ਲੱਗਦਾ ਕਿ ਅਠਾਰਾ ਉਂਨੀਆ ਸਾਲਾਂ ਦੇ ਲੜਕੇ ਦੇ ਲਈ ਇਸ ਤਰ੍ਹਾਂ ਦੀ ਸੋਚ ਸੁਭਾਵਿਕ ਹੈ। 'ਅਡੱਲਸੇਂਟ ਸਾਈਕਲੋਜੀ' ਦੀ ਨਵੀਂ ਕਿਤਾਬ ਲਾਇਬ੍ਰੇਰੀ ਤੋਂ ਇਸ਼ੂ ਕਰਵਾਉਂਦਾ ਅਤੇ ਖ਼ੁਦ ਨੂੰ ਰੁਝੇਵੇ 'ਚ ਪਾਉਣ ਦੀ ਕੋਸ਼ਿਸ਼ ਕਰਦਾ। ਸੈਕਸ ਦੇ ਸੰਬੰਧ 'ਚ ਉਸਦੀ ਜਾਣਕਾਰੀ ਨਿਰੀ ਕਿਤਾਬੀ ਸੀ ਇਸ ਸੀਮਾ ਨੂੰ ਪਾਰ ਕਰਨਾ ਉਸ ਲਈ ਅਸੰਭਵ ਸੀ।

ਇਕ ਵਾਰ ਮੌਕਾ ਵੀ ਮਿਲਿਆ ਸੀ ਨਲਗੋਂਡਾ 'ਚ ! ਉਹ ਡਿਗਰੀ ਕਰਨ ਦੇ ਲਈ ਹੈਦਰਾਬਾਦ ਆਉਣ ਵਾਲਾ ਸੀ। ਲੜਕੀ ਬ੍ਰਾਹਮਣ ਸੀ ਅਤੇ ਉਮਰ 'ਚ ਉਸ ਤੋਂ ਵੱਡੀ ਸੀ। ਮੌਕਾ ਮਿਲਿਆ ਤਾਂ ਪਹਿਲ ਵੀ ਉਸ ਲੜਕੀ ਨੇ ਹੀ ਕੀਤੀ ਸੀ, ਪ੍ਰੰਤੂ ਉਸ ਤੋਂ ਕੁਝ ਵੀ ਕਰ ਨਹੀਂ ਹੋਇਆ। ਉਸ ਨੂੰ ਲੱਗਾ ਕਿ ਸਾਇਦ ਉਹ ਨਾਦਰਦ ਹੈ। ਹੁਣ ਵੀ ਜਦ ਕਦੇ ਉਸ ਨੂੰ ਉਸ ਘਟਨਾ ਦਾ ਚੇਤਾ ਆਉਂਦਾ ਹੈ ਤਾਂ ਉਹ ਕਿਸੇ ਡਾਕਟਰ ਦੀ ਸਲਾਹ ਲੈਣ ਦੀ ਸੋਚਣ ਲੱਗਦਾ ਹੈ। ਆਸ਼ਾ ਜਨਕ ਉਹ ਫਿਰ ਵੀ ਇਸ ਲਈ ਹੈ ਕਿ ਜੇਕਰ ਉਹ ਨਾ-ਮਰਦ ਹੁੰਦਾ ਤਾਂ ਮਾਸਟਰਬੇਸਨ ਨੂੰ ਕਿਵੇਂ ਸੁਭਾਵਿਕ ਕਰ ਲੈਂਦਾ।

ਸੁਸ਼ੀਲਾ ਨੇ ਉਸਦੀ ਗੱਲ ਦੇ ਜੁਵਾਬ 'ਚ ਕਿਹਾ, "ਸਾਡੇ ਘਰ ਬਾਰੇ ਤਾਂ ਕੁਝ ਨਾ ਪੁੱਛੋਂ! ਕੱਟੜ ਵੈਸ਼ਣਵ ਹਾਂ ਅਸੀਂ ਲੋਕ! ਰਸੋਈ ਘਰ 'ਚ ਲਸਣ ਪਿਆਜ ਨਹੀਂ ਜਾ ਸਕਦਾ। ਮੈਨੂੰ ਕੋਈ ਪਰਹੇਜ਼ ਨਹੀਂ। ਮੈਂ ਹੋਟਲ 'ਚ ਜਾਂ ਦੂਜਿਆ ਦੇ ਘਰ 'ਚ ਲਸਣ ਦੀ ਚਟਨੀ ਬੜੇ ਮਜੇ ਨਾਲ ਖਾਂਦੀ ਹਾਂ। ਤੂੰ ਵੀ ਸੋਚ ਰਿਹਾ ਹੋਵੇਗਾ, ਮੇਰੇ ਘਰ ਦੀ ਗੱਲ ਸੁਣ ਕੇ ਕਿ ਅੱਜ ਦੇ ਗਲੋਬਲ ਯੁੱਗ 'ਚ ਕੀ ਅਜਿਹੀ ਨਸਲ ਮਿਲ ਸਕਦੀ ਹੈ ?"

ਸੰਨੀ ਨੇ ਉਸਦੀ ਗੱਲ ਪੂਰੀ ਨਹੀਂ ਹੋਣ ਦਿੱਤੀ, "ਸੁਸ਼ੀ, ਮੈਂ ਵੀ ਹਿੰਦੋਸਤਾਨ ਦਾ ਹੀ ਨਾਗਰਿਕ ਹਾਂ। ਸਤਿਯੁਗ ਤੋਂ ਲੈ ਕੇ ਕਲਯੁਗ ਤੱਕ ਦੇ ਵਾਸੀਆ ਨੂੰ ਨਿੱਤ ਦਿਨ ਮਿਲਦਾ ਤੇ ਸਹਿੰਦਾ ਹਾਂ। ਇਸ 'ਚ ਹੈਰਾਨ ਹੋਣ ਦੀ ਕੋਈ ਗੱਲ ਨਹੀਂ ਪ੍ਰੰਤੂ ਤੂੰ ਇਹ ਸਵਾਲ ਵੈਜ਼ ਨਾਨ ਵੈਜ਼ ਦਾ ਪੁੱਛਿਆ ਹੀ ਕਿਉਂ ? ਇਹ ਸਮਝ 'ਚ ਨਹੀਂ ਆਇਆ ?" ਹਲਾ ਕਿ ਸੰਨੀ ਇਸ ਸਵਾਲ ਦਾ ਸੰਦਰਭ ਚੰਗੀ ਤਰ੍ਹਾਂ ਸਮਝਦਾ ਸੀ।

ਸੁਸ਼ੀਲਾ ਨੇ ਮਾਹੌਲ ਨੂੰ ਹਲਕਾ ਫੁਲਕਾ ਕਰਨ ਲਈ ਸੰਨੀ ਵਾਲੀ ਹੀ ਭਾਸ਼ਾ ਦੀ ਵਰਤੋ ਕੀਤੀ, "ਕੋਈ ਖਾਸ ਗੱਲ ਨਹੀਂ! ਜਾਣ ਪਹਿਚਾਣ ਹੁੰਦਿਆ ਹੀ ਸਭਿਆਤਾਵਾ ਟੱਕਰਾਉਣ ਲੱਗ ਜਾਂਦੀਆਂ ਹਨ ਨਾ !"

ਸੰਨੀ ਨੂੰ ਜਾਣਿਆ ਪਹਿਚਾਣਿਆ ਮੈਦਾਨ ਮਿਲਿਆ ਤਾਂ ਬੇਫਿਕਰ ਹੋ ਕੇ ਦੌੜਨ ਲੱਗਾ, "ਸੰਸਕ੍ਰਿਤੀ ਕਹੋ ਜਾਂ ਸਭਿਆਤਾ। ਖਾਣ-ਪੀਣ ਰਹਿਣ ਸਹਿਣ ਦੀ ਗੱਲ ਤਾਂ ਛੱਡੋ, ਬਾਥਰੂਮ ਟ੍ਰੇਨਿੰਗ ਤਕ ਅਜਿਹੀ ਟਕਰਾਉਂਦੀ ਹੈ ਕਿ ਪੁੱਛੋ ਨਾ।"

ਸੁਸ਼ੀਲਾ ਵੀ ਸਹਿਮਤ ਹੋਈ। ਇਕ ਸਹੇਲੀ ਸੀ ਮੇਰੀ। ਸਾਇਦ ਮਾਰਵਾੜੀ ਜਾਂ ਗੁਜਰਾਤਣ ਸੀ। ਇਕ ਦਿਨ ਪੁੱਛਣ ਲੱਗੀ ਕਿ ਤੂੰ ਟਾਈਟਲ ਤੋਂ ਪਰਤ ਕੇ ਸਾਬਣ ਨਾਲ ਹੱਥ ਧੋਂਦਾ ਏ ਜਾਂ ਮਿੱਟੀ ਨਾਲ ? ਜਦ ਮੈਂ ਕਿਹਾ ਕਿ ਸਾਬਣ ਨਾਲ ਤਾਂ ਪੁੱਛਣ ਲੱਗਾ, "ਕਿੰਨੀ ਵਾਰੀ ?" ਬਾਅਦ 'ਚ ਪਤਾ ਲੱਗਾ ਕਿ ਇਕ ਵਾਰ ਉਸਨੇ ਮੇਰੇ ਟਿਫ਼ਿਨ-ਬਾਕਸ 'ਚੋਂ ਸਬਜੀ ਲੈ ਲਈ ਸੀ ਤਾਂ ਉਸਦੀ ਐਨਕੁਆਰੀ ਹੋਈ ਸੀ

ਘਰ 'ਚ । ਸਾਇਦ ਉਹਨੂੰ ਮਾਰ ਵੀ ਪਈ।"

"ਬਣੀ ਹੋਈ ਕੋਈ ਵੀ ਆਦਤ ਟਕਰਾ ਦਾ ਕਰਾਨ ਬਣ ਸਕਦੀ ਹੈ। ਅਤੇ ਆਦਤ ਹੈ ਹੀ ਕੀ? ਇਕ ਸੰਸਕਾਰ ਵਾਲੀ ਸਭਿਆਤਾ ਦੀ ਟ੍ਰੇਨਿੰਗ ਦੀ ਪੇਸ਼ਕਾਰੀ ਹੀ ਨਾ ?" ਸੰਨੀ ਬੋਲਿਆ।

"ਜੇ ਕਰ ਮਜਬੂਰੀ ਆ ਜਾਵੇ ਤਾਂ ਕੁਝ ਵੀ ਨਹੀਂ ਟਕਰਾਉਂਦਾ। ਨਾ ਜ਼ਿੰਦਗੀ ਨਾ ਮੌਤ ।" ਸੁਸ਼ੀਲਾ ਨੇ ਜਿਵੇਂ ਆਪਣੀ ਸਹਿਮਤੀ ਉੱਤੇ ਮੋਹਰ ਲਾਈ।

ਸੰਨੀ ਗੱਲ ਨੂੰ ਇਕ ਸੋਚੀ ਸਮਝੀ ਵਿਸ਼ਾਲਤਾ ਦਿੰਦਾ ਬੋਲਿਆ, "ਮਜਬੂਰੀ ਹੀ ਕਿਓਂ ਲੈਲਾ-ਮਜਨੂੰ ਹੋਣ ਤਾਂ ਵੀ ਸੰਸਕ੍ਰਿਤੀ ਸਭਿਆਤਾਵਾ ਆਪਣੇ-ਆਪਣੇ ਘਰ 'ਚ ਬੈਠੀਆ ਰਹਿ ਜਾਂਦੀਆਂ ਹਨ।" ਅਜਿਹੇ ਹੀ ਮੌਕੇ ਉੱਤੇ ਸੁਸ਼ੀਲਾ ਨੂੰ ਲੱਗਦਾ ਕਿ ਵੇਵਲੈਥ ਪੂਰੀ ਤਰ੍ਹਾਂ ਮਿਲ ਰਹੀ ਹੈ। ਮਨ ਸਹਿਜ ਵੀ ਹੋਇਆ ਕਿ ਲੈਲਾ ਮਜਨੂੰ ਦੇ ਜਿਕਰ ਨਾਲ ਜੇਕਰ ਪਿਆਰ ਵੀ ਹੈ ਤਾਂ ਸਾਇਦ ਕੁਝ ਨਾ ਟਕਰਾਵੇ!

ਇਹ ਸੁਸ਼ੀਲਾ ਦੇ ਲਈ ਬਹੁਤ ਵੱਡਾ ਯਕੀਨ ਸੀ ਕਿ ਉਹ ਆਪਣੇ ਬ੍ਰਾਹਮਣਕ ਸੰਸਕਾਰਾਂ ਅਤੇ ਲੁਕਵੀ ਪ੍ਰੀਖਿਆ ਦੇ ਚਲਦੇ ਸੰਨੀ ਨੂੰ ਲੈ ਕੇ ਸ਼ੰਕਾਂ 'ਚ ਰਹਿੰਦੀ ਸੀ। ਹਮੇਸ਼ਾਂ ਚਿੰਤਤ ਅਤੇ ਜਦ ਕਦੇ ਸੰਨੀ ਦੇ ਵੇਗਮਈ ਵਿਸਫੋਟ ਦੇ ਸਾਹਮਣੇ ਹੋ ਜਾਂਦੀ ਤਾਂ ਉਸ ਦੀ ਹਾਲਤ ਭੇੜੀਏ ਦੇ ਅੱਗੇ ਲੇਲੜੀਆ ਕੱਢਦੇ ਮੇਮਣੇ ਤੋਂ ਵੱਖਰੀ ਨਾ ਹੁੰਦੀ ਪ੍ਰੰਤੂ ਇਹ ਵੀ ਅਜੀਬ ਗੱਲ ਹੈ ਕਿ ਅਜਿਹੀ ਅਣਹੋਣੀ ਜਿਹੀ ਲੱਗਦੀ ਦੁਰਘਟਨਾਵਾਂ ਵੀ ਉਸ ਦੀ ਨਜ਼ਦੀਕੀ ਨੂੰ ਪੱਕੀ ਕਰਨ ਵਾਲੀ ਸਿੱਧ ਹੁੰਦੀ।

0 0 0

ਜੇਕਰ ਸੰਨੀ ਵਿਦਿਆ ਰੰਜਨ ਯੂਨੀਵਰਸਿਟੀ ਦਾ ਵਿਦਿਆਰਥੀ ਬਣਿਆ ਤਾਂ ਉਸ ਦਾ ਇਕੋ ਇਕ ਕਾਰਨ ਸੁਸ਼ੀਲਾ ਸੀ। ਹੁਣ ਸੰਨੀ ਸੁਸ਼ੀਲਾ ਨੂੰ ਮਨੋਹਰਾ ਦੇਵੀ ਨਾਂ ਨਾਲ ਸੱਦਣ ਲੱਗਾ ਸੀ, "ਮੈਂ ਜੇਕਰ ਸੂਰਯਾਕਾਂਤ ਤ੍ਰਿਪਾਠੀ ਤਾਂ ਤੂੰ ਮਨੋਹਰਾ ਦੇਵੀ ਨਹੀਂ ਤਾਂ ਹੋਰ ਕੀ ਹੋਵੇਗੀ ?"

" ਮਨੋਹਰਾ ਦੇਵੀ ਨਿਰਾਲਾ ਨਾਲ ਲੜ ਕੇ ਪੇਕੇ ਕਿਉਂ ਗਈ ਸੀ ਇਹ ਵੀ ਚੇਤੇ ਹੈ ਨਾ ਤੈਨੂੰ ?" ਸੁਸ਼ੀਲਾ ਨੇ ਤਾਂ ਮਜਾਕ ਦੇ ਲਹਿਜੇ ਨਾਲ ਪੁੱਛਿਆ ਪ੍ਰੰਤੂ ਸੰਨੀ ਅੰਦਰ ਹੀ ਅੰਦਰ ਗੰਭੀਰ ਹੋ ਗਿਆ, "ਕੀ ਪਤਾ ਸਾਡੇ ਨਾਲ ਵੀ ਕੁਝ ਅਜਿਹਾ ਹੀ ਹੋਵੇ।" ਫਿਰ ਬੋਲਿਆ, "ਮੈਂ ਆਪਣਾ ਨਾ ਸੂਰੇਯਾਕਾਂਤ ਤ੍ਰਿਪਾਠੀ ਰੱਖਿਆ ਹੈ ਨਾ ਕਿ ਨਿਰਾਲਾ। ਹੁਣ ਇਹ ਤਾਂ ਮੇਰੀ ਮਨੋਹਰਾ ਦੇਵੀ ਉਤੇ ਨਿਰਭਰ ਹੈ ਕਿ ਉਹ ਮੈਨੂੰ ਨਿਰਾਲਾ ਬਣਾਉਂਦੀ ਹੈ ਜਾਂ ਸੂਰੇਯਾਕਾਂਤ ਤ੍ਰਿਪਾਠੀ ਹੀ ਰਹਿਣ ਦਿੰਦੀ ਹੈ।" ਸੁਸ਼ੀਲਾ ਨੇ ਚੁਟਕੀ ਵਜਾ ਕੇ ਕਿਹਾ, "ਮੌਤ ਕਿਵੇਂ ਹੋਈ ਸੀ ਮਨੋਹਰਾ ਦੇਵੀ ਦੀ, ਇਹ ਤਾਂ ਪਤਾ ਹੋਵੇਗਾ ਤੈਨੂੰ।"

"ਅਸੀਂ ਜੀਵਨ ਦੀ ਨਕਲ ਕਰਨੀ ਹੈ, ਨਾ ਕਿ ਮੌਤ ਦੀ। ਮਨੋਹਰਾ ਦੇਵੀ ਦੀ ਮੌਤ ਨੇ ਨਿਰਾਲਾ ਨੂੰ 'ਨਿਰਾਲਾ' ਬਣਾ ਦਿੱਤਾ ਪ੍ਰੰਤੂ ਮੈਂ ਤਾਂ ਉਤਰਾਧਿਕਾਰੀ ਹਾਂ। ਅਤੇ ਉਤਰਾਅਧਿਕਾਰੀ ਜੀਉਂਦੇ ਰਹਿੰਦੇ ਹਨ।" ਸੰਨੀ ਨੇ ਗੱਲ ਤੋਂ ਉਪਰੰਤ ਸਾਹ ਲੈਂਦੇ ਹੋਏ ਕਿਹਾ, " ਅਸੀਂ ਜੀਵਾਂਗੇ ਮਨੋਹਰਾ, ਅਸੀਂ ਜੀਵਾਂਗੇ।"

"ਅਸੀਂ ਜੀਵਾਂਗੇ ਕਿਉਂਕਿ ਅਸੀਂ ਉਤਰਾ ਅਧਿਕਾਰੀ ਹਾਂ ਇਸ ਲਈ ਜਾਂ ਤਾਂ ਸੈਕਿੰਡ ਹੈਂਡ ਹਾਂ ਜਾਂ ਨਕਲੀ ਹਾਂ।" ਸੁਸ਼ੀਲਾ ਨੇ ਅੰਦਰਲੀ ਭੜਾਸ ਨੂੰ ਸਹਿਜਤਾ ਦੇ ਦਇਰੇ 'ਚ ਹੀ ਸੀਮਿਤ ਰੱਖਣਾ ਚਾਹਿਆ ਪਰ ਉਹ ਕਾਮਯਾਬ ਨਹੀਂ ਹੋਈ। ਚੰਗਾ ਹੋਇਆ ਕਿ ਸੰਨੀ ਦਾ ਧਿਆਨ ਇਸ ਗੱਲ ਵੱਲ ਗਿਆ ਨਹੀਂ। ਉਹ ਉਸ ਵੇਲੇ ਅੰਤਰਮੁਖਤਾ ਦੇ ਪਲਾ 'ਚ ਜੀਅ ਰਿਹਾ ਸੀ।

ਵਿਦਿਆਰੰਜਨ ਯੂਨੀਵਰਸਿਟੀ ਸੁਸ਼ੀਲਾ ਦੇ ਘਰ ਦੇ ਨੇੜੇ ਸੀ। ਉਸ ਦੇ ਭਰਾ ਨੇ ਵੀ ਇਥੋਂ ਹੀ ਪੜ੍ਹਾਈ ਕੀਤੀ ਸੀ ਅਤੇ ਇਸ ਕਰਕੇ ਉਹ ਵੀ ਏਥੇ ਪੜ੍ਹ ਰਹੀ ਸੀ। ਸੰਨੀ ਨੂੰ ਭਾਵੇਂ ਏਥੇ ਆਉਣ ਲਈ ਦੋ ਥਾਵਾਂ ਤੋਂ ਬਸ ਬਦਲਣੀ ਪੈਂਦੀ ਸੀ ਪ੍ਰੰਤੂ ਉਹ ਉਹਦੇ ਪਿੱਛੇ ਪਿੱਛੇ ਆ ਗਿਆ । "ਜਿਥੇ ਮਨੋਹਰਾ ਦੇਵੀ, ਉਥੇ ਸੂਰੇਯਾਕਾਂਤ ਤ੍ਰਿਪਾਠੀ।"

ਸੰਨੀ ਦੇ ਦਾਖਲੇ ਸਮੇਂ ਯੂਨੀਵਰਸਿਟੀ 'ਚ ਇਕ ਛੋਟਾ ਜਿਹਾ ਰੌਲਾ ਪਿਆ ਸੀ। ਯੂਨੀਵਰਸਿਟੀ ਬ੍ਰਾਹਮਣ ਧਰਮ ਵਜੋ ਜਾਣੀ ਜਾਂਦੀ ਸੀ। ਅਤੇ ਨਾਨ ਟੀਚਿੰਗ ਸਟਾਫ਼ ਤਾਂ ਜਿਵੇਂ ਬ੍ਰਾਹਮਣਾ ਦਾ ਹੀ ਸੀ।

ਮੁੱਦਾ ਉਭਰਿਆ ਸੀ, "ਐਸ. ਸੀ. ਹੋ ਕੇ ਨਾਂ ਰੱਖਿਆ ਹੈ ਸੂਰੇਯਾਕਾਂਤ ਤ੍ਰਿਪਾਠੀ।"

"ਉਏ ਕੋਈ ਕਾਨੂੰਨ-ਸਨੂੰਨ ਹੈ ਜਾਂ ਨਹੀਂ, ਇਸ ਮੁਲਕ 'ਚ ਹਨੇਰ ਗਰਦੀ ਮਚਾ ਰੱਖੀ ਹੈ ਇਨ੍ਹਾਂ ਲੋਕਾਂ ਨੇ। ਨਾ ਤ੍ਰਿਪਾਠੀ-ਤ੍ਰਿਵੇਦੀ ਦਾ ਕੋਈ ਮਤਲਬ ਰਿਹਾ ਨਾ ਚਤੁਰਵੇਦੀ ਦਾ। ਸਭ ਬਰਾਬਰ।" ਕੁਲਕਰਣੀ ਦਾ ਇਤਰਾਜ਼ ਸੀ ਇਹ।



" ਕਹਿੰਦਾ ਹੈ, ਜਦੋਂ ਮੈਂ ਕੋਟੇ 'ਚੋਂ ਐਡਮੀਸ਼ਨ ਨਹੀਂ ਲੈ ਰਿਹਾ ਹਾਂ, ਮੈਰਿਟ ਦੇ ਸਹਾਰੇ ਆ ਰਿਹਾ ਹਾਂ ਤਾਂ ਕਿਸੇ ਨੂੰ ਕੀ ਤਕਲੀਫ਼ ?" ਪੀ. ਐਲ. ਸ਼ਰਮਾਂ ਦੀ ਆਵਾਜ਼ ਵਾਤਾਵਰਨ ਨੂੰ ਚੀਰਨ ਵਾਲੀ ਸੀ।

"ਏਹ! ਨਾਂ ਤ੍ਰਿਪਾਠੀ ਰੱਖ ਲੈਣ ਨਾਲ ਕੋਈ ਤ੍ਰਿਪਾਠੀ ਹੋ ਜਾਵੇਗਾ ਕੀ ?" ਗੋ-ਸੁਵਾਮੀ ਨੇ ਮਾਨਸ 'ਚ ਪਹਿਲਾ ਹੀ ਲਿਖ ਦਿੱਤਾ ਸੀ। ਕਲਯੁਗ ਦਾ ਅਸਰ ਹੈ ਇਹ ਸਭ।" ਪੀ. ਐਲ. ਸ਼ਰਮਾਂ ਦਾ ਵਸ ਚੱਲਦਾ ਤਾਂ ਉਹ ਸੰਨੀ ਵਰਗਿਆ ਦਾ ਸਫਾਇਆ ਕਰ ਦਿੰਦਾ ਪੂਰੀ ਦੁਨੀਆਂ 'ਚੋਂ।

"ਹੋਰ ਕੀ ਕੀ ਕਹਿੰਦਾ ਹੈ ਇਹ ਚੰਡਾਲ ਸ੍ਰੋਮਣੀ ?" ਕੁਲਕਰਣੀ ਜਦੋਂ ਵੀ ਹਿੰਦੀ ਦਾ ਕੋਈ ਵਿਸ਼ੇਸ਼ਣ ਵਾਲਾ ਸ਼ਬਦ ਉਚਾਰਦਾ ਤਾਂ ਖੁਦ ਹੀ ਮਨ 'ਚ ਆਪਣੀ ਪਿੱਠ ਥਾਪੜਦਾ।

"ਉਏਂ ਮੈਂ ਤਾਂ ਇਕ ਗੱਲ ਜਾਣਦਾ ਹਾਂ। ਸਾਬਣ ਨਾਲ ਧੋਵੋ ਜਾ ਸਰਫ਼ ਨਾਲ ਜਾਂ ਵਿਮਬਾਰ ਨਾਲ, ਨਾ ਤਾਂ ਕੋਈ ਗਧਾ ਘੋੜਾ ਹੋ ਸਕਦਾ ਹੈ ਅਤੇ ਨਾ ਹੀ ਕੋਈ ਕਾਂ ਹੰਸ।" ਡਾ. ਸ਼੍ਰੀਮਾਲੀ ਨੇ ਸਿੱਟਾ ਕੱਢਣ ਦੇ ਅੰਦਾਜ਼ 'ਚ ਕਿਹਾ ਤਾਂ ਖਿੜ ਖਿੜਾ ਕੇ ਹੱਸ ਪਏ।

ਰੌਲੀ ਨਾਲ ਹੋਇਆ ਕੁਝ ਨਹੀਂ। ਜਦੋਂ ਕਾਨੂੰਨੀ ਤੌਰ ਤੇ ਇਹ ਨਾਂ ਹੋਵੇ ਅਤੇ ਸਟੂਡੈਂਟ ਉਪਨ ਕੈਟੇਗਿਰੀ 'ਚ ਮੈਰਿਟ ਦੇ ਆਸਰੇ ਤੇ ਆ ਰਿਹਾ ਹੋਵੇ, ਤਾਂ ਕੋਈ ਕਰ ਵੀ ਕੀ ਸਕਦਾ ਸੀ।

0 0 0

ਸੰਨੀ ਨੂੰ ਜੋ ਕੁਝ ਵੀ ਕਹਿਣ ਹੁੰਦਾ, ਸੁਸ਼ੀਲਾ ਨੂੰ ਕਹਿੰਦਾ। "ਆਪਣੀ ਮਨੋਹਰ ਨੂੰ ਨਹੀਂ ਕਹੇਗਾ ਸੂਰੇਯਾਕਾਂਤ ਤਾਂ ਕਿਸਨੂੰ ਕਹੇਗਾ ?" ਮੂੰਹ ਕੌੜਾ ਕੌੜਾ ਮਹਿਸੂਸ ਹੋ ਰਿਹਾ ਸੀ, ਜਦ ਉਸ ਨੇ ਕਿਹਾ, "ਠੀਕ ਹੈ! ਉਸਦੀਆਂ ਗੱਲਾਂ ਤੋਂ ਇਹੀ ਪਤਾ ਲੱਗਦਾ ਹੈ ਕਿ ਜਾਨਵਰਾਂ ਬਾਰੇ ਜਾਣਕਾਰੀ ਉਸਨੂੰ ਕਾਫ਼ੀ ਹੈ ਪ੍ਰੰਤੂ ਸਾਬਣ ਨਾਲ ਧੋਣਾ ਬਾਹਰ ਤੋਂ ਬਦਲਣ ਦੀ ਕੋਸ਼ਿਸ਼ ਕਰਨਾ ਹੈ। ਏਥੇ ਮੁੱਦਾ ਅੰਦਰ ਤੋਂ ਬਦਲਣ ਦਾ ਹੈ। ਚੇਤਨਾ ਦੇ ਰੁਪਾਂਤਰਣ ਦਾ ਹੈ। ਗਧਾ-ਘੋੜਾ, ਕਾਂ-ਹੰਸ, 'ਚ ਜੇਕਰ ਉਨ੍ਹਾਂ 'ਚ ਮਨੁੱਖਾਂ ਵਾਂਗ ਚੇਤਨਾ ਹੁੰਦੀ ਤਾਂ ? ਇਕ ਮਨੁੱਖ ਸ਼ੈਤਾਨ ਵੀ ਬਣ ਸਕਦਾ ਹੈ ਤੇ ਫਰਿਸਤਾ ਵੀ।"

ਸੁਸ਼ੀਲਾ ਨੂੰ ਵੀ ਇਸ ਮੁੱਦੇ 'ਤੇ ਨਾਲ ਹੋਣ ਚੰਗਾ ਲੱਗਾ, "ਬਾਹਰ ਤੋਂ ਬਦਲਣ ਦੇ ਲਈ ਵੀ ਹੁਣ ਸਾਬਣ ਦੀ ਥਾਂ ਪਲਾਸਟਿਕ ਸਰਜਰੀ ਹੈ ਅਤੇ ਸ਼ੈਤਾਨ ਫ਼ਰਿਸਤੇ ਦੀ ਗੱਲ ਕਿਉਂ ਹੋਵੇ ? ਸਾਡੇ ਆਪਣੇ ਸਮੇਂ 'ਚ ਮਹਾਤਮਾਂ ਗਾਂਧੀ ਵੀ ਸੀ ਤੇ ਹਿਟਲਰ ਵੀ।"

"ਐਦੀ ਅਮੀਨ ਵੀ ਅਤੇ ਮਦਰ ਟੇਰੈਸਾ ਵੀ।" ਸੰਨੀ ਨੇ ਉਦਾਹਰਨਾ ਨੂੰ ਅਪ ਟੂ ਡੇਟ ਕਰਨ ਦੀ ਕੋਸ਼ਿਸ਼ ਕੀਤੀ।

ਸੰਨੀ ਚਾਹੇ ਅੰਦਰੋਂ ਕੁਝ ਵੀ ਮਹਿਸੂਸ ਕਰੇ। ਪ੍ਰੰਤੂ ਬਾਹਰ ਉਹ ਸੁਸ਼ੀਲਾ ਦੇ ਪ੍ਰਤੀ ਖਿੱਚ ਨੂੰ 'ਪ੍ਰੇਮ ਜਾਂ ਪਿਆਰ ' ਕਹਿਣ ਦੇ ਵਿਰੁਧ ਸੀ , "ਇਨ੍ਹਾਂ ਸਾਰੇ ਸ਼ਬਦਾਂ ਦੀ ਮਿੱਟੀ ਪਲੀਤ ਹੋ ਚੁੱਕੀ ਹੈ। ਕੁਝ ਨਹੀਂ ਬਚਿਆ ਇਨ੍ਹਾਂ 'ਚ! ਇਸ਼ਤਿਹਾਰ ਕਲਚਰ ਨੇ ਐਸੀ ਦੀ ਤੈਸੀ ਕਰ ਦਿੱਤੀ ਹੈ। ਇਨ੍ਹਾਂ ਸਭ ਦੀ ਗੱਲ ਸਿੱਧੀ ਅਤੇ ਸਰਲ ਹੈ, ਸਾਥ ਦੀ ਇੱਛਾ। ਕਿਉਂ ਕੋਈ ਨਾਂ ਦਈਏ ਇਹਨੂੰ ?" "ਪਿਆਰ ਨੂੰ ਪਿਆਰ ਹੀ ਰਹਿਣ ਦਿਓ, ਕੋਈ ਨਾਂ ਨਾ ਦਿਓ।" ਗੁਲਜ਼ਾਰ ਦੀ ਲਿਖੀ ਸਤਰ ਨੂੰ ਸੰਨੀ ਗਾਉਣ ਲੱਗਾ।

ਸੁਸ਼ੀਲਾ ਖੁਦ ਵੀ ਇਸ ਸਪਰਿਟ ਨੂੰ ਮਹਿਸੂਸ ਕਰ ਰਹੀ ਸੀ। ਫਿਰ ਵੀ ਵਿਵਹਾਰਿਕ ਦੁਨੀਆ ਦੇ ਵੱਲ ਅੱਖਾਂ ਤਾਂ ਨਹੀਂ ਮੀਟੀਆ ਜਾ ਸਕਦੀਆਂ "ਬਿਨਾ ਨਾਂ ਤੋਂ ਕੰਮ ਨਹੀਂ ਚੱਲੇਗਾ। ਸਾਯਨਾ ਨਹੀਂ ਤਾਂ ਸੂਰੇਯਾਕਾਂਤ ਤ੍ਰਿਪਾਠੀ ਸਹੀਂ।" 'ਪਿਆਰ' ਨਾਂ ਪਸੰਦ ਨਹੀਂ ਤਾਂ ਕੁਝ ਹੋਰ ਸਹੀਂ। ਹਾਥ ਵਧਾ ਹਾਥ ਓਏ ਉਏ।" ਉਹ ਵੀ ਓ. ਪੀ. ਨਈਅਰ ਦੀ ਬਣਾਈ ਧੁੰਨ ਗਾਉਣ ਦੇ ਬਾਅਦ ਬੋਲੀ, "ਤਾਂ ਸਾਥ ਹੋ ਸਕਦਾ ਹੈ, ਦੋਸਤੀ ਹੋ ਸਕਦੀ ਹੈ ਜਾਂ ਫਿਰ ਕਾਮਰੇਡਸਿਪ।" ਥੋੜਾ ਰੁਕ ਕੇ ਸੋਚਿਆ ਤੇ ਫਿਰ ਗੱਲ ਨੂੰ ਅੱਗੇ ਵਧਾਇਆ, "ਅਸਲ 'ਚ ਸੰਨੀ ਆਪਾ ਕਿਤਾਬਾਂ 'ਚੋਂ ਬਾਹਰ ਨਹੀਂ ਨਿਕਲ ਸਕਦੇ। ਨਾ ਸੋਚਦੇ ਸਮੇਂ ਅਤੇ ਨਾ ਮਹਿਸੂਸ ਕਰਦੇ ਸਮੇਂ। ਕਿਤਾਬਾਂ ਦਾ ਵਿਰੋਧ ਕਰਦੇ ਸਮੇਂ ਵੀ ਅਸੀਂ ਠੇਠ ਕਿਤਾਬੀ ਬਣ ਜਾਂਦੇ ਹਾਂ।

0 0 0

ਸੁਸ਼ੀਲਾ ਅਤੇ ਸੰਨੀ ਦੇ ਵਿਚਕਾਰ ਦਾ ਇਹ ਫਰਕ ਕਈ ਵਾਰੀ ਫ਼ੈਸਲਾਕੁਨ ਲੱਗਦਾ। ਸੁਸ਼ੀਲਾ ਅੱਖਾਂ ਮੀਟ ਕੇ ਕਿਸੇ ਦੇ ਮਗਰ ਨਹੀਂ ਚਲ ਸਕਦੀ ਸੀ, ਨਾ ਤਾਂ ਕਿਤਾਬਾਂ ਦੇ ਅਤੇ ਨਾ ਖੁਦ ਦੇ।

"ਕਿਹਾ ਜਾਂਦਾ ਹੈ ਕਿ ਪਿਆਰ ਤੇ ਇਸ਼ਕ 'ਚ ਅਜਿਹੇ ਹੀ ਅੰਨੇ ਦੀ ਜਰੂਰਤ ਹੁੰਦੀ ਹੈ ਪ੍ਰੰਤੂ ਅੱਖਾਂ ਵਾਲੇ ਅੰਨੇ ਕਿਵੇਂ ਹੋ ਜਾਣ, ਕੀ ਅੱਖਾਂ ਬੰਦ ਕਰ ਲਈਏ ਜਾਂ ਅੱਖਾਂ ਕੱਢਵਾ ਲਈਏ।" ਸੁਸ਼ੀਲਾ ਦੇ ਕਹਿਣ ਦੀ ਟੋਨ ਅਜਿਹੀ ਸੀ ਕਿ ਸੰਨੀ ਨੂੰ ਵੀ ਹਾਸਾ ਆ ਗਿਆ, "ਇਸ ਤਰ੍ਹਾਂ ਪਿਆਰ ਵੀ ਦੋ ਤਰ੍ਹਾਂ

ਦਾ ਹੋਵੇਗਾ, ਅੰਨਿਆ ਦਾ ਤੇ ਸੁਜਾਖਿਆ ਦਾ।"

0 0 0

ਵਿਦਿਆ ਰੰਜਨ ਯੂਨੀਵਰਸਿਟੀ 'ਚ ਸੰਨੀ ਦਾ ਦਾਖਲਾ ਕੁਝ ਹੀ ਦਿਨਾਂ 'ਚ ਸਭ ਲਈ ਚਰਚਾ ਦਾ ਵਿਸ਼ਾ ਬਣ ਗਿਆ। ਸੁਸ਼ੀਲਾ ਨੂੰ ਇਸ 'ਚ ਅਨੋਖੀ ਗੱਲ ਇਹ ਲੱਗੀ ਕਿ ਇਸ ਮੁੱਦੇ ਨੂੰ ਉਭਾਰਨ 'ਚ ਸੰਨੀ ਦੀ ਵੀ ਅਹਿਮ ਭੂਮਿਕਾ ਸੀ। ਵੰਸ਼ੀਧਰ ਵੀ ਸੰਨੀ ਦੀ ਭੂਮਿਕਾ ਸਮਝ ਨਹੀਂ ਸਕੇ ਸੋ ਇਕ ਦਿਨ ਪੁੱਛ ਹੀ ਲਿਆ, "ਜਦੋਂ ਤੁਸੀਂ ਪ੍ਰੇਮ ਤੇ ਇਸ਼ਕ ਨੂੰ ਬਕਵਾਸ ਸਮਝਦੇ ਹੋ ਤਾਂ ਸੁਸ਼ੀਲਾ ਦੇ ਵੱਲ ਤੇਰੀ ਖਿੱਚ ਨੂੰ ਕੀ ਨਾਂ ਦਈਏ ?"

"ਫਿਰ ਤੋਂ ਨਾਮ ਦਾ ਮੁੱਦਾ। ਮਨਪਸੰਦ ਨਾਂ ਦੇ ਦੇਵਾਂਗਾ। ਜਦ ਦੁਨੀਆਂ ਦੇ ਲਈ ਆਪਣਾ ਨਾ ਮਨਪਸੰਦ ਦਾ ਰੱਖ ਸਕਦਾ ਹਾਂ ਤਾਂ ਸੁਸ਼ੀਲਾ ਨਾਲ ਮੇਰੇ ਸੰਬੰਧ ਦਾ ਕਿਉਂ ਨਹੀਂ ?" ਸੰਨੀ ਨੇ ਐਨੀ ਕੁ ਗੱਲ ਮਜਾਕੀਆ ਟੋਨ ਨਾਲ ਕਹੀ ਫਿਰ ਗੰਭੀਰ ਹੋ ਗਿਆ, "ਇਹ ਖਿੱਚ ਜਾਂ ਪ੍ਰਭਾਵਿਤ ਹੋਣਾ ਮੇਰੇ ਫਿਲੋਸੀਫ਼ਿਕਲ ਨਜ਼ਰੀਏ ਦਾ ਨਤੀਜਾ ਹੈ ਅਤੇ ਮੇਰਾ ਫਿਲੋਸੋਫ਼ੀਕਲ ਨਜ਼ਰੀਆ, ਮੇਰੀ ਲੜਾਈ ਦੀ ਜਰੂਰਤ ਹੈ। ਆਪ ਇਸ ਨੂੰ ਇਸ ਤਰ੍ਹਾਂ ਦੇਖੋ। ਤੁਹਾਡੀ ਦੁਨੀਆਂ ਦੇ ਲਈ ਮੈਂ ਕੌਣ ਹਾਂ ? ਇਕ ਦਲਿਤ ਅਤੇ ਮਨੋਹਰਾ, ਗੌਰੀ, ਸੁਸ਼ੀਲਾ ਬ੍ਰਾਹਮਣ। ਅਤੇ ਪਿਆਰ। ਉਸ ਦੀ ਬਿਰਤੀ ਟੁੱਟਦੀ ਹੈ। ਮੈਂ ਤੈਨੂੰ ਪ੍ਰਾਪਤ ਕਰਨਾ ਚਾਹੁੰਦਾ , ਚਾਹੁੰਦੀ ਹਾਂ ਅਤੇ ਤੇਰੀ ਹੋ ਜਾਣਾ ਚਾਹੁੰਦਾ, ਚਾਹੁੰਦੀ ਹਾਂ। ਮਨ ਲਿਆ ਜਾਂਦਾ ਹੈ ਕਿ ਵਿਆਹ ਹੀ ਮੰਜ਼ਿਲ ਹੈ। ਜਦ ਕਿ ਉਹ ਇਕ ਮੋੜ ਤੋਂ ਵੱਧ ਕੁਝ ਨਹੀਂ ਹੁੰਦਾ ਅਤੇ ਪ੍ਰੈਕਟੀਕਲ ਤਰੀਕੇ ਨਾਲ ਦੇਖਿਆ ਜਾਵੇ ਤਾਂ ਵਿਆਹ ਹੈ ਹੀ ਕੀ ? ਸੈਕਸੁਅਲ ਐਕਟ ਅਤੇ ਰੀਪ੍ਰੋਡਕਸਨ ਦਾ ਸ਼ੋਸ਼ਣ ਲਾਇਸੰਸ ਮਾਤਰ , ਬਸ !"

ਅੱਗੇ ਦੀ ਗੱਲ ਕੁਝ ਦਿਨਾਂ ਤੋਂ ਬਾਅਦ ਸੰਨੀ ਨੇ ਵੰਸ਼ੀਧਰ ਦੇ ਬਜਾਏ ਸੁਸ਼ੀਲਾ ਨੂੰ ਕਹੀ, "ਮੇਰਾ ਨਾਂ ਬਦਲਣਾ ਕੀ ਹੈ? ਇਕ ਅਸਥੈਟਿਕ ਟ੍ਰਿਗਰ ਦਾ ਬਣਾਉਣਾ। ਸਾਡਾ ਸਰੀਰ ਇਕ ਜੈਵਿਕ ਇਕਾਈ। ਜੈਵਿਕ ਅਧਾਰ ਕਹਿ ਲਓ ! ਪ੍ਰੰਤੂ ਇਨਸਾਨ ਸੋਸ਼ਲ ਅਤੇ ਬਾਉਲੀਜੀਕਲ ਐਨੀਮਲ ਮਾਤਰ ਨਹੀਂ ਹੈ, ਉਹ ਅਸਥੈਟਿਕ ਐਨੀਮਲ ਵੀ ਹੈ। ਭਾਵੇ ਕਿ ਅਜੇ ਪ੍ਰੋਸੇਸ 'ਚ ਹੀ ਹੈ, ਸਾਯਨਾ ਦੀ ਥਾਂ ਸੁਰੇਯਾਕਾਂਤ ਤ੍ਰਿਪਾਠੀ ਰੱਖਣਾ ਅਸਥੈਟਿਕ ਤਬਦੀਲੀ ਦੇ ਲਈ ਹੈ। ਬਾਉਲੀਜੀਕਲ-ਸ਼ੋਸ਼ਲ ਪੌਲੀਟੀਕਲ' ਵਰਗੇ ਪਛਾਣ ਪੱਤਰਾਂ ਨਾਲ ਪਹਿਚਾਣ ਕਰਨਾ ਉਨਾ ਹੀ ਗ਼ਲਤ ਹੈ, ਜਿਨ੍ਹਾ ਨਾਂ ਤੇ ਸਰਨੇਮ ਤੋਂ ਪਹਿਚਾਣ ਕਰਨਾ। ਇਨ੍ਹਾਂ ਤੋਂ ਕਿਸੇ ਨੂੰ ਮੰਜਿਲ ਮੰਨ ਕੇ ਰੁਕਿਆ ਨਹੀਂ ਜਾ ਸਕਦਾ।" ਸੁਸ਼ੀਲਾ ਦੀ ਵੀ ਇਹੀ ਵੇਵਲੇਂਥ ਸੀ। ਸੰਨੀ ਨੇ ਅੱਗੇ ਕਿਹਾ, "ਹੁਣ ਅਸੀਂ ਸੰਭਲ ਸਕਦੇ ਹਾਂ। ਪੱਛਮ ਦੀ ਗੁਲਾਮੀ ਨੇ ਸਾਡੀ ਸੋਚ ਨੂੰ ਨਾਕਾਰਾ ਬਣਾ ਕੇ ਰੱਖ ਦਿੱਤਾ ਹੈ। ਪਲੋਟੋਨਿਕ ਪ੍ਰੇਮ ਕੀ ਹੁੰਦਾ ਹੈ ? ਫਰੇਬ ਦਾ ਦੂਜਾ ਨਾਂ। ਇਸਦਾ ਵਿਲੋਮ ਕੀ ਹੋਵੇਗਾ ? ਕੀ ਪਾਸ਼ਵਿਕ ਪ੍ਰੇਮ ? ਮਾਤਰ ਦੇਹਵਾਦੀ ਹੋਣਾ ਤਾਂ ਪਸ਼ੂ ਹੋਣਾ ਹੀ ਹੋਇਆ ਨਾ ਸਹਿਸ਼ੀਲਤਾ ਦੀ ਗੁੰਜ਼ਾਇਸ਼ ਨਾ ਇਸ 'ਚ ਹੈ ਅਤੇ ਨਾ ਉਸ 'ਚ । ਜੇਕਰ ਉਹ ਸਹਿਨਸ਼ੀਲਤਾ ਨੂੰ ਛੂਹ ਲਵੇ ਤਾਂ ਅਸਥੈਟਿਕ ਹੋ ਜਾਵੇਗੀ। ਨਾ ਤਾਂ ਪਲੋਟੋਨਿਕ ਅਤੇ ਨਾ ਪਾਸ਼ਵਿਕ ਬਲਕਿ ਅਸਥੈਟਿਕ ਦੇਹ ਜਰੂਰੀ ਹੈ। ਪ੍ਰੰਤੂ ਜੰਮਪਿੰਗ ਬੋਰਡ ਬਣਾਉਣ ਦੇ ਲਈ। ਦੇਹ ਜਰੂਰੀ ਹੈ। ਇਸ 'ਚ ਕੋਈ ਸ਼ੱਕ ਨਹੀਂ।

0 0 0

ਭਾਸ਼ਾ ਸਹਾਇਕ ਰਹੀ ਉਨ੍ਹਾਂ ਦੋਹਾਂ ਦੀ। ਹਮੇਸਾਂ ਕਦੇ ਗੱਲਬਾਤ ਦੀ ਸ਼ਕਲ 'ਚ ਤੇ ਕਦੀ ਬਹਿਸ ਦੀ। ਕਦੇ ਕੋਈ ਮੁੱਦਾ ਹੁੰਦਾ ਤਾਂ ਕਦੀ ਕੋਈ। ਖ਼ਾਮੋਸ਼ੀ ਕਦੇ ਨਹੀਂ ਆਈ ਉਨ੍ਹਾਂ ਦੇ ਕੋਲ। ਇਕ ਦਿਨ ਸੁਸ਼ੀਲਾ ਨੇ ਕਿਹਾ ਵੀ, "ਕਿੰਨੀ ਗੂੜੀ ਹੈ ਆਪਣੀ ਨਜਦੀਕੀ।"

"ਰਿਸ਼ਤੇ ਗੁੰਗੇ ਹੋਣ ਤਾਂ ਖ਼ਤਰਨਾਕ ਹੁੰਦੇ ਹਨ। ਗੁੰਗੇ-ਬੋਲੇ ਦਾ ਰਿਸ਼ਤਾ ਵੀ ਚੁੱਪ ਨੂੰ ਬਰਦਾਸਤ ਨਹੀਂ ਕਰ ਸਕਦਾ।" ਲੱਗਾ ਕਿ ਸੰਨੀ ਹਮੇਸਾਂ ਦੀ ਤਰ੍ਹਾਂ ਬਹਿਸ ਜਾਂ ਲੰਮੀ ਗੱਲਬਾਤ ਦਾ ਮੂਡ ਬਣਾ ਰਿਹਾ ਹੈ।

"ਇਕ ਖ਼ਾਮੋਸ਼ੀ ਅਜਿਹੀ ਵੀ ਹੁੰਦੀ ਹੈ, ਜਿਹੜੀ ਦਰਅਸਲ ਭਾਸ਼ਾ ਹੁੰਦੀ ਹੈ।" ਸੁਸ਼ੀਲਾ ਨੂੰ ਉਸ ਤਰ੍ਹਾਂ ਦਾ ਮੂਡ ਬਣਾਉਣ 'ਚ ਦੇਰੀ ਨਾ ਲੱਗੀ। "ਹੁੰਦੀ ਹੈ ਪ੍ਰੰਤੂ ਗੂੜੇ ਰਿਸ਼ਤਿਆ ਵਿਚ ਹੀ।"

"ਦੇਖੋ, ਰਿਸ਼ਤੇ ਭਾਵ ਕਿ ਬੰਧਨ। ਜਿਹੜਾ ਵੀ ਬੰਧਨ ਚਾਹੇਗਾ। ਉਹ ਖ਼ਾਮੋਸ਼ੀ ਨੂੰ ਵੀ ਭਾਸ਼ਾ ਬਣਾ ਲਵੇਗਾ...।"

"ਤੇ ਜਿਹੜਾ ਨਹੀਂ ਬੰਧਨ ਚਾਹੁੰਦਾ ਉਹ ਭਾਸ਼ਾ ਨੂੰ ਵੀ ਖ਼ਾਮੋਸ਼ੀ ਬਣਾ ਲੈਂਦਾ ਹੈ। ਕਿਉਂ ?" ਇਹ



ਪਲ ਦੋਹਾਂ ਦੀ ਉਸ ਪਰਫੈਕਟ ਵੇਵਲੈਂਥ ਉਪਰ ਮਿਲਣ ਦੇ ਸੀ, ਜਿਹੜੇ ਕਦੇ ਕਦੇ ਹੀ ਮੁਮਕਿਨ ਹੁੰਦੇ ਸੀ।

0 0 0

ਕਦੇ ਸੰਨੀ ਨੇ ਖ਼ਾਹਿਸ਼ ਪ੍ਰਗਟ ਕੀਤੀ ਸੀ ਤੇ ਸੁਸ਼ੀਲਾ ਨੂੰ ਕਿਹਾ ਵੀ ਸੀ ਕਿ ਆਪਾ ਨੂੰ ਇਕ ਹੀ ਟੀਮ 'ਚ ਹੋਣਾ ਚਾਹੀਦਾ ਹੈ। ਉਹ ਖ਼ਾਹਿਸ਼ ਹੁਣ ਕੁਝ ਵਧੇਰੇ ਪ੍ਰਬਲ ਹੋ ਕੇ ਪੂਰੀ ਹੋਈ ਸੀ। ਕੁਝ ਇੰਝ ਕਿ ਦੋਹਾਂ ਦੀ ਟੀਮ ਹੁਣ 'ਜੋੜੀ' ਕਹੀ ਜਾਣ ਲੱਗੀ ਸੀ।

ਫਿਰ ਯੂਨੀਵਰਸਿਟੀ 'ਚ 'ਪ੍ਰਤਿਭਾ' ਸਮਾਗਮ ਦਾ ਸਮਾਂ ਆਇਆ। ਇਸਦੇ ਲਈ ਕਾਲਜ ਵਿਦਿਆ ਰੰਜਨ ਕਾਲਜ ਨੂੰ ਸੱਦਾ ਮਿਲਿਆ। ਟੀਮ 'ਸਲੈਕਸ਼ਨ ਦੇ ਲਈ ਮੁਕਾਬਲੇ ਦਾ ਪ੍ਰਬੰਧ ਕੀਤਾ ਗਿਆ। ਸਾਰੇ ਜਾਣਦੇ ਸਨ ਕਿ ਆਖਿਰ 'ਚ ਜੋੜੀ ਅਰਥਾਤ ਸੰਨੀ-ਸੁਸ਼ੀਲਾ ਹੀ ਜਾਣਗੇ। ਉਹ ਦੋਵੇ ਖ਼ੁਸ਼ ਕਿ ਉਨ੍ਹਾਂ ਦਾ ਸਾਥ ਇਕ ਸਾਰਥਕ ਸੰਦਰਭ ਪ੍ਰਾਪਤ ਕਰਦਾ ਵਿਸਥਾਰ ਦਾ ਪਤਾ ਤਾਂ ਉਸ ਸਮੇਂ ਆਮ ਲੋਕਾਂ 'ਚ ਲੱਗਾ ਸੀ, ਜਦ ਸੰਨੀ ਨੇ 'ਸ' ਅੱਖਰ 'ਚ 'ਸਮਾਂ ਹੈ ਸੁਹਾਨਾ ਸੁਹਾਨਾ' ਗਾਇਆ , ਖਚਾਖਚ ਭਰੇ ਸਮਾਗਮ 'ਚ ਹਰ ਕੋਈ ਝੂਮ ਝੂਮ ਕਰਕੇ ਗਾਉਣ ਲੱਗਾ।

ਅੰਨਤਾਕਸ਼ਰੀ 'ਚ ਕਾਲਜ ਦੀ ਅਗਵਾਈ ਕਰਨ ਦੀ ਇੱਛਾ ਕਈ ਮੁੰਡੇ-ਕੁੜੀਆਂ ਨੇ ਕੀਤੀ ਸੀ। ਖਾਸ ਕਰਕੇ ਉਨ੍ਹਾਂ ਦੋਹਾਂ ਦੇ ਨਾਲ ਪੜ੍ਹਦੇ ਵਰਿੰਦਰ ਸਿੰਘ ਨੂੰ ਬੜੀ ਠੇਸ ਪਹੁੰਚੀ ਸੀ ਅਤੇ ਉਸ ਨੂੰ ਉਮੀਦ ਵੀ ਸੀ ਕਿ ਉਹ ਜਰੂਰ ਚੁਣਿਆ ਜਾਵੇਗਾ। ਆਵਾਜ਼ ਵੀ ਚੰਗੀ ਸੀ। ਪ੍ਰੰਤੂ ਉਹ ਇਨ੍ਹਾਂ ਦੋਹਾਂ ਦੇ ਸਾਹਮਣੇ ਟਿਕ ਨਾ ਸਕਿਆ ਤੇ ਉਹ ਤੇ ਉਨ੍ਹਾਂ ਦਾ ਸਾਥੀ ਨਿਰਾਸ਼ ਹੋ ਗਏ। ਜਿਸ ਵੇਲੇ ਸਾਰੇ 'ਸਮਾਂ ਹੈ ਸੁਹਾਨਾ ਸੁਹਾਨਾ' ਤੇ ਝੂੰਮ ਰਹੇ ਸਨ ਉਦੋਂ ਵਰਿੰਦਰ ਦੀ ਅਗਵਾਈ 'ਚ ਨਿਰਾਸ਼ ਗਰੁੱਪ 'ਸਮਾਂ ਹੈ ਵਿਰਾਨਾ ਵਿਰਾਨਾ' ਗਾ ਰਿਹਾ ਸੀ। ਉਨ੍ਹਾਂ 'ਚੋਂ ਕਿਸੇ ਨੇ ਟਿਪਣੀ ਕੀਤੀ, 'ਜੋੜੀ ਦੇ ਲਈ ਸਮਾਂ ਰੰਗੀਨ ਹੈ' ਅਤੇ ਬਾਕੀਆ ਦੇ ਲਈ (ਆਪਣੇ ਵੱਲ ਇਸ਼ਾਰਾ ਕਰਕੇ) "ਸਮਾਂ ਵਿਰਾਨ ਹੀ ਹੋ ਚੁੱਕਾ ਹੈ।"

ਉਂਝ ਤਾਂ ਸੰਨੀ-ਸੁਸ਼ੀਲਾ ਦੀ ਜੋੜੀ ਗੱਲਬਾਤ ਦਾ ਮੁੱਦਾ ਉਦੋਂ ਹੀ ਬਣ ਗਈ ਸੀ, ਜਦ ਉਹ ਪ੍ਰਤਿਭਾ ਸਮਾਰੋਹ 'ਚ ਪਹਿਲੀ ਵਾਰ ਆਹਮਣਾ ਸਾਹਮਣਾ ਹੋਣ ਤੋਂ ਬਾਅਦ ਵੱਖਰੇ ਹੋ ਗੱਲਬਾਤ ਕਰਦੇ ਦੇਖੇ ਗਏ ਸੀ ਪ੍ਰੰਤੂ ਚੀਲ ਦੇ ਉੜਨ ਦੀ ਗੱਲ ਸੀ, ਮੱਝ ਦੇ ਉੜਨ ਦੀ ਨਹੀਂ।"

'ਚੀਲ' , ਦਾ 'ਮੱਝ' 'ਚ ਰੁਪਾਂਤਰਣ ਉਦੋਂ ਤੋਂ ਸ਼ੁਰੂ ਹੋਇਆ ਜਦੋਂ ਸਨੀ ਨੇ ਉਸੇ ਹੀ ਕਾਲਜ 'ਚ ਦਾਖਿਲਾ ਲਿਆ, ਜਿਸ 'ਚ ਸੁਸ਼ੀਲਾ ਸੀ। ਇਸ ਤੋਂ ਵੀ ਪਹਿਲਾ ਸੰਨੀ ਨੂੰ ਭਾਵੇਂ ਅਜਿਹਾ ਲੱਗਾ ਹੋਵੇ, ਕਿ ਉਸ ਦਾ 'ਸੂਰੇਯਾਕਾਂਤ ਤ੍ਰਿਪਾਠੀ' ਨਾਮਕਰਣ ਬਿਨਾ ਕਿਸੇ ਸੋਰ-ਸ਼ਰਾਬੇ ਦੇ ਹੋ ਗਿਆ ਹੋਵੇ ਪ੍ਰੰਤੂ ਪਿੱਠ ਪਿੱਛੇ ਜਿਹੜੀ ਖੰਭਾ ਦੀ ਡਾਰ ਚੁਗਲਖ਼ੋਰਾ ਨੇ ਬਣਾਈ ਸੀ, ਉਸਦਾ ਅਹਿਸਾਸ ਉਸ ਨੂੰ ਨਹੀਂ ਸੀ।

0 0 0

ਜਦ ਸੰਨੀ ਨੇ ਵਿਦਿਆਰੰਜਨ ਕਾਲਜ 'ਚ ਦਾਖਲਾ ਲਿਆ ਤਾਂ ਉਹ ਲਹਿਰ ਤੁਫ਼ਾਨ ਬਣਨ ਲੱਗ ਪਈ। ਜਦ 'ਚੀਲ ਉੜੀ ਤਾਂ ਮੱਝ ਉੜੀ' ਕਹਾਵਤ ਚਰਚਿਤ ਹੋਣ ਲੱਗੀ ਤਾਂ ਪਹਿਲਾ ਸੰਨੀ-ਸੁਸ਼ੀਲਾ ਰੋਮੀਓ-ਜੁਲੀਅਟ ਅਤੇ ਲੈਲਾ ਮਜਨੂੰ ਬਣਾਏ ਗਏ ਅਤ ਫਿਰ ਉਨ੍ਹਾਂ ਦੀ ਵੱਧਦੀ ਨਜ਼ਦੀਕੀ ਨੂੰ ਨਿਸ਼ਾਨਾ ਬਣਾ ਕੇ 'ਕਿਸੇ ਦੇ ਐਨੇ ਨੇੜੇ ਹੋਏ ਕਿ ਸਭ ਤੋਂ ਦੂਰ ਹੋ ਗਏ' ਗਾਇਆ ਜਾਣ ਲੱਗਾ ਪ੍ਰੰਤੂ ਦੋਹਾਂ ਨੇ ਆਪਣੇ ਚੁਫੇਰੇ ਕੰਧ ਐਨੀ ਮਜਬੂਤ ਬਣਾ ਲਈ ਸੀ ਕਿ ਉਨ੍ਹਾਂ ਤੱਕ ਕੋਈ ਵੀ ਆਵਾਜ਼ ਨਹੀਂ ਪਹੁੰਚੀ।

ਇਕ ਮੁੰਡਾ- ਇਕ ਕੁੜੀ ਦੀ ਕਹਾਣੀ ਹੋਵੇ ਤਾਂ ਮਸਾਲੇਦਾਰ ਹੋਣ ਦੀ ਬਹੁਤ ਸੰਭਾਵਨਾ ! ਫਿਰ ਏਥੇ ਤਾਂ ਲੜਕਾ ਦਲਿਤ ਅਤੇ ਲੜਕੀ ਬ੍ਰਾਹਮਣ ਸੀ ਤਾਂ ਕਿੱਸਾ ਅਨੋਖਾ ਲੱਗਣ ਹੀ ਸੀ ਸਭ ਨੂੰ। ਸੰਨੀ ਦੇ ਸੱਦੇ ਨੇ ਇਸ ਅਨੋਖੇਪਨ ਨੂੰ ਬਹੁਤ ਰੰਗੀਨ ਬਣਾ ਦਿੱਤਾ ਅਤੇ ਜੇਕਰ ਸੁਸ਼ੀਲਾ ਦੇ ਭਰਾ ਸੁਧੀਰ ਦੇ ਕੰਨ ਖੜੇ ਹੋ ਗਏ ਤਾਂ ਲੋਕ ਕੇਵਲ ਇਹੀ ਟਿੱਪਣੀ ਕਰ ਸਕੇ, "ਦੇਰ ਆਈ ਦਰੁਸਤ ਆਈ।"

ਸੰਨੀ ਅਤੇ ਸੁਸ਼ੀਲਾ ਦੀ ਦੋਸਤੀ ਕਿਤਾਬੀ ਬਹਿਸ ਦੇ ਦਇਰੇ 'ਚ ਪਰਵਾਨ ਚੜ੍ਹਦੀ ਰਹੀ ਅਤੇ ਬਾਹਰ ਦੀ ਯਥਾਰਥ ਦੁਨੀਆਂ 'ਚ ਮੱਝ ਨੂੰ ਉਡਾਉਣਾ ਤੇਜ ਤੋਂ ਤੇਜ਼ ਹੁੰਦੀ ਰਹੀ।

ਵਿਦਿਆ ਰੰਜਨ ਕਾਲਜ 'ਚ ਸੁਸ਼ੀਲਾ ਇਸ ਲਈ ਆਈ ਸੀ। ਕਿ ਉਸਦਾ ਘਰ ਨਜ਼ਦੀਕ ਸੀ ਉਨ੍ਹਾਂ ਦੇ ਭਰਾ ਸੁਧੀਰ ਦੀ ਪੜ੍ਹਾਈ ਵੀ ਇਸ ਲਈ ਇਸ ਕਾਲਜ 'ਚ ਹੋਈ ਸੀ। ਉਸ ਦੇ ਜਾਣੂ ਲੋਕਾਂ ਤੇ ਦੋਸਤਾਂ ਦੀ ਕਾਲਜ 'ਚ ਭਰਮਾਰ ਸੀ। ਸੰਨੀ-ਸੁਸ਼ੀਲਾ ਨੂੰ ਲੈ ਕੇ ਅਫਵਾਹਾਂ ਦਾ ਬਜ਼ਾਰ ਗਰਮ ਹੋਇਆ ਤਾਂ ਲਾਜ਼ਮੀ ਸੀ ਕਿ ਸੁਧੀਰ ਅਤੇ ਉਸਦੇ ਦੋਸਤਾਂ ਦੇ ਲਈ ਇਹ ਮੁੱਦਾ ਐਨਾ ਗੰਭੀਰ ਹੋ ਜਾਂਦਾ

ਕਿ ਫੈਸਲਾਕੁਨ ਵਿਚਾਰ ਚਰਚਾ ਹੋਣ ਲੱਗਦੀ। ਚਰਚਾ ਦੇ ਅਰੰਭਕ ਦੌਰ 'ਚ ਹੀ ਇਹ ਰੇਡੀਮੇਡ ਫ਼ੈਸਲਾ ਸਵੀਕਾਰ ਕਰ ਲਿਆ ਗਿਆ ਕਿ ਛੋਕਰੇ ਦਾ ਦਿਮਾਗ਼ ਠੀਕ ਕਰ ਦੇਣਾ ਚਾਹੀਦਾ ਹੈ।

ਸੁਧੀਰ ਦਾ ਸੁਭਾਅ ਸੁਸ਼ੀਲਾ ਤੋਂ ਬਿਲਕੁਲ ਵੱਖਰਾ ਸੀ। ਪੜ੍ਹਾਈ ਨਾਲ ਉਸ ਦਾ ਕੋਈ ਸੰਬੰਧ ਨਹੀਂ ਸੀ ਅਤੇ ਵਿਚਾਰ ਉਸਦੇ ਕੋਲ ਕੇਵਲ ਇਕ ਸੀ, "ਗਰਵ ਸੇ ਕਹੋ ਹਮ ਹਿੰਦੂ ਹੈ।" ਜਿਹੜਾ ਅਜਿਹਾ ਨਹੀਂ ਕਰਦਾ ਉਹ ਉਹਨੂੰ ਦੁਸ਼ਮਣ ਮੰਨ ਲੈਂਦਾ। ਪਿਤਾ ਅਤੇ ਸੁਸ਼ੀਲਾ ਬਹੁਤ ਪਹਿਲਾ ਹੀ ਉਸ ਦੇ ਦੁਸ਼ਮਣਾ 'ਚ ਆ ਗਏ ਸਨ। ਪਿਤਾ ਵਿਗਿਆਨ ਪੜ੍ਹਾਉਂਦੇ ਸਨ ਅਤੇ ਸੁਧੀਰ ਵਿਗਿਆਨ ਦੇ ਬਾਰੇ 'ਚ ਐਨਾ ਹੀ ਜਾਣਦਾ ਸੀ ਕਿ ਉਸ 'ਚ ਮਾਣ ਨਾਲ ਹਿੰਦੂ ਹੋਣ ਦਾ ਐਲਾਨ ਨਹੀਂ ਹੋ ਸਕਦਾ, ਇਸ ਲਈ ਉਹ ਉਸ ਨੂੰ ਵੀ ਦੁਸ਼ਮਣ ਮੰਨਦਾ ਸੀ। ਫਿਰ ਉਸ ਨੂੰ ਕਿਸੇ ਨੇ ਕਰਪਾਤਰੀ ਜੀ ਦਾ ਗ੍ਰੰਥ 'ਮਾਰਕਸਵਾਦ ਔਰ ਰਾਮਰਾਜੇਆ ' ਦਿਖਾ ਦਿੱਤਾ। ਗ੍ਰੰਥ ਕਾਫੀ ਮੋਟਾ ਸੀ ਤੇ ਕਠਿਨ ਹਿੰਦੀ 'ਚ ਸੀ ਇਕ ਲਈ ਪੜ੍ਹਿਆ ਤਾਂ ਨਹੀਂ ਗਿਆ ਪ੍ਰੰਤੂ ਐਨਾ ਪਤਾ ਲੱਗ ਗਿਆ ਕਿ ਧਾਰਮਿਕ ਵਿਆਕਤੀ ਵਿਗਿਆਨ ਬਕਵਾਸ ਸਮਝਦਾ ਹੈ। ਸੁਸ਼ੀਲਾ ਨੇ ਜਦੋਂ ਅਸਲੀ ਧਰਮ ਅਤੇ ਅਸਲੀ ਵਿਗਿਆਨ ਨੂੰ ਲੈ ਕੇ ਬਹਿਸ ਕਰਨੀ ਚਾਹੀ ਤਾਂ ਉਸਨੇ, " ਦਿਮਾਗ਼ ਨਾ ਐਵੇਂ ਚੱਟ, ਮੇਰਾ ਸਿਰ ਦੁਖਦਾ ਹੈ ਮੇਰਾ ਤੇਰੀਆਂ ਇਨ੍ਹਾਂ ਗੱਲਾਂ ਨਾਲ।" ਕਹਿ ਕੇ ਲੜ੍ਹਨ ਝਗੜਨ ਲਈ ਤਿਆਰ ਹੋ ਗਿਆ। ਚੰਗਾ ਸਮਝ ਲਿਆ ਗਿਆ ਕਿ ਉਹ ਕਿਸੇ ਨਾ ਕਿਸੇ ਤਰ੍ਹਾਂ ਕਮਰਸ ਗ੍ਰੇਜੂਏਟ ਹੋ ਗਿਆ ਹੈ ਅਤੇ ਇਕ ਪ੍ਰਾਈਵੇਟ ਫਰਮ 'ਚ ਕਲਰਕੀ ਕਰਨ ਲੱਗਾ ਹੈ।

ਸੁਸ਼ੀਲਾ ਘਰ 'ਚ ਮਾਤਾ ਪਿਤਾ ਦੀ ਲਾਡਲੀ ਸੀ। ਪਿਤਾ ਦੀ ਇਸ ਲਈ ਕਿ ਉਹ ਕਿਤਾਬਾਂ ਦੀ ਦੁਨੀਆਂ ਦੀ ਸੈਰ ਬਹੁਤ ਕਰਦੀ ਸੀ ਅਤੇ ਉਹ ਜਦ ਵੀ ਚਹੁੰਦੇ ਬੇਟੀ ਨਾਲ ਬਹਿਸ ਕਰ ਸਕਦੇ ਸਨ। ਵਿਗਿਆਨ ਤੋਂ ਇਲਾਵਾ ਸਾਹਿਤ ਦੇ ਵੱਲ ਆਉਣਾ ਉਹਨੂੰ ਚੰਗਾ ਤਾਂ ਨਹੀਂ ਲੱਗਾ ਫਿਰ ਵੀ ਸੁਸ਼ੀਲਾ ਦੀ ਰੁਚੀ ਦੀ ਉਹਨਾਂ ਇੱਜਤ ਕੀਤੀ। ਅਤੇ ਆਪਣੀ ਨਾ ਪਸੰਦਗੀ ਨੂੰ ਪ੍ਰਬਲ ਹੋਣ ਤੋਂ ਰੋਕੀ ਰੱਖਿਆ। ਮਾਂ ਦੀ ਲਾਡਲੀ ਸੀ। ਇਸ ਲਈ ਸੀ ਸੰਵੇਦਨਾ ਦੀ ਪੱਧਰ ਤੇ ਉਸ ਨਾਲ ਗਹਿਰਾ ਸੰਬੰਧ ਸੀ। ਸੁਧੀਰ ਨੂੰ ਸੁਸ਼ੀਲਾ ਦਾ ਪੜ੍ਹੀ ਜਾਣਾ ਗੈਰ ਜ਼ਰੂਰੀ ਲੱਗਦਾ ਸੀ। "ਪ੍ਰੈਕਟੀਕਲ ਦੁਨੀਆਂ 'ਚ ਕਮਾਉਣਾ ਲੱਗ ਜਾਣਾ ਵੱਡੀ ਗੱਲ ਹੈ ਨਾ ਕਿ ਪੜ੍ਹਦੇ ਹੀ ਜਾਣਾ।" ਉਹ ਕਹਿੰਦਾ ਸੀ।

ਕਲਰਕ ਹੁੰਦੇ ਹੋਏ ਵੀ ਆਪਣੀ ਪੜ੍ਹਾਈ ਛੱਡਣ ਦੇ ਫ਼ੈਸਲੇ ਨੂੰ ਤਨਖਾਹ ਦੇ ਹਵਾਲੇ ਨਾਲ ਠੀਕ ਮੰਨਦਾ ਸੀ। ਸੁਸ਼ੀਲਾ ਦੀ ਪੜ੍ਹਾਈ ਦੇ ਬਾਰੇ 'ਚ ਉਸਦੀ ਦਲੀਲ ਸੀ,"ਆਖਿਰ 'ਚ ਸਹੁਰੇ ਹੀ ਜਾਣਾ ਹੈ ਤਾਂ ਉਥੇ ਜਾ ਕੇ ਆਪਣੇ ਸਹੁਰੇ ਪਰਿਵਾਰ ਨੂੰ ਕੰਮ ਕਰਕੇ ਖੁਸ਼ ਰੱਖੇਗੀ ਜਾਂ ਬੈਠ ਕੇ ਬਹਿਸ ਕਰਦੀ ਰਹੇਗੀ। " ਸੁਸ਼ੀਲਾ ਨਾਲ ਗੱਲਬਾਤ ਕਰਨ ਤੱਕ ਉਹ ਤ੍ਰਬਕਦਾ, "ਕੀ ਫਾਇਦਾ ?" ਉਹ ਕਿਤਾਬੀ ਗੱਲਾਂ ਕਰੇਗੀ ਅਤੇ ਮੈਂ ਪ੍ਰੈਕਟੀਕਲ 'ਚ ਯਕੀਨ ਰੱਖਦਾ ਹਾਂ।" ਪ੍ਰੈਕਟੀਕਲ' ਦੀ ਪ੍ਰੀਭਾਸ਼ਾ ਮੌਕੇ ਦੇ ਅਨੁਸਾਰ ਬਦਲਦੀ ਰਹਿੰਦੀ। ਕਦੇ ਕਮਾਈ ਕਰਨਾ ਉਹਦਾ ਗਿਆਨ ਹੁੰਦਾ ਤਾਂ ਕਦੀ ਧਾਰਮਿਕਤਾ ਅਤੇ ਭਾਰਤੀਅਤ, ਧਾਰਮਿਕਤਾ ਤੇ ਭਾਰਤੀਅਤਾ ਦੀ ਪਰਿਭਾਸ਼ਾ ਵੀ ਬਦਲਦੀ ਰਹਿੰਦੀ। ਗੱਲ ਕੀ ਸੋਚਣ ਦੀ ਜਹਿਮਤ ਉਹ ਮੁੱਲ ਨਹੀਂ ਲੈਂਦਾ ਸੀ।

ਸੋਚਣ ਵਾਲੇ ਦੀ ਉਹ ਖਿੱਲੀ ਉਡਾਉਂਦਾ, "ਹਜਾਰਾਂ ਸਾਲ ਪਹਿਲਾ ਸਾਡੇ ਰਿਸ਼ੀ ਮੁੰਨੀ ਸੋਚ ਗਏ ਜਿੰਨਾ ਸੋਚਣਾ ਸੀ। ਅੱਜ ਕੱਲ ਦੇ ਮੁੰਡੇ-ਕੁੜੀਆਂ ਦਾ ਸੋਚਣਾ ਵੀ ਕੋਈ ਸੋਚਣਾ ਹੈ, ਹੂੰ!" ਸ਼ੁਰੂ ਸ਼ੁਰੂ 'ਚ ਸੁਸ਼ੀਲਾ ਨੇ ਪਹਿਲਾ ਤਾਂ ਗੰਭੀਰਤਾ ਨਾਲ ਅਤੇ ਬਾਅਦ 'ਚ ਮਜਾਕ ਨਾਲ ਪੁੱਛਿਆ ਸੀ, "ਅਤੇ ਉਨ੍ਹਾਂ ਨੇ ਕੀ ਸੋਚਿਆ ਹੈ, ਇਹ ਤਾਂ ਪੜ੍ਹਨਾ ਹੀ ਪਵੇਗਾ ਨਾ ?" ਸੁਧੀਰ ਦੇ ਕੋਲ ਕੇਵਲ ਝਗੜਨ ਦੇ ਸਿਵਾਏ ਹੋਰ ਕੋਈ ਉਤਰ ਨਹੀਂ ਹੁੰਦਾ ਤਾਂ ਸੁਸ਼ੀਲਾ ਨੂੰ ਆਪਣਾ ਮਜਾਕ ਕਰਨਾ ਵੀ ਬੰਦ ਕਰਨਾ ਪੈਂਦਾ। ਸੰਨੀ ਦਾ ਜਿਕਰ ਵੀ ਸੁਧੀਰ ਨੂੰ ਪਸੰਦ ਨਹੀਂ ਸੀ। ਉਂਝ ਵੀ ਉਹ 'ਨੀਵੀਂ ਜਾਤ ਵਾਲਿਆ ' ਦੇ ਜਿਕਰ ਤੋਂ ਚਿੜਦਾ ਸੀ ਕਿਉਂਕਿ ਉਨ੍ਹਾਂ ਦਾ ਕਹਿਣਾ ਸੀ ਉਸ ਨੂੰ ਕੋਈ ਚੰਗੀ ਨੌਕਰੀ ਨਾ ਮਿਲ ਸਕਣ ਦਾ ਕਾਰਨ ਸੀ, "ਹਰ ਥਾਂ ਆ ਵੜਦੀਆਂ ਹਨ ਇਹ ਨਿਕ-ਸੁੱਕ ਜਾਤਾਂ। ਨਾ ਕੋਈ ਯੋਗਤਾ , ਨਾ ਕੋਈ ਅਕਲ ਬਸ ਰਿਜਰਵੇਸ਼ਨ !" ਜਦ ਪਹਿਲੀ ਵਾਰ ਸੁਸ਼ੀਲਾ ਨੇ ਦੱਸਿਆ, "ਸੁਧੀਰ ਵੀਰ ! ਤੁਸੀਂ ਜੋ ਹਮੇਸਾਂ ਕਹਿੰਦੇ ਰਹਿੰਦੇ ਹੋ ਨਾ ਕਿ ਇਹ ਲੋਕ ਨਾ ਪੜ੍ਹਾਈ 'ਚ ਮਿਹਨਤ ਕਰਦੇ ਨੇ ਅਤੇ ਨਾ ਕੋਈ ਯੋਗਤਾ ਰੱਖਦੇ ਹਨ ਤਾਂ ਪਹਿਲੀ ਵਾਰ ਤੁਸੀਂ ਇਕ ਅਜਿਹੇ ਮੁੰਡੇ ਨੂੰ ਦੇਖੋਗੇ ਕਿ ਜਿਹੜਾ ਮਿਹਨਤ ਵੀ ਕਰਦਾ ਹੈ ਅਤੇ ਜਬਰਦਸਤ ਯੋਗਤਾ ਵੀ ਰੱਖਦਾ ਹੈ।" ਤਾਂ ਉਹ ਉਖੜ ਗਿਆ ਸੀ ਪਹਿਲਾ ਤਾਂ ਉਸਨੇ ਕਿਸੇ ਅਜਿਹੇ ਲੜਕੇ ਦੇ ਸੱਚਮੁੱਚ ਹੋਣ ਤੇ ਸੰਕਾ ਪ੍ਰਗਟ ਕੀਤਾ, "ਤੂੰ ਵੀ ਬਸ! ਕੁਝ ਨਹੀਂ ਸਮਝਦੀ ! ਐਵੇ ਝੱਟ ਦੇਣੀ



ਭਰੋਸਾ ਕਰ ਲੈਂਦੀ ਏ। ਉਨ੍ਹਾਂ ਲੋਕਾਂ 'ਚ ਪਹਿਲਾਂ ਤਾਂ ਅਜਿਹਾ ਹੋ ਹੀ ਨਹੀਂ ਸਕਦਾ, ਮੈਨੂੰ ਤਾਂ , ਕੀ ਨਾਂ ਹੈ ਉਹਦਾ, ਇਨ੍ਹਾਂ ਦੇ ਬਾਬਾ ਸਾਹਿਬ ਅੰਬੇਡਕਾਰ ਉੱਤੇ ਵੀ ਡਾਊਟ ਹੈ ਕਿ ਉਹ ਸੱਚਮੁੱਚ ਐਨੇ ਕਾਬਿਲ ਸਨ ਕਿ ਸੰਵਿਧਾਨ ਬਣਾ ਸਕਦੇ ਸਨ। ਕਿਸੇ ਨਾ ਕਿਸੇ ਤਰ੍ਹਾਂ ਦੀ ਮਿਲੀ ਭੁਗਤ ਦਾ ਮਸਲਾ ਰਿਹਾ ਹੋਵੇਗਾ ਉਸ 'ਚ ਜਦ ਸੁਸ਼ੀਲਾ ਨੇ ਬਾਇਓ ਦੇ ਆਧਾਰ ਜੇ ਬਾਬਾ ਸਾਹਿਬ ਦੀ ਆ-ਸਾਧਰਣ ਪ੍ਰਤਿਭਾ ਨੂੰ ਸਿੱਧ ਕਰਨਾ ਚਾਹਿਆ ਤਾਂ ਉਹ ਗੁੱਸੇ 'ਚ ਚੀਕਣ ਲੱਗਾ ,"ਤੈਨੂੰ ਤਾਂ ਉਹ ਲੋਕ ਹੀ ਚੰਗੇ ਲੱਗਦੇ ਹਨ। ਇਕ ਹੋ ਗਿਆ ਪ੍ਰਤਿਭਾਸ਼ਾਲੀ ਬਾਬਾ ਸਾਹਿਬ ਅਤੇ ਦੂਜਾ ਇਹ ਮੁੰਡਾ ਕੀ ਨਾਂ ਹੈ ਉਸਦਾ, ਸੰਨੀ। ਬ੍ਰਾਹਮਣਾ 'ਚ ਤਾਂ ਕੋਈ ਨਜ਼ਰ ਆਉਂਦੇ ਹੀ ਨਹੀਂ ਤੈਨੂੰ, ਜਿਸ ਦਾ ਜਿਕਰ ਕੀਤਾ ਜਾ ਸਕੇ।"

ਜਦ ਪਿਤਾ ਨਾਲ ਸੰਨੀ ਦਾ ਜਿਕਰ ਕੀਤਾ ਤਾਂ ਉਹ ਖੁਸ਼ ਹੋਏ, "ਬਹੁਤ ਚੰਗੀ ਗੱਲ ਹੈ ਕਿ ਇਕ ਮੁੰਡਾ ਮਿਹਨਤ ਅਤੇ ਯੋਗਤਾ ਦੀ ਤਾਕਤ ਨਾਲ ਆਪਣੀ ਥਾਂ ਬਣਾਉਣ ਚਾਹੁੰਦਾ ਹੈ। ਬਿਨਾ ਰਿਜ਼ਰਵੇਸ਼ਨ ਆਦਿ ਦਾ ਲਾਭ ਪ੍ਰਾਪਤ ਕੀਤਿਆ। ਉਨ੍ਹਾਂ ਲੋਕਾਂ 'ਚ ਅਜਿਹਾ ਘੱਟ ਹੀ ਦੇਖਣ ਨੂੰ ਮਿਲਦਾ ਹੈ।"

ਹਾਂ ਸੁਧੀਰ ਦੀ ਰੁਚੀ ਸੀ ਕਿ ਉਹ ਚੀਲ੍ਹ-ਮੱਝ ਬਣ ਕੇ ਉੜੇ ਜਦ ਕਿ ਪਿਤਾ ਨੂੰ ਅਜਿਹੀਆਂ ਗੱਲਾਂ ਦੇ ਪ੍ਰਤੀ ਨਾ ਤਾਂ ਰੁਚੀ ਸੀ ਅਤੇ ਨਾ ਉਸ ਨੂੰ ਇਸ ਕੰਮ ਲਈ ਵਿਹਲ ਹੀ ਸੀ। ਜਦ ਸੁਧੀਰ ਨੂੰ ਸੰਨੀ-ਸੁਸ਼ੀਲਾ ਦੇ ਨਾਲ ਜੁੜੇ ਕਿੱਸੇ ਸੁਣਨ ਨੂੰ ਮਿਲੇ ਉਸ ਨੂੰ ਐਵੇਂ ਫ਼ਜੂਲ ਗੱਲਾਂ ਲੱਗੀਆ ਸਨ ਕਿ ਉਹ ਇਹਦੀ ਚਰਚਾ ਘਰ 'ਚ ਕਰੇ। ਮਾਤਾ ਪਿਤਾ ਸੁਸ਼ੀਲਾ ਦਾ ਪੱਖ ਹੀ ਲੈਣਗੇ ਅਤੇ ਸੁਸ਼ੀਲਾ ? ਉਸ 'ਚ ਐਨੀ ਕੁ ਅਕਲ ਹੁੰਦੀ ਤਾਂ ਇਹ ਸਭ ਹੁੰਦਾ ਹੀ ਕਿਉਂ ? ਸੁਧੀਰ ਨੂੰ ਇਹ ਠੀਕ ਲੱਗਾ ਕਿ ਦੋਸਤਾਂ ਨਾਲ ਸਲਾਹ ਕਰਕੇ ਹੀ ਕੋਈ ਫ਼ੈਸਲਾ ਲਿਆ ਜਾਵੇ। ਉਂਝ ਸਲਾਹ ਕੀ ਕਰਨੀ ਸੀ ਅਤੇ ਫੈਸਲਾ ਵੀ ਕੀ ਲੈਣਾ ਸੀ। ਜਿਕਰ ਛਿੜਨ ਦੇ ਨਾਲ ਹੀ ਫ਼ੈਸਲਾ ਹੋ ਗਿਆ ਸੀ, "ਛੋਕਰੇ ਦਾ ਦਿਮਾਗ਼ ਠੀਕ ਕਰ ਦੇਣਾ ਹੈ।" ਸਲਾਹ ਇਸ ਗੱਲ ਤੇ ਹੁੰਦੀ ਰਹੀ ਕਿ ਕਿਵੇਂ ਠੀਕ ਕਰਨਾ ਹੈ ? ਅਤੇ ਕਦੋਂ ? ਅਜਿਹਾ ਵੀ ਠੀਕ ਨਹੀਂ ਕਰਨਾ ਕਿ ਕਿਸੇ ਨੂੰ ਪਤਾ ਹੀ ਨਾ ਲੱਗੇ ਅਤੇ ਲੜਕਾ ਕੱਪੜੇ ਝਾੜ ਕੇ ਹੱਸਦਾ ਹੋਇਆ ਖੜਾ ਹੋ ਜਾਵੇ। "ਜਲੂਸ ਨਿਕਲਣਾ ਚਾਹੀਦਾ ਹੈ ਸਾਡੇ ਲਾੜੇ ਸਾਹਿਬ ਦਾ। ਪੂਰੀ ਸ਼ਾਨ ਨਾਲ ਤੇ ਧੂੰਮ ਧੜੱਕੇ ਨਾਲ।" ਇਕ ਦੋਸਤ ਦੇ ਵਲੋਂ ਦਲੀਲ ਆਈ ਤਾਂ ਸਭ ਨੇ 'ਹਾਂ' ਨਾਲ ਸਿਰ ਹਿਲਾਇਆ। "ਜਲੂਸ ਵੀ ਅਜਿਹਾ ਕਿ ਉਨ੍ਹਾਂ ਨੀਚ ਲੋਕਾਂ ਦੀ ਫਿਰ ਕਦੇ ਹਿੰਮਤ ਨਾ ਪਏ ਕਿ ਸਾਡੀਆ ਭੈਣਾਂ-ਪੁੱਤਰੀਆਂ ਵੱਲ ਅੱਖ ਚੁੱਕ ਕੇ ਨਾ ਦੇਖੇ।"

"ਸੁਣਿਆ ਹੈ ਕਿ ਉਸਦਾ ਪਿਓ ਕੋਈ ਲੀਡਰ ਬਗੈਰਾ ਹੈ।" ਕਹਿਣ ਵਾਲੇ ਦੀ ਆਵਾਜ਼ ਡਰ-ਸਹਿਮ ਦੇ ਬੀਜ ਬੀਜਣ ਵਾਲੀ ਸੀ। ਬਾਕੀ ਸਾਰੇ ਚਿੜ ਗਏ। ਇਕ ਜਿਹੜਾ ਖੁਦ ਨੂੰ ਤੁਰੰਮ ਖਾਂ ਸਮਝਦਾ ਸੀ, ਬੋਲਿਆ, "ਲੀਡਰ ਹੈ ਤਾਂ ਕੀ ਏ, ਕੋਈ ਸੀ. ਐਮ. , ਪੀ ਐਮ ਤਾਂ ਨਹੀਂ ਹੈ। ਅਤੇ ਜੇ ਹੋਵੇ ਵੀ ਤਾਂ ਕੀ ਐ! ਜਿਥੇ ਭੈਣ ਭਰਾ ਦਾ ਮਸਲਾ ਹੋਵੇ, ਇਨ੍ਹਾਂ ਗੱਲਾਂ ਦੇ ਵੱਲ ਧਿਆਨ ਨਹੀਂ ਦਿੱਤਾ ਜਾਂਦਾ।"

ਸੁਧੀਰ ਨੇ ਅੰਤਿਮ ਫ਼ੈਸਲਾ ਇਸ ਅੰਦਾਜ਼ ਨਾਲ ਸੁਣਾਇਆ ਕਿ ਜਿਵੇਂ ਦਲੀਲਾ ਦਾ ਦੌਰ ਖਤਮ ਹੋ ਗਿਆ ਹੋਵੇ। "ਅਤੇ ਧਰਮ ਦੀ ਹਮੇਸ਼ਾ ਜਿੱਤ ਹੁੰਦੀ ਹੈ, ਅਸੀਂ ਉਸ ਛੋਕਰੇ ਨੂੰ ਮਜ਼ਾ ਦਵਾਉਣ 'ਚ ਆਪਣੇ ਧਰਮ ਦਾ ਪਾਲਣ ਕਰ ਰਹੇ ਹਾਂ। " ਸਾਰੇ ਦੋਸਤ ਬ੍ਰਾਹਮਣ ਸੀ। ਸਾਰਿਆ ਦੀ ਛਾਤੀ ਮਾਣ ਨਾਲ ਚੌੜੀ ਹੋਈ । ਅ-ਸਹਿਮਤੀ ਦਾ ਕੋਈ ਸਵਾਲ ਹੀ ਨਹੀਂ ਸੀ ਰਿਹਾ।

0 0 0

ਸੁਭਾਵਿਕ ਤੌਰ ਤੇ ਇਕ ਦੂਜੇ ਦੇ ਐਨੇ ਨੇੜੇ ਹੋ ਕੇ ਸਭ ਤੋਂ ਦੂਰ' ਹੋ ਜਾਣ ਵਾਲੇ ਸੰਨੀ-ਸੁਸ਼ੀਲਾ ਨੂੰ ਇਨ੍ਹਾਂ ਸਾਰੀਆ ਗੱਲਾਂ ਦੀ ਕੋਈ ਭਿਨਕ ਨਹੀਂ ਪਈ। ਸ਼ੁਭ ਚਿੰਤਕਾਂ ਨੇ ਇਹ ਕੋਸ਼ਿਸ਼ ਜ਼ਰੂਰ ਕੀਤੀ ਕਿ ਇਸ਼ਾਰਿਆ ਨਾਲ ਚੇਤੰਨ ਕਰ ਦੇਣ, ਪ੍ਰੰਤੂ ਇਹ ਦੋਵੇਂ 'ਐਨੇ ਦੂਰ ' ਸੀ ਕਿ ਇਸ਼ਾਰੇ ਤਾਂ ਕੀ, ਚਿਤਾਵਨੀਆਂ ਵੀ ਸਾਇਦ ਹੀ ਇਨ੍ਹਾਂ ਨੂੰ ਛੂਹ ਨਾ ਸਕਦੀਆਂ।

'ਅੰਨਤਾਕਸ਼ਰੀ 'ਚ ਇਕ ਤੋਂ ਵੱਧ ਕੇ ਇਕ ਵਧੀਆ ਮਿੱਠੇ ਗੀਤਾਂ ਨਾਲ ਸਰੋਤਿਆਂ ਨੂੰ ਝੂੰਮਣ ਦੇ ਲਈ ਮਜਬੂਰ ਕਰਦੇ ਸਮੇਂ ਇਨ੍ਹਾਂ ਦੋਹਾਂ ਨੂੰ ਪਤਾ ਹੀ ਨਹੀਂ ਲੱਗਾ ਕਿ ਦਰਸ਼ਕਾ ਦੀ ਭੀੜ 'ਚ ਸੁਧੀਰ ਤੇ ਉਨ੍ਹਾਂ ਦੇ ਦੋਸਤ ਬੈਠੇ ਹਨ। ਉਹਨਾਂ ਦੇ ਹੱਥਾਂ 'ਚ ਹਾਕੀਆ, ਬੇਸ ਬੈਟ ਆਦਿ ਸਨ।

ਹਾਂ ਉਂਝ ਡਾ. ਵੰਸ਼ੀਧਰ ਨੂੰ ਪਤਾ ਲੱਗ ਸਕਦਾ ਸੀ। ਉਹ ਵੀ ਦਰਸ਼ਕਾਂ ਦੀ ਭੀੜ 'ਚ ਸੀ ਪ੍ਰੰਤੂ ਉਹ

ਚੀਲ, ਮੱਝ ਅਤੇ ਉਨ੍ਹਾਂ ਦੀ ਉਡਾਨ ਦੇ ਕਿੱਸਿਆ ਤੋਂ ਅਣਜਾਣ ਸੀ। ਉਸ ਕਿੱਸੇ ਨੂੰ ਲਿਖਣ ਵਾਲਿਆ ਨੇ ਵੀ, "ਛੱਡੋ ਉਸ ਕਿਤਾਬੀ ਕੀੜੇ ਨੂੰ।" 'ਉਹਨੂੰ ਕਿਤਾਬਾਂ 'ਚ ਹੀ ਮਰਨ ਦਿਓ।' ਕਹਿੰਦੇ ਹੋਏ ਨਾ ਤਾਂ ਚੀਲ ਦੇ ਬਾਰੇ 'ਚ ਉਹਨੂੰ ਕੁਝ ਜਰੂਰੀ ਸਮਝਿਆ ਤੇ ਨਾਂ ਮੱਝ ਦੇ ਬਾਰੇ 'ਚ । ਫਿਰ ਜਦੋਂ ਸੰਨੀ-ਸੁਸ਼ੀਲਾ ਦੀ ਜੋੜੀ, ਪਹਿਲੀ ਯੂਨੀਵਰਸਿਟੀ ਦੇ ਵਿਸ਼ਾਲ ਸਮਾਗਮ 'ਚ ਆਪਣੀ ਆਵਾਜ਼ ਦਾ ਜਾਦੂ ਬਿਖੇਰ ਰਹੀ ਹੋਵੇ ਅਤੇ ਵੰਸ਼ੀਧਰ ਨੂੰ ਆਪਣੀ ਜੀਵਨ ਦ੍ਰਿਸ਼ਟੀ ਦਾ ਨਵਾਂ ਰਾਹ ਮਿਲ ਰਿਹਾ ਹੋਵੇ ਤਾਂ ਉਨ੍ਹਾਂ ਤੋਂ ਕੋਈ ਹੋਰ ਆਸ ਕੀਤੀ ਵੀ ਕਿਵੇਂ ਜਾ ਸਕਦੀ ਸੀ। ਜਦ ਪਹਿਲੀ ਵਾਰ ਕੁਝ ਸਾਲ ਪਹਿਲਾ ਵੰਸ਼ੀਧਰ ਨੇ 'ਪ੍ਰਤਿਭਾ ਸਮਾਗਮ' ਦੇ ਫਿਲਮੀ 'ਅੰਨਤਾਕਸ਼ਰੀ ' ਸਮਾਗਮ ਦੇ ਪ੍ਰਤੀ ਆਪਣੀ ਰੁਚੀ ਦੱਸੀ ਸੀ ਤਾਂ ਕਈ ਪ੍ਰੋਫੈਸਰਾਂ ਨੇ ਨੱਕ ਮੂੰਹ ਵਿੰਗਾ ਸਿੱਧਾ ਕੀਤਾ ਸੀ। ਇਕ ਅੱਧੇ ਨੇ ਮੌਕਾ ਦੇਖ ਕੇ ਪੁੱਛ ਹੀ ਲਿਆ, "ਇਹ ਕੀ ਡਾਕਟਰ ਸਾਹਿਬ! ਸੰਕਰ ਰਾਮਾਨੁਜ ਰਸੇਲ-ਸਰਤਰ ਦੀਆਂ ਗੱਲਾਂ ਕਰਦੇ ਕਰਦੇ ਇਹ ਕੀ ਕਰਨ ਲੱਗੇ ਹੋ ਆਪ ! ਫਿਲਮੀ ਅੰਨਤਾਕਸ਼ਰੀ 'ਚ ਐਨਾ ਇੰਟ੍ਰੱਸਟ! ਇਸ 'ਚ ਹੁੰਦਾ ਕੀ ਹੈ, ਵਿਹਲੜ ਮੁੰਡੇ-ਕੁੜੀਆਂ ਚਾਲੂ ਕਿਸਮ ਦੇ ਫਿਲਮੀ ਗਾਣੇ ਗਾਉਂਦੇ ਹਨ, ਬਸ।" ਵੰਸ਼ੀਧਰ ਨੇ ਪੁੱਛਣ ਵਾਲੇ ਨੂੰ ਧਿਆਨ ਨਾਲ ਦੇਖਿਆ। ਸਮਝ ਗਿਆ ਕਿ ਸਮਝਾਉਣਾ ਬੇਕਾਰ ਹੈ, ਜਿਵੇਂ ਦਰਸ਼ਨ ਸ਼ਾਸਤਰ ਦਾ ਵਿਦਿਆਰਥੀ ਹਰ ਸਵਾਲ ਕਰਨ ਵਾਲੇ ਨੂੰ ਇਹ ਨਹੀਂ ਸਮਝਾ ਸਕਦਾ ਕਿ ਉਹ ਇਸ 'ਮਾਰਡਨ' ਜ਼ਮਾਨੇ 'ਚ ਦਰਸ਼ਨ ਸ਼ਾਸਤਰ ਕਿਉਂ ਪੜ੍ਹਾ ਰਿਹਾ ਹੈ ? ਕਈ ਵਾਰ ਤਾਂ ਸਵਾਲੀਆਂ ਚਿਹਰਾ ਦੇਖ ਕੇ ਐਨਾ ਕਹਿ ਦੇਣਾ ਹੀ ਕਾਫੀ ਲੱਗਦਾ ਹੈ, "ਮੇਰਾ ਦਿਮਾਗ਼ ਖਰਾਬ ਹੈ।"

ਜਦ ਦਾਖ਼ਲੇ ਤੋਂ ਬਾਅਦ ਪਹਿਲੀ ਵਾਰ ਵੰਸ਼ੀਧਰ ਨੇ ਸੰਨੀ ਅਤੇ ਸੁਸ਼ੀਲਾ ਨੂੰ ਦੇਖਿਆਂ ਤਾਂ ਉਹਨੂੰ ਚੇਤੇ ਆ ਗਿਆ ਕਿ 'ਅੰਨਤਾਕਸ਼ਰੀ' ਚ ਅਕਸਰ ਇਹ ਦੋਵੇਂ ਆਹਮਣੇ-ਸਾਹਮਣੇ ਹੁੰਦੇ ਹਨ ਅਤੇ ਇਨਾਮ ਵੀ ਪ੍ਰਾਪਤ ਹੁੰਦਾ ਹੈ। ਗੱਲਾਂ 'ਚੋਂ ਗੱਲ ਚੱਲੀ ਤਾਂ ਵੰਸ਼ੀਧਰ ਨੇ ਸੰਨੀ ਨੂੰ ਆਪਣੇ ਲਈ ਯੋਗ ਸਮਝ ਕੇ 'ਅੰਨਤਾਕਸ਼ਰੀ ' ਦੇ ਸੰਬੰਧੀ ਆਪਣੇ ਉਹ ਵਿਚਾਰ ਦੱਸੇ ਜੋ ਦਰਅਸਲ ਉਨ੍ਹਾਂ ਸਵਾਲਾਂ ਦੇ ਉਤਰ ਸੀ, ਜਿਸਨੇ ਸੰਕਰ -ਰਾਮਾਨੁਜ, ਰਸੱਲ-ਸ਼ਾਰਤਰ ਪੜ੍ਹਨ ਵਾਲੇ ਵੰਸ਼ੀਧਰ ਨੂੰ ਫਿਲਮ 'ਅੰਨਤਾਕਸ਼ਰੀ ' 'ਚ ਰੁਚੀ ਲੈਂਦੇ ਦੇਖ ਕੇ ਸੰਕਾ ਭਰਿਆ ਸਵਾਲ ਕੀਤਾ ਸੀ, "ਦੇਖੋ ਸੰਨੀ! ਅਤੇ ਤੂੰ ਵੀ ਸੁਸ਼ੀਲਾ ! ਅੰਨਤਾਕਸ਼ਰੀ' 'ਚ ਅਨੇਕਾਂ ਵਾਰ ਹਿੱਸਾ ਲੈਣ ਦੇ ਬਾਵਜੂਦ ਤੁਸੀਂ ਦੋਵੇਂ ਇਹ ਨਹੀਂ ਜਾਣਦੇ ਹੋਵੋਗੇ ਕਿ ਭਾਰਤੀ ਜੀਵਨ ਦ੍ਰਿਸ਼ਟੀ ਹੀ ਅੰਨਤਾਕਸ਼ਰੀ ਹੈ। ਜਿਵੇਂ ਕਿਸੇ ਅਨਪੜ੍ਹ ਨੂੰ ਇਹ ਪਤਾ ਨਹੀਂ ਹੁੰਦਾ ਕਿ ਉਹ 'ਵਾਰਤਕ' 'ਚ ਗੱਲ ਕਰ ਰਿਹਾ ਹੈ ਅਤੇ ਜਦੋਂ ਪਹਿਲੀ ਵਾਰ 'ਵਾਰਤਕ ' ਦੇ ਬਾਰੇ 'ਚ ਸੁਣਦਾ ਹੈ ਤਾਂ ਚਕਰਾ ਜਾਂਦਾ ਹੈ। ਇਸ ਨੂੰ ਅਜਿਹਾ ਸਮਝੋ ਕਿ ਪੱਛਮ ਦੀ ਜੀਵਨ ਦ੍ਰਿਸ਼ਟੀ ਦਾ ਸਾਰ ਈਲੀਅਟ ਦੇ ਮੁਤਾਬਕ , 'ਆਰੰਭ ਹੀ ਮੇਰਾ ਅੰਤ ਹੈ' ਉਂਝ ਭਾਰਤੀ ਜੀਵਨ ਦ੍ਰਿਸ਼ਟੀ ਦਾ ਸਾਰ ਅੰਸ਼ ਹੋਵੇਗਾ, 'ਅੰਤ ਹੀ ਮੇਰਾ ਆਰੰਭ ਹੈ।' ਅੰਨਤਾਕਸ਼ਰੀ 'ਚ ਕੀ ਹੁੰਦਾ ਹੈ ? ਲਾਇਨ ਦੇ ਅੰਤਮ ਅੱਖਰ 'ਚ ਨਵੇਂ ਗੀਤ ਦਾ ਆਰੰਭ ਕਰਨਾ ਪੈਂਦਾ ਹੈ ਭਾਵ ਕਿ ਅੰਤ ਹੀ ਆਰੰਭ।' ' ਇਸ ਲਈ 'ਅੰਨਤਾਕਸ਼ਰੀ ਨੂੰ ਸੁਣਨਾ ਵੀ ਜਿਵੇਂ ਭਾਰਤੀ ਜੀਵਨ ਦ੍ਰਿਸ਼ਟੀ ਦੇ ਦਰਸ਼ਨ ਕਰਨਾ ਹੈ। ਅੰਤ ਤੋਂ ਆਰੰਭ ਤੇ ਫਿਰ ਉਸ ਦਾ ਵੀ ਅੰਤ, ਜਿਸ 'ਚ ਫਿਰ ਇਕ ਨਵਾਂ ਆਰੰਭ। ਵੰਸ਼ੀਧਰ ਨੂੰ ਸੰਨੀ-ਸੁਸ਼ੀਲ ਦੀਆਂ ਅੱਖਾਂ 'ਚ ਜਦੋਂ ਪ੍ਰਸ਼ੰਸ਼ਾ ਦੇ ਭਾਵ ਦਿਸੇ ਤਾਂ ਉਸਦਾ ਮਨ ਤ੍ਰਿਪਤ ਹੋ ਗਿਆ। ਗੱਲ ਨੂੰ ਅੱਗੇ ਵਧਾਉਂਦੇ ਹੋਏ ਉਹਨਾਂ ਨੇ ਕਿਹਾ, "ਅਤੇ ਸਾਡੇ ਜੀਵਨ ਦਾ ਸੰਪੂਰਣ ਟੀਚਾ ਵੀ ਇਸ ਨਾਲ ਪਤਾ ਲੱਗਦਾ ਹੈ। ਕਿ ਅਸੀਂ ਖੁਦ ਨੂੰ ਅੰਤਿਮ ਅੱਖਰ ਬਣਾਉਣਾ ਹੈ ਤਾਂ ਕਿ ਨਵਾਂ ਆਰੰਭ ਹੋ ਸਕੇ।' 'ਅੰਨਤਾਕਸ਼ਰੀ' ਮੁਕਾਬਲੇ 'ਚ ਗਾਇਆ ਜਾਣ ਵਾਲਾ ਹਰ ਨਵਾਂ ਗੀਤ ਸਾਡੇ ਸਾਹਮਣੇ ਇਹੀ ਸਦਾ ਬਹਾਰ ਸੱਚਾਈ ਨੂੰ ਸਾਫ ਕਰਦਾ ਹੈ ਇਹੀ ਭਾਰਤੀ ਗਿਆਨ ਹੈ। 'ਜਿਹੜਾ ਘਰ ਫੂਕੇ ਆਪਣਾ' ਜਾਂ 'ਸੀਸ ਕੱਟ ਕੇ ਧਰਤੀ ਤੇ ਰੱਖੇ' ਵਰਗੀਆ ਪੰਕਤੀਆਂ ਵੀ ਤਾਂ ਇਹੀ ਕਹਿੰਦੀਆਂ ਹਨ, ਅੰਤਿਮ ਅੱਖਰ ਚਾਹੀਦਾ ਹੈ ਨਵੇਂ ਆਰੰਭ ਦੇ ਲਈ , ਇਸ ਲਈ...।" ਉਹ ਰੁਕੇ ਤੇ ਸੰਨੀ-ਸੁਸ਼ੀਲਾ ਦੇ ਵੱਲ ਆਸ ਭਰੀਆ ਨਜ਼ਰਾਂ ਨਾਲ ਦੇਖਿਆ ਮਕਸਦ ਸਮਝ ਕੇ ਦੋਹਾਂ ਨੇ ਤੁਰੰਤ ਗੱਲ ਪੂਰੀ ਕੀਤੀ, "ਹਰ ਇਕ ਨੂੰ ਯਤਨ ਕਰਨਾ ਚਾਹੀਦਾ ਹੈ ਕਿ ਅੰਤਿਮ ਅੱਖਰ ਬਣੇ।"

ਅੰਤਿਮ ਗੱਲ ਇਹ ਕਿ ਡਾ. ਵੰਸ਼ੀਧਰ ਨੇ ਨਾ ਤਾਂ ਸੁਧੀਰ ਅਤੇ ਉਸਦੇ ਸਾਥੀਆ ਨੂੰ ਦੇਖਿਆ ਅਤੇ ਨਾ ਸੰਨੀ ਅਤੇ ਸੁਸ਼ੀਲਾ ਦੇ ਇਲਾਵਾ ਕਿਸੇ ਹੋਰ ਨੂੰ ਹੀ। ਇਸ ਪਾਸੇ 'ਫਿਲਮੀ ਅੰਨਤਾਕਸ਼ਰੀ ' ਦਾ ਦਾਰਸ਼ਨਿਕ ਪੱਖ ਉਹਨਾ ਦੇ ਦਿਮਾਗ਼ ਨੂੰ ਸਕੂਨ ਦੇ ਰਿਹਾ ਸੀ ਅਤੇ ਦੂਜੇ ਪਾਸੇ ਸੰਨੀ ਸੁਸ਼ੀਲਾ ਅਤੇ ਦੂਜੇ ਮੁਕਾਬਲੇ 'ਚ ਭਾਗ ਲੈਣ ਵਾਲਿਆ ਦੀਆਂ ਮਿੱਠੀਆ ਆਵਾਜ਼ਾਂ ਉਹਨਾਂ ਦੇ ਦਿਲ ਨੂੰ ਰਾਹਤ ਪਹੁੰਚਾ



ਰਹੀਆਂ ਸਨ। ਉਹ ਪੂਰੀ ਤਰ੍ਹਾਂ ਨਾਲ ਆਪਣੇ ਆਪ 'ਚ ਡੁੱਬੇ ਹੋਏ ਸਨ। ਇਕਾਗਰ ਮਨ ਨਾਲ।

ਸੰਨੀ ਸੁਸ਼ੀਲਾ ਨੂੰ ਦੇਖ ਕੇ ਦਲਿਤ-ਬ੍ਰਾਹਮਣ ਦਾ ਵਿਰੋਧ ਖੜਾ ਕਰਨ ਵਾਲਿਆ ਉੱਤੇ ਉਹਨੂੰ ਤਰਸ ਆਉਣ ਲੱਗ ਪਿਆ। ਇਸ ਵੇਲੇ ਕਿਹੜਾ ਦ੍ਰਿਸ਼ ਉਸ ਦੇ ਮੂਹਰੇ ਸੀ, ਉਸ ਦੇ ਬਾਰੇ 'ਚ ਅੱਜ ਵੀ ਉਨ੍ਹਾਂ ਨੇ ਅਸ਼ੀਰਵਾਦ ਦੇ ਲਈ ਆਏ ਹੋਏ ਸੰਨੀ ਸੁਸ਼ੀਲਾ ਨੂੰ ਕਿਹਾ ਸੀ , "ਬਹੁਤ ਕੁਝ ਸੁਣਿਆ ਹੈ ਮੈਂ ਅਤੇ ਸਪਸਟ ਮੈਨੂੰ ਵੀ ਕਹਿ ਗਿਆ, ਤੁਹਾਡੇ ਲੋਕਾਂ ਦੇ ਕਾਸਟ-ਡਿਫ਼ਰੈਂਸ਼ ਨੂੰ ਲੈ ਕੇ। ਕਾਸਟ ਨੂੰ ਟੇਡੀ ਸ਼ਕਲ ਤਰੀਕੇ ਨਾਲ ਇਸ ਤਰ੍ਹਾਂ ਮੰਨਣਾ ਕਿ ਸਭ ਕੁਝ ਵਲਗਰ ਹੋ ਜਾਵੇ, ਮੈਨੂੰ ਰਾਸ ਨਹੀਂ ਆਉਂਦਾ। ਫਿਰ ਵੀ ਜੇਕਰ ਬਚਪਨ 'ਚ ਕੇਵਲ ਪਾਲਣ-ਪੋਸ਼ਣ ਦੀ ਥਾਂ ਤੇ ਤੁਹਾਡੇ ਵਿਚਕਾਰ ਵਿਰੋਧੀ ਸੰਸਕਾਰ ਪਏ ਹੋਣਗੇ, ਤਾਂ ਕੀ ਹੋਇਆ ? 'ਖਿਲਾਫ਼' ਉਦੋਂ ਹੀ ਕੁਝ ਰੜਕਦਾ ਹੈ, ਜਦ ਤੱਕ ਤਾਲਮੇਲ ਨਾ ਹੋਵੇ। ਅਤੇ ਜਦੋਂ ਤਾਲਮੇਲ ਚੇਤਨਾ ਦੇ ਧਰਾਤਲ ਉੱਤੇ ਕੀਤਾ ਜਾ ਰਿਹਾ ਹੋਵੇ ਤਾਂ ਫਿਰ ਬਦਸੂਰਤੀ ਦੀ ਗੁੰਜਾਇਸ਼ ਹੀ ਕਿੱਥੇ! "

0 0 0

ਪਿਛਲੇ ਦੋ ਤਿੰਨ ਦਿਨਾਂ ਤੋਂ ਸੰਨੀ-ਸੁਸ਼ੀਲਾ ਅਪਸੈਟ ਸੀ। ਸ਼ੁਰੂਆਤ ਸੁਸ਼ੀਲਾ ਦੇ ਵਲੋਂ ਹੋਈ ਸੀ। ਉਹ ਕਾਲਜ ਦੇਰ ਨਾਲ ਪਹੁੰਚੀ ਸੀ। ਚਿਹਰਾ ਉਤਰਿਆ ਹੋਇਆ ਸੀ ਤੇ ਸਰੀਰ ਢਿੱਲਾ ਜਿਹਾ। ਕਣਕ ਵੰਨਾ ਰੰਗ ਸਾਂਵਲਾ ਜਿਹਾ ਲੱਗ ਰਿਹਾ ਸੀ। ਐਨਕਾਂ ਦੇ ਅੰਦਰੋਂ ਝਾਕਦੀਆਂ ਅੱਖਾਂ 'ਚ ਚਮਕ ਬਿਲਕੁਲ ਖਤਮ ਅਤੇ ਥਕਾਵਟ ਜਿਵੇਂ ਸਰੀਰ 'ਚੋਂ ਫੁੱਟੀ ਹੋਈ ਸੀ।

"ਕੀ ਹੋਇਆ ? ਕੀ ਤਬੀਅਤ ਖ਼ਰਾਬ ਹੈ ?" ਸਵਾਲ ਦੀ ਸੁਰ ਹੀ ਦੱਸ ਰਹੀ ਸੀ ਕਿ ਪੁੱਛਣ 'ਚ ਕੋਈ ਉਚੇਚ ਨਹੀਂ ਹੋ ਰਹੀ। ਬਲਕਿ ਸੱਚਮੁੱਚ ਦੀ ਘਬਰਾਹਟ ਹੈ।

"ਕੋਈ ਖਾਸ ਗੱਲ ਨਹੀਂ, ਉਂਝ ਹੀ।" ਉਸਨੇ ਟਾਲਣਾ ਚਾਹਿਆ।

"ਉਂਝ ਹੀ ਕੀ? ਜ਼ਰਾ ਆਪਣਾ ਚਿਹਰਾ ਤਾਂ ਦੇਖ ਸ਼ੀਸ਼ੇ 'ਚ । ਕੀ ਹਾਲ ਏ? ਕੀ ਹੋਇਆ ਦੱਸ ਨਾ।"ਉਸ ਦੇ ਵਲੋਂ ਕਿਹਾ ਗਿਆ ਹਰ ਸ਼ਬਦ ਜਿਵੇਂ ਸਵਾਲ ਬਣ ਗਿਆ ਹੋਇਆ ਸੀ ਆਪਣੇ ਆਪ 'ਚ ਪੂਰੀ ਤਰ੍ਹਾਂ ਸੁਸ਼ੀਲਾ ਕਿਸੇ ਵੀ ਹਾਲਤ 'ਚ ਗੱਲ ਨਹੀਂ ਕਰਨੀ ਚਾਹੁੰਦੀ ਸੀ ਪ੍ਰੰਤੂ ਸੰਨੀ ਦੀ ਜਿੱਦ ਵਧਦੀ ਹੀ ਗਈ। ਜਦ ਉਸ ਨੇ ਪੰਜਵੀਂ ਵਾਰ ਵੀ ਇਹ ਸਵਾਲ ਕੀਤਾ ਹਾਂ ਸੁਸ਼ੀਲਾ ਭੁੱਖੀ ਸ਼ੇਰਨੀ ਵਾਂਗ ਪਈ, "ਕੀ ਜਾਨਣਾ ਚਾਹੁੰਦੇ ਹੋ ਤੁਸੀਂ ? ਮੈਂ ਟਾਲਣਾ ਚਾਹੁੰਦੀ ਹਾਂ ਅਤੇ ਤੂੰ ਏ ਕਿ ਪੁੱਛਦਾ ਹੀ ਜਾ ਰਹਾ ਏ। ਮੈਂ ਇਕ ਇਸਤਰੀ ਹਾਂ ਅਤੇ ਇਸਤਰੀ ਦੀਆਂ ਸਰੀਰਕ ਮੁਸ਼ਕਲਾਂ ਕਾਫ਼ੀ ਹੁੰਦੀਆ ਹਨ। ਉਨ੍ਹਾਂ ਮੁਸ਼ਕਲਾ ਨੂੰ ਝੱਲਣਾ ਹੀ ਪੈਂਦਾ ਹੈ। ਕੋਈ ਹੋਰ ਹੱਲ ਹੀ ਨਹੀਂ ।"

"ਤਾਂ ਅਜਿਹਾ ਕਹਿ ਨਾ ! ਮੈਂ ਵੀ ਸਮਝਦਾ ਹਾਂ ਆਖ਼ਿਰ ਇਕ ਪਰਿਵਾਰ 'ਚ ਵੱਡਾ ਹੋਇਆ ਹਾਂ। ਬਚਪਨ ਤੋਂ ਔਰਤ ਨੂੰ ਦੇਖਿਆ ਹੈ... ਮੰਥਲੀ ਪੀਰੀਅਰਡ ਸ਼ੁਰੂ ਹੋ ਗਿਆ ਹੈ ਨਾ ਤੇਰਾ! ਪ੍ਰੰਤੂ ਕੀ ਕੋਈ ਗਾਇਨਕ ਪ੍ਰੋਬਲਮ ਹੈ ?"

"ਨਹੀਂ।" ਰੁੱਖਾ ਬੋਲ। ਉਸ ਤਰ੍ਹਾਂ ਦਾ ਜੁਵਾਬ।

"ਤਾਂ ਫਿਰ ?" ਇਹ ਤਾਂ ਇਕ ਨੇਚਰਲ ਪ੍ਰੋਸੇਸ ਹੈ।"

"ਦੇਖੋ " ਅਕਸਰ ਤਾਂ ਮੈਂ ਇਨ੍ਹਾਂ ਦਿਨ੍ਹਾਂ 'ਚ ਆਉਂਦੀ ਹੀ ਨਹੀਂ ਹਾਂ। ਪ੍ਰੋਬਲਮ ਮੈਂ ਦੱਸਿਆ ਸੀ ਨਾ ਕਿ ਤੈਨੂੰ ਸਾਡੇ ਘਰ 'ਚ ਹੈ। ਮਾਂ ਪੱਕੀ ਵੈਸਨੂੰ। ਬਹੁਤ ਕੱਟੜ। ਪੂਰਾ ਘਰ ਹੀ ਜਿਵੇਂ ਕਾਲ ਕੋਠੜੀ ਬਣ ਜਾਂਦਾ ਹੈ, ਇਨ੍ਹਾਂ ਦਿਨ੍ਹਾਂ 'ਚ ਬੌਡੀ ਦੀ ਪਰਿਸ਼ਾਨੀ ਰਹਿੰਦੀ ਹੈ ਚਾਰ ਦਿਨ, ਉਹ ਤਾਂ ਰਹਿੰਦੀ ਹੀ ਹੈ। ਨਾਲ ਹੀ ਇਹ ਵੀ ਇਕ ਦੂਰ ਬੈਠੋ। ਇਹਨੂੰ ਨਾ ਛੂਹੋ, ਉਸ ਨੂੰ ਹੱਥ ਨਾ ਲਾਵੀ। ਇਹ ਤੇਰੇ ਭਾਂਢੇ, ਇਹ ਤੇਰੇ ਕੱਪੜੇ! ਜਿਵੇਂ ਅਛੂਤ ਹੋ ਗਈ ਹੋਵਾਂ ਆਪਣੇ ਘਰ 'ਚ ।" ਕਹਿੰਦਿਆ ਕਹਿੰਦਿਆ ਹੀ ਸੁਸ਼ੀਲਾ ਨੂੰ ਲੱਗਾ ਕਿ ਅਛੂਤ ਕਹਿਣਾ ਠੀਕ ਨਹੀਂ ਹੈ। ਸੰਨੀ ਨੂੰ ਜਰੂਰ ਰੜਕਿਆ ਹੋਵੇਗਾ। ਜਿਵੇਂ ਕਿਸੇ ਅੰਨੇ ਦੇ ਮੂਹਰੇ 'ਅੰਨਾ' ਕਹਿਣਾ। ਗੱਲ ਨੂੰ ਮੋੜ ਦਿੰਦੇ ਹੋਏ ਉਹਨੇ ਕਿਹਾ, "ਇਸ ਲਈ ਤਾਂ ਮੈਂ ਕਿਹਾ ਉਸ ਦਿਨ ਕਿ ਮੈਂ ਇਸਤਰੀ ਹੋਣ ਦੇ ਕਾਰਨ ਤੇਰੀ ਤਕਲੀਫ਼ ਸਮਝ ਸਕਦੀ ਹਾਂ।"

ਰੜਕਿਆ ਵੀ ਸੀ ਸੰਨੀ ਨੂੰ ਅਤੇ ਸੁਸ਼ੀਲਾ ਦੇ ਬੋਲਾਂ 'ਚ 'ਅਛੂਤ' ਸੁਣਨਾ ਅਜੀਬ ਵੀ ਲੱਗਾ ਸੀ। ਉਦੋਂ ਤੂੰ ਇਹ ਵੀ ਕਿਹਾ ਸੀ ਕਿ ਮੈਨੂੰ ਵੀ ਇਸਤਰੀ ਦੀ ਹਾਲਤ ਸਮਝਣੀ ਚਾਹੀਦੀ ਹੈ।" ਕਹਿੰਦਿਆ ਕਹਿੰਦਿਆ 'ਅਛੂਤ' ਹੋਣ ਦੇ ਕਾਰਨ ਉਹ ਇਹ ਨਹੀਂ ਕਹਿ ਸਕਿਆ ਅਤੇ 'ਇਸ ਲਈ' ਨਾਲ ਕੰਮ ਚਲਾ ਲਿਆ।

"ਅਜਿਹਾ ਤਾਂ ਮੈਂ ਨਹੀਂ ਕਿਹਾ ਸੀ।"

"ਹੋ ਸਕਦਾ ਹੈ ਕਿ ਇਹ ਸਤਰੰਜ ਚੰਗੀ ਨਹੀਂ ਲੱਗਦੀ ਸੀ। ਉਹ ਇਸ ਤੋਂ ਉਕਤਾ ਗਈ ਸੀ। ਉਂਝ ਵੀ ਸਰੀਰ ਪਹਿਲਾ ਢਿੱਲਾ ਸੀ ਹੁਣ ਮੰਨ ਵੀ ਅਜਿਹਾ ਹੀ। ਆਖਿਰ ਸੰਨੀ ਉਸ ਨੂੰ ਇਕੱਲਾ ਕਿਓ ਨਹੀਂ ਛੱਡ ਦਿੰਦਾ ? ਕਿਉਂ ਉਹ ਥੋੜੀ ਦੇਰ ਚੁੱਪ ਨਹੀਂ ਰਹਿ ਸਕਦਾ ? ਸੁਸ਼ੀਲਾ ਦੇ ਸ਼ਬਦਾਂ ਦਾ ਬੰਨ ਕਿ ਹੁਣ ਟੁੱਟੇ ਹੁਣ ਟੁੱਟੇ। ਉਦੋਂ ਹੀ ਉਹਦੇ ਮੂੰਹ 'ਚੋਂ ਉਸਦੀ ਮਰਜੀ ਤੋਂ ਬਿਨਾ ਗੱਲ ਨਿਕਲ ਗਈ, "ਮੈਂ ਨਹੀਂ ਜਾਣਦੀ ਕਿ ਆਖ਼ਿਰ ਤੇਰੇ ਮੂੰਹ ਨੂੰ... ? ਕੀ ਤੂੰ ਥੋੜੀ ਦੇਰ ਚੁੱਪ ਨਹੀਂ ਰਹਿ ਸਕਦਾ ? ਪਤਾ ਨਹੀਂ ਕੀ ਸਮਝਦੇ ਹੋ ਆਪਣੇ ਆਪ ਨੂੰ ? ਅਤੇ ਇਹ ਵੀ ਪਤਾ ਨਹੀਂ ਕਿ ਮੈਂ ਕੀ ਹਾਂ ਤੇਰੇ ਲਈ। ਕੁਝ ਹਾਂ ਵੀ ਕਿ ਨਹੀਂ ?" ਦਿਲ 'ਚ ਆਇਆ ਵੀ ਉਦੋਂ ਕਿ ਅਜਿਹਾ ਕੀ ਹੋ ਗਿਆ ? ਉਹ ਇਹ ਸਭ ਕੀ ਕਰੀ ਦਾ ਰਹੀ ਹੈ ? ਪ੍ਰੰਤੂ ਰੋਕਦੇ ਰੋਕਦੇ ਵੀ ਸ਼ਬਦ ਬਾਹਰ ਨਿਕਲ ਰਹੇ ਸਨ, "ਲੇਕਿਨ ਐਨਾ ਜਰੂਰ ਕਹਿ ਸਕਦੀ ਹਾਂ ਕਿ ਤੂੰ ਮੇਰੇ ਲਈ ਇਮਪਾਸੀਬਲ ਹੋ, ਬਸ ਇਮਪਾਸੀਬਲ।" ਜਿਵੇਂ ਛਾਤੀ ਦੇ ਅ-ਸਹਿਣਯੋਗ ਭਾਰ ਨੂੰ ਸੁੱਟ ਦਿੱਤਾ ਹੋਵੇ ਉਸਨੇ। ਕਹਿ ਦੇਣ ਦੇ ਨਾਲ ਉਹ ਸਹਿਮ ਵੀ ਰਹੀ ਸੀ ਅਤੇ ਰਾਹਤ ਵੀ ਮਹਿਸੂਸ ਕਰ ਰਹੀ ਸੀ।

"ਇਮਪਾਸੀਬਲ ਕੀ ਮਤਲਬ ਹੈ ਤੇਰਾ, "ਇਮਪਾਸੀਬਲ ?" ਸੰਨੀ ਦਾ ਸਨਕੀਪੁਣਾ ਚਾਰਜ ਹੋ ਚੁੱਕਾ ਸੀ। ਸੁਸ਼ੀਲਾ ਵੀ ਖੁਦ ਨੂੰ ਸੰਭਾਲਣ ਦੀ ਹਾਲਤ 'ਚ ਨਹੀਂ ਸੀ। "ਤਾਂ ਇਸਪਾਸੀਬਲ ਦਾ ਮਤਲਬ ਨਹੀਂ ਪਤਾ ਤੈਨੂੰ। ਡਿਕਸ਼ਨਰੀ 'ਚ ਦੇਖ ਲੈ।" ਆਵਾਜ਼ 'ਚ ਨਾ ਚਾਹੁੰਦੇ ਹੋਏ ਵੀ ਤਿੱਖਾਪਨ ਸੀ। 'ਉਸ 'ਚ ਮਿਲ ਜਾਣਗੇ ਤੈਨੂੰ 'ਅਸੰਭਵ' 'ਕਦੀ ਨਹੀਂ' ਵਰਗੇ ਸ਼ਬਦ । ਸਾਰਾ ਕੁਝ ਸਮਝ ਵਿਚ ਆ ਜਾਵੇਗਾ ਉਦੋਂ। ਮਤਲਬ ਵੀ ਅਤੇ ਉਸ 'ਮਤਲਬ' ਦਾ ਮਤਲਬ ਵੀ।" ਦਰਅਸਲ ਸੁਸ਼ੀਲਾ ਕਾਲਜ ਆਉਣਾ ਚਾਹੁੰਦੀ ਨਹੀਂ ਸੀ। ਖੁਦ 'ਤੇ ਜਬਰਦਸਤੀ ਕੀਤੀ ਸੀ ਉਸ ਨੇ। ਉਸ ਨੂੰ ਚੇਤੇ ਆ ਗਿਆ ਸੀ 'ਪ੍ਰਤਿਭਾ' 'ਚ ਭਾਗ ਲੈਣ ਦਾ ਚੱਕਰ। ਪ੍ਰੰਤੂ ਸੰਨੀ 'ਪ੍ਰਤਿਭਾ' ਨੂੰ ਲੈ ਕੇ ਬੱਚੇ ਦੇ ਵਾਂਗ ਉਤਸਾਹਤ ਸੀ। ਕਿਸੇ ਵੀ ਕੰਪੀਟੀਸ਼ਨ ਨੂੰ ਲੈ ਕੇ ਉਸ ਦੀਆਂ ਕਿਲਕਾਰੀਆ ਫੁੱਟਣ ਲੱਗਦੀਆਂ ਸਨ। ਫਿਰ ਸੁਸ਼ੀਲਾ ਦੇ ਨਾਲ 'ਟੀਮ' ਬਣਾਉਣਾ ਵੱਖਰਾ ਚਾਰਜ ਕਰ ਰਿਹਾ ਸੀ। ਜਦ ਦੇਖੋ 'ਸਾਡੀ ਟੀਮ ਸਾਡੀ ਟੀਮ' ਕਹਿੰਦਾ ਰਹਿੰਦਾ ਸੀ। ਜੇਕਰ ਉਸ ਭਾਗ ਨਹੀਂ ਲਵੇਗੀ ਤਾਂ ਕਿਵੇਂ ਉਸਦਾ ਸੁਪਨਾ ਚੂਰ ਚੂਰ ਹੋ ਜਾਵੇਗਾ।

ਖਰਾਬ ਮਨ ਸੀ ਇਸ ਕਰਕੇ ਸੰਨੀ ਨਾਲ ਦੋ ਹੱਥ ਹੋ ਗਏ। ਉਂਝ ਵੀ ਹਰ ਮਹੀਨੇ 'ਤਕਲੀਫ਼' ਦੇ ਚਾਰ ਦਿਨ ਪਰੇਸ਼ਾਨੀ ਦੇ ਬੀਤਦੇ ਸਨ। ਤਕਲੀਫ਼ ਜਿਸਮ ਦੀ ਵੀ ਤੇ ਮਨ ਦੀ ਵੀ। ਇਸਤਰੀ ਜੀਵਨ ਲੈ ਕੇ ਤਰ੍ਹਾਂ ਤਰ੍ਹਾਂ ਦੀਆਂ ਕਲਪਨਾ ਅਤੇ ਸੋਚ ਵਿਚਾਰ। ਕਾਮ ਦੇ ਵਰਜਿਤ ਬਿੰਬਾਂ ਦੀਆਂ ਕੜੀਆਂ 'ਚ ਕੜੀਆ ਦਿਸਣ ਲੱਗਦੀਆ। ਆਪਣੇ ਬੋਧਿਕ ਹੋਣ ਦਾ ਭਰਮ ਪੂਰੀ ਤਰਾਂ ਢਹਿ ਢੇਰੀ ਹੋ ਜਾਂਦਾ । ਸਰੀਰ ਦੀ ਅਸੁਹਲਤ ਵੱਖਰੀ। ਉਪਰ ਤੋਂ ਮਾਂ ਦਾ ਸੇਡਿਸਿਟਕ ਕੱਟੜਪਨ। ਜਦੋਂ ਤੋਂ ਸ਼ੁਰੂ ਹੋਇਆ ਉਦੋਂ ਤੋਂ ਪ੍ਰੰਤੂ ਅਸਹਿਣਯੋਗ ਲੱਗੇ ਤਾਂ ਵੀ ਕੀ ਕਰੇ ? ਵਿਛਾਉਣੇ ਦੇ ਲਈ ਇਕ ਛੋਟੀ ਜਿਹੀ ਦਰੀ। ਪਾਣੀ ਵੀ ਪੀਣਾ ਹੋਵੇ ਤਾਂ ਮੰਗਦੇ ਮੰਗਦੇ ਬੁਰਾ ਹਾਲ ਹੋ ਜਾਵੇ। ਮਾਂ ਦੇ ਹੱਥ ਦਾ ਕੰਮ ਖਤਮ ਹੋਵੇ ਤਾਂ ਉਹ ਦੇਵੇ। ਉਦੋਂ ਤੱਕ ਉਡੀਕ ! ਫਿਰ ਇਨ੍ਹਾਂ ਚਾਰ ਦਿਨਾਂ 'ਚ ਮਾਂ ਨੂੰ ਉਸ ਦਾ ਵੱਡਾ ਹੋਣਾ, ਉਮਰ ਤੇ ਇਹ ਵੀ ਚੇਤੇ ਆਉਂਦੀ ਕਿ ਜੇਕਰ ਸਮੇਂ ਤੇ ਵਿਆਹ ਹੋ ਗਿਆ ਹੁੰਦਾ ਤਾਂ ਇਕ ਬੱਚੇ ਦੀ ਮਾਂ ਤਾਂ ਬਣ ਹੀ ਜਾਂਦੀ ਅਤੇ ਉਹਦੀਆਂ ਕਿਹੜੀਆਂ ਕਿਹੜੀਆਂ ਸਹੇਲੀਆਂ ਦਾ ਵਿਆਹ ਹੋਇਆ ਹੈ। ਅਤੇ ਉਹ ਬੱਚੇ ਦੀ ਮਾਂ ਬਣੀ ਹੈ। ਸੁਣਨ ਦੀ ਮਜਬੂਰੀ ਕਿ ਉਹ ਨੁਕਰ ਛੱਡ ਕੇ ਜਾ ਵੀ ਨਹੀਂ ਸਕਦੀ, ਜੇ ਬਹੁਤ ਹੋਇਆ ਤਾਂ ਟਾਈਲੇਟ 'ਚ ਵੜ ਕੇ ਕੁੰਡਾ ਲਾ ਲਿਆ। ਪ੍ਰੰਤੂ ਕਿੰਨੀ ਵਾਰ !

ਜਦ ਵੀ ਸੰਨੀ 'ਦਲਿਤ' ਚੇਤਨਾ ਦੀ ਗੱਲ ਕਰਦਾ ਤਾਂ ਉਹ ਉਨ੍ਹਾਂ ਚਾਰ ਦਿਨਾਂ ਦੇ ਸੰਬੰਧ 'ਚ ਸੋਚਣ ਲਗਦੀ। ਦਲਿਤਾਂ ਦੀਆਂ ਇਸਤਰੀਆਂ ਨੂੰ ਅਜਿਹਾ ਕੱਟੜਪਨ ਤਾਂ ਨਹੀਂ ਝੱਲਣਾ ਪੈਂਦਾ ਹੋਵੇਗਾ।

ਅਜਿਹੀ ਹਾਲਤ 'ਚ ਸੋਚਣ, ਮਹਿਸੂਸ ਕਰਨ ਅਤੇ ਕਲਪਨਾ ਕਰਨ ਦੇ ਲਈ ਕੇਵਲ ਹੀਣਤਾ ਦਾ ਉੱਠਦਾ ਤੁਫ਼ਾਨ ! ਮਨ ਕਰਦਾ ਕਿ ਸੰਨੀ ਦੇ ਮੂੰਹ ਤੇ ਚੀਕ ਕੇ ਕਰੇ, "ਕੀ ਦਲਿਤ ਦਲਿਤ ਲਾ ਰੱਖੀ ਹੈ, ਇਸਤਰੀ ਤਾਂ ਦਲਿਤ ਹੁੰਦੀ ਹੀ ਹੈ।" ਉਸ ਨੂੰ ਇਹ ਨਹੀਂ ਪਤਾ ਕਿ ਦਲਿਤ ਇਸਤਰੀ ਕਿਸ ਤਰ੍ਹਾਂ ਮਹਿਸੂਸ ਕਰਦੀ ਹੋਵੇਗੀ ? ਉਸਦੇ ਘਰ ਇਸ ਤਰ੍ਹਾਂ ਦਾ ਕੱਟੜਪਨ ਨਾ ਹੁੰਦਿਆ ਵੀ। ਮਾਂ ਅਜਿਹੀ ਕੱਟੜਪੰਥੀ ਕਿ ਕਦੇ ਟੀ. ਵੀ. ਉਤੇ ਸੈਨੇਟਰੀ ਨੈਪਕਿਨ ਦਾ ਇਸ਼ਤਿਹਾਰ ਦੇਖਦੀ ਤਾਂ ਮਨ ਦੁੱਖੀ ਹੋ ਕੇ



ਕੇ ਰਹਿ ਜਾਂਦਾ, ਮਾਂ ਦੀ ਟ੍ਰੇਨਿੰਗ ਕਿ ਕੱਪੜੇ ਨੂੰ ਤਹਿ ਕਰਕੇ ਇਸ ਤਰ੍ਹਾਂ ਬੰਨਿਆ ਜਾਵੇ ਕਿ ਕੰਮ ਚਲਾਇਆ ਜਾ ਸਕੇ। ਇਸ ਸਥਿਤੀ 'ਚ ਸੰਨੀ ਦਾ ' ਕੀ ਹੋਇਆ ਕੀ ਹੋਇਆ' ਸਿਹਤ ਤਾਂ ਨਹੀਂ ਖਰਾਬ ਹੋ ਗਈ ਤੇਰੀ।" ਆਦਿ ਕਹਿਣਾ, ਪੁੱਛਣਾ ਇੰਝ ਲੱਗਾ ਜਿਵੇਂ ਖਿੱਲੀ ਉਡਾਈ ਜਾ ਰਹੀ ਹੈ। ਖਿੱਝ ਨਹੀਂ ਆਵੇਗੀ ਤਾਂ ਹੋਰ ਕੀ ਆਵੇਗੀ ? ਜੇਕਰ ਸੰਨੀ ਬੁਰਾ ਮੰਨਦਾ ਹੈ ਤਾਂ ਮੰਨੀ ਜਾਵੇ। ਉਹ ਕੋਈ ਮਿਸੇਜ ਪਾਟਿਲ ਤਾਂ ਨਹੀਂ ਕਿ ਆਪਣੀ ਇਸ ਤਰ੍ਹਾਂ ਬੇਇੱਜਤੀ ਨੂੰ ਸਹਿਜ ਰੂਪ ਨਾਲ ਸਵੀਕਾਰ ਕਰ ਲਵੇ। ਉਂਝ ਸ਼੍ਰੀਮਤੀ ਪਾਟਿਲ ਕੈਮਿਸਟਰੀ ਡਿਪਾਰਟਮੈਂਟ 'ਚ ਰੀਡਰ ਪੋਸਟ ਉੱਤੇ ਹੈ ? ਫਿਰ ਵੀ ਉਹਨੂੰ ਦੇਖ ਕੇ ਲੱਗਦਾ ਹੈ ਕਿ ਜਿਵੇਂ ਮੈਂਟਲੀ ਰਿਟਾਰਡ ਹੋਮ 'ਚ ਰੱਖੀ ਜਾ ਸਕਦੀ ਹੈ। ਉਹਨੂੰ ਆਪਣੀ ਹੀ ਮੰਥਲੀ ਪੀਰੀਅਡਸ ਦੀ ਡੇਟ ਦਾ ਅੰਦਾਜ਼ਾ ਨਹੀਂ ਰਹਿੰਦਾ ਸੀ। ਦੋ ਚਾਰ ਵਾਰ ਤਾਂ ਅਜਿਹਾ ਹੋਇਆ ਕਿ ਉਹ ਪ੍ਰਿੰਸੀਪਲ ਰੂਮ ਦੇ ਵੱਲ ਜਾ ਰਹੀ ਹੈ ਅਤੇ ਪਿੱਛੇ ਵੱਲ ਇਕ ਵੱਡਾ ਧੱਬਾ ਨਜ਼ਰ ਆ ਰਿਹਾ ਹੈ। ਮੇਲ ਸਟੂਡੈਂਟਸ, ਕਲਰਕ ਵਗੈਰਾ ਦੀ ਨਜ਼ਰ ਪੈ ਰਹੀ ਹੈ। ਕਿਸੇ ਨੂੰ ਸਮਝ 'ਚ ਨਹੀਂ ਆ ਰਿਹਾ ਕਿ ਉਹਨੂੰ ਕਿਵੇਂ ਦੱਸਿਆ ਜਾਵੇ। ਅਜਿਹੀ ਹਾਲਤ 'ਚ ਉਹ ਪ੍ਰਿੰਸੀਪਲ ਦੇ ਕਮਰੇ 'ਚ ਜਾ ਕੇ ਉਹਨਾਂ ਨਾਲ ਗੱਲਬਾਤ ਕਰਕੇ ਵੀ ਪਰਤ ਆਉਂਦੀ ਹੈ। ਫਿਰ ਸਾਇਦ ਪ੍ਰਿੰਸੀਪਲ ਹੀ ਕਿਸੇ ਲੇਡੀ ਲੈਕਚਰਾਰ ਨੂੰ ਇਸ਼ਾਰਾ ਕਰਕੇ ਕਹਿੰਦੇ ਹਨ ਕਿ ਮਿਸੇਜ਼ ਪਾਟਿਲ ਨੂੰ ਦੱਸੋ। ਉਹਨੂੰ ਦੱਸਿਆ ਜਾਂਦਾ ਹੈ ਤਾਂ ਉਹ ਉਦੋਂ ਮੁੜ ਕੇ ਵੱਡੇ ਹੁੰਦੇ ਧੱਬੇ ਨੂੰ ਇੰਝ ਦੇਖਦੀ ਹੈ ਕਿ ਜਿਵੇਂ ਕੁਝ ਵੀ ਨਹੀਂ ਹੋਇਆ ਹੁੰਦਾ। ਫਿਰ ਬੜੀ ਹੀ ਸਹਿਜ ਹੋ ਕੇ ਦੱਸਣ ਵਾਲੀ ਲੇਡੀ ਡਾਕਟਰ ਨੂੰ 'ਥੈਂਕਯੂ' ਕਹਿੰਦੀ ਹੈ। ਅਤੇ ਸਹਿਜਤਾ ਨਾਲ ਟਾਈਲੈਟ ਵੱਲ ਜਾਂਦੀ ਹੈ ਅਕਸਰ ਹੀ ਉਹਦੇ ਕੋਲ ਸੇਨੇਟਰੀ ਨੈਪਕਿਨਸ ਦਾ ਕੋਈ ਪ੍ਰਬੰਧ ਨਹੀਂ ਹੁੰਦਾ। ਘਟ ਤੋਂ ਘੱਟ ਅਜਿਹਾ ਦੋ ਤਿੰਨ ਵਾਰ ਤਾਂ ਹੋ ਚੁੱਕਾ ਹੈ। ਕਿ ਉਹਨੇ "ਸਾਮਲੂ ਨੂੰ ਕੈਮਿਸਟ ਦੀ ਦੁਕਾਨ ਤੋਂ 'ਕੇਅਰ ਫ੍ਰੀ' ਬੰਡਲ ਲਿਆਉਣ ਨੂੰ ਕਿਹਾ ਹੋਵੇ। ਸਭ ਦੇ ਸਾਹਮਣੇ ਅਤੇ ਦੱਬੀ ਹੋਈ ਆਵਾਜ਼ ਦੀ ਬਜਾਇ, ਖੁੱਲੀ ਅਤੇ ਜ਼ੋਰਦਾਰ ਆਵਾਜ਼ 'ਚ ਆਸੇ ਪਾਸੇ ਦੇ ਲੋਕ ਸ਼ਰਮਾਉਂਦੇ-ਕਤਰਾਉਂਦੇ ਰਹਿਣ... ਲੇਡੀਜ਼ ਸਟਾਫ਼ ਖਾਸ ਕਰਕੇ , ਪ੍ਰੰਤੂ ਮਿਸੇਜ਼ ਪਾਟਿਲ ਨੂੰ ਕੋਈ ਫਰਕ ਨਹੀਂ ਪੈਂਦਾ। ਉਹ ਇੰਝ ਹੀ ਕੇਅਰਫ੍ਰੀ ਦੇ ਬੰਡਲ ਦਾ ਪੂਰੇ ਸਬਰ ਦੇ ਨਾਲ ਉਡੀਕ ਕਰਦੀ ਹੈ। ਜਾਂ ਫਿਰ ਉਨੇ ਸਬਰ ਦੇ ਨਾਲ 'ਫਾਰ ਲੇਡੀਜ਼ ' ਦੇ ਵੱਲ ਵੱਧ ਜਾਂਦੀ ਹੈ।

ਸੁਸ਼ੀਲਾ ਜਾਣਦੀ ਹੈ ਕਿ ਉਹ ਨਾ ਤਾਂ ਮਿਸੇਜ਼ ਪਾਟਿਲ ਵਰਗੀ ਹੈ ਨਾ ਬਣ ਸਕਦੀ ਹੈ। ਉਹਨੂੰ ਤਾਂ ਸੰਨੀ ਦਾ ਪੁੱਛਣਾ ਵੀ, ਬੁਰਾ ਲੱਗਾ ਸੀ ਹਲਾ ਕਿ ਸੰਨੀ ਨੇ ਜਦੋਂ ਪੁੱਛਿਆ ਸੀ ਤਾਂ ਨੇੜੇ ਤੇੜੇ ਕੋਈ ਨਹੀਂ ਸੀ। ਉਨ੍ਹਾਂ ਦੀ ਗੱਲਬਾਤ ਲੱਗਭਗ ਇਕਾਂਤ 'ਚ ਹੋਈ ਸੀ ਅਤੇ ਫਿਰ ਵੀ ਉਹਨੂੰ ਲੱਗਾ ਸੀ ਕਿ ਸੰਨੀ ਨੇ ਉਹਦੀ ਜਿਵੇਂ ਸ਼ਰੇਆਮ ਲੋਕਾਂ 'ਚ ਬੇਇੱਜਤੀ ਕੀਤੀ ਹੋਵੇ।

ਉਸ ਤੋਂ ਬਾਅਦ ਦੋ ਦਿਨਾਂ ਤੱਕ ਉਹ ਕਾਲਜ ਵੱਲ ਦੇਖਣ ਤੱਕ ਨਹੀਂ ਆਈ। ਕੱਲ ਨਿਬੰਧ ਅਤੇ ਭਾਸ਼ਣ ਮੁਕਾਬਲੇ 'ਚ ਆਈ ਵੀ ਤਾਂ ਸੰਨੀ ਨਾਲ ਗੱਲ ਕਰਨੀ ਜਰੂਰੀ ਨਾ ਸਮਝੀ। 'ਟੀਮ ਈਵੰਟ' ਤਾਂ ਸੀ ਨਹੀਂ ਇੰਡਵਿਜੂਆਲ ਈਵੰਟ ਸੀ। ਹਮੇਸਾਂ ਦੇ ਵਾਂਗ ਸੰਨੀ ਪਹਿਲੇ ਸਥਾਨ 'ਤੇ ਰਿਹਾ। ਸਰੀਰਕ ਆ-ਸਹੂਲਤ ਦੇ ਬਾਵਜੂਦ ਸੁਸ਼ੀਲਾ ਇਕ 'ਚ ਤੀਜਾ ਅਤੇ ਇਕ 'ਚ ਸੱਤਵਾਂ ਇਨਾਮ ਦੀ ਹੱਕਦਾਰ ਬਣੀ। ਇਹ ਵੀ ਉਹਨੂੰ ਵੱਡੀ ਮੱਲ ਮਾਰ ਲਈ ਲੱਗੀ।

ਅੱਜ ਅੰਨਤਾਕਸ਼ਰੀ ਸੀ ਅਤੇ ਇਸ 'ਚ ਦੋ ਜਣਿਆ ਦੀ ਟੀਮ ਨੇ ਹਿੱਸਾ ਲੈਣਾ ਸੀ। ਸੁਸ਼ੀਲਾ ਸਰੀਰਕ ਪੀੜਾ ਅਤੇ ਮਾਂ ਦੇ ਕੱਟੜਪੁਣੇ ਤੋਂ ਹੁਣੇ ਹੁਣੇ ਮੁਕਤੀ ਪ੍ਰਾਪਤ ਕਰ ਚੁੱਕੀ ਸੀ। ਸੁਸ਼ੀਲਾ ਜਿਸ ਪੱਧਰ ਤੱਕ ਸੰਨੀ ਨੂੰ ਜਾਣ ਚੁੱਕੀ ਸੀ, ਉਸ ਤੋਂ ਉਸਦਾ ਪੱਕਾ ਅੰਦਾਜਾ ਸੀ ਕਿ ਸੰਨੀ ਦਾ ਹਊਮੇ ਉਸ ਦਿਨ ਦੀ ਬਕ ਬਕ ਨਾਲ ਸੱਟ ਖਾਧੇ ਨਾਗ਼ ਵਾਂਗ ਫੁੰਕਾਰੇ ਮਾਰ ਰਿਹਾ ਹੋਵੇਗਾ। ਇਸ 'ਚ ਕੋਈ ਹੈਰਾਨੀ ਵੀ ਨਹੀਂ। ਸੰਨੀ ਅਕਸਰ ਹੀ ਉਸ ਨੂੰ ਸਾਰੀ ਇੱਜ਼ਤ ਅਤੇ ਨੇੜਤਾ ਦੇ ਬਾਵਜੂਦ, ਹਾਊਮੇ ਨਾਲ ਫੁੱਲਿਆ ਹੋਇਆ ਗੁਬਾਰਾ ਦਿਸਦਾ। ਆਤਮਾ ਦੀ ਥਾਂ ਦਿਮਾਗ਼ ਨੂੰ ਰੱਖ ਲੈਣਾ ਤੇ ਜਦ ਦੇਖੋ ਉਦੋਂ ਇਹ ਕੋਸ਼ਿਸ਼ ਕਰਨਾ ਕਿ ਉਹ ਸਭ ਤੋਂ ਅਲੱਗ ਲੱਗੇ। ਹਲਾਂ ਕਿ ਸੁਸ਼ੀਲਾ ਨੂੰ ਕਈ ਵਾਰ ਉਹ ਇਕ ਮਾਮੂਲੀਪਨ ਦੇ ਦਇਰੇ 'ਚ ਕੋਹਲੂ ਦੇ ਬੈਲ ਦੀ ਤਰ੍ਹਾਂ ਚੱਕਰ ਕੱਟਦਾ ਹੋਇਆ ਲੱਗਦਾ ਬਸ ਜਿਵੇਂ ਇਕ ਮੋਬਾਇਲ ਹਉਮੇ। ਦੂਜੇ ਦਲਿਤ ਨੌਜਵਾਨਾ ਦੇ ਵਾਂਗ ਇਹ ਵੀ ਤਾਂ ਇਕ ਪੋਤਰਾਜ ਹੀ ਹੈ ਆਖਿਰ। ਆਪਣੇ ਜ਼ਖਮਾਂ ਦੀ ਨੁਮਾਇਸ ਕਰਦਾ ਹੋਇਆ। ਹਮੇਸ਼ਾ ਘੋਸ਼ਣਾ ਕਰਦਾ ਹੋਇਆ ਕਿ ਮੈਂ ਅਜਿਹਾ ਦਲਿਤ ਨਹੀਂ ਹਾਂ ! ਜਦ ਕਿ ਦਲਿਤਵਾਦ ਦੀ ਏਕਿਜ਼ਬੇਸ਼ਨ ਦੀ ਇਕ ਖਿੱਚ ਭਰਪੂਰ ਸਟਾਲ ਤੋਂ

ਇਲਾਵਾ ਹੋਰ ਹੈ ਕੀ ਉਹ।

ਪ੍ਰੰਤੂ ਜਦ ਸਵੇਰੇ ਸਵੇਰੇ ਉਸਦੇ ਘਰ ਸੰਨੀ ਦਾ ਫ਼ੋਨ ਆਇਆ ਤਾਂ ਉਹ ਅਚੰਭਿਤ ਵੀ ਹੋਈ ਤੇ ਖੁਸ਼ ਵੀ। ਇਹ ਵੀ ਮਹਿਸੂਸ ਕੀਤਾ ਕਿ ਉਹ ਪਤਾ ਨਹੀਂ ਕਿਉਂ, ਉਸਦੇ ਵਰਤਾਓ ਦੇ ਪ੍ਰਸੰਗ 'ਚ ਅਕਸਰ ਹਉਮੈ ਨੂੰ ਪਰੇ ਰੱਖਣ 'ਚ ਕਾਮਯਾਬ ਹੋ ਜਾਂਦਾ ਹੈ। ਫੋਨ ਤੇ ਉਸ ਨੇ ਕਿਹਾ, "ਮਨੋਹਰਾ ਕਿਉਂ ਨਾ ਆਪਾ ਕੰਪੀਟੀਸ਼ਨ 'ਚ ਜਾਣ ਤੋਂ ਪਹਿਲਾ ਬੀ. ਡੀ ਸਰ ਤੋਂ ਅਸ਼ੀਰਵਾਦ ਲੈ ਲਈਏ। ਅੰਨਤਾਕਸ਼ਰੀ 'ਚ ਆਹਮਣੇ-ਸਾਹਮਣੇ ਤਾਂ ਕਈ ਵਾਰ ਹੋਏ ਹਾਂ, ਪ੍ਰੰਤੂ ਪਹਿਲੀ ਵਾਰ ਆਪਾ ਟੀਮ ਬਣ ਕੇ ਹਿੱਸਾ ਲੈ ਰਹੇ ਹਾਂ।"

ਆਵਾਜ਼ 'ਚ ਬੱਚਿਆ ਵਾਲਾ ਉਤਸਾਹ ਸੀ ਜਿਹੜਾ ਬਾਹਰ ਡੁੱਲਣ ਨੂੰ ਕਰਦਾ ਸੀ ਉਹ ਖੁਸ਼ ਹੋਈ ਤਾਂ ਸਹਿਜ ਵੀ। ਸ਼ਰਾਰਤ ਕਰਨ ਨੂੰ ਮਨ ਕਰ ਆਇਆ, "ਇਹ ਆਸ਼ੀਰਵਾਦ ਲੈਣ ਦੀ ਪ੍ਰੰਪਰਾ ਤਾਂ ਮਨੂੰਵਾਦੀ ਹੈ, ਤੂੰ ਇਹਦੇ ਤੋਂ ਬਾਗ਼ੀ ਕਦੋਂ ਤੋਂ ਮੰਨਣ ਲੱਗ ਪਿਆ ਇਹ ਸਭ ਕੁਝ ?" ਸੰਨੀ ਨੇ ਜਵਾਬ 'ਚ ਐਨਾ ਹੀ ਕਿਹਾ, "ਛੱਡੋ ਇਹ ਸਭ। ਤੂੰ ਆ ਰਹੀ ਏ ਨਾ!" ਸੰਨੀ ਜੇ ਚਾਹੁੰਦਾ ਤਾਂ ਫੋਨ ਤੇ ਵੀ ਬਹਿਸ ਕਰ ਸਕਦਾ ਸੀ ਅਤੇ ਅਜਿਹਾ ਉਸਨੇ ਪਹਿਲਾ ਕਈ ਵਾਰ ਕੀਤਾ ਵੀ ਸੀ। ਸੁਸ਼ੀਲਾ ਨੂੰ ਸੰਨੀ ਦਾ ਇਹ ਹਾਉਮੇ ਇਥੇ ਹਾਉਮੇ ਮੁਕਤ ਸਹਿਜਤਾ ਭਾਵੇਂ ਲੱਗੀ। ਤਾਂ ਸੰਨੀ ਖੁਦ 'ਤੇ ਕਾਬੂ ਵੀ ਰੱਖ ਸਕਦਾ ਹੈ, ਸੋਚ ਕੇ ਉਹਨੂੰ ਚੰਗਾ ਲੱਗਾ।

ਪਹੁੰਚਣ 'ਚ ਸੁਸ਼ੀਲਾ ਨੂੰ ਥੋੜੀ ਦੇਰ ਹੋ ਗਈ। ਸੰਨੀ ਆ ਚੁੱਕਾ ਸੀ ਅਤੇ ਵੰਸ਼ੀਧਰ ਉਹਨੂੰ ਕੁਝ ਕਹਿ ਰਹੇ ਸੀ। ਸੁਸ਼ੀਲਾ ਨੂੰ ਸੰਦਰਭ ਸਮਝ 'ਚ ਨਹੀਂ ਆਇਆ,"ਇਹ ਮਨੰਣਾ ਹੀ ਗਲਤ ਹੈ ਕਿ ਸੰਸਕਾਰ ਨਹੀਂ ਬਦਲੇ ਜਾ ਸਕਦੇ। ਹਾਂ ਮੁਸ਼ਕਿਲ ਜ਼ਰੂਰ ਹੈ। ਉਂਝ ਜ਼ਿੰਦਗੀ 'ਚ ਆਸਾਨ ਹੈ ਵੀ ਕੀ! ਜੇਕਰ ਬਿਨਾ ਕਿਸੇ ਨਿਰਾਸ਼ਾ, ਸ਼ੱਕ ਅਤੇ ਆਸ ਦੇ ਅਜਿਹਾ ਕੰਮ ਸ਼ੁਰੂ ਕਰ ਦੇਵੇ ਤਾਂ ਸੰਸਕਾਰਾ ਦੇ ਮੁਤਾਬਕ ਨਾ ਹੋਵੇ ਤਾਂ ਹੋਲੀ ਹੋਲੀ ਨਵੇਂ ਸੰਸਕਾਰ ਬਣਨ ਲੱਗਦੇ ਹਨ। ਇਹ ਇਸ ਤਰ੍ਹਾਂ ਹੀ ਹੈ, ਜਿਵੇਂ (ਅਵਚੇਤਨ ) ਅਨਕਾਂਸ਼ੀਅਸ ਨੂੰ ਬਦਲਣ। ਰਸੇਲ ਨੇ ਕਿਹਾ ਹੈ ਕਿ ਜਿਹੜਾ ਕੱਲ ਕਾਂਸ਼ੀਅਸ ਸੀ, ਉਹ ਅੱਜ ਦਾ ਅਨਕਾਂਸ਼ੀਅਸ ਹੈ। ਤਾਂ ਜਿਹੜਾ ਕੱਲ ਕਾਂਸ਼ੀਅਸ ਸੀ, ਉਹ ਅੱਜ ਦਾ ਅਨਕਾਂਸ਼ੀਅਸ ਹੈ। ਤਾਂ ਜਿਹੜਾ ਅੱਜ ਦਾ ਕਾਂਸ਼ੀਅਸ ਹੋਵੇਗਾ, ਉਹੀ ਕੱਲ ਦਾ ਅਨਕਾਂਸ਼ੀਅਸ ਹੋ ਜਾਵੇਗਾ। ਕੋਸ਼ਿਸ਼ ਕਰਕੇ ਖੁਦ ਨੂੰ ਕਿਸੇ ਕੰਮ 'ਚ ਲਗਾ ਦੇਣਾ ਹੀ ਆਰੰਭ ਹੈ। ਅਨਕਾਂਸ਼ੀਅਸ ਜਾਂ ਸੰਸਕਾਰਾਂ ਨੂੰ ਕਾਬੂ 'ਚ ਕਰਨਾ ਅਤੇ ਬਦਲਣ ਦੀ।"

ਸੁਸ਼ੀਲਾ ਨੂੰ ਦੇਖਿਆ ਤਾਂ ਵੰਸ਼ੀਧਰ ਨੇ ਗੱਲ ਰੋਕੀ। ਕਿਹਾ, 'ਆਉ-ਆਉ ਸੁਸ਼ੀਲਾ। ਇਹ ਚੰਗਾ ਹੋਇਆ ਕਿ ਦੋਹਾਂ ਦੀ ਟੀਮ ਬਣ ਗਈ। ਬਿਨਾ ਟੀਮ ਦੇ ਨਾ ਜੀਵਨ ਚਲਦਾ ਹੈ, ਨਾ ਅੰਨਤਾਕਸ਼ਰੀ 'ਚ।" ਸੁਸ਼ੀਲਾ ਨਾ ਤਾਂ ਕੁਝ ਪੁੱਛਣ ਦੇ ਮੂਡ 'ਚ ਸੀ ਅਤੇ ਨਾ ਬਹਿਸ 'ਚ ਹਿੱਸਾ ਲੈਣ ਦੇ। ਫਿਰ ਵੀ ਵੰਸ਼ੀਧਰ ਦੇ ਪ੍ਰਤੀ ਵਧੇਰੇ ਸਤਿਕਾਰ ਦੇ ਕਾਰਨ ਉਹਨੂੰ ਲੱਗਾ ਕਿ ਕੁਝ ਨਾ ਕੁਝ ਤਾਂ ਕਿਹਾ ਜਾਣਾ ਜਰੂਰੀ ਹੈ, "ਗੁਰੂਦੇਵ ਤਾਂ ਕਹਿੰਦੇ ਹਨ ਇਕੱਲਾ ਚਲੋ ਭਾਈ!" ਟੀਮ ਬਣਾਉਣ ਦੇ ਲਈ ਨਹੀਂ ਕਹਿੰਦੇ, ਸੁਸ਼ੀਲਾ ਦਾ ਸਵਾਲ ਵੰਸ਼ੀਧਰ ਨੂੰ ਕਾਫੀ ਚੰਗਾ ਲੱਗਾ। ਉਹ ਕੁਝ ਬੋਲਣ ਹੀ ਵਾਲੀ ਸੀ ਕਿ ਉਹਦੀ ਨਜ਼ਰ ਸੰਨੀ ਵੱਲ ਗਈ। ਉਹਨੇ ਮਹਿਸੂਸ ਕੀਤਾ ਕਿ ਉਹ ਕੁਝ ਬੋਲਣਾ ਚਾਹੁੰਦਾ ਹੈ, ਉਨ੍ਹਾਂ ਨੇ ਉਹਨੂੰ ਕਿਹਾ, "ਸੰਨੀ ਕੀ ਗੱਲ ਹੈ, ਤੂੰ ਕੁਝ ਕਹਿਣਾ ਚਾਹੁੰਦਾ ਏ ?"

"ਨਹੀਂ ਸਰ! ਸੁਸ਼ੀਲਾ ਨੇ ਹੁਣੇ ਜੋ ਕਿਹਾ, ਉਸ ਦੇ ਸੰਬੰਧ 'ਚ ਬਸ ਇਕ ਗੱਲ। " ਵੰਸ਼ੀਧਰ ਨੂੰ 'ਬੋਲਣ ਦਾ ਇਸ਼ਾਰਾ ਪਾ ਕੇ।" ਗੱਲ ਪ੍ਰਸੰਗ ਨਾਲ ਜੁੜਦੀ ਹੈ। ਟੈਕਸਟ ਨਾਲ ਨਹੀਂ । ਉਹ ਕਹਿੰਦੇ ਹਨ ਨਾ ਸੁਧੀਰ ਕੱਕੜ 'ਟੈਕਸਟ ਨਹੀਂ ਕੰਟੇਕਸ਼ਟ' ਗੁਰੂਦੇਵ ਦੀ ਪੰਕਤੀ ਪ੍ਰੇਰਨਾ ਜਾ ਉਤਸਾਹ ਦੇਣ ਲਈ ਹੈ। ਕੋਈ ਸਾਥੀ ਦੀ ਅਣਹੋਂਦ 'ਚ ਨਿਰਾਸ਼ਾ ਦੇ ਹਨੇਰੇ 'ਚ ਘਿਰ ਰਿਹਾ ਹੈ ਤਾਂ ਉਸ ਨੂੰ ਸੰਭਾਲਣ ਦੇ ਲਈ ।"

ਐਗਜੇਕਟਲੀ! ਵੰਸ਼ੀਧਰ ਹਰ ਵਾਰ ਦੀ ਤਰ੍ਹਾਂ ਸੰਨੀ ਦੀ ਟਿਪਣੀ ਤੋਂ ਖੁਸ਼ ਹੋਇਆ, 'ਦੋ ਦਾ ਹੋਣਾ ਜਰੂਰੀ ਹੈ। ਸਮਾਜ ਦੀ ਇਕਾਈ ਇਕ ਨਹੀਂ ਦੋ ਹੈ। ਪ੍ਰੰਤੂ ਮਨ ਲਓ, ਤੁਸੀਂ ਦੋਹਾਂ 'ਚੋਂ ਇਕ, ਕੰਪਟੀਸ਼ਨ ਦੇ ਵੇਲੇ, ਬਿਲਕੁਲ ਚੁੱਪ ਹੋ ਜਾਓ, ਦੂਜੇ ਦਾ ਸਾਥ ਹੀ ਨਾ ਦਿਉ ਤਾਂ ਕੀ ਦੂਜਾ ਵੀ ਚੁੱਪ ਹੋ ਜਾਵੇ। ਹਾਏ, ਇਕੱਲਾ ਮੈਂ ਕੀ ਕਰਾਂ ਜਾਂ ਕੀ ਕਰ ਸਕਦਾ ਹਾਂ, ਸੋਚ ਕੇ। ਇਹ ਗਲਤ ਹੋਵੇਗਾ।"

ਖ਼ੈਰ ਸੰਨੀ ਸੁਸ਼ੀਲਾ ਨੇ ਅਸ਼ੀਰਵਾਦ ਲਿਆ ਅਤੇ ਯੂਨੀਵਰਸਿਟੀ ਵੱਲ ਚਲ ਪਏ। ਰਸਤੇ 'ਚ ਏਧਰ ਉਧਰ ਦੀ ਬਹਿਸ ਕਰਦੇ ਰਹੇ। ਹਿੱਸਾ ਤਾਂ ਅੰਨਤਾਕਸ਼ਰੀ 'ਚ ਪਹਿਲਾਂ ਵੀ ਲੈਂਦੇ ਸੀ। ਤੂੰ ਕਿਸੇ ਹੋਰ



ਕਾਲਜ ਤੋਂ, ਮੈਂ ਕਿਸੇ ਹੋਰ ਕਾਲਜ ਤੋਂ ਅਤੇ ਹੁਣ ਸਾਡੀ ਇਕ ਟੀਮ ਬਣ ਗਈ ਹੈ। ਕੀ ਉਹ ਭਾਗ ਲੈਣਾ ਤੇ ਇਹ ਭਾਗ ਲੈਣਾ ਇਕ ਹੀ ਹੈ ? ਅੰਨਤਾਕਸ਼ਰੀ ਦਾ ਜਿਹੜਾ ਅਰਥ ਅੱਜ ਸਾਡੇ ਲਈ ਹੈ, ਕੀ ਉਹ ਉਦੋਂ ਸੀ?" ਸੁਸ਼ੀਲਾ ਦਾ ਸੁਰ ਅਸ਼ਪਸ਼ਟ ਸੀ। ਸੰਨੀ ਦਾ ਸਮਰਥਨ ਵੀ ਉਸ ਸਪਰਿਟ 'ਚ ਸੀ, "ਜਿਵੇਂ ਅੰਨਤਾਕਸ਼ਰੀ ਵੀ ਯੂਨਾਨੀ ਦਾਰਸ਼ਿਨਕਾਂ ਦੀ ਉਹ ਨਦੀਂ ਹੋਵੇ, ਜਿਸ 'ਚ ਦੋ ਵਾਰ ਤਾਂ ਕੀ, ਇਕ ਵਾਰ ਵੀ ਨਹੀਂ ਨਹਾਇਆ ਜਾ ਸਕਦਾ । ਜ਼ਿੰਦਗੀ ਦੇ ਵਾਂਗ ਹਰ ਪਲ ਬਦਲਦੀ ਹੋਈ, ਵਹਿ ਰਿਹਾ ਪਾਣੀ ਹੋਵੇ ਜਿਵੇਂ!"

"ਅਤੇ ਅਸੀਂ ਵੀ ਤਾਂ ਉਹ ਨਦੀਆਂ ਹਾਂ ਜਿਹੜੀਆਂ ਦੋ ਸਾਲ ਜਾਂ ਇਕ ਸਾਲ ਪਹਿਲਾ ਸੀ।" ਸੁਸ਼ੀਲਾ ਬੋਲੀ, "ਜਾ ਜੋ ਕੱਲ੍ਹ ਸੀ, ਅੱਜ ਸਵੇਰੇ ਸੀ ਜਾਂ ਅਜੇ ਕੁਝ ਦੇਰ ਪਹਿਲਾ ਸੀ।"

"ਅਤੇ ਘੰਟੇ ਭਰ ਜਾਂ ਅੱਜ ਦੀ ਅਨੰਤਾਕਸ਼ਰੀ ਦੇ ਬਾਅਦ ਉਹ ਰਹਿਣਗੇ, ਜੋ ਇਸ ਵਕਤ ਅਸੀਂ ਹਾਂ।"

"ਅਸੀਂ ਐਨੀ ਤੇਜੀ ਨਾਲ ਬਦਲਦੇ ਜਾ ਰਹੇ ਹਾਂ ਕਿ ਭਰੋਸਾ ਨਹੀਂ, ਹੁੰਦਾ। ਮੰਨਣ ਨੂੰ ਮਨ ਹੀ ਨਹੀਂ ਚਾਹੁੰਦਾ।"

"ਜਰੂਰੀ ਵੀ ਹੈ ਜੀਉਣ ਦੇ ਲਈ । ਹਰ ਕਦਮ 'ਤੇ ਸਚਾਈ ਨੂੰ ਸਵੀਕਾਰ ਕਰਕੇ ਚੱਲਣਾ ਐਨਾ ਅਸਹਿਜ ਬਣ ਦਿੰਦਾ ਹੈ ਕਈ ਵਾਰ ਜੀਣ 'ਚ ਰੁਕਾਵਣ ਬਣ ਜਾਂਦਾ ਹੈ।" ਸੁਸ਼ੀਲਾ ਦਾ ਇਹ ਗੱਲ ਅਜਿਹੀ ਸੀ ਕਿ ਸੰਨੀ ਨੂੰ ਕੁਝ ਨਾ ਬੋਲਣਾ ਹੀ ਠੀਕ ਲੱਗਾ।

ਉਹ ਯੂਨੀਵਰਸਿਟੀ ਪਹੁੰਚ ਵੀ ਚੁੱਕੇ ਸੀ।

0 0 0

ਸੁਧੀਰ ਅਤੇ ਉਸਦੇ ਦੋਸਤਾ ਨੇ 'ਛੋਕਰੇ' ਦਾ ਦਿਮਾਗ਼ ਠੀਕ ਕਰਨ ਲਈ 'ਅੰਨਤਾਕਸ਼ਰੀ' ਦਾ ਦਿਨ ਇਸ ਲਈ ਚੁਣਿਆ ਕਿ "ਭੀੜ ਹੋਵੇਗੀ ਅਤੇ ਲਾੜੇ ਸਾਹਿਬ ਦਾ ਜਲੂਸ ਚੰਗੀ ਤਰ੍ਹਾਂ ਨਿਕਲ ਸਕੇਗਾ।" ਭਾਵੇਂ ਕਿ ਸੰਨੀ-ਸੁਸ਼ੀਲਾ ਨੂੰ ਪਤਾ ਨਾ ਹੋਵੇ। ਪ੍ਰੰਤੂ ਜਿਸ ਤਰ੍ਹਾਂ ਨਾਲ ਪੂਰਾ ਗਰੁਪ ਹਾਕੀਆ, ਬੇਸ ਬੈਟ ਲੈ ਕੇ ਉਤੇਜਿਤ ਹੋ ਰਿਹਾ ਸੀ, ਉਸ ਤੋਂ ਕੋਈ ਵੀ, ਜਿਹੜਾ ਦੇਖਦਾ ਅਸਾਨੀ ਨਾਲ ਸਮਝ ਜਾਂਦਾ। ਕਈ ਲੋਕ ਤਾਂ 'ਸਮਝ ਵੀ ਗਏ' ਜਿਹੜੇ ਜਾਣਦੇ ਸਨ ਕਿ ਸੁਧੀਰ-ਸੁਸ਼ੀਲਾ ਦਾ ਭਰਾ ਹੈ। ਉਹ ਇਹ ਵੀ ਸਮਝ ਗਏ ਕਿ 'ਟਾਰਗੇਟ' ਕੌਣ ਹੋਵੇਗਾ ?"

ਉਨ੍ਹਾਂ ਸਮਝਣ ਵਾਲਿਆ 'ਚ ਬਰਿੰਦਰ ਸਿੰਘ ਵੀ ਸੀ। ਉਸਨੇ ਆਪਣੇ ਢੰਗ ਨਾਲ ਸੰਨੀ ਨੂੰ ਹੁਸ਼ਿਆਰ ਕਰਨਾ ਚਾਹਿਆ, "ਸੰਨੀ ਇਕ ਗੱਲ ਕਹਿਣੀ ਹੈ।" ਕਹਿ ਕੇ ਉਹ ਉਸ ਨੂੰ ਸੁਸ਼ੀਲਾ ਤੋਂ ਦੂਰ ਲੈ ਗਿਆ। ਬੋਲਿਆ, "ਜੇ ਹੋ ਸਕੇ ਤਾਂ ਤੂੰ ਅੰਨਤਾਕਸ਼ਰੀ 'ਚ ਭਾਗ ਨਾ ਲਵੀਂ। ਬਲਕਿ ਚੁੱਪ ਚਾਪ ਪਿਛਲੇ ਦਰਵਾਜੇ ਤੋਂ ਖਿਸਕ ਜਾਵੀਂ। ਸ਼ੰਕਰ ਗਣੇਸ਼ , ਸ਼੍ਰੀਨੂੰ ਵਗੈਰਾ ਨੂੰ ਨਾਲ ਲੈ ਜਾਵੀਂ।"

"ਕਿਉ ?" ਸੰਨੀ ਕੁਝ ਕੁਝ ਸਮਝਦਾ ਹੋਇਆ ਵੀ ਬਿਫ਼ਰ ਕੇ ਬੋਲਿਆ, "ਤੈਨੂੰ ਮੌਕਾ ਨਹੀਂ ਮਿਲਿਆ, ਇਸ ਲਈ ਕੀ...?"

ਬਰਿੰਦਰ ਉਖੜ ਗਿਆ। ਇਕ ਤਾਂ ਭਲਾ ਕਰਨ ਜਾਓ ਤੇ ਉਪਰੋਂ ਗੱਲਾਂ ਸੁਣੋ। ਫਿਰ ਵੀ ਉਸ ਨੇ ਸੰਤੁਲਨ ਬਣਾਈ ਰੱਖਿਆ, "ਸਮਝਿਆ ਕਰ ਤੂੰ! ਸੁਧੀਰ ਤੇ ਉਸਦੇ ਦੋਸਤ ਹਾਕੀਆ ਤੋਂ ਬੇਸ ਬੈਟ, ਡਾਂਗਾ ਲੈ ਕੇ ਬੈਠੇ ਹਨ ਤੇਰੀ ਤਾਜਪੋਸ਼ੀ ਦੇ ਲਈ।"

ਸੁਣ ਕੇ ਸੰਨੀ ਦਾ ਦਿਲ ਤੇਜ਼ੀ ਨਾਲ ਧੜਕਣ ਲੱਗਾ। ਕੀ ਹੋਣ ਵਾਲਾ ਹੈ ? ਦੀ ਇਹਨੂੰ ਪ੍ਰੀਖਿਆ ਦੇ ਪਲ ਸਮਝਾ ? ਜਾਂ ਮੌਤ ਦੇ ? ਉਹਨੂੰ ਇਹ ਤਾਂ ਲੱਗਦਾ ਸੀ ਕਿ ਕਦੇ ਨਾ ਕਦੇ ਅਜਿਹਾ ਹੋਵੇਗਾ ਜਰੂਰ। ਪ੍ਰੰਤੂ ਐਨੀ ਜਲਦੀ ਅਤੇ ਇਸ ਤਰ੍ਹਾਂ ਇਹ ਪਲ ਆਉਣਗੇ, ਅਜਿਹਾ ਉਸ ਨੇ ਸੋਚਿਆ ਨਹੀਂ ਸੀ। ਉਸਦਾ ਖਿਆਲ ਸੀ ਕਿ ਜਦੋਂ ਇਸ ਤਰ੍ਹਾਂ ਹੋਵੇਗਾ ਤਾਂ ਉਹਦੀ ਖੁਸ਼ਕਿਸਮਤੀ ਹੋਵੇਗੀ। ਕਿਸੇ ਮੁੱਦੇ ਤੇ ਬ੍ਰਾਹਮਣਾ ਨਾਲ ਸਿੱਧੀ ਟੱਕਰ! ਉਹ ਕੱਲ ਆਉਣ ਵਾਲੀ ਖਬਰ ਨੂੰ ਜਿਵੇਂ ਮਨ ਹੀ ਮਨ ਪੜ੍ਹਨ ਲੱਗਾ।

ਹੈਡਲਾਈਨ ਹੋਵੇਗੀ, "ਬ੍ਰਾਹਮਣ ਹੁਲੜਬਾਜ਼ਾ ਦਾ ਦਲਿਤ ਲੜਕੇ 'ਤੇ ਹਮਲਾ।" ਅਤੇ ਜਦ ਖਬਰ 'ਚ ਛਪੇਗੀ , "ਦਲਿਤ ਮੁੰਡਾ , ਜਿਸ ਦਾ ਨਾਂ ਸੂਰੇਯਾਕਾਂਤ ਤ੍ਰਿਪਾਠੀ ਸੀ ਜੋ ...।' ਤਾਂ ਜਿਹੜਾ ਹੱਲਾ ਮਚੇਗਾ, ਉਸ ਦੀ ਤਾਂ ਉਡੀਕ ਉਹਨੂੰ। ਆਰੰਭ ਅਜਿਹਾ ਹੀ ਹੋਣਾ ਚਾਹੀਦਾ ਹੈ। ਅੰਜ਼ਾਮ ਜਿਹੜਾ ਵੀ ਹੋਵੇ।

ਧੜਕਦੇ ਦਿਲ ਨੂੰ ਸੰਭਾਲ ਕੇ ਬੇਫਿਕਰੀ ਦੀ ਮੁਦਰਾ 'ਚ ਉਸਨੇ ਕਿਹਾ, 'ਤਾਂ ਹੋ ਜਾਣ ਦਿਓ ਤਾਜਪੋਸ਼ੀ। ਉਹ ਵੀ ਕੀ ਚੇਤੇ ਰੱਖਣਗੇ ?" ਖਿਆਲ ਆਇਆ ਕਿ ਦਸ ਪੰਜ ਦਲਿਤ ਨੌਜਵਾਨ ਵੀ ਤਾਂ ਹੋਣਗੇ ਇਥੇ, ਕਿਉਂ ਨਾ ਉਨ੍ਹਾਂ ਨੂੰ ਖਬਰ ਕਰ ਦਿੱਤੀ ਜਾਵੇ ?

ਪਹਿਲੀ ਵਾਰ ਉਹਨੂੰ ਲੱਗਾ ਕਿ ਦਲਿਤ ਹੁੰਦੇ ਹੋਏ ਵੀ ਦਲਿਤ ਨੌਜਵਾਨਾਂ ਨਾਲ ਉਸਦੀ ਕੋਈ ਜਾਣ ਪਹਿਚਾਣ ਨਹੀਂ ਹੈ। ਇਥੋਂ ਤੱਕ ਕਿਤਾਬੀ ਕੀੜਾ ਹੋ ਕੇ ਰਹਿ ਗਿਆ ਹੈ। ਉਹ ਕਿ ਜਿਸ ਦਾ ਬਾਹਰ ਦੀ ਦੁਨੀਆ ਨਾਲ ਕੋਈ ਸੰਪਰਕ ਨਹੀਂ ਰਹਿ ਗਿਆ।

ਉਸਦੇ ਅਥਰੇ ਜੁਵਾਬ ਨੂੰ ਸੁਣ ਕੇ ਬਰਿੰਦਰ ਸਿੰਘ ਚਲਾ ਤਾਂ ਗਿਆ ਪ੍ਰੰਤੂ ਇਹ ਵੀ ਉਹ ਜਾ ਨਹੀਂ ਸਕਿਆ। ਸਾਫ ਗੱਲ ਸੀ ਕਿ ਸਵਾਲ ਇਥੇ ਸੰਨੀ ਅਤੇ ਸੁਧੀਰ ਦਾ ਨਹੀਂ ਸੀ, ਬਲਕਿ ਵਿਦਿਆ ਰੰਜਨ ਕਾਲਜ ਦੇ ਵਿਦਿਆਰਥੀ ਦਾ ਹੈ। ਉਸ ਨੂੰ ਤਾਂ ਕੁੱਟ ਪੈਂਦੀ ਦੇਖੀ ਜਾ ਸਕਦੀ ਹੈ ਤੇ ਨਾ ਹੀ ਕੁੱਟ ਖਾਣ ਦਿੱਤੀ ਜਾ ਸਕਦੀ ਹੈ।

ਬਰਿੰਦਰ ਸਿੰਘ ਨੂੰ ਜਿਹੜੇ ਵੀ ਪੰਜ ਦਸ ਵਿਦਿਆਰਥੀ ਕਾਲਜ ਦੇ ਦਿਸੇ, ਉਹਨਾਂ ਨੂੰ ਕਿਹਾ ਕਿ ਆਪਣੇ ਕਾਲਜ ਦੀ ਟੀਮ ਜਿੱਤਣ ਵਾਲੀ ਹੈ ਇਸ ਲਈ ਦੂਜੇ ਕਾਲਜ ਦੇ ਵਿਦਿਆਰਥੀ ਖੱਪ ਕਰਨ ਵਾਲੇ ਹਨ। ਜਲਦੀ ਦੌੜ-ਭੱਜ ਕਰਕੇ ਯੂਨੀਵਰਸਿਟੀ ਹੋਸਟਲ ਜਾਂ ਹੋਰ ਕਿਤਿਓਂ ਬੇਸ ਬੈਟ, ਰਾਡ ਜਾ ਜੋ ਵੀ ਮਿਲੇ ਲੈ ਆਓ। ਵਿਦਿਆਰਥੀ ਸਾਰੀ ਦਾਸਤਾਨ ਸੰਨੀ-ਸੁਸ਼ੀਲਾ ਦੀ ਜਾਣਦੇ ਸਨ, ਪ੍ਰੰਤੂ ਬਰਿੰਦਰ ਦੀ ਗੱਲ 'ਚ ਵਜਨ ਸੀ ਸੋ ਦੌੜ ਭੱਜ ਕਰਨ ਲੱਗ ਪਏ।

ਉਧਰ ਸੰਨੀ ਦੀ ਨਜ਼ਰ ਸ਼ਿਵਾਨਾ ਨਾ ਦੇ ਵਿਦਿਆਰਥੀ ਤੇ ਪਈ। ਚਿਹਰਾ ਜਾਣਿਆ ਪਹਿਚਾਣਿਆ ਲੱਗਾ। ਚੇਤੇ ਆਇਆ ਕਿ ਡਿਗਰੀ 'ਚ ਮੈਰਿਟ ਲਿਸਟ 'ਚ ਆਉਣ ਤੇ ਦੋ ਵਿਦਿਆਰਥੀ ਉਹਦੇ ਕੋਲ ਆਏ ਸੀ ਇਕ ਯੋਜਨਾ ਲੈ ਕੇ ਦਲਿਤ ਵਿਦਿਆਰਥੀ ਸੰਗਠਨ ਵਲੋਂ ਉਸ ਦਾ ਸਨਮਾਨ ਕੀਤਾ ਜਾਵੇਗਾ। ਸ਼ਿਵਾਨਾ ਉਨ੍ਹਾਂ ਦੋਹਾਂ 'ਚੋਂ ਇਕ ਸੀ। ਹਲਾਕਿ ਉਹ ਗਿਆ ਨਹੀਂ ਸੀ। ਕੋਈ ਬਹਾਨਾ ਬਣਾ ਦਿੱਤਾ ਸੀ। ਉਹ ਉਦੋਂ 'ਸੂਰਯਾਕਾਂਤ ਤ੍ਰਿਪਾਠੀ' ਨਾਂ ਦਾ ਅਕਸਪੋਜਰ ਨਹੀਂ ਚਾਹੁੰਦਾ ਸੀ ਇਸ ਲਈ।

ਉਸ ਨੇ ਸ਼ਿਵਾਨਾ ਕੋਲ ਲਾਗੇ ਆਉਣ ਦਾ ਇਸ਼ਾਰਾ ਕੀਤਾ। ਸੁਧੀਰ ਵਾਲੀ ਖਬਰ ਨਾਲ ਉਹ ਬਹੁਤ ਉਤੇਜਿਤ ਸੀ। ਇਕ ਵਾਰ ਉਹਨੂੰ ਲੱਗਾ ਕਿ ਉਹ ਬਹੁਤ ਡਰਿਆ ਹੋਇਆ ਵੀ ਹੈ।

ਉਹ ਵਿਦਿਆਰਥੀ ਲਾਗੇ ਆਇਆ। "ਸ਼ਿਵਾਨੀ ਹੈ ਨਾਂ ਤੁਹਾਡਾ ਨਾਂ ?" ਉਸਦੇ 'ਹਾਂ' ਬੋਲਣ ਦੀ ਉਡੀਕ ਕੀਤੇ ਬਿਨਾ ਹੀ ਬੋਲਿਆ, "ਗੱਲ ਇਹ ਹੈ ਕਿ ਅਪਰ ਕਾਸਟ ਦੇ ਕੁਝ ਬਦਮਾਸ਼ ਏਥੇ ਲੜਾਈ ਕਰਨ ਵਾਲੇ ਹਨ, ਆਪਣੇ ਲੋਕਾਂ ਨਾਲ, ਮੇਰਾ ਭਾਵ ਕਿ ਦਲਿਤ ਸਟੂਡੇਂਟਸ ਉੱਤੇ , ਹਮਲਾ ਕਰਨ ਵਾਲੇ ਹਨ। ਸਾਇਦ ਤੁਹਾਨੂੰ ਪਤਾ ਨਾ ਹੋਵੇ, ਉਸ ਲਈ ਮੈਂ ਕਹਿ ਰਿਹਾ ਹਾਂ। ਹੁਸਿਆਰ ਅਤੇ ਤਿਆਰ ਰਹੋ।"

ਸ਼ਿਵਾਨੀ ਸਟੂਡੈਂਟਸ ਪਾਲਿਟਿਕਸ 'ਚ ਐਕਟਿਵ ਦਲਿਤ ਸਟੂਡੈਂਟਸ ਸੀ। ਸੰਨੀ ਸੁਸ਼ੀਲਾ ਦੇ ਕਿੱਸਿਆ ਦਾ ਉਹਨੂੰ ਚੰਗੀ ਤਰ੍ਹਾਂ ਪਤਾ ਸੀ। ਦਲਿਤ ਵਿਦਿਆਰਥੀ ਸੰਗਠਨ ਨੂੰ ਉਸਦੇ ਨਾਂ ਬਦਲਣ ਦੀ ਗੱਲ ਪਸੰਦ ਨਹੀਂ ਆਈ ਸੀ, ਪ੍ਰੰਤੂ ਉਹਨਾਂ ਲਈ ਇਹ ਤੱਥ ਅਹਿਮ ਸੀ ਕਿ ਸੰਨੀ ਜਿਸ ਤਰ੍ਹਾਂ ਦਾ ਵੀ ਮਰਜੀ ਹੋਵੇ, ਪ੍ਰੰਤੂ ਸੀ ਤਾਂ ਦਲਿਤ ਹੀ ਨਾ। ਉਸ ਦਾ ਪਿਤਾ ਪੁਲੀਟੀਕਲੀ ਪਾਵਰਫੁਲ ਸੀ। ਉਸਦੀ ਮੈਰਿਟ ਸੂਚੀ 'ਚ ਆਉਣ ਨਾਲ ਦਲਿਤ ਗੌਰਵ ਦੀ ਸ਼ਕਲ 'ਚ ਪ੍ਰਚਾਰਿਆ ਜਾ ਸਕਦਾ ਸੀ। ਸ਼ਿਵਾਨਾ ਜਾਣਦਾ ਸੀ ਕਿ ਅੱਜ ਦਾ ਸੰਭਾਵਿਤ ਹਮਲਾ ਕੁਲ ਮਿਲਾ ਕੇ ਲੜਕੀ ਦਾ ਚੱਕਰ ਮਾਤਰ ਹੈ। ਪ੍ਰੰਤੂ ਸੰਨੀ ਦਾ ਦਲਿਤ ਹੋਣਾ ਅਤੇ ਹਮਲਾ ਕਰਨ ਵਾਲਿਆ ਦਾ ਬ੍ਰਾਹਮਣ ਹੋਣਾ ਐਨਾ ਹੀ ਬਹੁਤ ਹੈ, ਸ਼ਾਮਿਲ ਹੋਣ ਦੇ ਲਈ। ਸ਼ਿਵਾਨਾ ਨੇ ਵੀ ਸਾਥੀਆਂ ਨੂੰ ਤਿਆਰੀ ਦੇ ਲਈ ਦੁੜਾ ਦਿੱਤਾ।

ਉਧਰ 'ਅੰਨਤਾਕਸ਼ਰੀ' ਦੇ ਸ਼ੁਰੂ ਹੋਣ ਦਾ ਐਲਾਨ ਹੋਇਆ। ਬਹੁਤ ਸਾਰੀਆਂ ਟੀਮਾਂ ਭਾਗ ਲੈ ਰਹੀਆ ਸਨ। ਸੁਸ਼ੀਲਾ ਨੇ ਕਿਹਾ, "ਸੰਨੀ ਤਿਆਰ ਰਹੀ। ਅੱਜ ਮੁਕਾਬਲਾ ਸੋਖਾ ਨਹੀਂ ਹੈ।" ਸੁਣਨ ਦੇ ਲਈ ਸੰਨੀ ਜਿਵੇਂ ਉਥੇ ਸੀ ਹੀ ਨਹੀਂ। ਉਸ ਦਾ ਧਿਆਨ ਕਿਤੇ ਹੋਰ ਸੀ। ਸੁਸ਼ੀਲਾ ਨੇ ਫਿਰ ਕਿਹਾ, "ਸੰਨੀ ਬੀ ਅਲਰਟ। ਅੱਜ ਆਪਣੀ ਟੀਮ ਪਹਿਲੀ ਵਾਰ ਹਿੱਸਾ ਲੈ ਰਹੀ ਹੈ। ਚੇਤੇ ਰੱਖੋ।" ਸੰਨੀ ਇਕ ਫਿੱਕੀ ਮੁਸਕਰਾਹਟ ਬਿਖੇਰ ਰਿਹਾ ਸੀ।

ਦੁਪਹਿਰ ਨੂੰ ਸ਼ੁਰੂ ਹੋਇਆ ਮੁਕਾਬਲਾ। ਜਦੋਂ ਤੱਕ ਆਉਟ ਹੁੰਦੇ ਹੁੰਦੇ ਆਖਿਰ 'ਚ ਵਿਦਿਆ ਰੰਜਨ ਅਤੇ ਸੇਂਟ ਮੇਰੀ ਕਾਲਜ ਦੀਆਂ ਦੋ ਟੀਮਾਂ ਹੀ ਬਚੀਆਂ ਉਦੋਂ ਤੱਕ ਬਹੁਤ ਸੰਘਣਾ ਹਨੇਰਾ ਛਾ ਗਿਆ



ਸੀ। ਪੰਜ ਘੰਟਿਆ ਤੋਂ ਵੱਧ ਬੀਤ ਚੁੱਕੇ ਸੀ। ਹਰ ਟੀਮ ਨੇ ਆਉਟ ਹੋਣ ਤੋਂ ਪਹਿਲਾ ਬਹੁਤ ਟੱਕਰ ਦਿੱਤੀ ਸੀ ਅਤੇ ਹੁਣ ਦੋ ਹੀ ਟੀਮਾਂ ਆਹਮਣੇ ਸਾਹਮਣੇ ਸੀ ਅਤੇ ਪਲੈਨਿੰਗ ਦੇ ਨਾਲ ਅਜਿਹੇ ਅਜਿਹੇ ਅੱਖਰ ਵਿਰੋਧੀ ਟੀਮ ਦੇ ਲਈ ਛੱਡ ਰਹੀ ਸੀ ਕਿ ਉਨ੍ਹਾਂ ਤੋਂ ਅਰੰਭ ਹੋਣ ਵਾਲਾ ਨਵਾਂ ਗੀਤ ਮੁਸ਼ਕਲ ਤੋਂ ਮੁਸ਼ਕਲ ਆਰੰਭ ਹੁੰਦਾ ਜਾ ਰਿਹਾ ਸੀ।

ਸੁਸ਼ੀਲਾ ਦੇਖ ਰਹੀ ਸੀ ਕਿ ਸੰਨੀ ਦਾ ਮਨ ਨਹੀਂ ਸੀ ਲੱਗ ਰਿਹਾ। ਉਸਨੇ ਡੈਸਕ ਤੋਂ ਥੱਲੇ ਦੀ ਉਸਦਾ ਹੱਥ ਫੜ ਕੇ ਸਹਿਜ ਰਹਿਣ ਦਾ ਇਸ਼ਾਰਾ ਕੀਤਾ। ਜਦ ਉਹਨੇ ਹਸਰਤ ਭਰੀਆਂ ਨਜ਼ਰਾਂ ਨਾਲ ਦੇਖਿਆ ਤਾਂ ਬੋਲੀ, "ਮੈਂ ਨਾਲ ਹਾਂ ਸੰਨੀ!" ਸੰਨੀ ਕੇਵਲ ਹੱਸਿਆ ਹੀ ਸੀ ਪ੍ਰੰਤੂ ਖੁਦ ਨੂੰ ਸੰਭਾਲਣ 'ਚ ਵੀ ਲੱਗ ਗਿਆ।

ਦੋਵੇਂ ਹੀ ਟੀਮਾਂ ਜਬਰਦਸਤ ਤਿਆਰੀ ਦਾ ਅਹਿਸਾਸ ਕਰਵਾ ਰਹੀਆ ਸਨ। ਸੁਧੀਰ ਅਤੇ ਉਨ੍ਹਾਂ ਦੇ ਦੋਸਤਾਂ ਦਾ ਗਰੁਪ ਬੋਰ ਹੋ ਚੁੱਕਾ ਸੀ ਅਤੇ ਬੇਸਬਰਾ ਵੀ ਹੋ ਰਿਹਾ ਸੀ। ਸਭ ਨੂੰ ਲੱਗ ਰਿਹਾ ਸੀ, "ਕਿਥੇ ਫਸ ਗਏ।" ਸੁਧੀਰ ਬੋਲਿਆ, "ਚੰਗਾ ਤਾਂ ਇਹ ਹੁੰਦਾ ਕਿ ਉਹਨੂੰ ਏਥੋਂ ਤੱਕ ਪਹੁੰਚਣ ਹੀ ਨਾ ਦਿੰਦੇ। ਰਸਤੇ 'ਚ ਹੀ ਠੀਕ ਕਰ ਦਿੰਦੇ।" ਸਾਰੇ ਸਹਿਮਤ ਸਨ ਪ੍ਰੰਤੂ ਹੁਣ ਕੀਤਾ ਵੀ ਕੀ ਜਾ ਸਕਦਾ ਸੀ ? ਸਿਵਾਏ ਸਮਾਗਮ ਖਤਮ ਹੋਣ ਦੀ ਉਡੀਕ 'ਚ ਬਰਿੰਦਰ ਸਿੰਘ ਅਤੇ ਸਿਵਾਨਾ ਆਪਣੇ ਆਪਣੇ ਸਾਥੀਆਂ ਦੇ ਨਾਲ ਗਾਉਣ ਦਾ ਮਜਾ ਵੀ ਲੈ ਰਹੇ ਸੀ ਅਤੇ ਸੁਧੀਰ ਦੇ ਗਰੁਪ ਦਾ ਜਾਇਜਾ ਵੀ ਲੈ ਰਹੇ ਸੀ।

ਦੋਵੇਂ ਟੀਮਾਂ ਆਪਣੀ ਪੂਰੀ ਟੀਸੀ 'ਤੇ ਸੀ। ਸੰਨੀ-ਸੁਸ਼ੀਲਾ ਜੇਕਰ ਆਪਣੀ ਸੰਭਾਵਿਤ ਜਿੱਤ ਤੋਂ ਅੰਦਰੋਂ ਅੰਦਰ ਖੁਸ਼ ਸੀ ਤਾਂ ਵਿਰੋਧੀ ਟੀਮ ਦੀ ਸਥਿਤੀ ਵੀ ਅਜਿਹੀ ਸੀ। ਦੋਵੇਂ ਟੀਮਾਂ ਨੇ ਦਸ ਤੋਂ ਵੱਧ ਟੀਮਾਂ ਨੂੰ ਆਊਟ ਹੁੰਦਿਆ ਦੇਖਿਆ ਸੀ। ਇਕ ਛੋਟੀ ਜਿਹੀ ਗਲਤੀ ਅਤੇ ਬਾਹਰ। ਚਾਹੇ ਬੋਲਾ 'ਚ ਗਲਤੀ ਹੋਵੇ ਜਾਂ ਕੋਈ ਹੋਰ ਗਲਤੀ। ਦੋਵੇਂ ਟੀਮਾਂ ਬੜੀ ਹੁਸ਼ਿਆਰੀ ਨਾਲ ਸਾਹਮਣੇ ਦੀ ਟੀਮ ਨੂੰ ਅਜਿਹੇ ਅੱਖਰਾਂ ਉੱਤੇ ਘੇਰਨ ਦੀ ਕੋਸ਼ਿਸ਼ ਕਰ ਰਹੀ ਸੀ, ਜਿਸ ਨਾਲ ਨਵਾਂ ਗੀਤ ਸ਼ੁਰੂ ਕਰਨ 'ਚ ਦਿੱਕਤ ਪੇਸ਼ ਆਵੇ। ਸੰਨੀ ਸੁਸ਼ੀਲਾ ਦੀ ਟੀਮ ਨੇ 'ਝ' ਅੱਖਰ ਉੱਤੇ ਫਸਾਉਣਾ ਚਾਹਿਆ ਤੇ ਵਿਰੋਧੀ ਟੀਮ 'ਝੂਮੇ ਝੂਮੇ ਦਿਲ ਮੇਰਾ... ਝੂਮੇ ਦਿਲ ਮੇਰਾ, ਚੰਦਾ ਕੀ ਚਾਂਦਨੀ ਮੇਂ ਝੂਮੇ ਝੂਮੇ ਦਿਲ ਮੇਰਾ" ਗਾ ਕੇ ਬਚ ਨਿਕਲੀ।

ਫਿਰ ਵਿਰੋਧੀ ਟੀਮ ਨੇ ਦੁਗਣੀ ਹੁਸ਼ਿਆਰੀ ਦਾ ਸਬੂਤ ਦਿੰਦੇ ਹੋਏ ਸੰਨੀ ਸੁਸ਼ੀਲਾ ਨੂੰ 'ਠ' ਅੱਖਰ ਤੇ ਫਸਾਉਣਾ ਚਾਹਿਆ। ਸੰਨੀ ਚੌਕੰਨਾ ਸੀ। ਉਸਨੇ 'ਠੰਡੇ ਠੰਡੇ ਪਾਣੀ ਸੇ ਨਹਾਨਾ ਚਾਹੀਏ, ਗਾਨਾ ਆਏ ਜਾ ਨਾ ਆਏ... ਗਾਨਾ ਚਾਹੀਏ।" ਗਾ ਕੇ ਟੀਮ ਨੂੰ ਹਾਰ ਤੋਂ ਬਚਾ ਲਿਆ। ਵਿਰੋਧੀ ਟੀਮ ਨੇ ਫਿਰ ਥੋੜੀ ਦੇਰ 'ਚ 'ਠ' ਅੱਖਰ ਦੇ ਦਿੱਤਾ। ਇਸ ਵਾਰ ਸੁਸ਼ੀਲਾ ਨੇ ਬਚਾ ਲਿਆ, "ਠਾਡੇਂ ਰਹੀਓ ਓ ਬਾਂਕੇ ਯਾਰ' ਗਾ ਕੇ ਸਭ ਦੀਆਂ ਤਾੜੀਆਂ ਪ੍ਰਾਪਤ ਕਰ ਲਈਆ।

ਵਿਰੋਧੀ ਟੀਮ ਇਹ ਫ਼ੈਸਲਾ ਕਰ ਚੁੱਕੀ ਸੀ ਕਿ 'ਠ' ਅੱਖਰ ਦੇ ਮੋਰਚੇ ਉੱਤੇ ਹੀ ਸੰਨੀ-ਸੁਸ਼ੀਲਾ ਦੀ ਟੀਮ ਨੂੰ ਹਰਾਉਣਾ ਹੈ। ਐਂਤਕੀ ਸੰਨੀ ਨੇ ਸਾਹਮਣਾ ਕੀਤਾ। 'ਠਹਿਰਈਏ ਹੋਸ਼ ਮੇਂ ਆ ਲੂੰ ਤੋਂ ਚਲੇ ਜਾਈਏਗਾ।" ਗਾਇਆ ਤਾਂ ਨਾਲ ਦੋਹਾਂ ਦੇ ਲਈ ਸੁਸ਼ੀਲਾ ਨੇ ਅਗਲੀ ਲਾਈਨ ਗਾਈ, "ਆਪ ਕੇ ਦਿਲ ਮੇਂ ਬਿਠਾ ਲੂੰ ਤੋ ਚਲੇ ਜਾਈਏਗਾ।" ਆਵਾਜ਼ 'ਚ ਸੁਰੀਲਾਪਨ ਅਜਿਹਾ ਕਿ ਪੂਰਾ ਮਾਹੌਲ ਅਸ਼-ਅਸ਼ ਕਰ ਉੱਠਿਆ। ਉਂਝ ਸੰਨੀ ਤੇ ਸੁਸ਼ੀਲਾ ਦੋਵੇਂ ਸਮਝ ਗਏ ਸਨ ਕਿ ਵਿਰੋਧੀ ਟੀਮ 'ਠ' ਅੱਖਰ ਦੇ ਮੋਰਚੇ ਤੇ ਹਰਾਉਣ ਦੇ ਲਈ ਕਮਰ ਕੱਸ ਚੁੱਕੀ ਹੈ। ਸੰਨੀ-ਸੁਸ਼ੀਲਾ 'ਠ' ਅੱਖਰ ਤੋਂ ਨਵੇਂ ਨਵੇਂ ਗੀਤਾਂ ਦੇ ਲਈ ਦਿਮਾਗ਼ ਨੂੰ ਤਿਆਰ ਕਰਨ ਲੱਗੇ। ਜਲਦੀ ਹੀ ਫਿਰ ਚੁਣੋਤੀ ਮਿਲੀ 'ਠ' ਅੱਖਰ ਲਈ ਤਾਂ ਸੁਸ਼ੀਲਾ ਪਹਿਲਾ ਹੀ ਤਿਆਰ ਸੀ, "ਠੰਢੀ ਹਵਾਏਂ, ਲਹਿਰਾਂ ਕੇ ਆਏਂ, ਰੁੱਤ ਹੈ ਜਵਾਂ, ਤੁਮ ਕੋ ਯਹਾਂ, ਕੈਸੇ ਬੁਲਾਊ ?" ਉਸ ਨੇ ਗਾਇਆ ਤਾਂ ਨਾਲ ਪੂਰੇ ਹਾਲ 'ਚ ਬੈਠੇ ਵਿਦਿਆਰਥੀ ਗਾਉਣ ਲੱਗੇ। ਸੁਸ਼ੀਲਾ ਫਿਰ ਵੀ ਚਿੰਤਾ 'ਚ ਡੁੱਬੀ ਸੀ ਕਿ ਜਦੋਂ ਫਿਰ 'ਠ' ਅੱਖਰ ਗਾਉਣ ਦਾ ਮੌਕਾ ਆਵੇਗਾ ਤਾਂ ਕੀ ਗਾਇਆ ਜਾਵੇਗਾ ? ਦਿਮਾਗ਼ ਕੋਰਾ ਹੋ ਗਿਆ ਸੀ। ਉਸਨੇ 'ਸੰਨੀ' ਨੂੰ ਕਿਹਾ ਸੰਨੀ ਪਹਿਲਾ ਤੋਂ ਹੀ ਸੋਚ 'ਚ ਪਿਆ ਸੀ। 'ਠ' ਅੱਖਰ ਹੀ ਵਾਟਰਲੂ ਸਾਬਿਤ ਹੋਵੇਗਾ, ਅਜਿਹਾ ਲੱਗਣ ਲੱਗਾ। ਉਦੋਂ ਹੀ ਉਨ੍ਹਾਂ ਨੇ ਜਾਣਿਆ ਕਿ ਵਿਰੋਧੀ ਟੀਮ ਨੂੰ 'ਹ' ਅੱਖਰ 'ਚ ਗਾਉਣ ਦਾ ਮੌਕਾ ਮਿਲਿਆ ਤਾਂ ਉਨ੍ਹਾਂ ਨੇ 'ਹਮ ਤੇਰੇ ਪਿਆਰ ਮੇਂ ਸਾਰਾ ਆਲਮ ਖੋ ਬੈਠੇ, ਖੋ ਬੈਠੇ।" ਗਾਇਆ ਅਤੇ 'ਠ' ਅੱਖਰ ਤੋਂ ਗਾਉਣ ਦੀ ਚੁਣੌਤੀ ਦਿੱਤੀ। ਸੰਨੀ ਸੁਸ਼ੀਲਾ ਨੇ ਇਤਰਾਜ ਕੀਤਾ ਕਿ ਇਸ ਗੀਤ ਦਾ ਆਖਰੀ ਅੱਖਰ 'ਠ' ਨਹੀਂ ਹੈ

ਕਿਉਂਕਿ ਲਾਇਨ ਤੁਮ ਕਹਿਤੇ ਹੋ ਕਿ ਐਸੇ ਪਿਆਰ ਕੋ ਭੂਲ ਜਾਊਂ, ਭੂਲ ਜਾਊਂ । ਹੈ ਅਤੇ ਇਸ ਤਰ੍ਹਾਂ ਗੀਤ 'ਓ' ਅੱਖਰ ਤੇ ਖਤਮ ਹੁੰਦਾ ਹੈ। ਪੂਰੇ ਹਾਲ 'ਚ ਸ਼ੋਰ ਹੋਣ ਲੱਗਾ। ਕੁਝ ਲੋਕ ਸੰਨੀ-ਸੁਸ਼ੀਲਾ ਦੇ ਪੱਖ 'ਚ ਬੋਲ ਰਹੇ ਸੀ ਤੇ ਕੁਝ ਵਿਰੋਧੀ ਟੀਮ ਦੇ ਪੱਖ 'ਚ ਜੱਜਾਂ ਦੀ ਆਪਸੀ ਚਰਚਾ ਤੇ ਬਹਿਸ ਹੋਈ। ਫ਼ੈਸਲਾ ਵਿਰੋਧੀ ਟੀਮ ਦੇ ਹੱਕ 'ਚ ਹੋਇਆ ਕਿਉਂਕਿ, "ਨਿਯਮਾ ਦੇ ਮੁਤਾਬਕ ਅੱਖਰ ਦੇਣ ਵਾਲੀ ਟੀਮ ਦਾ ਅਧਿਕਾਰ ਹੈ ਕਿ ਉਹ ਗੀਤ ਕਿਥੇ , ਕਿਵੇਂ ਰੋਕੇ ਅਤੇ ਕਿਹੜਾ ਅੱਖਰ ਵਿਰੋਧੀ ਟੀਮ ਨੂੰ ਦੇਵੇ।" ਸੰਨੀ ਸੁਸ਼ੀਲਾ ਵੀ ਇਸ ਨਿਯਮ ਨੂੰ ਜਾਣਦੇ ਸਨ। ਉਨ੍ਹਾਂ ਦਾ ਅੰਨਤਾਕਸ਼ਰੀ 'ਚ ਭਾਗ ਲੈਣ ਦਾ ਅਨੁਭਵ ਸਾਲਾਂ ਦਾ ਸੀ। ਉਹਨਾਂ ਨੂੰ ਇਹ ਵੀ ਪਤਾ ਸੀ ਵਿਰੋਧੀ ਟੀਮ 'ਠ' ਅੱਖਰ ਦੇਣ ਦੇ ਲਈ ਹਰ ਸੰਭਵ ਕੋਸ਼ਿਸ਼ ਕਰੇਗੀ। ਫਿਰ ਵੀ ਸੰਨੀ ਨੇ ਵਿਰੋਧ ਇਸ ਲਈ ਕੀਤਾ ਸੋਚਣਾ ਦਾ ਕੁਝ ਸਮਾਂ ਮਿਲ ਜਾਵੇਗਾ।

ਫਿਰ ਵੀ ਕੋਈ ਗੀਤ ਚੇਤੇ ਨਾ ਆਇਆ । ਕੀ ਅੱਜ ਹਾਰ ਹੋ ਕੇ ਰਹੇਗੀ ? ਸੰਨੀ ਦਾ ਤਣਾਓ ਦੋਹਰਾ ਸੀ। ਸੁਧੀਰ ਦੀ ਸੂਚਨਾ ਨੇ ਇਕ ਅਜਿਹੀ ਉਤੇਜਨਾ ਪੈਦਾ ਕਰ ਰੱਖੀ ਸੀ ਕਿ ਨਿਕਲਣਾ ਮੁਸ਼ਕਲ ਹੋ ਰਿਹਾ ਸੀ। ਸੁਸ਼ੀਲਾ ਇਸ ਤੋਂ ਪੂਰੀ ਤਰ੍ਹਾਂ ਅਣਜਾਣ ਸੀ। ਐਵੇਂ ਮੱਲੋਜੋਰੀ ਪਰੇਸ਼ਾਨ ਹੁੰਦੀ ਤੇ ' ਅੰਨਤਾਕਸ਼ਰੀ' ਆਰੰਭ ਤੋਂ ਹੀ ਵਿਗੜ ਜਾਂਦੀ।

ਜੱਜਾਂ ਵਲੋਂ ਐਲਾਨ ਹੋਇਆ ਕਿ ਸੰਨੀ-ਸੁਸ਼ੀਲਾ ਨੂੰ 'ਠ' ਅੱਖਰ ਤੋਂ ਹੀ ਗਾਣਾ ਹੋਵੇਗਾ। ਹਾਰਨਾ ਪੱਕਾ ਲੱਗ ਰਿਹਾ ਸੀ। ਉਸਨੇ ਸੁਸ਼ੀਲਾ ਵੱਲ ਦੇਖਿਆ। ਅੱਜ ਉਹ ਪਹਿਲੀ ਵਾਰ ਬੁੱਧੂ ਸਾਬਿਤ ਹੋਵੇਗਾ। ਪਲ 'ਚ 'ਬੁੱਧੂ' ਫਿਲਮ ਚੇਤੇ ਆਈ। ਚੇਤੇ ਆਇਆ ਕਿ ਉਸ 'ਚ ਇਕ ਗੀਤ ਹੈ 'ਠ' ਅੱਖਰ ਤੋਂ ਆਰੰਭ ਹੋਣ ਵਾਲਾ ਬਿਜਲੀ ਵਾਂਗ ਗੀਤ ਦੇ ਬੋਲ ਦਿਲ ਦਿਮਾਗ਼ 'ਚ ਫਿਰੇ, ਤੀਹ ਸੈਕੰਡ ਦੇ ਨਿਸਚਿਤ ਸਮੇਂ ਦੇ ਖਤਮ ਹੋਣ ਤੋਂ ਪਹਿਲਾਂ ਹੀ ਉਹ ਗਾਉਣ ਲੱਗਾ, "ਠੰਡੀ ਮੇਂ ਪਸ਼ੀਨਾ ਜ਼ਲੇ, ਨਾ ਭੂਖ ਨਾ ਪਿਆਸ ਲੱਗੇ, ਯਾਰ ਯੇਹ ਪਿਆਰ ਤੋਂ ਨਹੀਂ, ਡੈਡੀ ਸੇ ਪੂਛ ਲੂੰਗਾ।" ਸੁਸ਼ੀਲਾ 'ਚ ਜਿਵੇਂ ਨਵੇਂ ਸਿਰੇ ਤੋਂ ਜਾਨ ਪੈ ਗਈ ਹੋਵੇ । ਉਸਨੇ ਸਾਥ ਦਿੱਤਾ, "ਡੈਡੀ ਸੇ ਪੂਛ ਲੇਨਾ।" ਅਤੇ ਜਿਵੇਂ ਹਾਲ ਨਾਲ ਨਾਲ ਗਾਉਣ ਲੱਗਾ।

ਵਿਰੋਧੀ ਟੀਮ ਨੂੰ 'ਗ' ਅੱਖਰ ਮਿਲਿਆ । ਇਹ ਅੱਖਰ ਉਨ੍ਹਾਂ ਨੂੰ ਐਨੀ ਵਾਰ ਮਿਲ ਚੁੱਕਾ ਸੀ ਉਨ੍ਹਾਂ ਤੋਂ 'ਗ' ਵਾਲੇ ਗੀਤਾਂ ਦਾ ਭੰਡਾਰ ਖਤਮ ਹੋ ਚੁੱਕਾ ਸੀ। ਜਦ ਨਿਸਚਿਤ ਸਮਾਂ ਖਤਮ ਹੋ ਗਿਆ ਤਾਂ ਜੱਜਾਂ ਨੇ ਸੰਨੀ-ਸੁਸ਼ੀਲਾ ਨੂੰ ਕਿਹਾ ਕਿ ਉਨ੍ਹਾਂ ਦੀ ਟੀਮ 'ਗ' ਅੱਖਰ ਤੋਂ ਸ਼ੁਰੂ ਹੋਣ ਵਾਲੇ ਕੋਈ ਸੱਜਰੇ ਗੀਤ ਨੂੰ ਗਾਵੇ ਅਤੇ ਜਿੱਤ ਜਾਵੇ। ਸੰਨੀ ਨੇ ਇਸ ਮੌਕੇ ਦੇ ਲਈ ਖੁਦ ਨੂੰ ਤਿਆਰ ਰੱਖਿਆ ਸੀ। ਉਸ ਨੇ ਗਾਇਆ , " ਗਾਏ ਜਾ ਗੀਤ ਮਿਲਨ ਕੇ, ਹੋ ਅਪਨੀ ਲਗਨ ਕੇ, ਸੱਜਣ ਘਰ ਜਾਨਾ ਹੈ।' ਇਸ ਲਾਇਨ ਨੂੰ ਜਦੋਂ ਉਹ ਗਾ ਰਿਹਾ ਸੀ ਤਾਂ ਪੂਰੀ ਭੀੜ ਖੁਸ਼ੀ 'ਚ ਨੱਚਣ ਲੱਗੀ ਸੀ। ਭੀੜ 'ਚ ਸਾਮਿਲ ਵੰਸ਼ੀਧਰ ਵੀ ਉਸ ਰੰਗ 'ਚ ਰੰਗਿਆ ਗਿਆ। ਉਹ ਮਹਿਸੂਸ ਕਰ ਰਹੇ ਸਨ ਕਿ ਉਨ੍ਹਾਂ ਦਾ ਪੂਰਾ ਵਜੂਦ ਸੰਨੀ-ਸੁਸ਼ੀਲਾ ਦੇ ਨਾਲ ਹੋ ਗਿਆ ਹੈ। 'ਅੰਨਤਾਕਸ਼ਰੀ ' ਚ 'ਅੰਤ ਤੋਂ ਆਰੰਭ' ਕਿਵੇਂ ਹੁੰਦਾ ਹੈ, ਇਸ ਨੂੰ ਉਨ੍ਹਾਂ ਨੇ ਜਿਵੇਂ ਫਿਰ ਤੋਂ ਇਕ ਵਾਰ ਜਾਣਿਆ ਸੀ।

ਅਜੇ ਸਮਾਗਮ ਖਤਮ ਨਹੀਂ ਹੋਇਆ ਸੀ। ਇਹ ਤਾਂ ਪੱਕਾ ਹੋ ਗਿਆ ਸੀ ਕਿ ਵਿਦਿਆ ਰੰਜਨ ਕਾਲਜ ਦੀ ਟੀਮ ਜਿੱਤ ਗਈ ਹੈ ਪ੍ਰੰਤੂ ਅਜੇ ਐਲਾਨ ਹੋਣਾ ਬਾਕੀ ਸੀ।

ਭੀੜ 'ਚ ਧੱਕਮ-ਧੱਕਾ ਵਧ ਰਿਹਾ ਸੀ। ਚਾਰੇ ਪਾਸਿਆ ਤੋਂ ਹਫ਼ੜਾ ਦਫ਼ੜੀ ਮਚੀ ਹੋਈ ਸੀ। ਸੰਨੀ ਸੁਸ਼ੀਲਾ 'ਵਧਾਈਆਂ' ਅਤੇ 'ਕੰਗਰੇਟਸ' ਬੋਲਣ ਵਾਲਿਆ 'ਚ ਘਿਰੇ ਹੋਏ ਸਨ।

ਸੁਧੀਰ ਅਤੇ ਉਨ੍ਹਾਂ ਦੇ ਦੋਸਤਾ ਦਾ ਸਬਰ ਤਾਂ ਬਹੁਤ ਪਹਿਲਾ ਹੀ ਖਤਮ ਹੋ ਚੁੱਕਾ ਸੀ। ਭੀੜ ਦੇ ਧੱਕਮ ਧੱਕੇ ਹੁੰਦਿਆ ਹੀ ਉਨ੍ਹਾਂ ਨੇ ਬੇਸ ਬੈਟ ਤੇ ਡਾਂਗਾ 'ਤੇ ਆਪਣੀ ਪਕੜ ਕਸ ਲਈ ਸੀ।

ਪਾਗਲਪਨ ਵੀ ਘੱਟ ਸੁਚੇਤ ਨਹੀਂ ਹੁੰਦਾ। ਫਿਰ ਜੇਕਰ ਉਹ ਹਿੰਸਕ ਹੋਵੇ ਤਾਂ ? ਬਰਿੰਦਰ ਸਿੰਘ, ਸ਼ਿਵਾਨਾ ਅਤੇ ਉਹਨਾਂ ਦੇ ਸਾਥੀਆ ਦਾ ਸਾਰਾ ਚੌਕੰਨਾ ਪਨ ਢਿੱਲਾ ਪੈ ਗਿਆ ਸੀ। ਸੁਧੀਰ ਤੇ ਉਨ੍ਹਾਂ ਦੇ ਦੋਸਤਾ ਉੱਤੇ ਕੁਝ ਪਲਾ ਦੇ ਲਈ ਉਨ੍ਹਾਂ ਦਾ ਧਿਆਨ ਹਟ ਗਿਆ ਸੀ, ਜਦੋਂ ਤੱਕ ਉਹ ਸੰਭਲਦੇ ਉਦੋਂ ਤੱਕ ਸੁਧੀਰ ਆਪਣੇ ਸਾਥੀਆਂ ਦੇ ਨਾਲ ਸੰਨੀ-ਸੁਸ਼ੀਲਾ ਵੱਲ ਵਧ ਚੁੱਕੇ ਸਨ।

ਵਧਾਈਆਂ 'ਚ ਘਿਰੇ ਸੰਨੀ, ਸੁਧੀਰ ਨੂੰ ਪੂਰੀ ਤਰ੍ਹਾਂ ਭੁੱਲਿਆ ਤਾਂ ਨਹੀਂ ਸੀ ਪ੍ਰੰਤੂ ਉਨ੍ਹਾਂ ਦਾ ਅੰਦਾਜ਼ਾ ਸੀ ਜੋ ਕੁਝ ਵੀ ਹੋਣਾ ਹੈ, ਸਮਾਗਮ ਦੇ ਖਤਮ ਹੋਣ ਤੋਂ ਬਾਅਦ ਹੀ ਹੋਵੇਗਾ। ਉਂਝ ਉਸਦਾ ਦਿਲ ਜ਼ੋਰ ਜ਼ੋਰੋ ਨਾਲ ਧੜਕ ਰਿਹਾ ਹੈ। ਉਸ ਨੂੰ ਕੋਈ ਅਨੁਭਵ ਨਹੀਂ ਸੀ ਕਿ ਜੋ ਹੋਣਾ ਹੈ,ਦਰਅਸਲ



ਉਹ ਕੀ ਹੋਵੇਗਾ ?

ਵਧਦਾ ਹੋਇਆ ਸੁਧੀਰ ਅਤੇ ਉਸਦੀ ਹਾਕੀ ਪਹਿਲਾ ਸੁਸ਼ੀਲਾ ਨੂੰ ਦਿਸੀ। ਉਹ ਸੰਨੀ ਨੂੰ ਹੁਸ਼ਿਆਰ ਕਰਦੀ ਉਦੋਂ ਤੱਕ ਸੰਨੀ ਦੇ ਸਿਰ 'ਚ ਵੱਜ ਚੁੱਕੀ ਸੀ। ਵਾਰ ਐਨੀ ਜੋਰ ਨਾਲ ਹੋਈਆ ਸੀ ਕਿ ਸੰਨੀ ਖੜਾ ਨਹੀਂ ਰਹਿ ਸਕਿਆ। ਜੋਰ ਨਾਲ ਚੱਕਰ ਆਇਆ ਤੇ ਉਹ ਡਿੱਗ ਪਿਆ।

ਉਦੋਂ ਤੱਕ ਬਰਿੰਦਰ ਸਿੰਘ ਅਤੇ ਸਿਵਾਨਾ ਆਪਣੇ ਸਾਥੀਆਂ ਨਾਲ ਸਰਗਰਮ ਹੋ ਚੁੱਕੇ ਸਨ।

ਚਾਰੇ ਪਾਸਿਆ ਤੋਂ ਚੀਕਾਂ, ਤੇ ਰੌਲੀ ਪੈਣੀ ਸ਼ੁਰੂ ਹੋ ਚੁੱਕੀ ਸੀ। ਹਿੰਦੀ ਤੈਲਗੂ ਦੀਆਂ ਮਿਲੀਆਂ ਜੁਲੀਆ ਗਾਲ੍ਹਾਂ ਅਤੇ ਲਲਕਾਰੇ । ਚੀਕ-ਪੁਕਾਰ ਉਪਰ ਨੂੰ ਉੱਠਦੀਆਂ ਡਾਂਗਾ-ਬੇਸ ਬੈਟ ਤੇ ਰਾਡ।

ਸੁਧੀਰ ਤੇ ਉਨ੍ਹਾਂ ਦੇ ਦੋਸਤਾ ਨੂੰ ਅੰਦਾਜਾ ਤੱਕ ਨਹੀਂ ਸੀ ਕਿ ਅਜਿਹੀ ਲੜਾਈ ਹੋਵੇਗੀ। ਉਹਨਾਂ ਦਾ ਖਿਆਲ ਸੀ ਕਿ ਉਹ ਆਸਾਨੀ ਨਾਲ ਉਸ ਕਮੀਨੇ ਦਾ ਦਿਮਾਗ਼ ਠੀਕ ਕਰ ਦੇਣਗੇ। ਵਿਰੋਧ ਕਰਨ ਦੀ ਹਿੰਮਤ ਤਾਂ ਕੋਈ ਕਰੇਗਾ ਨਹੀਂ, ਉਲਟ ਸਾਰੇ ਉਹਨਾਂ ਦੀ ਕਾਰਵਾਈ ਦੀ ਤਰੀਫ਼ ਕਰਨਗੇ। ਉਨ੍ਹਾਂ ਨੂੰ ਆਦਰ ਮਾਣ ਦੇਣਗੇ। ਪ੍ਰੰਤੂ ਏਥੇ ਤਾਂ ਲੈਣੇ ਦੇ ਦੇਣੇ ਪੈ ਗਏ ਸੁਧੀਰ ਨੂੰ । ਸੁਧੀਰ ਹੈਰਾਨ ਸੀ ਕਿ ਉਸਦੀ ਡਾਂਗ ਦਾ ਇਕ ਭਰਪੂਰ ਵਾਰ ਸੰਨੀ ਤੇ ਹੋਇਆ ਸੀ ਫਿਰ ਤਾਂ ਅਜਿਹਾਂ ਹਮਲਾ, ਅਜਿਹੀ ਭਾਜੜ ਮਚੀ ਕਿ ਸੁਧੀਰ ਅਤੇ ਉਨ੍ਹਾਂ ਦੇ ਦੋਸਤ ਸਮਝ ਹੀ ਨਹੀਂ ਪਾਏ ਕਿ ਕਿਸ ਨੂੰ ਮਾਰਨ ਤੇ ਕਿਵੇਂ ਬਚਣ ! ਜਿਸ ਵੱਲ ਦੇਖੋ, ਡਾਂਗ ਜਾਂ ਬੇਸ ਬੈਟ-ਰਾਡ ਚੁੱਕੀ ਕੋਈ ਨਾ ਕੋਈ ਮਰਨ ਨੂੰ ਤੇ ਖਾਣ ਨੂੰ ਤਿਆਰ । ਸੁਧੀਰ ਦਾ ਮਨ ਤਾਂ ਕੀਤਾ ਕਿ ਸੁਸ਼ੀਲਾ ਨੂੰ ਘਸੀਟਦਾ ਹੋਇਆ ਲੈ ਜਾਵੇ ਅਤੇ ਉਸ ਦੀ ਬਾਂਹ ਫੜ ਕੇ ਖਿੱਚਣ ਦੀ ਕੋਸ਼ਿਸ਼ ਵੀ ਕੀਤੀ, ਹਫ਼ੜਾ ਦਫ਼ੜੀ 'ਚ ਇਕ ਰਾਡ ਦਾ ਭਰਪੂਰ ਵਾਰ ਉਸਦੀ ਬਾਂਹ ਉੱਤੇ ਹੋਇਆ ਦੂਜਾ ਵਾਰ ਡਾਂਗ ਦਾ ਉਸ ਦੇ ਹੱਥ ਤੇ ਲੱਗਾ ਸੁਸ਼ੀਲਾ ਤਾਂ ਖ਼ੈਰ ਉਥੇ ਹੀ ਛੁੱਟ ਗਈ, ਉਹ ਕਿਸੇ ਤਰ੍ਹਾਂ ਡਿੱਗਦਾ ਢਹਿੰਦਾ ਉਥੋਂ ਭੱਜਾ। ਸਾਥੀਆਂ ਦਾ ਹਾਲ ਵੀ ਕੁਝ ਇਸ ਤਰ੍ਹਾਂ ਹੋਇਆ ਕਿਸੇ ਦਾ ਸਿਰ ਪਾਟਿਆ ਤੇ ਕਿਸੇ ਦੀ ਕੋਹਣੀ ਟੁੱਟੀ ਅਤੇ ਕਿਸੇ ਦੀ ਲੱਤ ਪੂਰੀ ਨਹੀਂ ਬਚੀ। ਚਾਹੇ ਸ਼ਿਵਾਨਾ ਹੋਵੇ ਜਾਂ ਫਿਰ ਬਰਿੰਦਰ ਸਿੰਘ, ਵਿਦਿਆਰਥੀਆਂ ਦੇ ਲਈ ਤਾਂ ਇਹ ਰੁਟੀਨ ਦੀ ਘਟਨਾ ਸੀ ਇਸ ਲਈ ਜਦੋਂ ਵਾਈਸ ਚਾਂਸਲਰ ਪੁਲਿਸ ਦੇ ਨਾਲ ਪਹੁੰਚੇ ਤਾਂ ਸਿਰ 'ਚ ਵਹਿ ਰਹੇ ਲਹੂ ਨੂੰ ਹਥੇਲੀ ਨਾਲ ਦਬਾ ਕੇ ਰੋਕਣ ਦੀ ਕੋਸ਼ਿਸ਼ ਕਰਦਾ ਸੰਨੀ, ਉਸ ਨੂੰ ਸੰਭਲਦੇ ਕੁਝ ਇਕ ਵਿਦਿਆਰਥੀ ਵਿਦਿਆਰਥਣਾ ਅਤੇ ਕੁਝ ਅਧਿਆਪਕ ਹੀ ਉਥੇ ਸੀ।

ਭਾਜੜ 'ਚ ਘਿਰ ਤਾਂ ਡਾ. ਵੰਸ਼ੀਧਰ ਵੀ ਗਿਆ ਸੀ। ਉਹ ਅੰਨਤਾਕਸ਼ਰੀ ਦੀ ਖ਼ੁਮਾਰੀ 'ਚ ਅਜੇ ਨਿਕਲ ਵੀ ਨਹੀਂ ਸਕਿਆ ਕਿ ਉਹਦੇ ਚਾਰੇ ਪਾਸੇ ਚੀਕਾ, ਰੌਲੀ ਭੱਜ ਨੱਠ ਸ਼ੁਰੂ ਹੋ ਗਈ। ਉਹਨਾ ਨੇ ਉਸਦਾ ਕਾਰਨ ਸਮਝਣਾ ਚਾਹਿਆ ਪ੍ਰੰਤੂ ਸਟਿਕ ਜਾਂ ਰਾਡ ਚੁੱਕੀ ਦੌੜਦੇ ਵਿਦਿਆਰਥੀਆਂ ਦੇ ਇਲਾਵਾਂ ਉਹਨਾਂ ਨੂੰ ਕੁਝ ਨਹੀਂ ਦਿਸਿਆ। ਚਿਹਰੇ ਸਾਰੇ ਬੇ-ਪਛਾਣ ਸੀ ਜਾਂ ਫਿਰ ਉਸ ਮਾਹੌਲ 'ਚ ਉਹਨੂੰ ਇਸ ਤਰ੍ਹਾਂ ਲੱਗਾ। ਉਹਨੂੰ ਸੰਨੀ ਸੁਸ਼ੀਲਾ ਦੀ ਫਿਕਰ ਹੋਈ। ਉਸ ਵੱਲ ਅੱਗੇ ਵਧਣਾ ਚਾਹਿਆ ਤਾਂ ਭਰਮ 'ਚ ਉਲਟੀ ਦਿਸ਼ਾ ਦੇ ਸ਼ਿਕਾਰ ਹੋ ਗਏ। ਭੀੜ ਦਾ ਹੱਲਾ ਅਜਿਹਾ ਆਇਆ ਕਿ ਜਦੋਂ ਤੱਕ ਸੰਭਲਦੇ ਉਦੋਂ ਤੱਕ ਹਾਲ ਦੇ ਇਕ ਕੋਨੇ 'ਚ ਬੈਠ ਗਏ। ਕੰਧ ਨਾਲ ਪਿੱਠ ਲਾ ਕੇ ਖੁਦ ਨੂੰ ਸੰਭਾਲਿਆ। ਸੰਭਲ ਚੁੱਕਣ ਉਪਰੰਤ, ਦੇਖਿਆ ਸਿਰ ਦੀ ਸੱਟ ਦੇ ਕਾਰਨ ਸੰਨੀ ਡਿੱਗ ਪਿਆ ਹੈ। ਕਾਫੀ ਸਾਰਾ ਲਹੂ ਵਹਿ ਗਿਆ ਸੀ। ਸੁਸ਼ੀਲਾ ਕਿਤੇ ਨਹੀਂ ਦਿਸੀ।

ਪੁਲਿਸ ਆਈ ਤਾਂ ਕੋਈ ਵੀ ਕੁਝ ਦੱਸਣ ਦੀ ਹਾਲਤ 'ਚ ਨਹੀਂ ਸੀ। ਵਿਦਿਆਰਥੀ-ਵਿਦਿਆਰਥਣਾਂ ਉਂਝ ਵੀ ਪੁਲਿਸ ਨੂੰ ਕੁਝ ਵੀ ਦੱਸਣ ਤੋਂ ਪਰਹੇਜ਼ ਹੀ ਕਰਦੇ ਹਨ। ਐਨਾ ਪਤਾ ਸਭ ਨੂੰ ਹੁੰਦਾ ਹੈ ਕਿ ਕੁੱਟਣ ਵਾਲੇ ਤੇ ਕੁੱਟ ਖਾਣ ਵਾਲੇ ਦੋਨਾਂ ਪਾਸੇ ਵਿਦਿਆਰਥੀ ਹੁੰਦੇ ਹਨ। ਉਨ੍ਹਾਂ ਦਾ ਆਪਸੀ ਝਗੜਾ ਹੁੰਦਾ ਹੈ। ਬਾਹਰ ਦਾ ਆਦਮੀ ਦਖਲ-ਅੰਦਾਜੀ ਨਹੀਂ ਕਰ ਸਕਦਾ। ਪੁਲਿਸ ਤੋਂ ਵੱਧ ਬਾਹਰ ਦਾ ਹੋਰ ਕਿਹੜਾ ਹੋਵੇਗਾ ? ਮਾਮਲੇ ਦੀ ਨਜ਼ਾਕਤ ਨੂੰ ਸਮਝੇ ਬਿਨਾ ਵਾਲ਼ ਦੀ ਖੱਲ ਲਹੁਣਾ ਹੀ ਤਾਂ ਪੁਲਿਸ ਦਾ ਧੰਦਾ ਹੈ। ਅਹਿਸਾਸਾਂ ਅਤੇ ਜਜ਼ਬਾਤਾਂ ਦੀ ਕਦਰ ਕਰਨਾ ਤਾਂ ਉਹ ਜਾਣਦੇ ਤੱਕ ਨਹੀਂ।

ਹਮਲਾਵਰਾਂ ਦੀ ਸਨਾਖ਼ਤ ਕਰਨ ਵਾਲਾ ਵੀ ਕੋਈ ਨਹੀਂ ਸੀ। ਘਟਨਾ ਦੇ ਬਾਰੇ 'ਚ ਵੀ ਬਸ ਗੋਲ-ਮੋਲ ਗੱਲਾਂ ਸਨ। ਸੰਨੀ ਤੋਂ ਵੀ ਕੁਝ ਪਤਾ ਨਹੀਂ ਚੱਲ ਸਕਿਆ। ਉਸਦੇ ਬਿਆਨ ਦਾ ਸਾਰ ਸੀ, "ਮੈਂ ਕਿਸੇ ਨੂੰ ਨਹੀਂ ਦੇਖਿਆ। ਅਜਨਬੀ ਚਿਹਰੇ ਸੀ। ਮੈਂ ਕਿਸੇ ਨੂੰ ਨਹੀਂ ਪਹਿਚਾਣਦਾ।"

ਉਂਝ ਪੁਲਿਸ ਤੇ ਅਖ਼ਬਾਰਾਂ ਨੂੰ ਐਨਾ ਹੀ ਪਤਾ ਲੱਗ ਜਾਣਾ ਕਾਫੀ ਸੀ ਸੀ ਵਾਰਦਾਤ ਦੇ ਕੇਂਦਰ

’ਚ ਇਕ ਦਲਿਤ ਲੀਡਰ ਦਾ ਬੇਟਾ ਹੈ, ਨਾਂ ਹੁਣੇ ਜਿਹੇ ਬਦਲ ਲਿਆ ਹੈ ‘ਸੂਰੇਯਾਕਾਂਤ ਤ੍ਰਿਪਾਠੀ’ ਅਤੇ ਜਿਹੜਾ ਵਿਦਿਆਰੰਜਨ ਕਾਲਜ ਦਾ ਪੀਜੀ ਦਾ ਵਿਦਿਆਰਥੀ ਹੈ।

ਐਨੀ ਗੱਲ ਕਾਫੀ ਸੀ ਪੁਲਿਸ ਤੇ ਅਖ਼ਬਾਰ ਵਾਲਿਆ ਦੇ ਲਈ।

ਐਂਬੂਲੈਂਸ ਬੁਲਾਈ ਗਈ। ਸੰਨੀ ਨੂੰ ਸਟ੍ਰੇਚਰ ਉੱਤੇ ਲੈ ਜਾਇਆ ਗਿਆ।

ਸੁਸ਼ੀਲਾ ਡਰੀ ਜਿਹੀ ਇਕ ਪਾਸੇ ਕੰਧ ਦੇ ਆਸਰੇ ਨਾਲ ਖੜੀ ਰਹੀ। ਵੱਧ ਤੋਂ ਵੱਧ ਉਸ ਤੋਂ ਹੋ ਸਕਿਆ ਤਾਂ ਬਸ ਇਹੀ ਕਿ ਵੰਸ਼ੀਧਰ ਨੂੰ ਕਹੋ, “ਸਰ ਪਲੀਜ਼, ਮੈਨੂੰ ਕੁਝ ਵੀ ਸਮਝ ’ਚ ਨਹੀਂ ਆ ਰਿਹਾ ਹੈ, ਮੇਰੀ ਸਹਾਇਤਾ ਕਰੋ।”

ਡਾ. ਵੰਸ਼ੀਧਰ ਆਪਣੀ ਥਾਂ ਸੁੰਨ ਖੜੇ ਸੀ। ਪਹਿਲਾ ਉਹ ਹੀ ਸੰਨੀ ਦੇ ਕੋਲ ਪਹੁੰਚੇ ਸੀ। ਉਸ ਨੂੰ ਆਸਰਾ ਦਿੱਤਾ ਸੀ ਤਾਂ ਹੀ ਸੰਨੀ ਨੇ ਸਾਇਦ ਉਹਦੀ ਛੋਹ ਨੂੰ ਪਹਿਚਾਣ ਕੇ ਅੱਖਾਂ ਖੋਹਲੀਆ ਸਨ ਅਤੇ ਬੁੜ-ਬੁੜਾ ਕੇ ਕਿਹਾ ਸੀ, “ਸਰ ਸਥਿਤੀ ਉਲਟੀ ਹੋ ਗਈ ਹੈ। ਸਾਰਾ ਕੁਝ ਉਲਟ ਚੁੱਕਾ ਹੈ। ਹੁਣੇ ਹੁਣੇ ਮੈਂ ਆਪਣੇ ਹੀ ਵਹਿ ਰਹੇ ਲਹੂ ਨੂੰ ਦੇਖ ਕੇ ਜਾਣਿਆ ਕਿ ਉਸ ਵੇਲੇ ਮੇਰੇ ਦੁਸ਼ਮਣ ਨੰਬਰ ਵਨ ਆਪ ਹੋ। ਨਾਓ ਆਈ ਹੇਟ ਯੂ ਸਰ ਐਂਡ ਪਲੀਜ਼ , ਮੈਨੂੰ ਮੇਰੇ ਹਾਲ ਤੇ ਛੱਡ ਦਿਓ।”

ਵੰਸ਼ੀਧਰ ਦੇ ਲਈ ਉਨ੍ਹਾਂ ਬੋਲਾਂ ਦੇ ਕੌੜੇਪਨ ਨੂੰ ਸਹਿਣ ਕਰਨਾ ਜਿਵੇਂ 40 ਵੋਲਟ ਦੇ ਬਿਜਲੀ ਦੇ ਕਰੰਟ ਨੂੰ ਸਹਿਣ ਕਰਨਾ ਸੀ। ਭੱਜ ਨੱਠ, ਚੀਕਾਂ, ਮਾਰ-ਧਾੜ ਸਭ ਇਸ ਸ਼ੱਕ ਦੇ ਸਾਹਮਣੇ ਬੇਹੱਦ ਮਾਮੂਲੀ ਲੱਗ ਰਹੇ ਸੀ।

ਸੁਸ਼ੀਲਾ ਦਾ ਤਜ਼ਰਬਾ ਵੀ ਕੁਝ ਅਜਿਹਾ ਹੀ ਸੀ। ਸੰਭਲਦੀ ਹੋਈ ਉਹ ਵੀ ਡਿੱਗ ਪਏ ਸੰਨੀ ਦੇ ਕੋਲ ਪਹੁੰਚੀ ਸੀ । ਉਹ ਦੇਖ ਕੇ ਸਿਰ ਤੇ ਸੱਟ ਡੂੰਘੀ ਹੈ। ਤੇ ਲਹੂ ਕਾਫੀ ਵਹਿ ਰਿਹਾ ਹੈ। ਉਸਨੇ ਸੰਭਾਲਣ ਤੇ ਉਠਾਉਣ ’ਚ ਸਹਾਇਤਾ ਕਰਨ ਦੀ ਕੋਸ਼ਿਸ਼ ਕੀਤੀ ਸੀ।

ਸੰਨੀ ਨੀਮ-ਬੇਹੋਸ ਸੀ। ਹੋਸ਼ ਸੰਭਲਣ ਤੇ ਸੁਸ਼ੀਲਾ ਨੂੰ ਕੋਸ਼ਿਸ਼ ਕਰਦੇ ਹੋਏ ਦੇਖਿਆ। ਮਸਾਂ ਹੀ ਬੋਲਿਆ, “ਮਨੋਹਰਾ, ਨਾ ਹੁਣ ਮੈਂ ਸੰਨੀ ਰਿਹਾ ਅਤੇ ਨਾ ਸੂਰੇਯਾਕਾਂਤ ਤ੍ਰਿਪਾਠੀ ਹੀ। ਤੂੰ ਮੈਨੂੰ ਨਹੀਂ ਜਾਣਦੀ। ਮੇਰੇ ਸਿਰ ’ਚੋਂ ਵਹਿ ਰਹੇ ਲਹੂ ਨੇ ਸਥਿਤੀ ਗੰਭੀਰ ਕਰ ਦਿੱਤੀ ਹੈ। ਹੁਣ ਮੈਂ ਇਕ ਅਜਨਬੀ ਹਾਂ। ਮੈਂ ਜਾਣਦਾ ਹਾਂ ਕਿ ਇਹ ਮੁਸ਼ਕਲ ਹੋਵੇਗਾ। ਫਿਰ ਵੀ ਮੇਰੀ ਕਸਮ ਹੈ ਤੈਨੂੰ, ਮੇਰੇ ਤੋਂ ਦੂਰ ਹੀ ਰਹੀਂ। ਸਿਰ ਦੀ ਇਸ ਸੱਟ ਤੋਂ ਕਿਤੇ ਵੱਧ ਸੱਟ ਮੇਰੀ ਹੋਂਦ ਨੂੰ ਲੱਗੀ ਹੈ, ਜਿਹੜੀ ਕਿ ਫ਼ੈਸਲਾ ਕੁੰਨ ਸਾਬਤ ਹੋਈ ਹੈ। ਤੂੰ ਸਮਝ ਨਹੀਂ ਸਕਦੀ। ਅਜੇ ਤਾਂ ਮੈਂ ਖ਼ੁਦ ਨਹੀਂ ਸਮਝ ਸਕਿਆ। ਮੈਨੂੰ ਥੋੜਾ ਸਮਾਂ ਦੇ। ਹਸਪਤਾਲ ’ਚ ਮਿਲਣ ਆਵੀਂ। ਉਥੇ ਹੀ ਸਭ ਕੁਝ ਦੱਸਾਂਗਾ। ਹੁਣ ਤਾਂ ਪਲੀਜ਼ ਲਿਵ ਮੀ ਆਲੋਨ।”

0 0 0

ਸੁਸ਼ੀਲਾ ਉੱਤੇ ਕੀ ਬੀਤੀ, ਸੰਨੀ ਦੀ ਇਹ ਗੱਲ ਸੁਣ ਕੇ ! ਥੋੜਾ ਬਹੁਤ ਅੰਦਾਜਾ ਇਸ ਤੋਂ ਲਗਾਇਆ ਜਾ ਸਕਦਾ ਹੈ ਉਹ ਬਿਜਲੀ ਨਾਲ ਚੱਲਦੀ ਗੁੜੀਆਂ ਵਰਗੀ ਜੋ ਦੂਰ ਖਿਸਕ ਗਈ। ਜਿਵੇਂ ਸੰਨੀ ਤੋਂ ਬੇਹੱਦ ਡਰ ਗਈ ਹੋਵੇ। ਦੂਰ।

ਵੰਸ਼ੀਧਰ ਨੂੰ ਖੜੇ ਦੇਖਿਆ ਤਾਂ ਸਹਾਇਤਾ ਦੀ ਲੋੜ ਮਹਿਸੂਸ ਹੋਈ। ਉਹਦੇ ਕੋਲ ਜਾ ਕੇ ਕਿਹਾ, “ਸਰ ਮੈਨੂੰ ਕੁਝ ਵੀ ਸਮਝ ’ਚ ਨਹੀਂ ਆ ਰਿਹਾ ਹੈ। ਕੀ ਤੁਸੀਂ ਮੇਰੀ ਸਹਾਇਤਾ ਕਰੋਗੇ ?”

ਵੰਸ਼ੀਧਰ ਦੀ ਹਾਲਤ ਇਹ ਸੀ ਕਿ ਉਸਦਾ ਵਸ ਚੱਲਦਾ ਤਾਂ ਉਹ ਵੀ ਕਿਸੇ ਨੂੰ ਇਹੀ ਕਹਿੰਦਾ। ਸੰਨੀ ਦੀ ਕੁਰਲਾਹਟ ਉਸਦਾ ਪਿੱਛਾ ਨਹੀਂ ਛੱਡ ਰਹੀ ਸੀ। “ਮੇਰੇ ਦੁਸ਼ਮਣ ਨੰਬਰ ਵਨ ਹੋ।” ਅਜਿਹਾ ਲੱਗ ਰਿਹਾ ਸੀ ਜਿਵੇਂ ਕੋਈ ਸ਼ੈਤਾਨੀ ਆਵਾਜ਼ ਮਾਰਨ ਮੰਤਰ ਦਾ ਜੱਪ ਕਰ ਰਹੀ ਹੋਵੇ।

ਉਹ ਕਿਸੇ ਤਰ੍ਹਾਂ ਸੁਸ਼ੀਲਾ ਨੂੰ ਐਨਾ ਹੀ ਕਹਿ ਸਕੇ, “ਸਾਰਾ ਕੁਝ ਅਨਬੀਲੀਵੇਬਲ ਹੈ ਸੁਸ਼ੀਲਾ ! ਪਲੀਜ਼ ! ਮੈਨੂੰ ਸੋਚਣ ਦਾ ਸਮਾਂ ਦਿਓ। ਮੈਂ ਕੁਝ ਸਮਝ ਸਕਾਂਗਾ, ਤਾਂ ਹੀ ਤੈਨੂੰ ਦੱਸ ਸਕਾਂਗਾ।”

ਸੁਸ਼ੀਲਾ ਕਾਫੀ ਦੇਰ ਤੱਕ ਉਸ ਦਿਸ਼ਾ ਵੱਲ ਤੱਕਦੀ ਰਹੀ ਜਿਸ ਪਾਸੇ ਸੰਨੀ ਸਟ੍ਰੇਚਰ ਉੱਤੇ ਲਜਾਇਆ ਗਿਆ ਸੀ। ਫਿਰ ਉਹ ਪੈਰ ਘੜੀਸਦੀ ਉਥੋਂ ਨਿਕਲ ਪਈ।

0 0 0

ਜਦ ਉਹ ਘਰ ਪਹੁੰਚੀ ਤਾਂ ਹਰ ਤਰ੍ਹਾਂ ਦੇ ਤੁਫਾਨ ਦਾ ਸਾਹਮਣਾ ਕਰਨ ਨੂੰ ਤਿਆਰ ਸੀ। ਪ੍ਰੰਤੂ ਉਥੇ ਪਤਾ ਲੱਗਾ ਕਿ ਭਰਾ ਕਿਤੇ ਪੌੜੀਆਂ ਤੋਂ ਉਤਰਦਾ ਡਿੱਗ ਪਿਆ ਹੈ ਅਤੇ ਪੈਰ ’ਚ ਫ੍ਰੈਕਚਰ ਹੋ ਗਿਆ ਹੈ।



ਮਾਂ ਨੇ ਦੱਸਿਆ ਇਹ ਸਭ ਕੁਝ ਮਾਂ ਦੇ ਨਾਲ ਹੀ ਸੁਸ਼ੀਲਾ, ਸੁਧੀਰ ਦੇ ਕਮਰੇ ’ਚ ਗਈ। ਉਥੇ ਪਿਤਾ ਜੀ ਸਨ ਅਤੇ ਸੁਧੀਰ ਦੇ ਕੁਝ ਦੋਸਤ ਵੀ। ਸੁਧੀਰ ਅੱਖਾਂ ਮੀਟੀ ਲੰਮਾ ਪਿਆ ਸੀ। ਜਿਵੇਂ ਸੁਸ਼ੀਲਾਂ ਵਾਂਗ ਉਹ ਵੀ ਸੱਚ ਦਾ ਸਾਹਮਣਾ ਕਰਨਾ ਨਾ ਚਹੁੰਦਾ ਹੋਵੇ।

ਸੁਸ਼ੀਲਾ ਸੁਧੀਰ ਦੇ ਪ੍ਰਤੀ ਹਮਦਰਦੀ ਨਾਲ ਭਰ ਆਈ ਸੀ। ਭਾਵੇਂ ਕਿਸੇ ਨਿੱਜੀ ਕਾਰਨ ਕਰਕੇ ਹੀ ਹੋਵੇ ਤੇ ਚਾਹੇ ‘ਅੰਨਤਾਕਸ਼ਰੀ’ ਦੇ ਬਾਅਦ ਕੀਤੀ ਗਈ ਉਸਦੀ ਹਰਕਤ ਨਾ ਮਾਫ ਕਰਨ ਯੋਗ ਹੋਵੇ, ਪ੍ਰੰਤੂ ਘਰ ਦੇ ਅੰਦਰ ਸੁਧੀਰ ਦਾ ਖ਼ਾਮੋਸ਼ ਬਣੇ ਰਹਿਣਾ ਬੜੀ ਰਾਹਤ ਦੇਣ ਵਾਲਾ ਸੀ। ਇਹ ਵੀ ਸੰਭਵ ਸੀ ਕਿ ਸੁਧੀਰ ਨੇ ਘਰ ’ਚ ਇਸ ਲਈ ਨਾ ਦੱਸਿਆ ਹੋਵੇ ਕਿ ਪੂਰੇ ਹਾਲ ’ਚ ਉਸਦਾ ਅਤੇ ਉਸਦੇ ਦੋਸਤਾ ਦਾ ਅਸਫਲ ਹੋ ਕੇ ਭੱਜਣਾ ਇਥੇ ਤੱਕ ਸ਼ਰਮਨਾਕ ਸੀ ਕਿ ਕਿਸੇ ਨੂੰ ਦੱਸਿਆ ਵੀ ਨਹੀਂ ਜਾ ਸਕਦਾ ਸੀ। ਜੋ ਵੀ ਹੈ , ਜਦੋਂ ਸੁਸ਼ੀਲਾ ਆਪਣੇ ਕਮਰੇ ਦੇ ਇਕਾਂਤ ’ਚ ਪਹੁੰਚੀ ਤਾਂ ਏਥੋਂ ਤੱਕ ਤਿਆਰ ਹੋ ਚੁੱਕੀ ਸੀ ਕਿ ਜੋ ਕਿ ਕੁਝ ਵੀ ਵਾਪਰਿਆ ਹੈ, ਉਸ ਦੀ ਪੂਰੀ ਪੜਤਾਲ ਕਰੇ।

ਪ੍ਰੰਤੂ ਉਹ ਪੜਤਾਲ ਕਿਵੇਂ ਕਰੇ ? ਕੀ ਕਿਤਾਬਾਂ ਸਹਾਇਤਾ ਕਰ ਸਕਣਗੀਆ ਇਸ ਸਥਿਤੀ ’ਚ ?

ਜ਼ਿੰਦਗੀ ਦੇ ਮੁਹਰੇ ਕਿਤਾਬਾਂ ਕਿੰਨੀਆਂ ਬੌਨੀਆਂ ਅਤੇ ਲਾਚਾਰ ਸਾਬਿਤ ਹੋ ਜਾਂਦੀਆਂ ਹਨ।

‘ਅੰਨਤਾਕਸ਼ਰੀ ’ਚ ਹਾਰਦੇ ਹਾਰਦੇ ਆਖ਼ਰੀ ਗੀਤ ਗਾ ਕੇ ਜਿੱਤਣਵਾਲੇ ਸੰਨੀ ਅਤੇ ਕਸਮ ਦੇ ਕੇ ‘ਲੀਵ ਮੀ ਆਲੋਨ’ ਕਹਿਣ ਵਾਲੇ ਸੰਨੀ ਦੇ ਵਿਚਕਾਰ ਐਨਾ ਅੰਤਰ ਲੱਗ ਰਿਹਾ ਸੀ। ਕਿ ਜਿਨਾ ਦੋ ਯੁੱਗਾ ’ਚ ਦੋ ਨਸਲਾਂ ’ਚ ਜਾਂ ਦੋ ਦੇਸ਼ਾਂ ਦੇ ਲੋਕਾਂ ’ਚ ਓਨਾ ਫਰਕ ਨਹੀਂ ਹੁੰਦਾ ਹੋਵੇਗਾ। ਪ੍ਰੰਤੂ ਹੋਇਆ ਕਿਓ ? ਕੇਵਲ ਸਿਰ ’ਚ ਇਕ ਡਾਂਗ ਦੀ ਸੱਟ ਲੱਗਣ ਨਾਲ ਹੋਰ ਤਾਂ ਕੋਈ ਘਟਨਾ ਨਹੀਂ ਵਾਪਰੀ ਕੀ ਇਕ ਹੀ ਸੱਟ ਜ਼ਿੰਦਗੀ ਨੂੰ 180 ਡਿਗਰੀ ਦਾ ਮੋੜ ਦੇ ਕੇ ਉਲਟੀ ਦਿਸ਼ਾ ’ਚ ਲੈ ਕੇ ਜਾਣ ਲਈ ਮਜਬੂਰ ਹੋ ਸਕਦੀ ਹੈ ?

0 0 0

ਸ਼ੁਰੂ ’ਚ ਸੰਨੀ ਇਕ ਸਵਾਲ ਸੀ ਤੇ ਆਖਰ ’ਚ ਵੀ ਇਕ ਸਵਾਲ ਹੀ ਹੈ। ਸੁਸ਼ੀਲਾ ਦੇ ਲਈ।

ਸੁਸ਼ੀਲਾ ਦਾ ਦਿਲ ਦਿਮਾਗ਼ ਸਿਰ ਦੀ ਉਸ ਸੱਟ ਨੂੰ ਐਨਾ ਵਧੇਰੇ ਮਹੱਤਵ ਦੇਣ ਨੂੰ ਤਿਆਰ ਨਹੀਂ ਹੋ ਰਿਹਾ। ਇਕ ਪਲ ਖਿਆਲ ਆਇਆ ਸਿਧਾਰਥ ਦੇ ਗੋਤਮ ਬੁੱਧ ਬਣਨਾ ’ਚ ਬੁੱਧ , ਸੈਵ ਆਦਿ ਦੀ ਭੂਮਿਕਾ ਨੂੰ ਕੀ ਦਿਲ ਦਿਮਾਗ਼ ਸਵੀਕਾਰ ਕਰ ਪਾਉਂਗਾ ?

ਸੁਸ਼ੀਲਾ ਨੂੰ ਚੇਤੇ ਆਇਆ ਕਿ ਉਸ ਨੇ ਸੰਨੀ ਨੂੰ ਕਦੇ ‘ਇਮਪਾਸੀਬਲ’ ਕਿਹਾ ਸੀ। ਕੀ ਜ਼ਿੰਦਗੀ ’ਚ ‘ਇਮਪਾਸੀਬਲ’ ਕਹਿਣ ਦਾ ਕੋਈ ਮਤਲਬ ਹੁੰਦਾ ਹੈ ? ਸਾਇਦ ‘ਪਾਸੀਬਲ’ ਅਤੇ ‘ਇਮਪਾਸੀਬਲ’ ਸਬੂਤ ਕਿ ਦਿਲ-ਦਿਮਾਗ ਅਜੇ ਵੀ ਇਮਿਊਚਿਓਰ ਹੈ !

ਡਾ. ਵੰਸ਼ੀਧਰ ਦੀ ਹਾਲਤ ਹੋਰ ਵਧੇਰੇ ਖ਼ਰਾਬ ਸੀ। ਕਿਥੇ ਉਹ ਸੰਨੀ ਦੇ ਪ੍ਰਵਚਨ ਨੁਮਾ ਵਿਰਲਾਪ ਨੂੰ ਸੁਣ ਕੇ ਇਹ ਭਰਮ ਪਾਲ ਬੈਠਾ ਸੀ ਕਿ ‘ਉਛਲ ਉਛਲ ਕੇ ਵਹਿੰਦੀ ਹੜ ਦੀ ਨਦੀ’ ਨੂੰ ਉਹ ਬੇਕਾਰ ਹੀ ‘ਗੁਪਤ ਧਾਰਾ’ ਮੰਨ ਕੇ ਖੋਜ ਦਾ ਵਿਸ਼ਾ ਬਣਾਈ ਬੈਠਾ ਜਦਕਿ ਸੰਨੀ ਦੇ ਅੱਜ ਦੇ ਬੋਲਾ ਨੇ ਇਹ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਉਹ ‘ਨਦੀ’ ਕੋਈ ਭਰਮ ਸੀ ਕਿ ਕੋਈ ‘ਗੁਪਤ ਧਾਰਾ’ ਅਸਲ ’ਚ ਉਹ ਸੰਨੀ ਦੀ ਅਸਲ ਹੋਂਦ ਸੀ। ਸੰਨੀ ਦਾ ਸਾਰਾ ਝੂਠ ਤਾਂ ਝੂਠ ਸੀ ਹੀ ਉਸਦਾ ਸੱਚ ਵੀ ਕੇਵਲ ਝੂਠ ਦੀ ਇਕ ਹੋਰ ਸ਼ਕਲ ਤੋਂ ਇਲਾਵਾ ਕੁਝ ਹੋਰ ਨਹੀਂ ਸੀ।

ਜਿਵੇਂ ਸਿਰ ’ਚ ਲੱਗਣ ਵਾਲੀ ਇਕ ਡਾਂਗ ਦੀ ਇਕ ਚੋਟ ਉਹ ਧੱਕਾ ਸੀ ਕਿ ਜਿਸ ਨਾਲ ਉਹ ਸਾਰਾ ਰੇਤ ਦਾ ਮਹਿਲ ਇਕ ਵਾਰ ਡਿੱਗ ਪਿਆ ਸੀ। ਜਿਸ ਨੂੰ ਸੰਨੀ ਨੇ ਬੜੀ ਮਿਹਨਤ ਨਾਲ ਬਣਾਇਆ ਸੀ।?

0 0 0

ਸੁਸ਼ੀਲਾ ਅਤੇ ਡਾ. ਵੰਸ਼ੀਧਰ ਤਾਂ ਫਿਰ ਵੀ ‘ਜਿਹੜਾ ਹੋਇਆ’ ਉਸ ਤੋਂ ਬਾਹਰ ਸੀ ਪ੍ਰੰਤੂ ਸੰਨੀ ਤਾਂ ਅੰਦਰ ਸੀ। ਉਹ ਖ਼ੁਦ ਹੀ ਸੁਸ਼ੀਲਾ ਦਾ ‘ਇਮਪਾਸੀਬਲ’ ਅਤੇ ‘ਸਵਾਲ’ ਸੀ, ਰੇਤ ਦਾ ਮਹਿਲ ਸੀ ਜਿਹੜਾ ਹਨੇਰੀ ਨਾਲ ਡਿੱਗ ਚੁੱਕਾ ਸੀ। ਅਤੇ ਅਜਿਹੀ ਸਥਿਤੀ ’ਚ ਜਿਸ ਨੇ ਖ਼ੁਦ ਨੂੰ ਖ਼ੁਦ ਤੋਂ ਉਲਟ ਹੁੰਦਾ ਪਾਇਆ ਹੋਵੇ। ‘ਰੇਤ ਦੇ ਮਹਿਲ’ ਜੋ ਰੇਤ ਦੇ ਥੱਲੇ ਦੱਬਿਆ ਤੜਫਦਾ ਆਪਣੇ ਆਪ ਨੂੰ ਕੋਸਦਾ।

ਫਿਰ ਵੀ ਸੰਨੀ ਨੂੰ ਆਪਣੀ ਇਹ ਸਥਿਤੀ ਸੁਭਾਵਿਕ ਹੀ ਲੱਗ ਰਹੀ ਸੀ, ਉਸ ਤਰ੍ਹਾਂ ਜਿਵੇਂ ਕਿਸੇ ਦੀ ਅਚਾਨਿਕ ਕਿਸੇ ਐਕਸੀਡੈਂਟ ਨਾਲ ਮੌਤ ਹੋ ਜਾਵੇ ਤਾਂ ਜਿਹੜੀ ਸਹਾਰੇ ਹੌਂਸਲੇ ਨਾਲ ਭਰਿਆ ਨਾ

ਜਾ ਸਕਣ ਵਾਲਾ ਖਾਲੀਪਨ ਆ ਜਾਂਦਾ ਹੈ, ਉਸੇ ਤਰ੍ਹਾਂ। ਜਦਕਿ ਸੰਨੀ ਦੇ ਲਈ, ਉਸਦੇ ਆਪਣੇ ਅੰਦਰ ਕੋਈ ਇਕ ਮੌਤ ਨਹੀਂ, ਬਲਕਿ ਕਈ ਮੌਤਾਂ ਇਕੱਠੀਆਂ ਹੋਈਆਂ ਹਨ। ਸਾਰਾ ਕੁਝ ਸੁਭਾਵਿਕ ਪ੍ਰੰਤੂ ਫਿਰ ਵੀ ਅਸੁਭਾਵਿਕ।

ਸਿਰ ਉਪਰ ਇਕ ਅਸਹਿ ਸੱਟ ਅਤੇ ਉਸ ’ਚੋਂ ਵਹਿ ਰਿਹਾ ਲਹੂ ਜਿਵੇਂ ਸੰਨੀ ਦੇ ਲਈ ਇਕ ਜਾਦੂਈ ਸ਼ੀਸ਼ਾ ਬਣ ਗਿਆ ਸੀ। ਜਿਸ ’ਚ ਸੰਨੀ ਨੇ ਦੇਖਿਆ ਸੀ ਕਿ ਉਸਦੇ ਮੋਢੇ ’ਤੇ ਇਕ ਨਹੀਂ ਦੋ ਨਹੀਂ ਬਲਕਿ ਕਈ ਆਦਮੀਆਂ ਦੀਆਂ ਲਾਸ਼ਾਂ ਲੱਦੀਆਂ ਹਨ। ਜਿਨ੍ਹਾਂ ਨੂੰ ਢੋਹਦਾ ਹੋਇਆ ਉਹ ਜਾ ਰਿਹਾ ਹੈ। ਨਾ ਜਾਣੇ ਕਿਸ ਵੱਲ। ਚਾਰੇ ਪਾਸੇ ਬੀਆਬਾਨ ਹੈ। ਅਤੇ ਹਰ ਪਾਸੇ ਉਡਦੀ ਰੇਤ ਹੈ।

ਉਸਦੀਆਂ ਫ਼ਜ਼ੂਲ ਕਿਸਮ ਦੀ ਯਾਦਾਂ ਹੋਰ ਕੀ ਹੈ, ਸਿਵਾਏ ਉਸ ਉਪਰ ਲੱਦੀਆਂ ਲਾਸ਼ਾਂ ਦੇ ? ਨਲਗੌਂਡਾ ਦੇ ਸਕੂਲ , ਉਸ ਦੇ ਹੈਡਮਾਸਟਰ ਜੀ, ਪੰਡਤ ਰਾਮ ਸ਼ਾਸ਼ਤਰੀ ਅਤੇ ਡਾ. ਵੰਸ਼ੀਧਰ, ਸਭ ਦੇ ਸਭ ਉਸਦੇ ਵਜ਼ੂਦ ਉੱਤੇ ਲੱਦੇ ਹੋਏ ਸਨ।

ਪ੍ਰੰਤੂ ਸੁਸ਼ੀਲਾ ? ਕੀ ਉਹ ਵੀ ? ਆਖਿਰ ਮਾਨੂੰਵਾਦੀ ਸੰਸਕਾਰਾਂ ਨੂੰ ਉਸ ਨੇ ਕਿੰਨਾ ਸਾਹਮਣਾ ਕੀਤਾ ਹੋਵੇਗਾ ?

ਦੁਸ਼ਮਣ ਨੂੰ ਉਸਦੇ ਘਰ ’ਚ ਵੜ ਕੇ ਹਰਾਉਣ ਦਾ ਸੁਪਨਾ ? ਹਿੰਦੀ ਸੰਸਕ੍ਰਿਤ ਪੜ੍ਹਨ ਦਾ ਫ਼ਤੂਰ , ਮੈਰਿਟ ਸੂਚੀ ’ਚ ਨਾ ਆ ਜਾਣ ਨੂੰ ਸੱਚਮੁੱਚ ਦੀ ਜਿੱਤ ਮੰਨਣਾ, ਉਸ ਤੇ ਮਾਣ ਕਰਨਾ, ਕੋਈ ਅੰਤ ਹੀ ਨਹੀਂ ਹੈ, ਉਨ੍ਹਾਂ ਸੰਸਕਾਰਾ ਦਾ! ਤਾਂ ਕੀ ਸੁਸ਼ੀਲਾ , ‘ਮਨੋਹਰਾ ਦੇਵੀ’ ਨਾਂ ਰੱਖਣਾ, ਅਤੇ ਸਾਰੇ ਪਲ ਜਿਹੜੇ ਉਸਦੇ ਅੰਦਰ ਅਪਣਾਪਨ ਮਹਿਸੂਸ ਕਰ ਜਾਂਦੇ ਸਨ ਉਹ ਸਾਰੇ ਦੇ ਸਾਰੇ ? ਉਹਨਾਂ ਨੂੰ ਕੀ ਕਹੇਗਾ ?

0 0 0

ਉਮੀਦ ਦੇ ਮੁਤਾਬਿਕ ਦੂਜੇ ਦਿਨ ਦੇ ਸਥਾਨਿਕ ਅਖ਼ਬਾਰਾਂ ਨੇ ‘ਸੰਨੀ’ ਨੂੰ ਲੈ ਕੇ ਸੁਰਖ਼ੀਆ ਦਿੱਤੀਆ ਸਨ ਪ੍ਰੰਤੂ ਹੋਰ ਤਾਂ ਹੋਰ, ਜਦੋਂ ਸੁਸ਼ੀਲਾ ਉਸਨੂੰ ਮਿਲਣ ਹਸਪਤਾਲ ਪਹੁੰਚੀ ਤਾਂ ਇਹ ਦੇਖਕੇ ਹੈਰਾਨ ਰਹਿ ਗਈ ਕਿ ਉਸ ਤੋਂ ਪੂਰੀ ਤਰ੍ਹਾਂ ਬੇ ਮੁੱਖ ਤੇ ਨਿਰਲੇਪ ਹੈ।

0 0 0

ਬੇਟੇ ਦੀ ਖਬਰ ਪੜ੍ਹ ਕੇ ਨਲਗੋਂਡਾ ਤੋਂ ਅਛੱਣਨਾ ਆ ਗਿਆ ਸੀ। ਪਿਓ-ਪੁੱਤ ਦੇ ਵਿਚਕਾਰ, ਪੂਰੇ ਇਕਾਂਤ ’ਚ ਕਾਫੀ ਦੇਰ ਤੱਕ ਕੀ ਗੱਲਬਾਤ ਹੁੰਦੀ ਰਹੀ ਕੋਈ ਨਹੀਂ ਜਾਣਦਾ ਪ੍ਰੰਤੂ ਪੁਲਿਸ ਨੇ ਨਾ ਕੇਵਲ ਮਾਮਲੇ ਨੂੰ ਲੱਭਣ ਤੇ ਉਹਨੂੰ ਅੱਗੇ ਨਹੀਂ ਵਧਾਇਆ ਬਲਕਿ ਉਥੇ ਦੇ ਉਥੇ ‘ਰਫ਼ਾ ਦਫ਼ਾ’ ਵੀ ਕਰਵਾ ਦਿੱਤਾ।

0 0 0

ਸੰਨੀ ਨੇ ਸੁਸ਼ੀਲ ਨੂੰ ਕਿਹਾ, “ਇਹ ਆਪਣੀ ਆਖਰੀ ਗੱਲਬਾਤ ਹੈ। ਮੈਂ ਮੰਨਦਾ ਹਾਂ ਕਿ ਗਲਤੀ ਦਾ ਮੁੱਢ ਉਥੋਂ ਹੀ ਬੱਝ ਗਿਆ ਸੀ, ਜਿੱਥੇ ਮੈਂ ਖੁਦ ਨੂੰ ‘ਆਮ’ ਤੋਂ ਕੱਟ ਕੇ ‘ਖਾਸ’ ਬਣਾਉਣ ਦੀ ਕਾਰਵਾਈ ਸ਼ੁਰੂ ਕੀਤੀ ਸੀ। ‘ਨਾਇਕ ਪੂਜਾ ਦੀ ਮਨੂੰਵਾਦੀ ਪ੍ਰੰਪਰਾ ਨੂੰ ਅਣਜਾਣ ਪੁਣੇ ’ਚ ਅੱਗੇ ਵਧਾਉਂਦੇ ਹੋਏ, ਦਲਿਤਾ ਦਾ ਨਾਇਕ ਬਣਨਾ ਚਾਹਿਆ ਸੀ। ਇਹ ਨਹੀਂ ਸੋਚਿਆ ਸੀ ਕਿ ਅਜਿਹਾ ਕਰਨ ਨਾਲ ਮੈਂ ਉਸ ਤਰ੍ਹਾਂ ਦਲਿਤਾਂ ਤੋਂ ਵੱਖ ਹੋ ਜਾਵਾਂਗਾ, ਜਿਵੇਂ ਅੱਜ ਵਧੇਰੇ ਕਰਕੇ ਲੋਕ ਪ੍ਰਤੀਨਿਧ ‘ਲੋਕਾਂ’ ਤੋਂ ਕੱਟੇ ਜਾਂਦੇ ਹਨ। ਰਿਜ਼ਰਵੇਸ਼ਨ ਦੇ ਆਸਰੇ ਉੱਤੇ ਹਿੰਦੀ ਵਿਭਾਗ ਦੇ ਮੁੱਖੀ ਬਣ ਜਾਣ ਵਾਲੇ ਪ੍ਰੋ. ਰਾਜਨਾਥ ਅਤੇ ਮੇਰੇ ’ਚ ਕੀ ਅੰਤਰ ਰਹਿ ਜਾਂਦਾ ਹੈ ਇਸ ਤਰ੍ਹਾਂ? ਇਹੋ ਜਿਹੇ ਲੋਕ ਵੀ ਤਾਂ ਬ੍ਰਾਹਮਣਾਂ ਵਰਗੇ ਹੀ ਹੋਏ ਨਾ ? ਇਹ ਸੱਚ ਹੈ ਕਿ ਮੇਰੇ ਵਿਚ ਬਹੁਤ ਜਿਆਦਾ ਵਿਰੋਧ ਗੁੱਸਾ ਸੀ ਅਤੇ ਮੈਂ ਆਪਣੀ ਸਥਿਤੀ ਨੂੰ ਨਾ ਮੰਜ਼ੂਰ ਕਰ ਲਿਆ ਸੀ। ਭੁੱਲ ਗਿਆ ਸੀ ਕਿ ਕੋਈ ਸੰਭਾਵਨਾ ਹੋਵੇ, ਉਹ ‘ਸਥਿਤੀ ਦਾ ਹੀ ਵਿਕਾਸ ਹੈ। ਸਥਿਤੀ ਨੂੰ ਰੱਦ ਕਰਕੇ ਸੰਭਾਵਨਾ ਦਾ ਸੁਪਨਾ ਦੇਖਣ ਲੱਗਾ ਸੀ। ਉਹ ਪੰਡਤ ਰਾਮ ਸ਼ਾਸ਼ਤਰੀ ਹੋਵੇ ਜਾਂ ਹੈਡ ਮਾਸਟਰ ਜੀ ਜਾਂ ਆਪਣੇ ਸਰ , ਡਾ, ਵੰਸ਼ੀਧਰ ਜੀ, ਸਾਰੇ ਸੁਪਨੇ ਦੇਖਣਾ ਸਿਖਾਉਂਦੇ ਹਨ। ਇਹ ਮਾਮੂਲੀ ਜਿਹੀ ਗੱਲ ਭੁੱਲ ਜਾਂਦੇ ਹਨ ਕਿ ਸੁਪਨੇ ਦੇਖਣਾ ਸਿਖਾਏ ਨਹੀਂ ਜਾ ਸਕਦੇ। ਕਿ ਸੁਪਨੇ ਦੂਜਿਆ ਦੀਆਂ ਅੱਖਾਂ ’ਚੋਂ ਨਹੀਂ ਖੁਦ ਦੀਆਂ ਅੱਖਾਂ ਨਾਲ ਦੇਖੇ ਜਾਂਦੇ ਹਨ। ‘ਸਾਯਨਾ’ ਨੂੰ ਰੱਦ ਕਰਕੇ ਸੁਰੇਯਆਕਾਂਤ ਤ੍ਰਿਪਾਠੀ ਨਹੀਂ ਬਣਿਆ ਜਾ ਸਕਦਾ। ਆਰ. ਡੀ. ਲੇਂਗ ਦਾ ਜਿਹੜਾ ਪਾਗਲ ਅੰਦਰ ਤੋਂ ਨੇਪੋਲੀਅਨ ਬਣ ਚੁੱਕਾ ਸੀ, ਉਹ ਦਰ ਅਸਲ ਨਪੋਲੀਅਨ ਨਹੀਂ, ਬਲਕਿ ਇਕ ਪਾਗਲ ਸੀ। ਠੱਕਨ ਤੋਂ ਬਾਬਾ ਨਾਗਾਅਰਜੁਨ, ਇਕ ਵਿਕਾਸ ਦਾ ਸਬੂਤ ਹੈ। ਠੱਕਨ ਰੱਦ ਨਹੀਂ



ਕੀਤਾ ਜਾ ਸਕਦਾ ਸੀ।”

“ਪ੍ਰੰਤੂ ਮੈਂ ? ਮੇਰਾ ਕੀ? ਸੁਸ਼ੀਲਾ ਸੰਨੀ ਦੇ ਇਸ ਸਵੈ-ਪ੍ਰਵਚਨ ਜਿਹੜਾ ਅੱਜ ਵਿਰਲਾਪ ਨਹੀਂ ਬਣਿਆ ਸੀ, ’ਚ ਖੁਦ ਹੀ ਥਾਂ ਤਹਿ ਨਹੀਂ ਕਰ ਰਿਹਾ ਸੀ ਸੋ ਉਸ ਨੇ ਵਿਚੋਂ ਟੋਕ ਕੇ ਪੁੱਛ ਲੈਣਾ ਹੀ ਜਰੂਰੀ ਸਮਝਿਆ।

ਸੰਨੀ ਬੇਹੱਦ ਗੰਭੀਰ ਹੋ ਗਿਆ। ਕਾਫੀ ਦੇਰ ਤੱਕ ਸੁਸ਼ੀਲਾ ਨੂੰ ਇਕ ਟਕ ਦੇਖਦਾ ਰਿਹਾ। ਫਿਰ ਇਸ ਤਰ੍ਹਾਂ ਬੋਲਿਆ, ਜਿਵੇਂ ਕੋਈ ਜੱਜ ਕਿਸੇ ਮੁਜ਼ਰਮ ਨੂੰ ਸਜ਼ਾ-ਏ-ਮੌਤ ਦੇ ਰਿਹਾ ਹੋਵੇ। “ਅਤੇ ਤੂੰ, ਸੁਸ਼ੀਲਾ ? ਰੇਤ ਦੇ ਮਹਿਲ ਦੀ ਖ਼ੂਬਸੂਰਤੀ ਤੂੰ ਹੀ ਸੀ। ਹੁਣ ਜਦੋਂ ਮਹਿਲ ਹੀ ਢਹਿ ਗਿਆ ਤਾਂ ਖ਼ੂਬਸੂਰਤੀ ਵੀ ਇਕ ਯਾਦ ਤੋਂ ਵੱਧ ਕੀ ਰਹੇਗੀ ? ਯਾਦ ਤੋਂ ਵੱਧ ਇਕ ਹੁਸੀਨ ਯਾਦ ! ਪ੍ਰੰਤੂ ਸੱਚ ਇਹੀ ਹੈ। ਤੇਰੇ ਮੇਰੇ ਰਿਸ਼ਤੇ ਦਾ ਸੱਚ !”

“ਵੰਸ਼ੀਧਰ ਸਰ ਤੋਂ ਵੀ, ਮੇਰੀ ਮਾਫ਼ੀ ਮੰਗ ਲੈਣੀ? ਉਹਨੂੰ ਕਹਿਣਾ, ਉਹ ਗ਼ਲਤ ਨਹੀਂ ਹਨ ਪ੍ਰੰਤੂ ਕੁਲ ਮਿਲਾ ਕੇ ਬ੍ਰਾਹਮਣ ਮਾਨਸਿਕਤਾ ਵਾਲੇ ਹਨ, ਮਨੂੰਵਾਦੀ ਮਾਨਸਿਕਤਾ ! ਉਹਨਾ ਨੂੰ ਕਹਿਣਾ ਅੰਨਤਾਕਸ਼ਰੀ ’ਚ ਲਾਇਨ ਦਾ ਆਖਰੀ ਅੱਖਰ ਲਾਇਨ ਦਾ ਹੀ ਇਕ ਹਿੱਸਾ ਹੁੰਦਾ ਹੈ। ਵੱਖਰਾ ਨਹੀਂ ਹੁੰਦਾ। ਇਹ ਉਸ ਦਿਨ ਤੇਰੇ ਭਰਾ ਦੀ ਡਾਂਗ ਨੇ ਮੈਨੂੰ ਆਖਰੀ ਅੱਖਰ ਬਣਾ ਦਿੱਤਾ ਅਤੇ ਇਕ ਨਵੀਂ ਸ਼ੁਰੂਆਤ ਹੋ ਗਈ ਮੇਰੀ! ਤੈਨੂੰ ਸਾਇਦ ਭਰੋਸਾ ਨਹੀਂ ਹੋਵੇਗਾ ਪ੍ਰੰਤੂ ਇਹ ਮੇਰੀ ਹੁਣ ਤੱਕ ਦੀ ਜ਼ਿੰਦਗੀ ਦੀ ਪਹਿਲੀ ਸੱਟ ਸੀ। ਆਪਣਾ ਲਹੂ ਮੈਂ ਪਹਿਲੀ ਵਾਰ ਦੇਖਿਆ ਸੀ।”

“ਖ਼ੈਰ ਬੋਲਦਾ ਬੋਲਦਾ ਉਹ ਥੱਕ ਗਿਆ ਸੀ। ਸੋ ਚੁੱਪ ਹੋ ਗਿਆ ਨਾ ਚਾਹੁੰਦੇ ਹੋਏ ਵੀ ਸੁਸ਼ੀਲਾ ਦੇ ਮੂੰਹੋਂ ਨਿਕਲਿਆ, “ਅਤੇ ਤੂੰ ?!”

“ਮੈਂ ? ਮੈਂ ਵਾਪਸ ਪਰਤ ਰਿਹਾ ਹਾਂ ! ਫਿਰ ਤੋਂ ਸਾਯਨਾ ਬਣਾਗਾ। ਸੂਰੇਯਾਕਾਂਤ ਤ੍ਰਿਪਾਠੀ ਮੇਰਾ ਵਰਲਡ-ਟ੍ਰੈਗਰ ਨਹੀਂ ਹੋ ਸਕਦਾ, ਮੇਰੇ ਇਸਥੈਟਿਕ ਵਰਲਡ ਦਾ। ਸਾਯਨਾ ਹਾਂ ਮੈਂ ਅਤੇ ਮੇਰਾ ਇਸਥੈਟਿਕਸ ਆਰੰਭ ਵੀ ‘ਸਾਯਾਨਾ’ ਹੀ ਹੋ ਸਕਦਾ ਹੈ। ਤੂੰ ਵੀ ਮਨੋਹਰਾ ਦੇਵੀ ਨਹੀਂ , ਸੁਸ਼ੀਲਾ ਹੀ ਰਹਿਣਾ। ਹਾਂ ਜੇਕਰ ਹੋ ਸਕੇ।” ਇਥੇ ਰੁਕਿਆ। ਇਕ ਲੰਮਾ ਸਾਹ ਲਿਆ। ਫਿਰ ਬੋਲਿਆ, “ਆਪਣੇ ਬੇਟੇ ਦਾ ਨਾਂ ਸੂਰੇਯਕਾਂਤ ਰੱਖਣਾ। ਮੈਂ ਆਪਣੀ ਬੇਟੀ ਦਾ ਨਾਂ ਮਨੋਹਰਾ ਰਖੂੰਗਾ। ਸ਼ੁਰੂ ਤੋਂ ਹੀ ਉਹ ਸੂਰੇਯਕਾਂਤ ਅਤੇ ਮਨਹੋਰਾ ਰਹਿਣਗੇ ਤਾਂ ਉਹ ਅਗਨ ਪ੍ਰੀਖਿਆ ਤੋਂ ਬਚ ਸਕਣਗੇ, ਜਿਹੜੀ ਸਾਯਨਾ ਨੂੰ ਸੂਰੇਯਕਾਂਤ ਤ੍ਰਿਪਾਠੀ ਅਤੇ ਸੁਸ਼ੀਲਾ ਨੂੰ ਮਨੋਹਰਾ ਦੇਵੀ ਬਣਨ ਦੇ ਲਈ ਕਰਨੀ ਪੈਂਦੀ ਹੈ।”

0 0 0

ਵੰਸ਼ੀਧਰ ਦੇ ਮੂਹਰੇ ਕੇਵਲ ਯਾਦੀ ਉਰਫ਼ ਯਾਕੂਤ ਅਤੇ ਰਜੀਆਂ ਗਾ ਰਹੇ ਸਨ। ਯਾਦੀ ਦਾ ਨਾਮ ਨਰਸਿਮਹਾ ਰਾਓ ਸੀ। ਉਹ ਬ੍ਰਾਹਮਣ ਸੀ। ਨਰ ਸਿੰਘ ਭਗਵਾਨ ਦਾ ਮੰਦਿਰ ਯਾਦਗਾਰੀ ਹੋਣ ਕਰਕੇ ਉਸ ਨੂੰ ਯਾਦੀ ਕਿਹਾ ਜਾਂਦਾ ਹੈ। ਉਸਨੇ ਵੀ ਵਿਦਿਆ ਰੰਜਨ ਕਾਲਜ ’ਚ ਰਜੀਆਂ ਦੇ ਕਾਰਨ ਹੀ ਦਾਖਿਲਾ ਲਿਆ ਸੀ। ਰਜੀਆ ਸੁਲਤਾਨ ਦੇ ਗੁਲਾਮ ਹਬਸੀ ਦਾ ਨਾਂ ਯਕੂਤ ਸੀ, ਸੋ ਯਾਦੀ ਵੀ ਯਾਕੂਤ ਕਹਾਉਣਾ ਪਸੰਦ ਕਰਦਾ ਸੀ। ਵੰਸ਼ੀਧਰ ਨੇ ਸੋਚਿਆ, ਕੀ ਇਹਨਾਂ ਦੀ ਕਹਾਣੀ ‘ਅੰਨਤਾਕਸ਼ਰੀ’ ਹੋ ਸਕੇਗੀ ? ਕੋਈ ਨਵਾਂ ਆਰੰਭ ਇਸ ਨਾਲ ਹੋ ਸਕੇਗਾ ?

0 0 0

ਠੀਕ ਪਿਛਲੇ ਸਾਲ ਦੇ ਵਾਂਗ ‘ਗ’ ਅੱਖਰ ਨਾਲ ਯਾਦੀ ਨੇ ‘ਗਾਏ ਜਾ ਗੀਤ ਮਿਲਨ ਕੇ’ ਗਾਇਆ ਅਤੇ ਵਿਦਿਆ ਰੰਜਨ ਕਾਲਜ ਦੀ ਟੀਮ ਜਿੱਤ ਗਈ। ਪੂਰਾ ਹਾਲ ਤਾੜੀਆਂ ਨਾਲ ਗੂੰਜ ਉੱਠਿਆ।

0 0 0


ਵੰਸ਼ੀਧਰ ਨੇ ਦੇਖਿਆ ਕਿ ਪਿੱਛੇ ਦੀ ਭੀੜ ’ਚ ਸੁਸ਼ੀਲਾ ਵੀ ਖੜੀ ਹੈ। ਪਿਛਲੇ ਸਾਲ ਤੋਂ ਹੀ ਉਹ ਗੁੰਮਸੁੰਮ ਰਹਿਣ ਲੱਗੀ ਸੀ। ਸੰਨੀ ਦੇ ਸੰਬੰਧ ’ਚ ਗੱਲ ਬਿਲਕੁਲ ਨਹੀਂ ਕਰਦੀ ਸੀ।

0 0 0

ਸੰਨੀ ਫਿਰ ਪਰਤ ਕੇ ਵਿਦਿਆ ਰੰਜਨ ਕਾਲਜ ਨਹੀਂ ਗਿਆ। ਸੁਣਿਆ ਕਿ ਉਸਨੇ ਫਿਰ ਤੋਂ ਕਾਨੂੰਨੀ ਕਾਰਵਾਈ ਨਾਲ ਆਪਣਾ ਨਾਂ ‘ਸਾਯਨਾ’ ਕਰਵਾ ਲਿਆ ਹੈ। ਹੁਣ ਉਹ ਨਲਗੌਂਡਾ ਦਾ ਦਲਿਤ ਲੀਡਰ ਐਨ. ਸਾਯਨਾ ਹੈ। ਇਹ ਵੀ ਖਬਰ ਹੈ ਕਿ ਉਹ ਇਸ ਵਾਰ ਰਿਜ਼ਰਵ ਸੀਟ ਤੋਂ ਵਿਧਾਨ ਸਭਾ ਦੇ ਲਈ ਖੜਾ ਹੋਇਆ ਹੈ। ∅

ਮਰਾਠੀ ਕਹਾਣੀ

## ਦਾ.ਗ / ਸ਼ਰਣ ਕੁਮਾਰ ਲਿੰਬਾਲੇ/ ਅਨੁ : ਭਗਵੰਤ ਰਸੂਲਪੁਰੀ



ਮੈਂ ਪਹਿਲੀ ਕਲਾਸ ਵਿਚ ਪੜ੍ਹ ਰਿਹਾ ਸੀ। ਉਸ ਵੇਲੇ ਦੀ ਯਾਦ ਹੈ। ਉਦੋਂ ਮੈਂ ਬੜੇ ਮਜੇ ਨਾਲ ਸਲੇਟੀ ਖਾਂਦਾ ਰਹਿੰਦਾ ਸੀ। ਦਿਨ ਵਿਚ ਇਕ ਪੂਰੀ ਸਲੇਟੀ ਖਾਂ ਜਾਂਦਾ ਸੀ। ਸਲੇਟੀ ਖਾਧੇ ਬਿਨਾ ਮਨ ਨੂੰ ਚੈਨ ਹੀ ਨਹੀਂ ਆਉਂਦੀ ਸੀ। ਮਾਂ ਨਿੱਤ ਦਿਨ ਸਲੇਟੀ ਕਿੱਥੋਂ ਖਰੀਦ ਕੇ ਦੇ ਸਕਦੀ ਸੀ? ਮੈਂ ਜਦੋਂ ਵੀ ਦੁਕਾਨ ਨੂੰ ਜਾਂਦਾ ਸਲੇਟੀ ਖਰੀਦ ਲੈਂਦਾ। ਸਲੇਟੀ ਮੈਨੂੰ ਬਹੁਤ ਚੰਗੀ ਲੱਗਦੀ ਸੀ। ਸਕੂਲ 'ਚ ਮੈਂ ਬੱਚਿਆ ਦੀ ਪੈਂਸਿਲ ਚੋਰੀ ਕਰਨ 'ਚ ਬੜਾ ਮਹਿਰ ਸੀ। ਸਲੇਟੀ ਚੋਰੀ ਕਰਦਿਆ ਹੀ ਮੈਂ ਉਸ ਨੂੰ ਸੁਪਾਰੀ ਦੇ ਵਾਂਗ ਚੱਬ ਕੇ ਖਾ ਜਾਂਦਾ । ਇਸ ਨਾਲ ਚੋਰੀ ਦਾ ਸਬੂਤ ਕਿਸੇ ਨੂੰ ਮਿਲ ਨਹੀਂ ਸਕਦਾ ਸੀ। ਸਲੇਟੀ ਖਾਣ ਨਾਲ ਮੂੰਹ ਅੰਦਰੋਂ ਚਿੱਟਾ ਹੋ ਜਾਂਦਾ ਸੀ। ਇਸ ਲਈ ਮਾਸਟਰ ਜੀ ਮੈਨੂੰ ਕੁੱਟਦੇ। ਘਰ 'ਚ ਮਾਂ ਵੀ ਕੁੱਟਦੀ ਰਹਿੰਦੀ ਸੀ।

ਇਕ ਵਾਰ ਸਲੇਟੀ ਖਾਣ ਦੀ ਜੋਰਦਾਰ ਤਲਬ ਲੱਗੀ। ਪ੍ਰੰਤੂ ਸਲੇਟੀ ਕਿਤਿਓਂ ਵੀ ਨਹੀਂ ਮਿਲ ਰਹੀ ਸੀ। ਤਾਂ ਫਿਰ ਮੈਂ ਆਪਣੀ ਲਿਖਣ ਵਾਲੀ ਸਲੇਟ ਹੀ ਤੋੜ ਦਿੱਤੀ ਅਤੇ ਉਸਦੇ ਟੁਕੜੇ ਚੱਟਣ ਲੱਗ ਪਿਆ। ਮੈਂ ਕਾਂਗੜੀ ਪਹਿਲਵਾਨ । ਹੱਥ ਪੈਰ ਪਤਲੇ ਤੇ ਪੇਟ ਵੱਡਾ ਸਾਰਾ ਫੁੱਲਿਆ ਹੋਇਆ। ਮੱਥੇ 'ਤੇ ਲੱਛਮੀ ਦੇਵੀ ਜਿਵੇਂ ਵਾਲ੍ਹ ਵੱਧੇ ਹੋਏ। ਮੈਂ ਸੁੱਖਣਾ ਸੁੱਖ ਕੇ ਲਿਆ ਬੇਟਾ ਸੀ। ਮੈਨੂੰ ਚਿਬਰੀਵਾਲੀ ਲੱਛਮੀ ਦੇ ਹਵਾਲੇ ਕੀਤਾ ਹੋਇਆ ਸੀ। ਮੇਰਾ ਨਾਮ ਕਚਰਾ। ਮੇਰਾ ਜਨਮ ਵੀ ਅਜਿਹਾ ਹੀ ਉਲਟਾ-ਸਿੱਧਾ, ਮੇਰੀ ਮਾਂ ਸਟਬੀ ਕਹਿੰਦੇ ਹਨ ਕਿ ਕੂੜੇਦਾਨ ਉਪਰੋਂ ਕੁਝ ਨਾ ਕੁਝ ਚੁਗਦੀ ਰਹਿੰਦੀ। ਪਿੱਠ ਉੱਤੇ ਘਾਹ ਫੂਸ , ਸੁੱਕੀਆਂ ਲੱਕੜੀਆਂ ਦਾ ਬੋਝ ਅਤੇ ਪੇਟ ਵਲੋਂ ਬੱਚਾ ਹੋਣ ਵਾਲਾ ਹੋਣ ਦੇ ਕਾਰਨ ਵੱਡਾ ਸਾਰਾ ਪੇਟ। ਦਿਨ ਪੂਰੇ ਹੋਣ ਵਾਲੇ ਸੀ ਸਟਬੀ ਮਾਂ ਕੂੜੇਦਾਨ ਲਈ ਘਰੋਂ ਘਰ ਘੁੰਮ ਰਹੀ ਸੀ। ਅਮੀਰ ਮੁੱਖੀਏ ਦੇ



ਵੱਲੋਂ ਘੂਰਨ ਤੇ, ਉਸਦੇ ਪੇਟ 'ਚ ਦਰਦ ਹੋਣ ਲੱਗਾ ਪਈ ਅਤੇ ਉਥੇ ਹੀ ਬੱਚਾ ਹੋ ਗਿਆ। ਮੇਰਾ ਜਨਮ ਕੂੜੇ ਦੇ ਢੇਰ 'ਚ ਹੋ ਗਿਆ। ਉਸਨੇ ਮੇਰਾ ਨਾ ਕਚਰਾ ਰੱਖਿਆ। ਸਾਰੇ ਮੈਨੂੰ 'ਕਚਰਿਆ' ਕਹਿ ਕੇ ਬੁਲਾਦੇ।

ਦਿਨ 'ਚ ਸਕੂਲ ਜਾਂਦਾ। ਦੁਪਹਿਰ ਨੂੰ ਪਿੰਡ 'ਚ ਜਾ ਕੇ ਘਰ ਘਰ ਭੀਖ ਮੰਗਦਾ ਫਿਰਦਾ। ਮੇਰਾ ਪਿਤਾ ਪੋਤਰਾਜ ਸੀ ਦੇਵੀ ਦਾ ਭਗਤ। ਸੱਪ ਦੇ ਡੰਗ ਮਾਰਨ ਤੇ ਉਹ ਮਰ ਗਿਆ। ਉਸਦੇ ਮਰਨ ਦੇ ਚਾਰ ਸਾਲ ਬਾਅਦ ਮੈਂ ਲੱਛਮੀ ਦੇ ਵਰਦਾਨ ਨਾਲ ਪੈਦਾ ਹੋਇਆ। ਮਾਂ ਨੇ ਪਿਤਾ ਦੀ ਡਫ਼ਲੀ ਨੂੰ ਜਰੂਰ ਸੰਭਾਲ ਕੇ ਰੱਖ ਲਿਆ ਸੀ। ਮਾਂ ਰੋਜ ਮੈਨੂੰ ਭਜਨ ਸਿਖਾਇਆ ਕਰਦੀ ਸੀ। ਡਫ਼ਲੀ ਵਜਾਉਣਾ ਵੀ ਸਿਖਾਉਂਦੀ । ਭੀਖ ਮੰਗਣ ਦੇ ਤਰੀਕੇ ਸਿਖਾਉਂਦੀ ਰਹਿੰਦੀ। ਕਹਿੰਦੀ ਕਿ ਜੇਕਰ ਕੋਈ ਕੁੱਤਾ ਭੌਂਕਣ ਲੱਗ ਜਾਵੇ ਤਾਂ ਭੱਜਣਾ ਨਹੀਂ। ਮੈਂ ਸਾਰੀਆਂ ਗੱਲਾਂ ਧਿਆਨ ਨਾਲ ਸੁਣਦਾ ਸੀ। ਸਵੇਰੇ ਕੱਛ ਵਿਚ ਸਕੂਲ ਦੀ ਸਲੇਟ ਹੁੰਦੀ ਸੀ। ਦੁਪਹਿਰ ਨੂੰ ਲਛਮੀ ਦੇਵੀ ਦਾ ਝੋਲਾ। ਟੈਮ-ਬੇ-ਟਾਇਮ ਸਲੇਟੀ ਖਾਣ ਦੀ ਆਦਤ ਛੁੱਟ ਗਈ ਸੀ। ਕਦੀ ਕਦੀ ਮੈਂ ਸੁੱਕੀਆਂ ਰੋਟੀਆਂ ਵੀ ਖਾਂਦਾ ਹੁੰਦਾ ਸੀ। ਭੀਖ ਮੰਗਣ ਜਾਣ ਤੋਂ ਪਹਿਲਾ ਮਾਂ ਮੇਰੇ ਚਿਹਰੇ 'ਤੇ ਸੰਧੂਰ ਅਤੇ ਹਲਦੀ ਚਾਕ ਮਿੱਟੀ ਦਾ ਲੇਪ ਲਗਾ ਦਿੰਦੀ ਸੀ। ਚਾਰ ਪੰਜ ਕੱਪੜੇ ਦੀਆਂ ਲੀਰਾ ਵੀ ਲੱਕ ਨਾਲ ਬੰਨ ਦਿੰਦੀ ਸੀ। ਮੋਢੇ ਤੇ ਝੋਲਾ 'ਕੁੱਤੇ ਤੋਂ ਬਚ ਕੇ ਰਹਿਣਾ। ਕੋਈ ਭੀਖ਼ ਦੇਵੇ ਤਾਂ ਲੈ ਲੈਣਾ ਨਹੀਂ ਤਾਂ ਅੱਗੇ ਵੱਧ ਜਾਣਾ।" ਕਿਹਾ ਕਰਦੀ ਸੀ। ਮੈਂ ਇਨਕਾਰ ਕਰਦਾ ਤਾਂ ਮੈਨੂੰ ਕੁੱਟਦੀ ਸੀ। 'ਮੰਗੇਗਾ ਨਹੀਂ ਤਾਂ ਖਾਵੇਗਾ ਕਿੱਥੋਂ। ਫਿਰ ਵੀ ਮੈਂ ਮੰਗਣਾ ਨਹੀਂ ਜਾਂਦਾ। ਤਾਂ ਮਾਂ ਗੁੱਸੇ ਨਾਲ ਭੜਕ ਉਠਦੀ। ਝੋਲਾ ਦੇ ਕੇ ਘਰੋਂ ਬਾਹਰ ਕੱਢ ਦਿੰਦੀ। ਮੈਂ ਅੱਖਾਂ ਪੂੰਝਦਾ ਹੋਇਆ ਪਿੰਡ ਦੇ ਵੱਲ ਚਲ ਪੈਂਦਾ। ਸੰਧੂਰ ਪੂੰਝ ਹੋ ਜਾਣ ਤੇ ਮੂੰਹ ਖਰਾਬ ਹੋ ਜਾਂਦਾ ਸੀ। ਬੱਚੇ ਮੈਨੂੰ 'ਦੇਵਤਾ ਆਦਮੀ' ਮੰਨਦੇ ਸਨ। ਮੇਰੇ ਨਾਲ ਝਗੜਾ ਕਰਨ ਤੋਂ ਡਰਦੇ ਸਨ। ਕੁਝ ਬੱਚੇ 'ਪੋਤਰਾਜ' ਕਹਿ ਕੇ ਚਿੜਾਉਂਦੇ ਸਨ।

ਸਿਰ 'ਚ ਨਾ ਤੇਲ ਨਾ ਕੰਘੀ। ਵਾਲ਼ ਜਟਾ ਵਾਂਗ ਬਣੇ ਹੋਏ ਸਨ। ਉਲਝੇ ਹੋਏ। ਮੇਰੇ ਵਾਲ਼ ਵਧਦੇ ਵੀ ਜਲਦੀ ਸੀ ਅਤੇ ਬਹੁਤ ਸੰਘਣੇ ਸਨ। ਜੂੰਆ ਲੀਖਾਂ ਨਾਲ ਪਾਗਲ ਹੋ ਜਾਣ ਦੀ ਨੌਬਤ ਆ ਜਾਂਦੀ ਸੀ। ਮਾਂ ਹਮੇਸ਼ਾ ਸੰਸਕਾਰ 'ਚ ਡੁੱਬੀ ਹੋਈ ਰਹਿੰਦੀ ਸੀ। ਉਸ ਨੂੰ ਤਾਂ ਆਪਣੇ ਸਿਰ ਦੇ ਵਾਲ਼ਾ ਵੱਲ ਦੇਖਣ ਦੀ ਵੀ ਹੋਸ਼ ਨਹੀਂ ਸੀ ?

ਕਦੇ ਕਦੇ ਮੇਰੇ ਸਿਰ ਦੀਆਂ ਜੂੰਆਂ ਮਾਰਿਆ ਕਰਦੀ ਸੀ। ਵਾਲ਼ਾ ਦੀਆਂ ਲਟਾ ਗੁਥਮ ਗੁੱਥਾ ਹੋ ਗਈਆਂ ਸਨ। ਕੰਘੀ ਕਰਦਿਆ ਕਾਫੀ ਤਕਲੀਫ਼ ਹੋਇਆ ਕਰਦੀ ਸੀ। ਮੈਂ ਰੋਇਆ ਕਰਦਾ ਸੀ। ਸਿਰ 'ਚ ਖੁਰਕ ਹੁੰਦੀ ਰਹਿੰਦੀ। ਮੇਰੀ ਜਾਨ ਦੀ ਬਣੀ ਹੋਈ ਸੀ।

ਹਰ ਸਾਲ ਅਸੀਂ ਚਿਬਰੀ ਦੇ ਮੇਲੇ 'ਚ ਜਾਂਦੇ ਸੀ। ਮਾਂ ਪਾਈ ਪਾਈ ਇਕੱਠਾ ਕਰ ਕੇ ਕੁਝ ਰਕਮ ਜਮਾਂ ਕਰਦੀ ਸੀ। ਕਦੀ ਮੁਰਗਾ ਤੇ ਕਦੀ ਬੱਕਰਾ ਵੱਢਿਆ ਜਾਂਦਾ ਸੀ। ਇਸ ਸਾਲ ਡੱਫਲੀ ਤੇ ਨਵਾਂ ਚਮੜਾ ਲਿਆ ਸੀ। ਸਕੂਲ ਤਾਂ ਛੁਟ ਹੀ ਗਿਆ। ਸਲੇਟ ਨੁਕਰ 'ਚ ਮਿੱਟੀ-ਘੱਟੇ 'ਚ ਪਈ ਸੀ। ਮੈਂ ਰੋਜ ਹੀ ਭੀਖ਼ ਮੰਗਣ ਜਾਣ ਲੱਗਾ। ਰੋਟੀ ਦੇ ਟੁਕੜੇ। ਆਟਾ , ਨਮਕ ਭੀਖ਼ ਵਿਚ ਮਿਲਦਾ ਸੀ। ਚਾਰ ਪਿੰਡ ਮੰਗ ਕੇ ਗੱਠੜੀ ਬੰਨ ਕੇ ਲੈ ਆਉਂਦਾ, ਮਾਂ ਖੁਸ਼ ਹੋ ਜਾਂਦੀ।

ਕਿਸੇ ਵੱਡੇ ਦਰਵਾਜੇ ਤੇ ਜਾ ਕੇ ਡੱਫਲੀ ਵਜਾਉਂਦਾ ਖੜਾ ਹੋ ਜਾਂਦਾ। ਦੇਵੀ ਦੀ ਆਰਤੀ ਗਾਉਣਾ। ਕੁਝ ਦਾਨ ਦੇਣਾ ਏ ਮਾਂ... ਕਹਿ ਕੇ ਬੁਲਾਉਂਦਾ। ਕੋਈ ਆਕੜ ਨਾਲ ਦਿੰਦਾ। ਕੋਈ ਕਹਿੰਦਾ,"ਚੱਲ ਅੱਗੇ ਚੱਲ. ਨਹੀਂ ਤਾਂ।" ਕੋਈ ਗਾਲਾਂ ਕੱਢਦਾ, 'ਭੀਖ਼ ਕਿਉਂ ਮੰਗਦਾ ਏਂ? ਕੰਮ ਕਰ ਕੇ ਕਮਾਈ ਕਰ।" ਕੁਝ ਇਸਤਰੀਆਂ ਖਿਝ ਕੇ ਕਹਿ ਦਿੰਦੀਆਂ ਕਿਸ ਕਿਸ ਨੂੰ ਦਈਏ ? ਰੋਜ਼ ਸਤਾਰਾ ਜਣੇ ਮੰਗਣ ਆਉਂਦੇ ਨੇ।" ਕੁੱਤੇ ਭੌਂਕਦੇ ਹੋਏ ਪਿੱਛਾ ਕਰਦੇ। ਕੁਝ ਸ਼ੈਤਾਨ ਬੱਚੇ ਵੀ ਕੁੱਤਿਆ ਵਾਂਗ ਮਗਰ ਪੈ ਜਾਂਦੇ।

ਹੁਣ ਮੈਂ ਡਫ਼ਲੀ ਚੰਗੀ ਵਜਾ ਲੈਂਦਾ ਸੀ। ਗਾਣਾ ਵੀ ਚੇਤੇ ਹੋ ਗਿਆ ਸੀ। ਕੁੱਤਿਆ ਦਾ ਡਰ ਵੀ ਘੱਟ ਗਿਆ ਸੀ। ਕੁਝ ਬੇ-ਸ਼ਰਮ ਵੀ ਹੋ ਗਿਆ ਸੀ। ਸ਼ਰਮ ਖਤਮ ਹੋ ਗਈ ਸੀ। ਜਦੋਂ ਤੱਕ ਕੋਈ ਭੀਖ਼ ਨਹੀਂ ਦਿੰਦਾ ਸੀ ਉਦੋਂ ਤੱਕ ਡਫ਼ਲੀ ਵਜਾਉਂਦਾ ਖੜਾ ਰਹਿੰਦਾ। ਫਿਰ ਲੋਕ ਦੇ ਹੀ ਦਿੰਦੇ। ਵਾਲ਼ ਵੀ ਬਹੁਤ ਲੰਮੇ ਹੋ ਗਏ ਸੀ। ਹੁਣ ਮੈਂ ਖੁਦ ਆਪਣੇ ਚਿਹਰੇ ਤੇ ਸੰਧੂਰ ਲਗਾ ਸਕਦਾ ਸੀ ਸ਼ੀਸ਼ੇ ਵਿਚ ਦੇਖ ਕੇ ਚਿਹਰੇ ਤੇ ਲੇਪ ਕਰ ਸਕਦਾ ਸੀ। ਗਲ ਵਿਚ ਝੋਲਾ ਤੇ ਡਫ਼ਲੀ ਹੋਇਆ ਕਰਦੀ ਸੀ। ਪੈਰਾਂ 'ਚ ਖੜਾਵਾਂ ਜਿਹੜੀਆਂ ਖੜਕਦੀਆਂ ਲੱਕ ਦੁਆਲੇ ਕੌਢੀਆਂ ਦੀ ਤੜਾਗੀ । ਅੱਛਾ ਲੱਗਦਾ ਸੀ ਪੋਤਰਾਜ ਗਿਰੀ ਦਾ ਮਹਿਮਾ ਹੋਣ ਲੱਗਾ।

## ਸ਼ਰਨ ਕੁਮਾਰ ਲਿੰਬਾਲੇ

***ਮਰਾਠੀ ਭਾਸ਼ਾ ਤੇ ਚਰਚਿਤ ਕਹਾਣੀਕਾਰ। ਭਾਰਤੀ ਭਾਸ਼ਾਵਾਂ ਵਿਚ ਸਭ ਤੋਂ ਵਧੇਰੇ ਪੜ੍ਹੇ ਜਾਣ ਵਾਲੇ ਲੇਖਕ। ਇਨ੍ਹਾਂ ਦਾ ਜਨਮ 1 ਜੂਨ, 1955 ਨੂੰ ਹੋਇਆ। ਸਿੱਖਿਆ ਐਮ. ਏ. , ਪੀ. ਐਚ. ਡੀ. । 'ਅਕਰਮਾਸ਼ੀ' ਸਵੈ-ਜੀਵਨੀ ਬਹੁਤ ਚਰਚਿਤ ਰਹੀ। ਇਸ ਕਿਤਾਬ ਨੂੰ ਸਾਹਿਤ ਅਕੈਡਮੀ ਐਵਾਰਡ ਵੀ ਮਿਲਿਆ। ਪੰਜਾਬੀ ਭਾਸ਼ਾ 'ਚ ਅਨੁਵਾਦ ਵੀ ਹੋਈ ਹੈ। ਕਈ ਕਹਾਣੀ ਤੇ ਕਵਿਤਾ ਸੰਗ੍ਰਹਿ ਪ੍ਰਕਾਸ਼ਤ। ਸੰਪਰਕ ਸੁਯੋਗ ਕੁੰਜ, ਸਮਰਥ ਨਗਰ, ਨਵੀਂ ਸਾਂਗਵੀ, ਪੂਣਾ-410024, ਮਹਾਰਾਸ਼ਟਰ।***

ਇਕ ਵਾਰ ਮਾਂ ਤੇਲ ਲਾ ਕੇ ਕੰਘੀ ਕਰ ਰਹੀ ਸੀ ਮੈਂ ਉਸ ਦੇ ਅੱਗੇ ਬੈਠਾ ਹੋਇਆ ਸੀ। ਉਸ ਨੇ ਮੇਰੀ ਬਾਂਹ ਵੱਲ ਦੇਖਿਆ। ਉਸ ਨੇ ਮੇਰੀ ਬਾਂਹ ਫੜ ਕੇ ਖਾਜ ਕੀਤੀ। ਮੇਰੀ ਬਾਂਹ ਤੇ ਦਾਗ਼ ਸੀ। ਰਗੜਨ ਨਾਲ ਕੁਝ ਘੱਟ ਹੋ ਜਾਵੇਗਾ ਇਹ ਸੋਚ ਕੇ ਮਾਂ ਨੇ ਸਾਫ਼ ਕਰਕੇ ਬੰਨ ਦਿੱਤਾ। ਪ੍ਰੰਤੂ ਉਹ ਦਾਗ਼ ਦਾ ਚਟਾਕ ਨਹੀਂ ਗਿਆ। ਦਾਗ਼ ਉਂਝ ਦਾ ਉਂਝ ਹੀ ਰਿਹਾ। ਇਕ ਵਾਰ ਮਾਂ ਨੇ ਪੁੱਛਿਆ , "ਦਾਗ਼ ਵਾਲੀ ਥਾਂ ਖਾਜ ਵੀ ਹੁੰਦੀ ਏ?" ਪਰ ਦਾਗ਼ ਵਾਲੇ ਥਾਂ ਖਾਜ ਨਹੀਂ ਹੁੰਦੀ ਸੀ। ਉਸ ਦੇ ਫੈਲ ਜਾਣ ਦੇ ਡਰ ਤੋਂ ਮਾਂ ਨੂੰ ਫਿਕਰ ਹੋਣ ਲੱਗ ਪਿਆ। ਪਰ ਮੈਂ ਬਿਲਕੁਲ ਬੇਫਿਕਰ ਸੀ।

ਮੇਰੀ ਬਾਂਹ ਤੇ ਚਟਾਕ ਦੇ ਦਾਗ਼ ਦੇ ਸੰਬੰਧ ਵਿਚ ਬੱਚਿਆ ਨੂੰ ਪਤਾ ਲੱਗ ਗਿਆ ਸੀ। ਇਹ ਦਾਗ਼ ਨਹੀਂ ਜ਼ਖਮ ਸੀ। ਵੱਡੀ ਬਿਮਾਰੀ ਦਾ । ਕੋਹੜ ਦਾ। ਬੱਚੇ ਮੇਰੇ ਤੋਂ ਦੂਰ ਰਹਿਣ ਲੱਗੇ। ਮੈਨੂੰ ਯਲੱਆ ਦੀ ਯਾਦ ਆ ਗਈ। ਉਸ ਦਾ ਤੜਫ਼ਨਾ ਤੇ ਕੁਰਲਾਹਟ ਮੈਨੂੰ ਚੇਤੇ ਹੈ। ਮੈਂ ਬਹੁਤ ਘਬਰਾ ਗਿਆ। ਮੇਰੀਆਂ ਵੀ ਉਂਗਲਾ ਝੜ ਜਾਣਗੀਆਂ। ਨੱਕ ਝੜ ਜਾਵੇਗਾ। ਮਹਾਰਵਾੜਾ ਮੈਨੂੰ ਬਸਤੀ ਤੋਂ ਬਾਹਰ ਕਰ ਦੇਵੇਗਾ। ਫਿਰ ਮੈਨੂੰ ਬਾਹਰ ਹੀ ਰਹਿਣਾ ਪਵੇਗਾ। ਵਿਆਹ ਤਾਂ ਹੋਵੇਗਾ ਹੀ ਨਹੀਂ। ਯਲੱਆ ਦੀਆਂ ਅੱਖਾਂ ਮੇਰਾ ਪਿੱਛਾ ਕਰਦੀਆਂ। ਮੈਂ ਥੱਕ ਕੇ ਚੂਰ ਚੂਰ ਹੋ ਜਾਂਦਾ। ਮੈਂ ਕੋਹੜ ਦੇ ਦਾਗ਼ ਨੂੰ ਲਕੋਣ ਦੀ ਕੋਸ਼ਿਸ਼ ਕਰਦਾ। ਮਾਂ ਕਹਿੰਦੀ, "ਤੂੰ ਦੇਵੀ ਦਾ ਅਪਮਾਨ ਕੀਤਾ ਹੈ। ਸਜਾ ਮੰਗ ਲੈ। ਦਾਗ਼ ਖਤਮ ਹੋ ਜਾਵੇਗਾ।" ਮੈਂ ਦੇਵੀ ਕੋਲੋਂ ਮੰਨਤ ਮੰਗਦਾ। ਦੇਵੀ ਨੂੰ ਪੁਕਾਰਦਾ। ਲੱਛਮੀ ਦੇਵੀ ਦੀ ਮੂਰਤੀ ਸਾਹਮਣੇ ਜਾ ਕੇ ਡੱਫ਼ਲੀ ਵਜਾਉਂਦਾ। ਡੱਫ਼ਲੀ ਦੀ ਆਵਾਜ਼ ਨਾਲ ਤਨ ਮਨ ਸਹਿਜ ਹੋ ਜਾਂਦਾ।

"ਮੈਂ ਦੇਵੀ ਦਾ ਪੋਤਰਾਜ ਹਾਂ। ਫਿਰ ਦੇਵੀ ਦੀ ਮੇਰੇ ਉੱਤੇ ਕਰੋਪੀ ਕਿਉਂ ਹੈ? ਮੈਂ ਦੇਵੀ ਦਾ ਭਗਤ ਹਾਂ ? ਮੈਂ ਦੇਵੀ ਦੀਆਂ ਐਨੀਆਂ ਸੁੱਖਾਂ ਸੁੱਖੀਆਂ ਫਿਰ ਵੀ ਉਹ ਮੇਰੇ ਤੇ ਰਹਿਮ ਕਿਉ ਨਹੀਂ ਕਰਦੀ ? ਮੈਂ ਕੀ ਕੁਝ ਗ਼ਲਤ ਕੀਤਾ ਹੈ? ਕੀ ਦੇਵੀ ਨੂੰ ਮੇਰੀ ਡਫ਼ਲੀ ਸੁਣਾਈ ਨਹੀਂ ਦਿੰਦੀ' ਮਾਂ ਕਹਿੰਦੀ 'ਸਰਕਾਰੀ ਹਸਪਤਾਲ ਜਾਹ।' ਹਸਪਤਾਲ 'ਚ ਬਿਮਾਰ ਤੰਦਰੁਸਤ ਹੋ ਜਾਂਦੇ ਹਨ ਤਾਂ ਫਿਰ ਮੈਂ ਦੇਵੀ ਕੋਲੋ ਮੰਨਤ ਕਿਉਂ ਮੰਗਾ ? ਮੈਨੂੰ ਕੋਹੜ ਤਾਂ ਹੋਣ ਦਿਓ ਮੈਂ ਲੱਛਮੀ ਦੇ ਦਰਵਾਜੇ ਨੂੰ ਸੋਟਿਆ ਨਾਲ ਮਾਰਾਗਾ।" ਮੇਰਾ ਸਿਰ ਚਕਰਾ ਜਾਂਦਾ।

ਮੇਰੇ ਹੱਥ ਦੀ ਉਂਗਲੀ 'ਚ ਦਰਦ ਸ਼ੁਰੂ ਹੋ ਗਿਆ ਅਤੇ ਉਂਗਲੀਆਂ ਝੜਨ ਲੱਗ ਪਈਆਂ। ਪੈਰਾਂ ਵਿਚ ਵੀ ਚੀਸ ਪੈਣ ਲੱਗ ਪਏ। ਹੁਣ ਵੱਡੀ ਬਿਮਾਰੀ ਮੇਰੇ ਸਰੀਰ ਵਿਚ ਵੀ ਚੜਨ ਲੱਗੀ। ਬੁਖਾਰ ਆਉਣ ਲੱਗਾ। ਮੈਂ ਆਪਣੀ ਬਿਮਾਰੀ ਨੂੰ ਲਕੋ ਕੇ ਲੋਕਾਂ ਵਿਚ ਵਿਚਰਦਾ ਸੀ। ਦੇਵੀ ਦੀ ਪੂਜਾ ਕਰਦਾ ਸੀ। ਚਾਰ ਘਰਾਂ ਵਿਚ ਮੰਗਣ ਜਾਂਦਾ ਸੀ। ਮਾਂ ਕਹਿੰਦੀ ਤਾਂ ਉਥੇ ਕੰਮ ਕਰਨ ਵੀ ਜਾਂਦਾ। ਕਿਸੇ ਤਰੀਕੇ ਨਾਲ ਘਰ ਦਾ ਗੁਜਾਰਾ ਹੋ ਰਿਹਾ ਸੀ। ਦਵਾਖਾਨੇ ਜਾਣ ਦੇ ਲਈ ਪੈਸੇ ਕਿੱਥੇ ਸੀ। ਜਦੋਂ ਜਖ਼ਮ ਦੁਖਣ ਲੱਗ ਜਾਂਦੇ ਤਾਂ ਲੱਛਮੀ ਦਾ ਭੰਡਾਰਾ (ਹਲਦੀ ਦਾ ਲੇਪ ) ਹੀ ਚਮੜੀ ਤੇ ਲਾ ਲੈਂਦਾ।

ਵੱਡੀ ਉਂਗਲ ਝੜ ਗਈ। ਦੂਜੀਆਂ ਦੋ ਉਂਗਲੀਆਂ ਸੜ ਕੇ ਝੜਨ ਲੱਗੀਆਂ ਸਨ। ਚਿਹਰਾ ਸੁੱਜਣ ਲੱਗ ਪਿਆ ਸੀ। ਪੈਰਾਂ ਚੋਂ ਪਾਕ ਅਤੇ ਲਹੂ ਵਗਣ ਲੱਗਾ ਸੀ। ਲੋਕਾਂ 'ਚ ਜਾਣਾ ਕਠਿਨ ਹੋ ਗਿਆ ਸੀ। ਲੋਕਾਂ ਨੇ ਭੀਖ਼ ਦੇਣੀ ਵੀ ਬੰਦ ਕਰ ਦਿੱਤੀ। ਮੈਨੂੰ ਦੇਖਦੇ ਹੀ ਦੂਰ ਹਟ ਜਾਂਦੇ। ਖੱਬੇ ਪੈਰ ਦੀ ਅੱਡੀ ਪੂਰੀ ਤਰ੍ਹਾਂ ਗਲ਼ ਗਈ ਸੀ। ਲੰਗੜਾਉਂਦੇ ਹੋਇਆ ਤੁਰਨ ਲੱਗਾ। ਇਕ ਵਾਰ ਮੇਲੇ 'ਚ ਗਿਆ ਪ੍ਰੰਤੂ ਕਿਸੇ ਨੇ ਮੈਨੂੰ ਮੰਦਰ ਨਹੀਂ ਜਾਣ ਦਿੱਤਾ। ਮੈਂ ਦੂਰ ਤੋਂ ਨਮਸਕਾਰ ਕੀਤਾ। ਕੰਡਕਟਰ ਨੇ ਬੱਸ ਤੋਂ ਥੱਲੇ ਉਤਾਰ ਦਿੱਤਾ। ਹੋਟਲ 'ਚ ਚਾਹ-ਪਾਣੀ ਮਿਲਣਾ ਮੁਸ਼ਕਲ ਹੋ ਗਿਆ। ਜਾਨ ਦੇਣ ਆਪਣੀ ਜਿੰਦ



ਜਾਨ ਦੀ ਗੱਲ ਮਨ ਵਿਚ ਆਉਂਦੀ ਮੈਨੂੰ ਬੇਇੱਜਤੀ ਮਹਿਸੂਸ ਹੁੰਦੀ ਸੀ।

ਅੱਜ ਮੰਗਲਵਾਰ ਦੇਵੀ ਦਾ ਦਿਨ ਚਾਰ ਘਰਾਂ 'ਚ ਜਾ ਕੇ ਮੰਗਣਾ ਚਾਹੀਦਾ। ਦਿੰਦਾ ਤਾਂ ਕੋਈ ਨਹੀਂ। ਰਾਤ ਨੂੰ ਸਰੀਰ ਵੀ ਕੰਬ ਰਿਹਾ ਹੈ। ਤਾਪ ਵੀ ਚੜ੍ਹ ਗਿਆ ਹੈ। ਪੈਰਾਂ 'ਚ ਪੀੜ ਹੈ। ਨੱਕ ਫੁੱਲ ਗਈ ਹੈ। ਮੈਂ ਅੰਦਰੋਂ ਬਾਹਰੋਂ ਭੋਰਾ ਭੋਰਾ ਕਰਕੇ ਸੜ ਤੇ ਝੜ ਰਿਹਾ ਸੀ। ਮਾਂ ਵੀ ਮੇਰੇ ਲਈ ਚਾਹ ਪਾਣੀ ਹੁਣ ਵੱਖਰਾ ਤੇ ਦੂਰ ਰੱਖਣ ਲੱਗ ਪਈ। ਮੈਂ ਦਰਵਾਜੇ ਤੇ ਬੈਠ ਜਾਂਦਾ ਤੇ ਥੁੱਕਦਾ। ਗੁਵਾਂਢਣ ਸਾਰਜਾ ਬਾਈ ਝਗੜਾ ਕਰਨ ਆ ਜਾਂਦੀ,"ਸਾਡੇ ਨਿੱਕੇ ਨਿਆਣੇ ਏਥੇ ਖੇਡਦੇ ਹਨ, ਤੂੰ ਏਥੇ ਨਾ ਬੈਠ।" ਕਹਿੰਦੀ ਹੋਈ ਗੁੱਸੇ 'ਚ ਆ ਜਾਂਦੀ। ਮੇਰੇ ਸ਼ਰੀਰ ਤੋਂ ਪਾਣੀ ਡਿੱਗਦਾ ਹੈ। ਮੈਂ ਆਪਣੀ ਬਿਮਾਰੀ ਦੂਜਿਆ ਨੂੰ ਦੇਣ ਦੇ ਲਈ ਜਾਨ ਬੁੱਝ ਕੇ ਥੁੱਕਦਾ ਹਾਂ। ਅਜਿਹਾ ਸੋਚ ਕੇ ਸਾਰੇ ਗੁਵਾਂਢੀ ਰੌਲੀ ਪਾਉਣ ਲੱਗ ਪਏ। ਇਸ ਨੂੰ ਮਹਾਰਵਾੜਾ ਤੋਂ ਬਾਹਰ ਕੱਢ ਦਿਉ। ਯਲੱਆ ਦੇ ਨਾਲ ਇਸ ਨੂੰ ਵੱਖਰੀ ਝੋਪੜੀ ਬਣਾ ਦਿਓ। ਭੀਮਸ਼ਾ ਦੀ ਇਸ ਗੱਲ ਤੇ ਲੋਕਾਂ ਦੀ ਭੀੜ ਜ਼ਮਾ ਕਰ ਦਿੱਤੀ। ਦੇਰ ਰਾਤ ਤੱਕ ਝਗੜਾ ਚੱਲਦਾ ਰਿਹਾ।

ਮੇਰੀ ਮਾਂ ਕਹਿ ਦਿੰਦੀ, ਦੇਵੀ ਦੀ ਬਿਮਾਰੀ ਹੈ। ਸਾਡੇ ਕੋਲੋ ਕੁਝ ਗਲਤ ਹੋ ਗਿਆ ਹੋਵੇਗਾ। ਅਸੀਂ ਮੰਨਤ ਮੰਗੀ ਹੈ। ਮੇਰਾ ਪੁੱਤਰ ਪੋਤਰਾਜ ਹੈ। ਮਾਂ ਲੱਛਮੀ ਦੇਵੀ ਸਭ ਕੁਝ ਠੀਕ ਕਰ ਦੇਵੇਗੀ। ਮੇਰੇ ਪੁੱਤਰ ਦਾ ਭਲਾ ਕਰੇਗੀ। ਉਸ ਨੇ ਕਿਹੜੀਆਂ ਅੱਖਾਂ ਮੀਟੀਆਂ ਹੋਈਆਂ ਹਨ ? ਜਿਹੜਾ ਕੋਈ ਮੇਰੇ ਬੇਟੇ ਨੂੰ ਤਕਲੀਫ਼ ਦੇਵੇਗਾ ਦੇਵੀ ਲੱਛਮੀ ਉਸ ਨੂੰ ਦੇਖ ਲਵੇਗੀ। ਉਸ ਦਾ ਸਤਿਆਨਾਸ ਹੋ ਜਾਵੇਗਾ। ਅਕਲੋਂ ਬੇ ਅਕਲ ਹੋ ਜਾਵੇਗਾ। ਮਾਂ ਦੀਆਂ ਗੱਲਾਂ ਸੁਣ ਕੇ ਭੀਸਮਾ ਆਪੇ ਤੋਂ ਬਾਹਰ ਹੋ ਗਿਆ। ਉਹ ਉਸ ਨੂੰ ਕੁੱਟਣ ਲਈ ਦੌੜਿਆ। "ਇਹ ਯਲੱਆ ਦਾ ਬੀਅ ਹੈ। ਸਾਨੂੰ ਸਬਕ ਨਾ ਪੜ੍ਹਾ " ਮਾਂ ਕਿਹਾ ਕਰਦੀ ਸੀ ਕਿ ਪਿਓ ਦੇ ਮਰ ਜਾਣ ਤੋਂ ਚਾਰ ਸਾਲ ਬਾਅਦ ਮੈਂ ਪੈਦਾ ਹੋ ਗਿਆ ਸੀ। ਦੇਵੀ ਦੀ ਮੰਨਤ ਨਾਲ। ਬਾਪ ਦੇ ਸਮੇਂ ਹੀ ਮੈਂ ਪੇਟ 'ਚ ਸੀ, ਪ੍ਰੰਤੂ ਪੇਟ ਦੱਬਿਆ ਗਿਆ ਸੀ। ਦੇਵੀ ਦੀ ਕ੍ਰਿਪਾ ਨਾਲ ਫਿਰ ਵਧ ਗਿਆ। ਅਤੇ ਮੈਂ ਜੰਮ ਪਿਆ।

ਮਾਂ ਖੇਤਾਂ ਵਿਚ ਕੁਝ ਨਾ ਕੁਝ ਚੁਗਦੀ ਚੁਣਦੀ ਰਹਿੰਦੀ ਸੀ। ਇਕ ਵਾਰ ਯੱਲਆ ਨੇ ਉਸ ਨੂੰ ਫੜ ਕੇ ਉਹਲੇ ਖਿੱਚ ਲਿਆ ਸੀ। ਅਤੇ ਮਾਂ ਨੇ ਉਸਦੀ ਵੱਡੀ ਬਿਮਾਰੀ ਨੂੰ ਧਰਤੀ 'ਚ ਪਾਏ ਬੀਜ ਦੀ ਤਰ੍ਹਾਂ ਆਪਣੇ ਪੇਟ ਵਿਚ ਸਾਂਭ ਲਿਆ ਸੀ।

ਮੇਰਾ ਸਰੀਰ ਬੁਰੀ ਤਰ੍ਹਾਂ ਟੁੱਟ ਰਿਹਾ ਸੀ ਇਸ ਲਈ ਹੀ ਮੈਂ ਘਰ 'ਚ ਲੰਮਾ ਪਿਆ ਹੋਇਆ ਸੀ। ਅੱਜ ਮੰਗਲਵਾਰ ਸੀ ਪਰ ਮੰਗਣ ਨਹੀਂ ਗਿਆ ਸੀ ਜੇ ਮਨ ਚੰਗਾ ਹੈ ਤਾਂ ਵਿਦੇਸ਼ ਵੀ ਚੰਗਾ। ਮੈਨੂੰ ਚੰਗਾ ਨਹੀਂ ਲੱਗ ਰਿਹਾ ਸੀ ਤਾਂ ਕਿਹੜੀ ਭੀਖ਼ ਕਿਹੜਾ ਮੰਗਣਾ? ਅੱਖਾਂ ਵਿਚ ਜਲਨ ਸੀ। ਮਾਂ ਬਿਨਾ ਕੁਝ ਖਾਧੇ ਖੇਤਾਂ 'ਚ ਚਲੇ ਗਈ ਸੀ। ਟੋਕਰੀ ਵਿਚ ਬੇਹੀਆ ਰੋਟੀਆ ਦਾ ਢੇਰ ਸੀ। ਚੂਹੇ ਰੋਟੀ ਦੇ ਟੁਕੜੇ ਕੁਤਰ ਰਹੇ ਸਨ। ਲਗ ਰਿਹਾ ਸੀ ਜਿਵੇਂ ਮੇਰੇ ਹੀ ਸਰੀਰ ਨੂੰ ਕੁਤਰ ਰਹੇ ਹੋਣ। ਮੈਂ ਚੂਹਿਆ ਨੂੰ ਭਜਾ ਦਿੱਤਾ। ਥੋੜੀ ਦੇਰ ਬਾਅਦ ਦਰਵਾਜੇ ਤੇ ਪੋਤਰਾਜ ਆ ਗਿਆ। ਉਸ ਨੇ ਆਰਤੀ ਸੁਣਾ ਦਿੱਤੀ। ਡੱਫ਼ਲੀ ਵਜਾਉਣ ਲੱਗਾ। ਪਲ ਭਰ ਦੇ ਲਈ ਲੱਗਾ ਕਿ ਸਰੀਰ ਤੇ ਕੱਪੜੇ ਹਨ। ਮੈਂ ਟੋਕਰੀ 'ਚੋਂ ਰੋਟੀ ਦੇ ਟੁਕੜੇ ਚੁੱਕ ਲਏ ਅਤੇ ਭੀਖ਼ ਦੇਣ ਲਈ ਅੱਗੇ ਵਧਿਆ ਮੈਨੂੰ ਦੇਖ ਕੇ ਭੀਖ਼ ਲਏ ਬਿਨਾ ਹੀ ਪੋਤਰਾਜ ਚਲੇ ਗਿਆ। ਮੇਰੇ ਸ਼ਰੀਰ ਤੇ ਜੰਮਿਆ ਪੋਤਰਾਜ ਝੜ ਕੇ ਥੱਲੇ ਡਿੱਗ ਪਿਆ। ਮੈਂ ਕਿੱਲੀ ਨਾਲ ਟੰਗੀ ਡੱਫ਼ਲੀ ਚੁੱਕ ਲਈ ਅਤੇ ਡੱਫ਼ਲੀ ਤੇ ਹੱਥ ਮਾਰ ਦਿੱਤਾ। ਡੱਫ਼ਲੀ ਟੁੱਟ ਗਈ। ਠੱਨ੍ਹ ਦੀ ਆਵਾਜ਼ ਆਈ। ਮੈਨੂੰ ਸਿਰ ਦੇ ਵਾਲ਼ਾ ਦਾ ਜੂੜਾ ਭਾਰੀ ਲੱਗਣ ਲੱਗ ਪਿਆ।

ਧੁੱਪ ਚੜ ਰਹੀ ਸੀ। ਸਰੀਰ ਨੂੰ ਤਾਪ ਚੜ੍ਹ ਰਿਹਾ ਸੀ। ਮਾਂ ਕੰਮ ਤੋਂ ਪਰਤ ਆਈ। ਗੁਵਾਂਢਣ ਸੂਰਜਾ ਨੇ ਫਿਰ ਮਾਂ ਨਾਲ ਝਗੜਾ ਕੀਤਾ। ਮੈਨੂੰ ਬਸਤੀ 'ਚੋਂ ਕੱਢ ਦੇਣ ਦਾ ਫੈਸਲਾ ਉਨ੍ਹਾਂ ਲੋਕਾਂ ਨੇ ਕਰ ਲਿਆ ਸੀ। ਮੈਂ ਅਕਲਮੰਦ ਬਣ ਗਿਆ। ਗੱਠੜੀ ਮੋਢੇ ਤੇ ਚੁੱਕ ਕੇ ਘਰ 'ਚੋਂ ਬਾਹਰ ਆ ਗਿਆ। ਮਾਂ ਨੇ ਵੀ ਵਿਰੋਧ ਨਾ ਕੀਤਾ। ਮੈਂ ਸਿੱਧਾ ਝੋਪੜੀ 'ਚ ਚਲਾ ਗਿਆ। ਯਲੱਆ ਸੁੱਤਾ ਹੋਇਆ ਸੀ। ਉਸ ਦੇ ਜੂੜੇ ਤੋਂ ਫੜ ਕੇ ਉਹਨੂੰ ਜਗਾ ਦਿੱਤਾ। ਯਲੱਆ ਦੀਆਂ ਅੱਖਾਂ ਵਿਚ ਅੱਥਰੂ ਸਿਮ ਆਏ ਸਨ,

"ਯਲੱਆ ਤੇਰਾ ਮੇਰਾ ਕੀ ਰਿਸ਼ਤਾ ਹੈ ?"

"ਤੂੰ ਮੇਰਾ ਪੁੱਤਰ ਹੈ ਉਏ !"

ਯਲੱਆ ਦੇ ਮੂੰਹ 'ਚੋਂ ਬਦਬੂ ਆ ਰਹੀ ਸੀ। ਉਸ ਦਾ ਚਿਹਰਾ ਬੁੱਝਿਆ ਹੋਇਆ ਸੀ। ਰੂਪੋ ਕਰੂਪ ਹੋਇਆ ਸੀ। ਉਸ ਦੇ ਨੱਕ ਦੀ ਥਾਂ ਤੇ ਖਾਲੀ ਸੁਰਾਖ ਸੀ। ਹੱਥਾਂ ਦੀਆਂ ਦਸ ਉਂਗਲਾ ਝੜ ਗਈਆਂ ਸਨ

ਯਲੱਆ ਦਰਦ ਨਾਲ ਕੁਰਲਾ ਰਿਹਾ ਸੀ। ਉਸ ਦੇ ਦੋਵੇਂ ਪੈਰ ਵੀ ਝੜ ਚੁੱਕੇ ਸਨ। ਉਸ ਨੇ ਕੱਪੜੇ ਨਾਲ ਪੈਰਾਂ ਨੂੰ ਬੰਨਿਆ ਹੋਇਆ ਸੀ। ਚਿਹਰੇ ਤੇ ਸੋਜ਼ ਵਧ ਗਈ ਸੀ। ਮੈਂ ਯਲੱਆ ਦਾ ਗਲਾ ਦੱਬ ਦਿੱਤਾ। ਯਲੱਆ ਤੜਫਣ ਲੱਗ ਪਿਆ। ਯਲੱਆ ਦੀਆਂ ਸੜ੍ਹ ਚੁੱਕੀਆਂ ਅੱਖਾਂ ਥੱਲੇ ਉਪਰ ਹੋ ਰਹੀਆਂ ਸਨ। ਮੈਂ ਆਪਣੇ ਠੁੱਠ ਬਣ ਗਏ ਹੱਥ ਨਾਲ ਉਹਦਾ ਗਲਾ ਦੱਬਦਾ ਰਿਹਾ। ਮੇਰੀਆਂ ਤਿੰਨ ਉਂਗਲਾ ਝੜ ਚੁੱਕੀਆਂ ਸਨ ਯਲੱਆ ਦੀ ਜੀਭ ਕੁੱਤੇ ਦੀ ਜੀਭ ਵਾਂਗ ਬਾਹਰ ਨਿਕਲੀ ਹੋਈ ਸੀ। ਯਲੱਆ ਦੀ ਲਾਸ਼ ਮੇਰੇ ਹੱਥ ਚੋਂ ਨਿਕਲ ਕੇ ਜ਼ਮੀਨ ਉਪਰ ਡਿੱਗ ਪਈ।

ਦੂਜੇ ਦਿਨ ਯਲੱਆ ਨੂੰ ਮਿੱਟੀ ’ਚ ਦਬਾ ਦਿੱਤਾ।

ਹੁਣ ਯਲੱਆ ਦੀ ਝੋਪੜੀ ਵਿਚ ਮੈਂ ਰਹਿਣ ਲੱਗ ਪਿਆ।

ਮਾਂ ਹਰ ਰੋਜ ਜਿਸ ਤਰ੍ਹਾਂ ਦਾ ਵੀ ਖਾਣਾ ਹੁੰਦਾ ਲਿਆ ਦਿੰਦੀ ਸੀ। ਨੇੜੇ ਤੇੜੇ ਕੂੜੇ ਦੇ ਢੇਰ ਸਨ। ਕੱਚਰੇ ਦੇ ਢੇਰ। ਏਧਰ ਉਧਰ ਸੂਅਰ ਘੁੰਮਦੇ ਰਹਿੰਦੇ। ਰੂੜੀਆਂ ਵਿਚ ਆਉਣ ਵਾਲੀਆ ਇਸਤਰੀਆਂ ਅਤੇ ਮੇਰੀ ਝੋਪੜੀ। ਝੋਪੜੀ ਵਿਚ ਮੈਂ ਤੇ ਮੇਰੀ ਡੱਫ਼ਲੀ।

‘ਨਾ ਮੁਰਾਦ’ ਅਤੇ ਮੇਰੀ ਬਿਮਾਰੀ। ਦੋ ਦਿਨਾਂ ਤੋਂ ਮਾਂ ਨਹੀਂ ਆਈ ਸੀ। ਮੈਨੂੰ ਭੁੱਖ ਲੱਗੀ ਸੀ। ਮੈਂ ਝੋਪੜੀ ਤੋਂ ਬਾਹਰ ਨਿਕਲ ਤੁਰਿਆ। ਲੰਗੜਾਉਂਦਾ ਹੋਇਆ ਘਰ ਵੱਲ ਤੁਰ ਪਿਆ। ਭੀਮਸ਼ਾ ਘਰ ਵਿਚ ਨਹੀਂ ਸੀ। ਸੂਰਜਾ ਮਾਂ ਮੈਨੂੰ ਦੇਖ ਕੇ ਦੂਰ ਚਲੇ ਗਈ। ਮੇਰੇ ਨੱਕ ਦੀ ਨੋਕ ਪੂਰੀ ਤਰ੍ਹਾਂ ਨਾਲ ਝੜ ਗਈ ਸੀ। ਮੈਂ ਘਰ ਦੇ ਅੰਦਰ ਆ ਗਿਆ। ਮਾਂ ਸੁੱਤੀ ਹੋਈ ਸੀ। ਘਰ ਦੇ ਅੰਦਰ ਜਾਂਦੇ ਹੋਏ ਡਰ ਲਗ ਰਿਹਾ ਸੀ। ਘਰ ਕਿਸੇ ਦੂਸਰੇ ਦਾ ਲੱਗ ਰਿਹਾ ਸੀ।

ਮੈਂ ਡਰਦਿਆ ਅੱਗੇ ਵਧ ਗਿਆ। ਮਾਂ ਦਾ ਮੂੰਹ ਖੁੱਲਾ ਹੋਇਆ ਸੀ। ਅੱਖਾਂ ਖੁੱਲ੍ਹੀਆਂ ਪਈਆਂ ਸਨ। ਉਸ ਨੂੰ ਮੱਖੀਆਂ ਤੇ ਕੀੜੇ ਚੁੰਬੜੇ ਹੋਏ ਸਨ। ਮੇਰੀ ਮਾਂ ਮਰ ਗਈ ਸੀ। ਮੈਂ ਮਾਂ ਦੇ ਸਿਰਹਾਣੇ ਬੈਠ ਗਿਆ। ਉਸਦੇ ਚਿਹਰੇ ਵੱਲ ਮੈਂ ਦੇਖਿਆ ਉਸਦੀ ਗੱਲ ਤੇ ਦਾਗ਼ ਸੀ।

ਸਾਇਦ ਯਲੱਆ ਨੇ ਉਥੋਂ ਉਸ ਦੇ ਦੰਦੀ ਵੱਢ ਦਿੱਤੀ ਹੋਵੇਗੀ। ∅


ਗਲਪ ਨੂੰ ਸਮਰਪਤ *ਸੁਰ ਸਾਂਝ ਦਾ ਵਿਸ਼ੇਸ਼ ਅੰਕ*

***ਲਹਿੰਦੇ ਪੰਜਾਬ ਦਾ ਕਹਾਣੀ ਅੰਕ***

***ਜਨਵਰੀ-ਫਰਵਰੀ,2006***

***ਅ.ਫਜ਼ਲ ਤੌਸੀ.ਫ, ਜ਼ਬੈਰ ਅਹਿਮਦ, ਆਸ਼ਿਕ ਰਹੀਲ, ਕਰਾਮਤ ਅਲੀ ਮੁ.ਗਲ, ਸ਼ਮਸ਼ ਨਗਮਾਨ, ਅਜ਼ਰਹ ਜਾਵੇਦ, ਮਿਰਜ਼ਾ ਹਾਮਦ ਬੇ.ਗ, ਡਾ. ਮਸਊਦ ਅਹਿਸਾਨ, ਤਾਰਿਕ ਗੁੱਜਰ, ਰ.ਫੀਕ ਅਜ਼ੀਜ਼, ਨੁਜ਼ਹਤ ਗੁਰਦੇਜ਼ੀ ਤੇ ਫਰੂਕ ਨਦੀਮ***

ਗਲਪ ਨੂੰ ਸਮਰਪਤ

***ਸੁਰ ਸਾਂਝ***

***ਦੇ ਸਾਲਾਨਾਂ ਚੰਦੇ ਭੇਜਣਾ ਤੁਹਾਡਾ ਨੈਤਿਕ ਫਰਜ ਹੈ। ਕੋਸ਼ਿਸ਼ ਕਰੋ ਮੈਗਜ਼ੀਨ ਦਾ ਚੰਦਾਂ ਜਲਦੀ ਭੇਜਣ ਦੀ। ਮੁ.ਫਤ ਪਰਚਾ ਅਸੀਂ ਕਦੋਂ ਕੁ ਤੱਕ ਭੇਜਦੇ ਰਹਾਗੇ। ਆਖੀਰ ਬੰਦ ਹੀ ਕਰਨਾ ਪਵੇਗਾ। ਚੰਦੇ ਕੇਵਲ ਮਨੀਆਰਡਰ ਜਾਂ ਚੈਕ-ਬੈਂਕ ਡਰਾਫਟ ਰਾਹੀ ਹੀ ਭੇਜੋ ਉਨ੍ਹਾਂ ਤੇ ਕੇਵਲ SUR SANJH ਹੀ ਲਿਖਿਆ ਜਾਵੇ। ਪੰਜਾਬ ਤੋਂ ਬਾਹਰਲੇ ਚੈਕ ਭੇਜਣ ਲਈ 50 ਰੁ ਵਾਧੂ ਭੇਜੇ ਜਾਣ।***




**ਹਿੰਦੀ ਕਹਾਣੀ**

## ਅਰਥੀ / ਓਮ ਪ੍ਰਕਾਸ਼ ਵਾਲਮੀਕ / ਅਨੁ : ਭਗਵੰਤ ਰਸੂਲਪੁਰੀ



ਚਮਾਰਾਂ ਦੇ ਇਕ ਪਿੰਡ ’ਚ ਬਲਹਾਰਾਂ [1] (ਨੀਚਾਂ ਤੋਂ ਵੀ ਨੀਚ ਸਮਝੀ ਜਾਂਦੀ ਜਾਤ ਜਿਹੜੀ ਮੁਰਦੇ ਢੋਣ ਦਾ ਅਤੇ ਉਨ੍ਹਾਂ ਨੂੰ ਫੂਕਣ ਦਾ ਕਿੱਤਾ ਕਰਦੀ ਹੈ [1]) ਦਾ ਇਕ ਪਰਿਵਾਰ ਸੀ। ਜਿਹੜਾ ਪਿੰਡੋਂ ਬਾਹਰ ਰਹਿੰਦਾ ਸੀ ਉਨ੍ਹਾਂ ਦੇ ਵਿਚਕਾਰ ਇਕ ਨੀਵਾਂ ਚੋਅ ਵਗਦਾ ਸੀ। ਬਰਸਾਤ ਦੇ ਦਿਨਾਂ ’ਚ ਜਦ ਚੋਅ ਭਰ ਜਾਂਦਾ ਸੀ ਤਾਂ ਬਲਹਾਰਾਂ ਦਾ ਸੰਪਰਕ ਪਿੰਡ ਨਾਲੋਂ ਇਕਦਮ ਟੁੱਟ ਜਾਂਦਾ ਸੀ। ਬਾਕੀ ਸਮੇਂ ਪਾਣੀ ਘਟ ਹੋ ਜਾਣ ਤੇ ਬੜੀ ਮੁਸ਼ਕਲ ਨਾਲ ਚੋਅ ਪਾਰ ਕਰਕੇ ਪਿੰਡ ਪਹੁੰਚਦੇ ਸਨ। ਭਾਵ ਕਿ ਬਲਹਾਰਾਂ ਦਾ ਪਿੰਡ ਤੱਕ ਜਾਣ ਦਾ ਹੋਰ ਕੋਈ ਰਸਤਾ ਨਹੀਂ ਸੀ। ਰਸਤਾ ਬਣਾਉਣ ਦੀ ਜਰੂਰਤ ਕਦੀ ਵੀ ਕਿਸੇ ਨੇ ਮਹਿਸੂਸ ਹੀ ਨਹੀਂ ਕੀਤੀ ਸੀ। ਜਦ ਕਿਸੇ ਚਮਾਰ ਨੂੰ ਉਨ੍ਹਾਂ ਦੀ ਲੋੜ ਪੈਂਦੀ, ਤਾਂ ਚੋਅ ਦੇ ਕਿਨਾਰੇ ਖੜੇ ਹੋ ਕੇ ਆਵਾਜ਼ ਮਾਰ ਦਿੰਦੇ। ਚੋਅ ਐਨਾ ਵੱਡਾ ਵੀ ਨਹੀਂ ਸੀ ਕਿ ਬਲਹਾਰਾਂ ਤੱਕ ਆਵਾਜ਼ ਹੀ ਨਾ ਪਹੁੰਚੇ। ਆਵਾਜ਼ ਸੁਣ ਕੇ ਉਹ ਬਾਹਰ ਆ ਜਾਂਦੇ ਸੀ। ਉਸ ਪਰਿਵਾਰ ’ਚ ਕੇਵਲ ਦੋ ਮੈਂਬਰ ਹੀ ਰਹਿ ਗਏ ਸਨ–ਸੂਰਜਾ, ਜਿਸ ਦੀ ਉਮਰ ਢਲ ਚੁੱਕੀ ਸੀ। ਅਤੇ ਉਸ ਦੀ ਪੁੱਤਰੀ ਸੰਤੋ, ਜਿਹੜੀ ਵਿਆਹ ਦੇ ਤੀਜੇ ਸਾਲ ਹੀ ਵਿਧਵਾ ਹੋ ਕੇ ਪੇਕੇ ਪਰਤ ਆਈ ਸੀ। ਸੂਰਜਾ ਦੀ ਪਤਨੀ ਨੂੰ ਮਰਿਆ ਵੀ ਤਿੰਨ ਸਾਲ ਹੋ ਗਏ ਸਨ। ਸੂਰਜਾ ਉਂਞ ਵੀ ਕਾਫੀ ਕਮਜੋਰ ਹੋ ਗਿਆ ਸੀ। ਉਹ ਦੇ ਦਿਮਾਗ਼ ਨੇ ਵੀ ਕੰਮ ਕਰਨਾ ਘਟ ਕਰ ਦਿੱਤਾ ਸੀ ਪਰ ਫਿਰ ਵੀ ਪਿੰਡ ਦੇ ਛੋਟੇ ਮੋਟੇ ਕੰਮ ਉਹ ਕਰ ਹੀ ਦਿੰਦਾ ਸੀ।

ਸੂਰਜਾ ਦਾ ਇਕ ਪੁੱਤਰ ਵੀ ਸੀ, ਜਿਹੜਾ 10–12 ਸਾਲ ਦੀ ਉਮਰ ’ਚ ਹੀ ਘਰ ਛੱਡ ਕੇ ਘਰੋਂ ਭੱਜ ਗਿਆ ਸੀ। ਕੁਝ ਸਾਲ ਏਧਰ ਉਧਰ ਧੱਕੇ ਖਾਣ ਤੋਂ ਬਾਅਦ ਉਸ ਨੂੰ ਰੇਲਵੇ ’ਚ ਨੌਕਰੀ ਮਿਲ ਗਈ ਸੀ। ਇਸ ਨੌਕਰੀ ਨੇ ਹੀ ਉਸ ਨੂੰ ਪੜ੍ਹਨ ਲਿਖਣ ਵੱਲ ਖਿੱਚਿਆ ਸੀ। ਕਿਸੇ ਤਰ੍ਹਾਂ ਉਸ ਨੇ ਹਾਈ ਸਕੂਲ ਕਰਕੇ ਤਕਨੀਕੀ ਸਿੱਖਿਆ ਲੈ ਕੇ ਪੇਪਰ ਦਿੱਤੇ ਤੇ ਰੇਲਵੇ ’ਚ ਉਹ ਫਿਟਰ ਬਣ ਗਿਆ ਸੀ। ਨਾਮ ਸੀ ਕੱਲੂ, ਜਿਹੜਾ ਕਿ ਹੁਣ ਕੱਲ੍ਹਨ ਹੋ ਗਿਆ ਸੀ।

ਜਦੋਂ ਸੰਤੋਂ ਦਾ ਵਿਆਹ ਹੋਇਆ ਤਾਂ ਸਾਰਾ ਖਰਚ ਕੱਲ੍ਹਨ ਨੇ ਹੀ ਕੀਤਾ। ਸੂਰਜ ਦੇ ਕੋਲ ਤਾਂ ਫੁੱਟੀ ਕੌਡੀ ਵੀ ਨਹੀਂ ਸੀ। ਕੱਲ੍ਹਨ ਦਾ ਵਿਆਹ ਵੀ ਰੇਲਵੇ ਕਾਲੋਨੀ ’ਚ ਹੀ ਹੋ ਗਿਆ ਸੀ। ਉਸਦਾ ਸਹੁਰਾ ਵੀ ਰੇਲਵੇ ’ਚ ਹੀ ਸੀ। ਉਸ ਨੂੰ ਪੜ੍ਹੀ ਲਿਖੀ ਪਤਨੀ ਮਿਲੀ ਸੀ, ਜਿਸ ਦੇ ਕਾਰਨ ਉਹਦੇ ਰਹਿਣ ਸਹਿਣ , ਉਠਣ ਬੈਠਣ ’ਚ ਵੀ ਫਰਕ ਆ ਗਿਆ ਸੀ । ਉਸਦੇ ਜੀਵਨ ਦਾ ਟੀਚਾ ਹੀ ਬਦਲ ਗਿਆ ਸੀ।

ਪਿੰਡ ਉਹ ਕਦੇ ਕਦੇ ਹੀ ਆਉਂਦਾ ਸੀ। ਪਰ ਜਦੋਂ ਵੀ ਉਹ ਪਿੰਡ ਆਉਂਦਾ , ਚਮਾਰ ਉਸ ਨੂੰ ਅਜੀਬ ਜਿਹੀ ਨਜ਼ਰ ਨਾਲ ਦੇਖਦੇ ਸਨ। ਕੱਲੂ ਤੋਂ ਕੱਲ੍ਹਨ ਹੋ ਜਾਣ ਨੂੰ ਉਹ ਸਵੀਕਾਰ ਨਹੀਂ ਕਰ ਰਹੇ ਸਨ। ਉਨ੍ਹਾਂ ਦੀਆਂ ਨਜ਼ਰਾਂ ’ਚ ਉਹ ਅਜੇ ਵੀ ਬਲਹਾਰ ਹੀ ਸੀ। ਸਮਾਜਕ ਵਿਵਸਥਾ ਵਿਚ ਸਭ ਤੋਂ ਨੀਵਾਂ ਭਾਵ ਕਿ ਅਛੂਤਾਂ ਵਿਚ ਵੀ ਅਛੂਤ।

ਪਿੰਡ ਵਿਚ ਉਹ ਆਪਣੇ ਆਪ ਨੂੰ ਇਕੱਲਾ ਮਹਿਸੂਸ ਕਰਦਾ ਸੀ। ਪਰਿਵਾਰ ਤੋਂ ਬਾਹਰ ਇਕ ਵੀ

**ਓਮ ਪ੍ਰਕਾਸ਼ ਵਾਲਮੀਕੀ**

**ਹਿੰਦੀ ਭਾਸ਼ਾ ਵਿਚ ਉੱਘੇ ਦਲਿਤ ਲੇਖਕ ਵਜੋਂ ਚਰਚਿਤ। ਉਨ੍ਹਾਂ ਦੀ ਸਵੈ ਜੀਵਨੀ 'ਜੂਠ' ਬੇਹੱਦ ਚਰਚਿਤ ਰਹੀ। ਜਿਸ ਦਾ ਅਨੁਵਾਦ ਪੰਜਾਬੀ ਭਾਸ਼ਾ 'ਚ 'ਜੂਠ' ਨਾ ਹੇਠ ਹੋਇਆ। ਉਨ੍ਹਾਂ ਦੇ ਕਈ ਕਾਵਿ ਤੇ ਕਹਾਣੀ ਸੰਗ੍ਰਹਿ ਵੀ ਪ੍ਰਕਾਸ਼ਤ ਹੋਏ ਹਨ।**

ਵਿਅਕਤੀ ਨਹੀਂ ਸੀ, ਜਿਸ ਨਾਲ ਉਹ ਦੋ ਮਿੰਟ ਗੱਲਾਂ ਕਰ ਸਕੇ। ਪਿੰਡ ਦੇ ਪੜ੍ਹੇ ਲਿਖੇ ਲੋਕ ਵੀ ਉਸ ਤੋਂ ਦੂਰ ਦੂਰ ਰਹਿੰਦੇ ਸੀ। ਆਖਿਰ ਉਹ ਸੀ ਤਾਂ ਬਲਹਾਰ ਹੀ, ਚੋਅ ਦੇ ਪਰਲੇ ਪਾਸੇ ਰਹਿਣ ਵਾਲੇ ਪਿੰਡ ਵਾਲੇ ਉਸ ਨੂੰ ਕੱਲੂ ਬਲਹਾਰ ਹੀ ਕਹਿ ਕੇ ਬੁਲਾਉਂਦੇ ਸੀ। ਉਸ ਨੂੰ ਇਹ ਸੰਬੋਧਨ ਚੰਗਾ ਨਹੀਂ ਲੱਗਦਾ ਸੀ। ਇਹ ਤਿੱਖੇ ਤੀਰ ਦੇ ਵਾਂਗ ਉਸ ਨੂੰ ਵਿੰਨ੍ਹ ਕੇ ਹੀਣ ਭਾਵਨਾ ਨਾਲ ਭਰ ਦਿੰਦਾ ਸੀ।

ਇਸ ਵਾਰ ਉਹ ਕਾਫੀ ਦਿਨ ਬਾਅਦ ਪਿੰਡ ਆਇਆ ਸੀ। ਉਸ ਨੂੰ ਆਉਂਦਿਆਂ ਹੀ ਸੂਰਜਾ ਨੇ ਕਿਹਾ, "ਬਾਪੂ ਮੇਰੇ ਨਾਲ ਦਿੱਲੀ ਚੱਲੋਂ, ਸਰਕਾਰੀ ਮਕਾਨ 'ਚ ਸਭ ਇਕੋਂ ਥਾਂ ਰਹਿ ਲਵਾਗੇ।"

"ਨਹੀਂ ਪੁੱਤਰ ਹੁਣ ਤਾਂ ਸਾਰੀ ਲੰਘ ਚੱਲੀ ਏ, ਅਖੀਰ ਦੇ ਸਮੇਂ ਇਹ ਪਿੰਡ ਕਿਉਂ ਛੁਡਵਾ ਰਿਹਾ ਏ... ਆਪਣੇ ਪੁਰਖਿਆ ਨੇ ਇਥੇ ਆ ਕੇ ਕਿਸੇ ਜ਼ਮਾਨੇ 'ਚ ਡੇਰਾ ਲਾਇਆ ਸੀ। ਏਥੇ ਹੀ ਮਰ ਖ਼ਪ ਗਏ, ਇਸ ਮਿੱਟੀ 'ਚ। ਇਥੇ ਹੀ ਬੀਆਬਾਨ 'ਚ ਰਹਿ ਕੇ ਜ਼ਿੰਦਗੀ ਕੱਟ ਲਈ। ਹੁਣ ਕਿੱਥੇ ਜਾਵਾਗੇ।" ਸੂਰਜ ਨੇ ਅੱਖਾਂ ਝਮਕਦਿਆ ਆਪਣੇ ਮਨ ਦੀ ਗੱਲ ਕਹਿ ਦਿੱਤੀ ਸੀ, ਜਿਵੇਂ ਅਤੀਤ 'ਚੋਂ ਕੁਝ ਲੱਭ ਰਿਹਾ ਹੋਵੇ।

ਕੱਲੂਨ ਨੇ ਸੰਤੋਂ ਵੱਲ ਦੇਖਿਆ। ਉਹ ਤਾਂ ਚਾਹੁੰਦੀ ਸੀ, ਇਸ ਜਿੱਲ੍ਹਨ ਤੋਂ ਮੁਕਤੀ ਮਿਲੇ। ਪ੍ਰੰਤੂ ਬਾਪ ਦੀ ਗੱਲ ਕੱਟਣ ਦਾ ਉਸ ਵਿਚ ਕਦੇ ਨਾ ਪਹਿਲਾਂ ਹੌਸਲਾ ਸੀ, ਨਾ ਹੁਣ ਹੈ। ਬਸ ਖ਼ਾਮੋਸ਼ ਬੈਠ ਕੇ ਪੈਰਾਂ ਦੇ ਅੰਗੂਠੇ ਨਾਲ ਮਿੱਟੀ ਖੁਰਚਣ ਲੱਗ ਪੈਂਦਾ ਸੀ। ਜਿਵੇਂ ਉਹਦੀਆਂ ਸੋਚਾ ਉਸ ਨੂੰ ਕਿਤੇ ਬਹੁਤ ਦੂਰ ਲੈ ਕੇ ਜਾ ਰਹੀਆ ਸਨ , ਇਥੇ ਦੂਰ ਦੂਰ ਤੱਕ ਵੀ ਕੋਈ ਕਿਨਾਰਾ ਨਹੀਂ ਦਿਸਦਾ ਸੀ। ਕੱਲੂਨ ਨੇ ਜੋਰ ਦੇ ਕੇ ਕਿਹਾ, "ਬਾਪੂ ਏਥੇ ਨਾ ਇੱਜਤ ਹੈ ਨਾ ਰੋਟੀ। ਚਮਾਰਾਂ ਦੀਆਂ ਨਜ਼ਰਾਂ ਵਿਚ ਵੀ ਅਸੀਂ ਕੇਵਲ ਬਲਹਾਰ ਹਾਂ... ਏਥੇ ਤੁਹਾਡੇ ਕਰਕੇ ਆਉਂਣਾ ਪੈਂਦਾ ਹੈ... ਮੇਰੇ ਬੱਚੇ ਏਥੇ ਆਉਣਾ ਪਸੰਦ ਨਹੀਂ ਕਰਦੇ... ਉਹਨਾਂ ਨੂੰ ਇਹ ਥਾਂ ਚੰਗਾ ਵੀ ਨਹੀਂ ਲੱਗਦਾ...।"

ਉਸ ਦੀ ਗੱਲ ਵਿਚੋਂ ਹੀ ਕੱਟ ਕੇ ਸੂਰਜਾ ਬੋਲਿਆ, "ਤਾਂ ਪੁੱਤ ਏਥੇ ਨਾ ਆਇਆ ਕਰ ਸਾਡੀ ਤਾਂ ਇੰਝ ਹੀ ਬੀਤ ਜਾਵੇਗੀ ਇਸ ਤਰ੍ਹਾਂ ਸੰਤੋ ਦੀ ਚਿੰਤਾ ਹੈ। ਇਹ ਇਕੱਲੀ ਰਹਿ ਜਾਵੇਗੀ... ਇਹ ਟੁੱਟਾ ਭੱਜਾ ਘਰ ਵੀ ਸਾਇਦ ਆ ਰਹੇ ਮੀਂਹ ਨਾ ਦੇਖ ਸਕੇ। ਤੈਨੂੰ ਜੇ ਮੇਰੀ ਚਿੰਤਾ ਹੈ ਤਾਂ ਤੂੰ ਇਹ ਘਰ ਨੂੰ ਪੱਕਾ ਬਣਾ ਦੇ...।" ਸੂਰਜਾ ਦੇ ਮਨ ਵਿਚ ਇਹ ਗੱਲ ਕਈ ਵਾਰ ਆਈ ਸੀ। ਪਰ ਕਹਿ ਨਹੀਂ ਸਕਿਆ ਸੀ। ਅੱਜ ਮੌਕਾ ਮਿਲਣ ਤੇ ਕਹਿ ਦਿੱਤਾ।

"ਬਾਪੂ ਮੇਰੇ ਕੋਲ ਜਿਹੜੇ ਦੋ ਚਾਰ ... ਥੋੜ੍ਹੇ ਬਹੁਤੇ ਰੁਪੈ ਹਨ, ਉਨ੍ਹਾਂ ਨੂੰ ਏਥੇ ਲਾ ਕੇ ਕੀ ਲਾਭ ਮਿਲੇਗਾ। ਤੁਹਾਡੇ ਤੋਂ ਬਾਅਦ ਤਾਂ ਏਥੇ ਰਹਾਗਾ ਨਹੀਂ... ਸੰਤੋਂ ਮੇਰੇ ਕੋਲ ਦਿੱਲੀ ਚਲੀ ਜਾਵੇਗੀ।" ਕੱਲੂਨ ਨੇ ਸਾਫ਼ ਸਾਫ਼ ਕਹਿ ਦਿੱਤਾ।

ਸੁਣਦੇ ਹੀ ਸੂਰਜਾ ਭੜਕ ਉੱਠਿਆ, ਉਸਨੂੰ ਗ਼ਾਲਾ ਕੱਢਣ ਲੱਗ ਪਿਆ । ਉਹ ਚੀਕ ਕੇ ਬੋਲਿਆ," ਤੂੰ! ਮੇਰੇ ਮਰਨ ਦੀ ਉਡੀਕ ਵੀ ਕਿਉਂ ਕਰਦੈ.... ਇਹਨੂੰ ਅੱਜ ਹੀ ਲੈ ਜਾਹ। ਤੇ ਹਾਂ ਆਪਣੇ ਰੁਪਏ ਦਾ ਦਿਖਾਵਾ ਮੈਨੂੰ ਨਾ ਦਿਖਾਈ ... ਆਪਣੇ ਕੋਲ ਰੱਖ ... ਜਿੱਥੇ ਐਨੀ ਬੀਤ ਗਈ ਹੈ, ਅੱਗੇ ਵੀ ਬੀਤ ਜਾਵੇਗੀ।"

ਉਨ੍ਹਾਂ ਦੋਹਾਂ ਦੇ ਵਿਚਕਾਰ ਅਚਾਨਿਕ ਬੋਲ ਚਾਲ ਬੰਦ ਹੋ ਗਈ। ਖ਼ਾਮੋਸ਼ੀ ਉਨ੍ਹਾਂ ਦੇ ਚੁਫੇਰੇ ਫੈਲ ਗਈ ਸੀ।

ਸਵੇਰਾ ਹੁੰਦਿਆ ਹੀ ਕੱਲੂਨ ਦਿੱਲੀ ਚਲੇ ਗਿਆ ਸੀ। ਪੈਸਿਆ ਦਾ ਪ੍ਰਬੰਧ ਕਰਕੇ ਉਹ ਹਫਤੇ ਭਰ 'ਚ ਪਰਤ ਆਇਆ ਸੀ। ਨਾਲ ਹੀ ਪਤਨੀ ਸਰੋਜ ਅਤੇ ਦਸ ਸਾਲ ਦੀ ਬੇਟੀ ਸਲੋਨੀ ਵੀ ਆਈ ਸੀ। ਬੇਟੇ ਨੂੰ ਉਹ ਉਸ ਦੇ ਨਾਨਕੇ ਛੱਡ ਆਏ ਸਨ। ਕੱਲੂਨ ਨੇ ਆਉਂਦਿਆਂ ਹੀ ਬਾਪੂ ਨੂੰ ਕਿਹਾ, "ਕਿਸੇ ਮਿਸਤਰੀ ਨਾਲ ਗੱਲ ਕਰੋ। ਕੱਲ ਇੱਟਾਂ ਦਾ ਟਰੱਕ ਆ ਜਾਵੇਗਾ।" ਸੁਣਦਿਆਂ ਹੀ ਸੂਰਜਾ ਦੀਆਂ ਅੱਖਾਂ 'ਚ ਚਮਕ ਆ ਗਈ ਸੀ। ਉਸ ਨੂੰ ਕੱਲੂਨ ਦੀ ਗੱਲ 'ਤੇ ਵਿਸ਼ਵਾਸ ਹੀ ਨਹੀਂ ਹੋਇਆ ਸੀ। ਪ੍ਰੰਤੂ ਕੱਲੂਨ



ਨੇ ਉਸ ਨੂੰ ਯਕੀਨ ਦਵਾ ਦਿੱਤਾ ਸੀ। ਉਸ ਸਮੇਂ ਹੀ ਮਿਸਤਰੀ ਦੀ ਭਾਲ 'ਚ ਨਿਕਲ ਪਿਆ ਸੀ।

ਪਿੰਡ 'ਚ ਵਧੇਰੇ ਕਰਕੇ ਮਕਾਨ ਸੂਰਤ ਠੇਕੇਦਾਰ ਨੇ ਬਣਾਏ ਸੀ। ਸੂਰਜਾ ਉਸ ਦੇ ਕੋਲ ਗਿਆ, "ਠੇਕੇਦਾਰ ਜੀ ਮੇਰਾ ਵੀ ਇਕ ਮਕਾਨ ਬਣਾ ਦਿਓ।"

ਸੂਰਤ ਰਾਮ ਨੇ ਪਹਿਲਾ ਤਾਂ ਸੂਰਜਾ ਨੂੰ ਉਪਰ ਤੋਂ ਥੱਲੇ ਤੱਕ ਦੇਖਿਆ। ਤਨ ਤੇ ਢੰਗ ਦਾ ਕੱਪੜਾ ਨਹੀਂ ਅਤੇ ਤੁਰ ਪਿਆ ਪੱਕਾ ਮਕਾਨ ਬਣਵਾਉਣ। ਸੂਰਤ ਰਾਮ ਜਲਦੀ 'ਚ ਸੀ। ਉਸ ਨੇ ਕਿਤੇ ਜਾਣਾ ਸੀ। ਉਸ ਨੇ ਹੱਸ ਕੇ ਸੂਰਜਾ ਨੂੰ ਟਾਲ ਦਿੱਤਾ, "ਅੱਜ ਤਾਂ ਸਮਾਂ ਨਹੀਂ ਹੈ, ਫਿਰ ਗੱਲ ਕਰਾਗੇ।"

ਸੂਰਜਾ ਨੇ ਹਾਰ ਨਹੀਂ ਮੰਨੀ। ਸਵੇਰੇ ਹੀ ਉਹ ਮੂੰਹ ਹਨੇਰੇ ਨਿਕਲ ਪਿਆ ਸੀ। ਨੇੜੇ ਦੇ ਪਿੰਡ 'ਚ ਸਾਬਿਰ ਮਿਸਤਰੀ ਸੀ। ਪੁਰਾਣਾ ਕਰੀਗਰ। ਸੂਰਜਾ ਨੇ ਉਸ ਨੂੰ ਆਪਣੇ ਆਉਣ ਦਾ ਕਾਰਨ ਦੱਸਿਆ। ਸਾਬਿਰ ਮੰਨ ਗਿਆ ਸੀ, "ਠੀਕ ਹੈ ਮੈਂ ਕੱਲ੍ਹ ਆ ਕੇ ਦੇਖ ਲਵਾਗਾ। ਆਪਣੀ ਦਿਹਾੜੀ ਪਹਿਲਾ ਲਵਾਂਗਾ।"

"ਠੀਕ ਹੈ ਮਿਸਤਰੀ ਜੀ ਕੱਲ੍ਹ ਆ ਜਾਣਾ।" ਚੋਅ ਦੇ ਪਾਰ ਹੀ ਸਾਡਾ ਘਰ ਹੈ।" ਸੂਰਜਾ ਆਪਣੀ ਖੁਸ਼ੀ ਲਕੋ ਨਹੀਂ ਸਕਿਆ ਸੀ। ਮੁੜਦੇ ਵਕਤ ਉਨ੍ਹਾਂ ਦੇ ਪੈਰ ਜ਼ਮੀਨ ਉੱਤੇ ਨਹੀਂ ਲਗ ਰਹੇ ਸਨ। ਕਮਜ਼ੋਰ ਸਰੀਰ 'ਚ ਵੀ ਜਿਵੇਂ ਫੁਰਤੀ ਭਰ ਗਈ ਸੀ।

ਜਦੋਂ ਤੱਕ ਉਹ ਮੁੜ ਕੇ ਘਰ ਪਹੁੰਚਿਆ, ਇੱਟਾ ਆ ਚੁੱਕੀਆਂ ਸਨ। ਲਾਲ ਇੱਟਾ ਨੂੰ ਦੇਖ ਕੇ ਸੂਰਜਾ ਆਪਣੀ ਥਕਾਵਟ ਭੁੱਲ ਗਿਆ ਸੀ। ਉਹ ਖੁਸ਼ੀ ਨਾਲ ਭਰ ਗਿਆ ਸੀ। ਉਸਨੇ ਅਜਿਹੀ ਖੁਸ਼ੀ ਪਹਿਲਾ ਕਦੇ ਮਹਿਸੂਸ ਹੀ ਨਹੀਂ ਕੀਤੀ ਸੀ।

ਚੋਅ ਦੇ ਪਰਲੇ ਪਾਰ ਇੱਟਾਂ ਲਹਿੰਦਿਆ ਦੇਖਣਾ ਪਿੰਡ ਦੇ ਲਈ ਕਿਸੇ ਅਚੰਭੇ ਤੋਂ ਘੱਟ ਨਹੀਂ ਸੀ। ਪੂਰੇ ਪਿੰਡ 'ਚ ਜਿਵੇਂ ਭੁਚਾਲ ਆ ਗਿਆ ਸੀ। ਪਿੰਡ ਦੇ ਕਈ ਲੋਕ ਚੋਅ ਦੇ ਕਿਨਾਰੇ ਖੜੇ ਸਨ। ਜਦ ਉਸ ਤੋਂ ਰਿਹਾ ਨਹੀਂ ਗਿਆ, "ਉਏ ਸੂਰਜਾ , ਇਹ ਇੱਟਾ ਕੌਣ ਲੈ ਕੇ ਆਇਆ ਹੈ ?"

ਸੂਰਜਾ ਨੇ ਉਤਸਾਹ ਨਾਲ ਕਿਹਾ, "ਜੀ ਬਸ ਮੇਰਾ ਕੱਲੂਣ ਪੱਕਾ ਘਰ ਬਣਵਾ ਰਿਹਾ ਏ।"

ਰਾਮ ਜੀ ਲਾਲ ਦੀਆਂ ਅੱਖਾਂ ਖੁੱਲ੍ਹੀਆਂ ਹੀ ਰਹਿ ਗਈਆ। ਆਪਣੇ ਅੰਦਰ ਉੱਠੀ ਈਰਖਾ ਸਾੜੇ ਨੂੰ ਦਬਾ ਕੇ ਉਸਨੇ ਕਿਹਾ, " ਇਹ ਤਾਂ ਚੰਗੀ ਗੱਲ ਹੈ ਸੂਰਜਾ... ਪਰ ਪੱਕਾ ਮਕਾਨ ਬਣਵਾਉਣ ਤੋਂ ਪਹਿਲਾਂ ਪ੍ਰਧਾਨ ਜੀ ਨੂੰ ਤਾਂ ਪੁੱਛ ਲਿਆ ਹੈ ਜਾਂ ਨਹੀਂ ?"

ਰਾਮ ਜੀ ਲਾਲ ਦੀ ਗੱਲ ਤੀਰ ਵਾਂਗ ਸੂਰਜਾ ਦੇ ਸੀਨੇ 'ਚ ਉਤਰ ਗਈ। ਉਸ ਨੂੰ ਲੱਗਾ , ਜਿਵੇਂ ਕੋਈ ਸੂਦਖੋਰ ਸਾਹੂਕਾਰ ਸਾਹਮਣੇ ਖੜਾ ਧਮਕੀ ਦੇ ਰਿਹਾ ਹੈ। ਗੁੱਸੇ ਉੱਤੇ ਕਾਬੂ ਪਾਉਣ ਦਾ ਨਕਾਮ ਯਤਨ ਕਰਦੇ ਹੋਏ ਸੂਰਜਾ ਰੋਹਬ ਨਾਲ ਬੋਲਿਆ, "ਪ੍ਰਧਾਨ ਨੂੰ ਕੀ ਪੁੱਛਣਾ ਏ ?"

"ਫਿਰ ਵੀ ਪੁੱਛ ਤਾਂ ਲੈਣਾ ਚਾਹੀਦਾ ਸੀ, " ਕਹਿ ਕੇ ਰਾਮ ਜੀ ਲਾਲ ਤਾਂ ਚਲੇ ਗਿਆ ਪ੍ਰੰਤੂ ਸੂਰਜਾ ਨੂੰ ਫਿਕਰ 'ਚ ਪਾ ਗਿਆ ਸੀ।

ਰਾਮ ਜੀ ਲਾਲ ਸਿੱਧਾ ਪ੍ਰਧਾਨ ਦੇ ਕੋਲ ਪਹੁੰਚਿਆ। ਚੋਅ ਪਾਰ ਦੇ ਹਾਲਾਤ ਨਮਕ ਮਿਰਚਾ ਲਾ ਕੇ ਉਸਨੇ ਪ੍ਰਧਾਨ ਬਲਰਾਮ ਸਿੰਘ ਦੇ ਕੋਲ ਦੱਸ ਦਿੱਤੇ। ਬਲਰਾਮ ਸਿੰਘ ਨੇ ਉਸ ਵੇਲੇ ਕੋਈ ਪ੍ਰਤੀ ਕ੍ਰਿਰਿਆ ਪ੍ਰਗਟ ਨਹੀਂ ਕੀਤੀ। ਕੇਵਲ ਸਿਰ ਹਿਲਾ ਕੇ ਮੁੱਛਾ ਉਪਰ ਹੱਥ ਫੇਰਦਾ ਰਿਹਾ। ਪ੍ਰਧਾਨ ਵੀ ਜਵੇਂ ਵਾਲਾ ਪਾਰਖੂ ਅੱਖ ਵਾਲਾ ਸੀ। ਉਹ ਰਾਮ ਜੀ ਲਾਲ ਦੇ ਚੁਗਲਖੋਰ ਸੁਭਾਅ ਤੋਂ ਜਾਣੂ ਸੀ। ਉਸ ਦੇ ਚਲੇ ਜਾਣ ਤੋਂ ਉਪਰੰਤ ਉਹ ਕੁਝ ਉਦਾਸ ਜਿਹਾ ਹੋ ਗਿਆ ਸੀ। ਸੂਰਜਾ ਬਲਹਾਰ ਪੱਕਾ ਮਕਾਨ ਬਣਵਾ ਰਿਹਾ ਹੈ, ਉਹ ਗੱਲ ਉਸ ਨੂੰ ਬੇਚੈਨ ਕਰਨ ਲਈ ਕਾਫੀ ਸੀ। ਉਂਝ ਵੀ ਸੂਰਜਾ ਪਿੰਡ ਦੇ ਲਈ ਹੁਣ ਲਾਭ ਦਾਇਕ ਨਹੀਂ ਸੀ।

ਇਹ ਖਬਰ ਪੂਰੇ ਪਿੰਡ 'ਚ ਫੈਲ ਗਈ ਸੀ, ਚੋਅ ਦੇ ਪਾਰ ਬਲਹਾਰਾਂ ਦਾ ਪੱਕਾ ਮਕਾਨ ਬਣ ਰਿਹਾ ਹੈ। ਰੇਲਵੇ ਦੀ ਕਮਾਈ ਹੈ। ਇੱਟਾਂ ਦਾ ਟਰੱਕ ਆ ਗਿਆ ਹੈ। ਸੀਮੇਂਟ, ਰੇਤ,. ਬਜਰੀ, ਸਰੀਆ ਆ ਰਿਹਾ ਹੈ। ਗੱਲ ਫੈਲਦੀ ਫੈਲਦੀ ਐਨੀ ਫੈਲ ਗਈ ਕਿ ਮਕਾਨ ਨਹੀਂ ਪਿੰਡ ਦੀ ਛਾਤੀ ਉੱਤੇ ਹਵੇਲੀ ਬਣੇਗੀ। ਤਾਕੀਆਂ-ਦਰਵਾਜਿਆ ਲਈ ਸਾਗਵਾਨ ਦੀ ਲੱਕੜੀ ਆ ਰਹੀ ਹੈ, ਸੁਣਿਆ ਹੈ ਰੰਗੀਨ ਸੰਗਮਰਮਰ ਦੀਆਂ ਟਾਇਲਾ ਵੀ ਆ ਰਹੀਆ ਹਨ। ਜਿਨੇ ਮੂੰਹ ਉਨ੍ਹੀਆਂ ਗੱਲਾਂ।

ਅਗਲੇ ਦਿਨ ਸਵੇਰੇ ਹੀ ਪ੍ਰਧਾਨ ਦਾ ਆਦਮੀ ਦਾ ਧਮਕਿਆ ਸੀ, ਚੋਅ ਦੇ ਕਿਨਾਰੇ। ਸੂਰਜਾ ਨੂੰ ਅਣਚਾਹੇ ਮਨ ਨਾਲ ਉਹਦੇ ਨਾਲ ਜਾਣਾ ਪਿਆ।

ਸੂਰਜਾ ਨੂੰ ਦੇਖ ਕੇ ਬਲਰਾਮ ਸਿੰਘ ਚੀਕਿਆ, "ਜੇਬ 'ਚ ਚਾਰ ਪੈਸੇ ਆ ਗਏ ਤਾਂ ਆਪਣੀ

ਔਕਾਤ ਭੁੱਲ ਗਿਆ ਏ। ਬਲਹਾਰਾਂ ਨੂੰ ਏਥੇ ਇਸ ਲਈ ਵਸਾਇਆ ਏ ਕਿ ਉਹ ਸਾਡੀ ਛਾਤੀ ਉੱਤੇ ਹਵੇਲੀ ਖੜ੍ਹੀ ਕਰਨਗੇ... ਉਹ ਜ਼ਮੀਨ ਜਿਥੇ ਤੂੰ ਰਹਿ ਰਿਹਾ ਏ, ਸਾਡੇ ਬਾਪ-ਦਾਦੇ ਦੀ ਹੈ। ਜਿਵੇਂ ਪਹਿਲਾਂ ਰਹਿੰਦੇ ਸੀ... ਰਹੀ ਜਾਵੋ... ਕਿਸੇ ਨੂੰ ਤਕਲੀਫ਼ ਨਹੀਂ ਹੋਵੇਗੀ। ਜੇ ਸਿਰ ਸਿੱਧਾ ਕਰਕੇ ਖੜਾ ਹੋਣ ਦੀ ਕੋਸ਼ਿਸ਼ ਕਰੋਗੇ ਤਾਂ ਪਿੰਡ ਤੋਂ ਬਾਹਰ ਕਰ ਦੇਵਾਗੇ ।"

ਬਲਰਾਮ ਸਿੰਘ ਦਾ ਇਕ ਇਕ ਸ਼ਬਦ ਗੁੱਝੇ ਤੀਰ ਦੇ ਵਾਂਗ ਸੂਰਜਾ ਦੇ ਜਿਸਮ ਨੂੰ ਵਿੰਨਦਾ ਗਿਆ ਸੀ। ਸੂਰਜਾ ਦੀਆਂ ਅੱਖਾਂ ਮੂਹਰੇ ਜ਼ਿੰਦਗੀ ਦੇ ਚੰਗੇ ਮਾੜੇ ਦਿਨ ਫਿਰਨ ਲੱਗੇ। ਜਿਵੇਂ ਕੱਲ੍ਹ ਦੀ ਹੀ ਗੱਲ ਹੋਵੇ। ਕੀ ਨਹੀਂ ਕੀਤਾ ਸੂਰਜਾ ਨੇ ਇਸ ਪਿੰਡ ਦੇ ਲਈ। ਕਿਵੇਂ ਮਿੰਨਤਾ ਕਰਦਾ ਸੀ। ਉਦੋਂ ਸੂਰਜਾ ਬਲਹਾਰ ਨਹੀਂ, ਸੂਰਜਾ ਤਾਇਆ ਜੀ ਹੋ ਜਾਂਦਾ ਸੀ। ਸੂਰਜਾ ਨੇ ਇਕ ਠੰਢਾ ਸਾਹ ਲਿਆ। ਬਿਨਾ ਕੋਈ ਉਤਰ ਦਿੱਤੇ ਵਾਪਸ ਚਲਿਆ ਗਿਆ।

ਬਲਹਾਰ ਸਿੰਘ ਨੇ ਆਵਾਜ਼ ਦੇ ਕੇ ਰੋਕਣਾ ਚਾਹਿਆ। ਪ੍ਰੰਤੂ ਉਹ ਰੁਕਿਆ ਨਹੀਂ। ਬਲਰਾਮ ਸਿੰਘ ਦੀ ਚੀਖ਼ ਹੁਣ ਗਾਲ੍ਹਾਂ 'ਚ ਬਦਲ ਗਈ, ਜਿਹੜੀ ਬਾਹਰ ਤੱਕ ਸੁਣਾਈ ਦੇ ਰਹੀ ਸੀ।

ਘਰ ਪਹੁੰਚੇ ਸੂਰਜਾ ਨੇ ਕੱਲ੍ਹਨ ਨੂੰ ਕਿਹਾ, "ਤੂੰ ਸੱਚ ਕਹਿੰਦਾ ਸੀ ਕੱਲ੍ਹੂ... ਇਹ ਪਿੰਡ ਰਹਿਣ ਦੇ ਯੋਗ ਨਹੀਂ ਹੈ।" ਉਸ ਦੀਆਂ ਲੰਮੀਆਂ ਮੁੱਛਾ ਗੁੱਸੇ 'ਚ ਕੰਬ ਰਹੀਆ ਸਨ। ਅੱਖਾਂ ਦੇ ਕੋਏ ਭਿੱਜ ਗਏ ਸਨ।

'ਬਾਪੂ ਅਜੇ ਵੀ ਕੁਝ ਨਹੀਂ ਵਿਗੜਿਆ... ਇਹ ਇੱਟਾਂ ਤਾਂ ਕੋਈ ਵੀ ਖਰੀਦ ਲਵੇਗਾ, ਇਹ ਮਕਾਨ ਬਣਾਉਣ ਨਹੀਂ ਦੇਣਗੇ।" ਕੱਲ੍ਹਨ ਨੇ ਸੂਰਜਾ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਸੂਰਜਾ ਨੇ ਵੀ ਜਿਦ ਫੜ ਲਈ ਸੀ। ਉਹ ਨਾ ਹਾਰੇਗਾ ਤੇ ਨਾ ਹੀ ਝੁਕੇਗਾ। ਜੋ ਹੋਵੇਗਾ ਦੇਖਿਆ ਜਾਵੇਗਾ। ਉਸ ਨੇ ਮਨ ਹੀ ਮਨ ਦੁਹਰਾਇਆ।

"ਨਹੀਂ ਪੁੱਤਰ ਮਕਾਨ ਤਾਂ ਹੁਣ ਬਣਕੇ ਹੀ ਰਹੇਗਾ... ਜਾਨ ਦੇ ਦੇਵਾਗਾ, ਪਰ ਇਹ ਪਿੰਡ ਛੱਡ ਕੇ ਨਹੀਂ ਜਾਵਾਗਾ।" ਸੂਰਜਾ ਨੇ ਗਹਿਰੇ ਆਤਮ ਵਿਸਵਾਸ ਨਾਲ ਕਿਹਾ।

ਕੱਲ੍ਹਨ ਅਜੀਬ ਜਿਹੀ ਦੁਬਧਾ 'ਚ ਫਸ ਗਿਆ ਸੀ। ਗੁੱਸੇ 'ਚ ਆ ਕੇ ਉਹ ਇੱਟਾਂ ਤਾਂ ਲੈ ਆਇਆ ਸੀ, ਪਰ ਪਿੰਡ ਦੇ ਹਾਲਾਤ ਦੇਖ ਕੇ ਉਸ ਨੂੰ ਡਰ ਲੱਗ ਰਿਹਾ ਸੀ। ਕਿਤੇ ਕੋਈ ਝਗੜਾ ਦੇ ਤੁਫ਼ਾਨ ਨਾ ਖੜਾ ਹੋ ਜਾਵੇ। ਪਤਨੀ ਸਰੋਜ ਅਤੇ ਬੇਟੀ ਸਲੋਨੀ ਨਾਲ ਆ ਗਏ ਸਨ ਪ੍ਰੰਤੂ ਸਲੋਨੀ ਨੂੰ ਏਥੇ ਆਉਂਦਿਆਂ ਹੀ ਬੁਖਾਰ ਹੋ ਗਿਆ ਸੀ। ਸਰੋਜ ਦੇ ਕੋਲ ਜਿਹੜੀਆਂ ਦੋ ਚਾਰ ਗੋਲੀਆਂ ਸਨ, ਉਹ ਸਲੋਨੀ ਨੂੰ ਦੇ ਦਿੱਤੀਆਂ ਸਨ। ਪ੍ਰੰਤੂ ਬੁਖਾਰ ਘਟ ਨਹੀਂ ਹੋਇਆ ਸੀ। ਸਰੋਜ ਦਾ ਮਨ ਘਬਰਾ ਕਿਹਾ ਸੀ, " ਬੇਕਾਰ ਹੀ ਏਥੇ ਮਕਾਨ ਤੇ ਪੈਸਾ ਲਾ ਰਹੇ ਹੋ। ਸੰਤੋ ਸਾਡੇ ਨਾਲ ਰਹੇਗੀ। ਬਾਪੂ ਨੂੰ ਸਮਝਾਉ।" ਪ੍ਰੰਤੂ ਕੱਲ੍ਹਨ ਸੂਰਜ ਨੂੰ ਸਮਝਾਉਣ ਤੋਂ ਅਸਮਰੱਥ ਸੀ। ਉਸਨੇ ਸਰੋਜ ਨੂੰ ਕਿਹਾ, ਡਰ ਸੀ, ਕਿਤੇ ਕੋਈ ਉਸ ਨੂੰ ਉਲਟੀ ਸਿੱਧੀ ਪੱਟੀ ਨਾ ਪੜ੍ਹਾ ਦੇਵੇ। ਉਸ ਨੂੰ ਹੁਣ ਕਿਸੇ ਤੇ ਵੀ ਵਿਸ਼ਵਾਸ ਨਹੀਂ ਸੀ।

ਸਲੋਨੀ ਦਾ ਬੁਖਾਰ ਘੱਟ ਨਹੀਂ ਹੋ ਰਿਹਾ ਸੀ। ਸਰੋਜ ਨੇ ਕੱਲ੍ਹਨ ਨੂੰ ਕਿਸੇ ਡਾਕਟਰ ਨੂੰ ਬੁਲਾਉਣ ਦੇ ਲਈ ਕਿਹਾ। ਪਿੰਡ 'ਚ ਕੇਵਲ ਇਕ ਡਾਕਟਰ ਸੀ। ਕੱਲ੍ਹਨ ਉਸ ਨੂੰ ਬੁਲਾਉਣ ਦੇ ਲਈ ਤੁਰ ਪਿਆ।

ਕੱਲ੍ਹਨ ਨੂੰ ਦੇਖਦੇ ਹੀ ਡਾਕਟਰ ਨੇ ਇਨਕਾਰ ਕਰ ਦਿੱਤਾ। ਉਂਝ ਹੀ ਪੁੱਛ ਕੇ ਕੁਝ ਗੋਲੀਆ ਪੁੜੀਆਂ 'ਚ ਬੰਨ ਕੇ ਦੇ ਦਿੱਤੀਆਂ। ਕੱਲ੍ਹਨ ਨੇ ਬਹੁਤ ਮਿੰਨਤਾ ਕੀਤੀਆ, " ਡਾਕਟਰ ਸਾਹਿਬ ਇਕ ਵਾਰ ਚਲ ਕੇ ਦੇਖ ਲਓ ?" ਡਾਕਟਰ ਤੇ ਕੋਈ ਅਸਰ ਨਾ ਹੋਇਆ। ਕੱਲ੍ਹਨ ਨੇ ਕਿਹਾ, "ਮਰੀਜ ਨੂੰ ਏਥੇ ਆਪਦੇ ਕਲੀਨਿਕ 'ਚ ਲੈ ਕੇ ਆ ਜਾਂਦਾ ਹਾਂ।"

"ਨਹੀਂ ... ਏਥੇ ਹਰਗਿਜ ਨਹੀਂ ਲੈ ਕੇ ਆਉਣਾ... ਕੱਲ੍ਹ ਨੂੰ ਮੇਰੀ ਦੁਕਾਨ ਹੀ ਬੰਦ ਹੋ ਜਾਵੇਗੀ। ਇਹ ਨਾ ਭੁੱਲ ਕਿ ਤੂੰ ਬਲਹਾਰ ਏ। "ਡਾਕਟਰ ਨੇ ਸਪਸ਼ਟ ਚਿਤਾਵਨੀ ਦਿੱਤੀ, "ਇਹ ਦਵਾ ਉਸ ਨੂੰ ਖਵਾ ਦੇਵੀਂ, ਠੀਕ ਹੋ ਜਾਵੇਗੀ।"

ਕੱਲ੍ਹਨ ਨਿਰਾਸ਼ ਪਰਤ ਆਇਆ ਸੀ। ਡਾਕਟਰ ਨੇ ਜਿਹੜੀਆਂ ਗੋਲੀਆਂ ਦਿੱਤੀਆਂ ਸਨ, ਉਹ ਵੀ ਅਸਰ ਹੀਣ ਸਨ। ਬੁਖਾਰ ਨਾਲ ਬਦਨ ਤਪ ਰਿਹਾ ਸੀ। ਤੇਜ ਬੁਖਾਰ ਦੇ ਕਾਰਨ ਉਹ ਲਗਾਤਾਰ ਬਰੜਾ ਰਹੀ ਸੀ। ਸੰਤੋ ਉਸ ਦੀ ਸੇਵਾ ਸੰਭਾਲ 'ਚ ਲੱਗੀ ਸੀ। ਇਕ ਮਿੰਟ ਦੇ ਲਈ ਵੀ ਉਹਦੇ ਕੋਲੋ ਉਹਲੇ ਨਹੀਂ ਹੋਈ ਸੀ। ਸਰੋਜ ਦੀ ਚਿੰਤਾ ਵਧ ਗਈ ਸੀ। ਉਸਦੇ ਮਨ 'ਚ ਤਰ੍ਹਾਂ ਤਰ੍ਹਾਂ ਦੇ ਸ਼ੰਕੇ ਉੱਠ ਰਹੇ ਸਨ।

ਸੂਰਜਾ ਸਵੇਰ ਦਾ ਗਿਆ ਦੁਪਹਿਰ ਬਾਅਦ ਪਰਤਿਆ ਸੀ। ਥੱਕਿਆ ਹਾਰਿਆ, ਨਿਰਾਸ। ਉਸ ਨੂੰ



ਇਸ ਹਾਲਤ 'ਚ ਦੇਖ ਕੇ ਕੱਲ੍ਹਣ ਨੇ ਪੁੱਛਿਆ, "ਕੀ ਹੋਇਆ ਬਾਪੂ ?" ਸੂਰਜਾ ਨੇ ਨਿਢਾਲ ਸੁਰ 'ਚ ਕਿਹਾ, "ਹੋਣਾ ਕੀ ਸੀ? ਮਿਸਤਰੀ ਕਿਤੇ ਦੂਰ ਆਪਣੀ ਰਿਸ਼ਤੇਦਾਰੀ 'ਚ ਗਿਆ ਹੈ। ਦਸ ਪੰਦਰਾ ਦਿਨ੍ਹਾਂ ਬਾਅਦ ਆਵੇਗਾ... ਪੁੱਤਰ! ਮੈਨੂੰ ਨਹੀਂ ਲੱਗਦਾ ਹੁਣ ਉਹ ਆਵੇਗਾ।" ਸੂਰਜਾ ਨੇ ਆਪਣੇ ... ਮਨ ਦੀ ਵੇਦਨਾ ਪ੍ਰਗਟ ਕੀਤੀ।

"ਕਿਉਂ ਆਪਾ ਤਾਂ ਉਸਦੀ ਮਿਹਨਤ ਦਾ ਪੈਸਾ ਉਸ ਨੂੰ ਪਹਿਲਾਂ ਦੇ ਰਹੇ ਸਾਂ, ਫਿਰ ਵੀ ਉਹ ਮੁਕਰ ਗਿਆ।" ਕੱਲ੍ਹਨ ਨੇ ਹੈਰਾਨੀ ਪ੍ਰਗਟ ਕੀਤੀ।

"ਪਿੰਡ ਦੇ ਹੀ ਕਿਸੇ ਬੰਦੇ ਨੇ ਉਹਨੂੰ ਰੋਕਿਆ ਹੋਵੇਗਾ... ਸਾਬਿਰ ਅਜਿਹਾ ਅਦਮੀ ਨਹੀਂ ਹੈ... ਉਹ ਵੀ ਇਨ੍ਹਾਂ ਤੋਂ ਡਰ ਗਿਆ।" ਸੂਰਜਾ ਨੇ ਗਹਿਰੀ ਚਿੰਤਾ 'ਚ ਡੁੱਬ ਕੇ ਕਿਹਾ। ਦੋਵੇਂ ਗਹਿਰੀ ਚਿੰਤਾ 'ਚ ਡੁੱਬ ਗਏ ਸੀ।

"ਸਲੋਨੀ ਦੀ ਸਿਹਤ ਹੁਣ ਕਿਸ ਤਰ੍ਹਾਂ ਹੈ।" ਸੂਰਜਾ ਨੇ ਪੁੱਛਿਆ। ਲੈ ਕੇ ਜਾਣਾ ਪਵੇਗਾ।" ਕੱਲ੍ਹਨ ਨੇ ਚਿੰਤਾ ਪ੍ਰਗਟ ਕੀਤੀ।

"ਕਿਸੇ ਚੇਲੇ ਬਾਬੇ ਨੂੰ ਬੁਲਾਵਾ... ਕਿਤੇ ਕੋਈ ਚੀਜ ਨਾਂ ਚੁੰਬੜ ਗਈ ਹੋਵੇ ? " ਸੂਰਜਾ ਨੇ ਮਨ ਦਾ ਵਹਿਮ ਪ੍ਰਗਟ ਕੀਤਾ।

"ਨਹੀਂ ਬਾਪੂ... ਮੈਂ ਕੱਲ ਸਵੇਰੇ ਹੀ ਉਹਨੂੰ ਲੈ ਕੇ ਸ਼ਹਿਰ ਜਾਵਾਗਾ। ਬਸ ਅੱਜ ਦੀ ਰਾਤ ਠੀਕ ਬੀਤ ਜਾਵੇ।" ਕੱਲ੍ਹਨ ਦੇ ਬੋਲ 'ਚ ਦੁੱਖ ਦੀ ਪੀੜ ਭਰੀ ਹੋਈ ਸੀ। ਸੂਰਜਾ ਨੇ ਉਸ ਨੂੰ ਹੌਸ਼ਲਾ ਦਿੱਤਾ।

ਪੂਰੀ ਰਾਤ ਜਾਗਦਿਆ ਬੀਤੀ ਸੀ। ਸਲੋਨੀ ਦੀ ਸਿਹਤ ਬਹੁਤ ਜ਼ਿਆਦਾ ਵਿਗੜ ਗਈ ਸੀ ਸਵੇਰਾ ਹੁੰਦਿਆ ਹੀ ਕੱਲ੍ਹਨ ਨੇ ਸਲੋਨੀ ਨੂੰ ਪਿੱਠ ਤੇ ਬਿਠਾਇਆ। ਉਸ ਦੇ ਆਲੇ ਦੁਆਲੇ ਕੱਪੜਾ ਲਪੇਟਿਆ। ਸਰੋਜ ਨਾਲ ਸੀ। ਇਹ ਧੁੱਪ ਚੜ੍ਹਨ ਤੋਂ ਪਹਿਲਾਂ ਹੀ ਸ਼ਹਿਰ ਪਹੁੰਚ ਜਾਣਾ ਚਾਹੁੰਦੇ ਸਨ।

ਸ਼ਹਿਰ ਪਿੰਡ ਤੋਂ ਅੱਠ-ਦਸ ਕਿਲੋਮੀਟਰ ਦੂਰ ਸੀ। ਆਉਣ ਜਾਣ ਲਈ ਕੋਈ ਬੈਲਗੱਡੀ ਮੰਗੀ ਸੀ, ਪ੍ਰੰਤੂ ਬਲਹਾਰਾਂ ਨੂੰ ਉਹ ਗੱਡੀ ਦੇਣ ਲਈ ਤਿਆਰ ਨਹੀਂ ਸਨ।

ਪਿੱਠ ਤੇ ਬਿਨਾਂ ਕੇ ਸਲੋਨੀ ਨੂੰ ਲੈ ਕੇ ਚੱਲਣਾ ਔਖਾ ਹੋ ਗਿਆ ਸੀ। ਉਹ ਵਾਰ ਵਾਰ ਪਿੱਠ ਤੋਂ ਥੱਲੇ ਨੂੰ ਸਰਕ ਰਹੀ ਸੀ। ਕੱਲ੍ਹਨ ਦੀ ਪਤਨੀ ਸਹਾਰਾ ਦਿੰਦੀ ਹੋਈ ਉਸਦੇ ਪਿੱਛੇ ਪਿੱਛੇ ਚਲ ਰਹੀ ਸੀ। ਉਹ ਜਲਦੀ ਜਲਦੀ ਸ਼ਹਿਰ ਪਹੁੰਚਣਾ ਚਾਹੁਦੇ ਸਨ। ਪ੍ਰੰਤੂ ਰਸਤਾ ਖਤਮ ਨਹੀਂ ਹੋ ਰਿਹਾ ਸੀ।

ਜਿਵੇਂ ਜਿਵੇਂ ਧੁੱਪ ਚੜ੍ਹ ਰਹੀ ਸੀ, ਸਾਲੋਨੀ ਦਾ ਜਿਸਮ ਬੁਖਾਰ ਨਾਲ ਨਿਢਾਲ ਹੋ ਰਿਹਾ ਸੀ। ਉਸਦਾ ਸਾਹ ਮੱਧਮ ਪੈ ਰਿਹਾ ਸੀ। ਸ਼ਹਿਰ ਤਕਰੀਬਨ ਅੱਧਾ ਕਿਲੋਮੀਟਰ ਦੂਰ ਰਹਿ ਗਿਆ ਸੀ। ਅਚਾਨਿਕ ਕੱਲ੍ਹਨ ਨੂੰ ਲੱਗਾ ਜਿਵੇਂ ਸਾਲੋਨੀ ਦਾ ਭਾਰ ਕੁਝ ਵਧ ਗਿਆ ਹੈ। ਬੁਖਾਰ ਨਾਲ ਤਪਦਾ ਜਿਸਮ ਠੰਢਾ ਪੈ ਗਿਆ ਸੀ। ਉਸਨੇ ਸਰੋਜ ਨੂੰ ਕਿਹਾ, "ਦੇਖ ਤਾਂ ਸਾਲੋਨੀ ਠੀਕ ਤਾਂ ਹੈ।"

ਸਾਲੋਨੀ ਦੇ ਸਰੀਰ 'ਚ ਕੋਈ ਵੀ ਹਰਕਤ ਨਹੀਂ ਸੀ। ਸਰੋਜ ਦਹਾੜ ਮਾਰ ਕੇ ਚੀਖ ਪਈ ਸੀ, "ਮੇਰੀ ਬੇਟੀ ਨੂੰ ਕੀ ਹੋ ਗਿਆ... ਦੇਖੋਂ ਤਾਂ ਇਹ ਹਿੱਲ ਕਿਉਂ ਨਹੀਂ ਰਹੀ।"

ਉਸ ਨੇ ਰੋਂਦੇ ਹੋਏ ਕਿਹਾ।

ਕੱਲ੍ਹਨ ਨੇ ਸਲੋਨੀ ਨੂੰ ਪਿੱਠ ਤੋਂ ਉਤਾਰ ਕੇ ਸੜ੍ਹਕ ਦੇ ਕਿਨਾਰੇ ਲੰਮੀ ਪਾ ਦਿੱਤਾ ਸੀ। ਉਹ ਪੱਥਰ ਹੋਇਆ ਖੜਾ ਸੀ। ਉਸਦੇ ਅੰਦਰ ਇਕ ਦਰਦ ਦੀ ਤਾਰ ਫਿਰ ਗਈ ਸੀ। ਦਸ ਸਾਲ ਦੀ ਜੀਉਂਦੀ ਜਾਗਦੀ ਸਲੋਨੀ ਉਸਦੇ ਹੱਥਾਂ 'ਚ ਹੀ ਮੁਰਦਾ ਜਿਸਮ 'ਚ ਬਦਲ ਗਈ ਸੀ। ਸਾਰਾ ਕੁਝ ਅੱਖਾਂ ਦੇ ਸਾਹਮਣੇ ਹੋਇਆ ਸੀ। ਉਹ ਜੋਰ ਜੋਰ ਨਾਲ ਚੀਕ ਚੀਕ ਕੇ ਰੋ ਰਹੇ ਸਨ। ਰਸਤਾ ਸੁੰਨਾ ਸੀ। ਉਨ੍ਹਾਂ ਦੀਆਂ ਚੀਕਾਂ ਸੁਣਨ ਵਾਲਾ ਵੀ ਕੋਈ ਦੂਰ ਦੂਰ ਤੱਕ ਨਹੀਂ ਸੀ। ਉਹ ਕਾਫੀ ਦੇਰ ਇਸ ਤਰ੍ਹਾਂ ਬੈਠੇ ਰੋਂਦੇ ਰਹੇ। ਉਨ੍ਹਾਂ ਨੂੰ ਪਤਾ ਨਹੀਂ ਸੀ ਲੱਗ ਰਿਹਾ ਕੀ ਕਿ ਕਰਨ। ਸੜ੍ਹਕ ਦੇ ਕਿਨਾਰੇ ਕੱਚੇ ਰਸਤੇ ਉਤੇ ਸਲੋਨੀ ਦੀ ਲਾਸ਼ ਨੂੰ ਲਈ ਉਹ ਤੜ੍ਹਪ ਰਹੇ ਸੀ। ਕਾਫੀ ਦੇਰ ਬਾਅਦ ਇਕ ਵਿਅਕਤੀ ਸ਼ਹਿਰ ਵਲੋਂ ਆਉਂਦਾ ਦਿਖਾਈ ਦਿੱਤਾ। ਉਨ੍ਹਾਂ ਨੂੰ ਆਸ ਦੀ ਇਕ ਝਲਕ ਦਿਖਾਈ ਦਿੱਤੀ। ਸ਼ਾਇਦ ਆਉਣ ਵਾਲਾ ਉਸ ਦੀ ਕੋਈ ਮੱਦਦ ਕਰੇ।

ਰਾਹਗੀਰ ਪਲ ਭਰ ਉਹਨਾਂ ਦੇ ਕੋਲ ਰੁਕਿਆ। ਪਰ ਬਿਨਾ ਕੁਝ ਅੱਗੇ ਵਧ ਗਿਆ। ਸਾਇਦ ਉਸਨੇ ਉਨ੍ਹਾਂ ਨੂੰ ਪਛਾਣ ਲਿਆ ਸੀ। ਉਨ੍ਹਾਂ ਦੇ ਪਿੰਡ ਦਾ ਸੀ। ਕੱਲ੍ਹਨ ਨੂੰ ਲੱਗਾ ਇਨਸਾਨ ਦੀ ਜਾਤ ਹੀ ਸਭ ਕੁਝ ਹੈ।

ਆਖਿਰ ਉਹ ਉਠੇ ਅਤੇ ਬੇਟੀ ਦੀ ਲਾਸ਼ ਮੋਢੇ ਤੇ ਰੱਖ ਕੇ ਪਿੰਡ ਨੂੰ ਚਲ ਪਏ। ਮੋਢੇ ਤੇ ਜਿਨਾ ਭਾਰ

ਸੀ, ਉਸ ਤੋਂ ਕਿਤੇ ਵਧੇਰੇ ਭਾਰ ਅੰਦਰ ਸਮਾਇਆ ਹੋਇਆ ਸੀ। ਸਲੋਨੀ ਦੇ ਬਚਪਨ ਦੀਆਂ ਕਿਲਕਾਰੀਆਂ ਰਹਿ ਰਹਿ ਕੇ ਉਸਦੀਆਂ ਯਾਦਾਂ 'ਚ ਆ ਰਹੀਆਂ ਸਨ। ਭਾਰੀ ਮਨ ਨਾਲ ਉਹ ਸਲੋਨੀ ਦੀ ਲਾਸ਼ ਚੁੱਕੀ ਪਿੰਡ ਵੱਲ ਨੂੰ ਆ ਰਹੇ ਸਨ। ਰਸਤਾ ਜਿਵੇਂ ਖਤਮ ਹੀ ਨਹੀਂ ਹੋ ਰਿਹਾ ਸੀ। ਜਿੰਨਾ ਸਮਾਂ ਸ਼ਹਿਰ ਦੇ ਕੋਲ ਪਹੁੰਚਣ 'ਚ ਲੱਗਾ ਸੀ, ਉਸ ਤੋਂ ਵਧੇਰੇ ਪਿੰਡ ਪਹੁੰਚਣ 'ਚ ਲੱਗ ਰਿਹਾ ਸੀ। ਸਰੋਜ ਦਾ ਹਾਲ ਬਹੁਤ ਹੀ ਚਿੰਤਾ ਵਾਲਾ ਤੇ ਨਾਜ਼ੁਕ ਸੀ। ਉਹ ਆਪਣੇ ਆਪ ਨੂੰ ਘਸੀਟ ਰਹੀ ਸੀ। ਅੰਦਰੋਂ ਟੁੱਟ ਤਾਂ ਕੱਲੂਨ ਵੀ ਗਿਆ ਸੀ ਪ੍ਰੰਤੂ ਕਿਸੇ ਤਰ੍ਹਾਂ ਆਪਣੇ ਆਪ ਨੂੰ ਸੰਭਾਲਿਆ ਹੋਇਆ ਸੀ। ਸਰੋਜ ਅੱਧਮਰੀ ਜਿਹੀ ਹੋ ਗਈ ਸੀ। ਉਸ ਤੋਂ ਤੁਰਿਆ ਨਹੀਂ ਜਾ ਰਿਹਾ ਸੀ।

ਸੂਰਜ ਨੇ ਉਨ੍ਹਾਂ ਨੂੰ ਦੂਰੋਂ ਹੀ ਦੇਖ ਲਿਆ ਸੀ। ਪਛਾਣਿਆ ਤਾਂ ਉਨ੍ਹਾਂ ਨੂੰ ਨਜ਼ਦੀਕ ਆਉਣ ਤੇ ਹੀ ਪ੍ਰੰਤੂ ਦੂਰ ਤੋਂ ਆਉਂਦੇ ਧੁੰਦਲੇ ਚਿਹਰੇ ਦੇਖ ਕੇ ਉਸ ਨੇ ਅੰਦਾਜਾ ਲਾ ਲਿਆ ਸੀ। ਉਹ ਜਿਸ ਤਰ੍ਹਾਂ ਸਲੋਨੀ ਨੂੰ ਲਿਆ ਰਹੇ ਸਨ, ਦੇਖ ਕੇ ਉਸਦਾ ਮੱਥਾ ਠਣਕਿਆ। ਉਹ ਘਰ ਤੋਂ ਨਿਕਲ ਕੇ ਸੜਕ ਤੱਕ ਆ ਗਿਆ ਸੀ। ਸਲੋਨੀ ਦੀ ਲੋਥ ਦੇਖ ਕੇ ਉਹ ਆਪਣੇ ਆਪ ਨੂੰ ਸੰਭਾਲ ਨਹੀਂ ਸਕਿਆ ਸੀ। ਉਹ ਤੜਫ਼ ਉੱਠਿਆ ਸੀ। ਜ਼ਮੀਨ ਤੇ ਦੋ-ਹੱਥੜ ਮਾਰ ਕੇ ਉਹ ਰੋਣ ਲੱਗ ਪਿਆ ਸੀ। ਕੱਲੂਨ ਦੀਆਂ ਅੱਖਾਂ 'ਚ ਵੀ ਬੇਇੰਤਹਾ ਅੱਥਰੂ ਕਿਰਨ ਲੱਗ ਪਏ ਸਨ। ਉਨ੍ਹਾਂ ਦਾ ਰੋਣਾ ਧੋਣਾ ਸੁਣ ਕੇ ਸੰਤੋ ਵੀ ਆ ਗਈ ਸੀ। ਉਨ੍ਹਾਂ ਨੂੰ ਹੌਸਲਾ ਦੇਣ ਵਾਲਾ ਕੋਈ ਨਹੀਂ ਸੀ।

ਸ਼ਹਿਰ ਤੋਂ ਪਰਤਦਿਆ ਉਨ੍ਹਾਂ ਨੂੰ ਉਂਝ ਵੀ ਸਮਾਂ ਵਧੇਰੇ ਹੋ ਗਿਆ ਸੀ। ਕਿਸੇ ਨੂੰ ਬੁਲਾਉਣ ਲਈ ਵੀ ਸਮਾਂ ਨਹੀਂ ਸੀ। ਉਹ ਰਾਤ ਭਰ ਉਡੀਕ ਕਰਨ ਦੀ ਸਥਿਤੀ 'ਚ ਨਹੀਂ ਸੀ। ਕੱਲੂਨ ਚਾਹੁੰਦਾ ਸੀ ਕਿ ਸ਼ਾਮ ਹੋਣ ਤੋਂ ਪਹਿਲਾ ਹੀ ਸੰਸਕਾਰ ਹੋ ਜਾਵੇ। ਸਲੋਨੀ ਦੀ ਲਾਸ਼ ਨੂੰ ਦੇਖ ਕੇ ਸਰੋਜ ਵਾਰ ਵਾਰ ਬੇਹੋਸ ਹੋ ਰਹੀ ਸੀ। ਸਮੱਸਿਆ ਸੀ ਲੱਕੜੀਆਂ ਦੀ। ਸੰਸਕਾਰ ਲਈ ਲੱਕੜੀਆਂ ਉਨ੍ਹਾਂ ਦੇ ਕੋਲ ਨਹੀਂ ਸਨ। ਸੂਰਜਾ ਤੇ ਸੰਤੋ ਲੱਕੜੀਆਂ ਦਾ ਪ੍ਰਬੰਧ ਕਰਨ ਲਈ ਤੁਰ ਪਏ ਸਨ। ਉਨ੍ਹਾਂ ਨੇ ਚਮਾਰਾ ਦੇ ਦਰਵਾਜੇ ਤੇ ਜਾ ਕੇ ਵਿਰਲਾਪ ਕੀਤਾ ਸੀ। ਪਰ ਕੋਈ ਵੀ ਉਨ੍ਹਾਂ ਦੀ ਸਹਾਇਤਾ ਕਰਨ ਦੇ ਲਈ ਤਿਆਰ ਨਹੀਂ ਸੀ। ਘੰਟਾ ਭਰ ਏਧਰ ਉਧਰ ਭਟਕਣ ਤੋਂ ਬਾਅਦ ਵੀ ਉਹ ਐਨੀਆਂ ਲੱਕੜੀਆਂ ਦਾ ਪ੍ਰਬੰਧ ਨਹੀਂ ਕਰ ਸਕੇ ਸੀ ਕਿ ਠੀਕ ਤਰ੍ਹਾਂ ਸੰਸਕਾਰ ਹੋ ਸਕੇ। ਘਰ 'ਚ ਪਾਥੀਆਂ ਸਨ। ਸੰਤੋਂ ਨੇ ਕਿਹਾ ,"ਲੱਕੜੀਆਂ ਦੀ ਥਾਂ ਪਾਥੀਆਂ ਹੀ ਲੈ ਜਾਵੋ।"

ਚਮਾਰਾ ਦਾ ਸਮਸਾਨਘਾਟ ਪਿਡ ਦੇ ਨੇੜੇ ਹੀ ਸੀ। ਪਰ ਉਸ 'ਚ ਬਲਹਾਰਾਂ ਨੂੰ ਆਪਣੇ ਮੁਰਦੇ ਫੂਕਣ ਦੀ ਆਗਿਆ ਨਹੀਂ ਸੀ। ਕੱਲੂਨ ਦੀ ਮਾਂ ਦੇ ਸਮੇਂ ਵੀ ਅਜਿਹੀ ਸਮੱਸਿਆ ਆਈ ਸੀ। ਚਮਾਰਾ ਨੇ ਸਾਫ ਮਨਾ ਕਰ ਦਿੱਤਾ ਸੀ। ਪਿੰਡ ਤੋਂ ਬਾਹਰ ਤਿੰਨ ਚਾਰ ਕਿਲੋਮੀਟਰ ਦੂਰ ਲਿਆ ਕੇ ਸੰਸਕਾਰ ਕਰਨਾ ਪਿਆ ਸੀ। ਐਨੀ ਦੂਰ ਸਲੋਨੀ ਦੀ ਲੋਥ ਨੂੰ ਲੈ ਕੇ ਜਾਣਾ .... ਲਕੜੀ ਤੇ ਪਾਥੀਆਂ ਵੀ ਲੈ ਕੇ ਜਾਣੀਆਂ ਸਨ। ਸੂਰਜਾ ਅਤ ਕੱਲੂਨ ਦੇ ਇਲਾਵਾ ਕੋਈ ਹੋਰ ਨਹੀਂ ਸੀ। ਜਿਹੜੇ ਇਸ ਕੰਮ ਲਈ ਉਨ੍ਹਾਂ ਦੀ ਮਦਤ ਕਰ ਸਕੇ। ਬਲਹਾਰਾਂ ਦੇ ਮੁਰਦੇ ਲਈ ਪਿੰਡ ਦਾ ਕੋਈ ਵੀ ਵਿਅਕਤੀ ਨਹੀਂ ਆਇਆ ਸੀ। 'ਜਾਤ' ਉਨ੍ਹਾਂ ਦਾ ਰਸਤਾ ਰੋਕ ਰਹੀ ਸੀ। ਕੱਲੂਨ ਨੇ ਕਾਫੀ ਕੋਸ਼ਿਸ਼ ਕੀਤੀ ਸੀ। ਉਹ ਰਵੀਦਾਸ ਮੰਡਲ, ਡਾ. ਅੰਬੇਡਕਰ ਯੁਵਕ ਸਭਾ ਦੇ ਲੋਕਾਂ ਨੂੰ ਜਾ ਕੇ ਮਿਲਿਆ ਸੀ। ਪਰ ਕੋਈ ਨਾਲ ਚੱਲਨ ਨੂੰ ਤਿਆਰ ਨਹੀਂ ਸੀ। ਕਿਸੇ ਨਾ ਕਿਸੇ ਬਹਾਨੇ ਨਾਲ ਉਹ ਖਿਸਕ ਰਹੇ ਸਨ।

ਰੇਲਵੇ ਕਾਲੋਨੀ 'ਚ 'ਅੰਬੇਡਕਰ ਬਰਸੀ ਦੇ ਭਾਸ਼ਣ ਉਹਨੂੰ ਚੇਤੇ ਆਉਣ ਲੱਗੇ ਸਨ। ਉਸਨੇ ਉਨ੍ਹਾਂ ਸਾਰੇ ਵਿਚਾਰਾ ਨੂੰ ਲਾਹ ਦਿੱਤਾ ਸੀ। ਗਹਿਰੀ ਉਦਾਸੀ ਉਸਦੇ ਅੰਦਰ ਉੱਠ ਰਹੀ ਸੀ। ਉਸ ਨੂੰ ਲੱਗਾ, ਉਹ ਸਾਰੇ ਭਾਸ਼ਣ ਖੋਖਲੇ ਅਤੇ ਬੇਹੱਦ ਬਟਾਵਟੀ ਸੀ।

ਕੱਲੂਨ ਨੇ ਸੂਰਜਾ ਨੂੰ ਕਿਹਾ, "ਬਾਪੂ। ਹੋਰ ਦੇਰ ਨਾ ਲਾਓ...।" ਉਨ੍ਹਾਂ ਦੋਹਾਂ ਨੇ ਕੱਪੜੇ 'ਚ ਲਪੇਟੀ ਸਲੋਨੀ ਦੀ ਲੋਥ ਨੂੰ ਚੁੱਕ ਲਿਆ ਸੀ। ਬਲਹਾਰਾਂ 'ਚ ਇਸਤਰੀਆਂ ਨੂੰ ਅਰਥੀ ਨਾਲ ਜਾਣ ਦਾ ਰਿਵਾਜ ਨਹੀਂ ਸੀ ਪਰ ਸੰਤੋ ਅਤੇ ਸਰੋਜ ਵਲੋਂ ਇਹ ਰਿਵਾਜ ਨੂੰ ਤੋੜ ਦੇਣ ਦੇ ਇਲਾਵਾ ਕੋਈ ਹੋਰ ਰਸਤਾ ਨਹੀਂ ਬਚਿਆ ਸੀ। ਸੰਤੋਂ ਨੇ ਲਕੜੀਆਂ ਦੀ ਗੱਠੜੀ ਸਿਰ 'ਤੇ ਰੱਖ ਕੇ ਹੱਥ 'ਚ ਅੱਗ ਅਤੇ ਕੱਚੀ ਮਿੱਟੀ ਦਾ ਕੁੱਜਾ ਲੈ ਕੇ ਤੁਰ ਪਈ ਸੀ। ਪਿੱਛੇ ਪਿੱਛੇ ਸਰੋਜ ਪਾਥੀਆਂ ਨਾਲ ਭਰਿਆ ਟੋਕਰਾ ਲੈ ਕੇ ਤੁਰ ਪਈ ਸੀ।

ਇਸ ਜਾਂਦੀ ਹੋਈ ਅਰਥੀ ਨੂੰ ਦੇਖਣ ਦੇ ਲਈ ਚਮਾਰਨਾ ਆਪਣੀਆਂ ਛੱਤਾਂ ਉਪਰ ਚੜ੍ਹ ਗਈਆਂ ਸਨ। ਉਨ੍ਹਾਂ ਦੀਆਂ ਅੱਖਾਂ ਭਰੀਆਂ ਹੋਈਆਂ ਸਨ ਪ੍ਰੰਤੂ ਬੇਵਸ ਸਨ, ਆਪਣੇ ਆਪਣੇ ਖੋਲ 'ਚ ਕੈਦ। ਬਲਹਾਰ ਤਾਂ ਆਖਰ ਬਲਹਾਰ ਹੀ ਸੀ। ਆਪਣੇ ਹੀ ਨਹੀਂ ਉਨ੍ਹਾਂ ਨੂੰ ਤਾਂ ਦੂਸਰਿਆਂ ਦੇ ਮੁਰਦੇ ਢੋਣ ਦੀ ਵੀ ਆਦਤ ਸੀ...। ਚਮਾਰਾ ਦਾ ਪਿੰਡ ਅਤੇ ਉਸ 'ਚ ਇਕ ਬਲਹਾਰ ਪਰਿਵਾਰ! ⊘



ਮਰਾਠੀ ਕਹਾਣੀ

# ਮਰਿਆ ਡੰਗਰ / ਅਭਿਤਾਭ / ਅਨੁ : ਭਗਵੰਤ ਰਸੂਲਪੁਰੀ



"ਮਰਿਆ ਡੰਗਰ ਆਇਆ ਉਏ...ਮਾਰਿਆ ਡੰਗਰ...।" ਦੀ ਆਵਾਜ਼ ਸੁਣਦਿਆ ਹੀ ਕਈ ਝੁੱਗੀਆਂ 'ਚੋਂ ਮੁਰਗਿਆਂ ਦੇ ਵਾਂਗ ਕਈ ਬੰਦੇ ਤੇ ਤੀਵੀਆਂ ਅੱਖਾਂ ਮਲਦੀਆਂ ਹੋਈਆਂ ਬਾਹਰ ਵਿਹੜੇ 'ਚ ਆ ਗਈਆਂ। ਜਿਹੜੇ ਬਾਹਰ ਵਿਹੜੇ 'ਚ ਸੁੱਤੇ ਹੋਏ ਸਨ ਉਹ ਝੱਟ ਦੇਣੀ ਜਾਗ ਕੇ ਉੱਠ ਪਏ। ਸਾਰੇ ਚੌਕੰਨੇ ਹੋ ਕੇ ਦੇਖ ਰਹੇ ਸਨ। ਅਜੇ ਥੋੜ੍ਹਾ ਚਿਰ ਹੋਇਆ ਸੀ ਸਵੇਰਾ ਹੋਏ ਨੂੰ। ਬੋਤਲਾ 'ਚ ਪਾਣੀ ਲੈ ਕੇ ਹੱਗਣ ਮੂਤਣ ਜਾਣ ਦੇ ਲਈ ਅਜੇ ਉਨ੍ਹਾਂ ਜਾਣਾ ਹੀ ਸ਼ੁਰੂ ਕੀਤਾ ਸੀ। ਉਦੋਂ ਹੀ...

"ਕੌਣ ਕਹਿੰਦਾ ਏ ਮਰਿਆ ਡੰਗਰ ਆਇਆ ?" ਬੁਲਕਾ ਬੁੱਢੀ ਜ਼ੋਰ ਦੀ ਬੋਲੀ।

"ਕੀ ਪਤੈ ...?" ਰੋਡਬਾ ਨੇ ਕਿਹਾ।

"ਉਏ ਹੱਦ ਹੋ...ਗੀ ਕੌਣ ਕਹਿੰਦਾ ਹੈ ਮਰਿਆ ਡੰਗਰ ਆਇਆ... ਕਿ ਐਵੇਂ ਅਫਵਾਹ ਈ ਏ ?"... ਨਾਗਾਅ ਬੁੱਢੀ ਨੇ ਬੇ-ਯਕੀਨੀ ਨਾਲ ਫਿਰ ਸਵਾਲ ਕੀਤਾ।

"ਏਹ... ਕੌਣ ਕਹਿ ਰਿਹਾ ਏ ?" ਫਿਰ ਬੁਲਕਾ ਬੁੱਢੀ ਕਹਿਣ ਲੱਗੀ।

"ਉਹ ਦਗੜੂ ਦਾ ਪੁੱਤਰ ਗੌਂਡਆ ਕਹਿ ਰਿਹਾ ਸੀ।... ਵਾਰਲਿਆ ਨੇ ਕਿਹਾ।

"ਕੀ ਕਹਿੰਦਾ ਹੈ ਉਹ ? ਉਹਨੂੰ ਕਿਵੇਂ ਪਤੈ ?"

"ਉਹ ਹੋ ਉਹ ਆਇਆ ਹੈ ਨਾ ਪਾਣੰਦਾ ਤੋਂ... ਪੰਡਾਆ ਪੰਡੇਆਰ ਅਤੇ ਉਸਦਾ ਪੁੱਤਰ ਮਰਿਆ ਡੰਗਰ ਲੈ ਕੇ ਜਾਂਦੇ ਸੀ ਤਾਂ ਬੀਆਬਾਨ 'ਚ ਉਸਨੇ ਦੇਖਿਆ ।" ਵਾਰਲਆ ਨੇ ਸਥਿਤੀ ਨੂੰ ਸਪਸਟ ਕੀਤਾ।

ਮਰਿਆ ਡੰਗਰ ਆਉਣ ਦੀ ਗੱਲ ਹਵਾ ਦੇ ਬੁੱਲ੍ਹੇ ਨਾਲ ਢੇਡ ਬਸਤੀ 'ਚ ਫੈਲ ਗਈ। ਸਾਰਿਆ ਦੇ ਮੂੰਹ 'ਚ ਉਹੀ ਗੱਲ ਸੀ। ਸਾਰੇ ਇਕ ਦੂਜੇ ਨੂੰ ਪੁੱਛ ਰਹੇ ਸਨ,"ਸੱਚੀ ਮਰਿਆ ਡੰਗਰ ਆਇਆ ਹੈ ?"

"ਕਿਹੜਾ ਪਛੂ ਹੈ ?"

"ਸਾਨੂੰ ਕੀ ਪਤਾ ?"

'ਓਏ ਗੌਂਡਆ, ਕਿਹੜਾ ਡੰਗਰ ਏ ?" ਦਗੜੂ ਨੇ ਗੌਂਡਆ ਤੋਂ ਪੁਛ ਗਿੱਛ ਕੀਤੀ।

"ਤਿਮਾਜੀ ਪਟੇਲ ਦੀ ਗਾਂ ਏ ਕਾਮਧੇਨੂੰ [1]

ਅਜਿਹਾ ਪੰਡਆ ਹੀ ਕਹਿ ਰਿਹਾ ਸੀ।" ਗੌਂਡੂ ਨੇ ਸਪਸ਼ਟੀ ਕਰਨ ਦਿੱਤਾ।

ਐਨੀ ਇੱਟ ਵਰਗੀ ਪੱਕੀ ਖਬਰ ਮਿਲੀ ਸੀ ਫਿਰ ਕੀ ਸੀ ਢੇਡਾਂ ਦੀ ਬਸਤੀ ਵਿੱਚ ਹਲਚਲ ਮਚ ਗਈ। ਚਾਰੇ ਪਾਸੇ ਕਾਂਵਾ-ਰੌਲੀ ਪੈ ਗਈ। ਬੁਲਕਾ ਬੁੱਢੀ ਰੋਡਬਾ ਨੂੰ ਕਹਿਣ ਲੱਗੀ," ਜੀ ਦੇਖਦੇ ਕੀ ਹੋ ? ਜਲਦੀ ਜਾਊ... ਨਹੀਂ ਤਾਂ ਉਥੋਂ ਕੁਝ ਨਹੀਂ ਮਿਲੇਗਾ...।"

"ਮੈਂ ਤਾਂ ਬਾਹਰ ਹੱਗਣ ਜਾਣਾ ਹੈ...।"

"ਜੇ ਅੱਜ ਨਹੀਂ ਹੱਗਣ ਨਹੀਂ ਗਿਆ ਤਾਂ ਤੈਨੂੰ ਕੁਝ ਨ੍ਹੀਂ ਹੋਣ ਲੱਗਾ।" ਰੋਡਬਾ ਨੇ ਛੇਤੀ ਦੇਣੀ ਝੁੱਗੀ 'ਚ ਸਥਿਤ ਇਕੋ ਇਕ ਤੌੜੀ ਜਿਸ 'ਚ ਕਈ ਮੋਰੀਆਂ ਹੋ ਚੁੱਕੀਆਂ ਸਨ ਤੇ ਜਿਨ੍ਹਾਂ ਨੂੰ ਬੰਦ ਕਰਨ ਦਾ ਜਤਨ ਵੀ ਹੋਇਆ ਸੀ। ਉਹ ਨਹੀਂ ਨਹੀਂ ਕਹਿੰਦਿਆ ਹੋਇਆ ਰੋਡਬਾ ਨੇ ਨਿਕਲਦੇ ਸਮੇਂ ਪਾਣੀ ਨਾਲ ਭਰੀ ਬੋਤਲ ਵੀ ਨਾਲ ਲੈ ਲਈ...।

ਨਾਗਾ ਬੁੱਢੀ ਇਹ ਦੇਖ ਕੇ ਆਪਣੇ ਪੁੱਤਰ ਦਾਜੀ ਨੂੰ ਗਾਲਾਂ ਕੱਢਣ ਲੱਗ ਪਈ। ਉਹ ਤੇ ਮਰੇ ਡੰਗਰ ਵੱਲ ਜਾਣ ਲਈ ਜੋਰ ਪਾਉਣ ਲੱਗ ਪਈ। ਜਦੋਂ ਉਹ ਆਪਣੀ ਥਾਂ ਤੋਂ ਹਿਲਦਾ ਨਜ਼ਰ ਨਹੀਂ ਆਇਆ ਤਾਂ ਖੁਦ ਹੀ ਭਾਂਢਾ ਲੈ ਕੇ ਕਾਹਲੀ ਕਾਹਲੀ ਨਿਕਲ ਪਈ। ਮੂੰਹ 'ਚ ਬੁੜ ਬੁੜ ਵੀ ਕਰ ਰਹੀ ਸੀ... ਇਹ ਦੇਖ ਕੇ ਗੌਂਡਾ ਅਤੇ ਦਗਡਾ ਸੰਭਲ ਗਏ। ਜਿਵੇਂ ਤਲਵਾਰ ਨੂੰ ਤੇਜ ਕੀਤਾ ਜਾਂਦਾ ਹੈ। ਉਂਝ ਹੀ ਉਨ੍ਹਾਂ ਨੇ ਆਪਣੀਆਂ ਛੁਰੀਆਂ ਨੂੰ ਪੱਥਰ ਉੱਤੇ ਘਸਾ ਕੇ ਤੇਜ ਧਾਰ ਲਗਾ ਲਈ। ਉਂਗਲੀ ਦੇ ਪੋਟਿਆ ਨਾਲ ਉਨ੍ਹਾਂ ਨੇ ਤੇਜ ਧਾਰ ਨੂੰ ਪਰਖਿਆ। ਧਾਰ ਤਿੱਖੀ ਸੀ। ਫਿਰ ਉਨ੍ਹਾਂ ਨੇ ਤੂਤ ਦੀਆਂ ਛਿੱਟੀਆਂ ਦੇ ਬਣੇ ਦੋ ਟੋਕਰੇ ਲਏ... ਤੇ ਬੀਆਬਾਨ ਵੱਲ ਤੁਰ ਪਏ । ਫਿਰ ਵਾਰਲਾ ਚਿੰਧਆ, ਚਿੰਧੀ, ਉਦੇਡਾ, ਗੋਦੀ, ਲਹਾਨ, ਬਾਰਕਾ ਆਦਿ ਸਭ ਨੇ ਜਿਹੜੀ ਵੀ ਚੀਜ ਹੱਥ 'ਚ ਆਈ... ਟੋਕਰੀ, ਲੁਹਾਂਡਾ, ਪਿੱਤਲ ਦੀ ਪਤੀਲੀ, ਥਾਲ ਆਦਿ ਨੂੰ ਲੈ ਕੇ ਭੱਜਣ ਲੱਗੇ। ਉਦੇਡਾ ਦਾ ਕਿਸਨਾ ਸਭ ਤੋਂ ਤੇਜ਼ ਭੱਜਣ ਵਾਲਾ ਸੀ। ਉਹ ਆਪਣੀ ਛੁਰੀ ਤੇ ਲੁਹਾਂਡਾ ਲੈ ਕੇ ਸਭ ਤੋਂ ਤੇਜ ਦੌੜਿਆ ਸੀ।

ਬਿੱਠੀ ਦੇ ਕਈ ਨਿਆਣੇ ਸਨ। ਤਿੰਨ ਮੁੰਡੇ ਤੇ ਤਿੰਨ ਹੀ ਕੁੜੀਆਂ। ਛੋਟੀ ਨੂੰ ਉਹ ਦੁੱਧ ਪਿਆ ਰਹੀ ਸੀ। ਉਸ ਦਾ ਘਰ ਵਾਲਾ ਦਮੇ ਦੀ ਬਿਮਾਰੀ ਦਾ ਸ਼ਿਕਾਰ ਸੀ। ਹਮੇਸ਼ਾ ਹੀ ਖੰਘਦਾ ਰਹਿੰਦਾ। ਕੰਮ ਕੀ ਕਰਨਾ ਹੈ। ਅਜਿਹੀ ਹਲਾਤ 'ਚ ਘਰ ਦਾ ਗੁਜਾਰਾ ਮੁਸ਼ਕਲ ਨਾਲ ਚੱਲਦਾ ਸੀ। ਇਕ ਨਿਆਣੇ ਨੂੰ ਜੇ ਦੁੱਧ ਪਿਆਉਣਾ ਬੰਦ ਹੋ ਜਾਂਦਾ ਤਾਂ ਅਗਲਾ ਤਿਆਹ ਹੋ ਕੇ ਉਹਦੀ ਗੋਦ 'ਚ ਪੈ ਜਾਂਦਾ। ... ਘਰ 'ਚ ਹਰ ਵੇਲੇ ਨਵੇਂ ਜੁਆਕ ਦੇ ਸਵਾਗਤ ਦੀ ਤਿਆਰੀ ਰਹਿੰਦੀ। ਬਚਾਰੀ ਪਰੇਸ਼ਾਨ ਸੀ। ਕੀ ਕਰਦੀ ?

ਘੱਟ-ਵੱਧ ਮਾਤਰਾ 'ਚ ਸਭ ਦੀ ਇਹੀ ਸਥਿਤੀ ਸੀ। ਕੌਣ ਕਿਹਦੇ ਨਸੀਬ ਨੂੰ ਰੋਏਗਾ...।

"ਨਿਲਾ...ਅ...ਨਿਲ...ਅ ।" ਕਹਿੰਦੀ ਹੋਈ ਵਿੱਠੀ ਵੱਡੇ ਮੁੰਡੇ ਨੂੰ ਸੁੱਤਿਆ ਜਗਾ ਰਹੀ ਸੀ। ਪਰ ਉਹ ਨਹੀਂ ਜਾਗਿਆ। ਫਿਰ ਉਹ ਨਿੱਲਾ ਵਲੋਂ ਉਪਰ ਲਈ ਟਾਕੀਆ ਲੱਗੀ ਚਾਦਰ ਨੂੰ ਜ਼ੋਰ ਨਾਲ ਖਿੱਚਣ ਲੱਗੀ, ਤੇ ਹੋਇਆ ਕੀ ? ਫਟੀ ਪੁਰਾਣੀ ਚਾਦਰ ਹੋਰ ਫਟ ਗਈ। ਉਹ ਹੋਰ ਗੁੱਸੇ 'ਚ ਆ ਗਈ। ਨਿੱਲਾ ਦਾ ਹੱਥ ਫੜ ਕੇ ਖਿੱਚ ਕੇ ਉਸਨੇ ਉਸ ਨੂੰ ਉਠਾ ਦਿੱਤਾ। ਪਰ ਉਹ ਨੀਂਦ 'ਚ ਹੀ ਸੀ... ਨੀਂਦ ਦੇ ਲਈ ਤੜਫ ਰਿਹਾ ਸੀ। ਅੱਖਾਂ ਵੀ ਨੀਂਦ ਕਾਰਨ ਖੁੱਲ੍ਹ ਨਹੀਂ ਸੀ ਰਹੀਆ। ਰਾਤ ਨੂੰ ਉਹ ਜਾਗਦੇ ਬੁਝਦੇ ਦੀਵੇ ਨਾਲ ਦੇਰ ਤੱਕ ਪੜ੍ਹਦਾ ਰਹਿੰਦਾ ਸੀ ਤੇ ਦੇਰ ਰਾਤ ਨੂੰ ਸੁੱਤਾ ਸੀ ਪ੍ਰੰਤੂ ਉਸ ਨੂੰ ਜਗਾਉਣਾ ਜਰੂਰੀ ਸੀ। ਬਾਂਹ ਫੜ੍ਹ ਕੇ ਉਹਨੂੰ ਖੜਾ ਕਰ ਦਿੱਤਾ। ਵਿੱਠੀ ਨੇ ਉਸਦੀਆਂ ਅੱਖਾਂ ਤੇ ਪਾਣੀ ਦੇ ਛਿੱਟੇ ਮਾਰੇ ਉਹ ਸੁੱਤ ਉਣੀਂਦਾ ਰੋਣ ਲੱਗ ਪਿਆ। ਗਾਲ੍ਹਾਂ ਦੇਣ ਲੱਗਾ। "ਮੈਨੂੰ ਕਿਉ ਜਗਾਉਂਦੀ ਏ।" ਪੁੱਛਣ ਲੱਗਾ। ਪ੍ਰੰਤੂ ਇਹ ਸਭ ਕੁਝ ਕਹਿਣ ਤੇ ਸੁਣਨ ਦੀ ਕਿਸੇ ਕੋਲ ਵਿਹਲ ਨਹੀਂ ਸੀ। 'ਮਰੇ ਡੰਗਰ ਦਾ ਮਾਸ ਲਿਆਉਣ ਤਾਂ ਜਾਣਾ ਹੀ ਪਵੇਗਾ। ਪਤੀਲੀ ਭਰ ਕੇ ਮਾਸ ਮਿਲੇਗਾ ਤਾਂ ਹੀ ਤਿੰਨ ਚਾਰ ਦਿਨ ਆਰਾਮ ਨਾਲ ਲੰਘ ਸਕਣਗੇ। ਨਿੱਲਾ ਜਾਣਾ ਨਹੀਂ ਚਾਹੁੰਦਾ ਸੀ। ਵਿੱਠੀ ਨੇ ਉਸ ਦੀ ਪਿੱਠ ਤੇ ਇਕ ਮੁੱਕਾ ਮਾਰ ਦਿੱਤਾ। ਫਿਰ ਉਸ ਦੇ ਹੱਥ 'ਚ ਲੋਹੇ ਦੀ ਪਤੀਲੀ ਜਿਹਦੇ ਸਿਰਿਆ 'ਚੋਂ ਮੋਰੀਆ ਕੱਢ ਕੇ ਫੜਨ ਲਈ ਰੱਸੀ ਪਾਈ ਹੋਈ ਸੀ ਤੇ ਛੁਰੀ ਦਿੱਤੀ ਗਈ ਤੇ ਕਹਿਣ ਲੱਗੀ, "ਚੇਤੇ ਰੱਖੀ, ਪਤੀਲੀ ਭਰ ਕੇ ਲਿਆਉਣੀ ਏ। ਜੇ ਕਰ ਖਾਲੀ ਹੱਥ ਵਾਪਿਸ ਪਰਤਿਆ ਤਾਂ ਭੁੱਖਾ ਰੱਖਾਗੀ।"

ਪਣੰਦਾ ਦੇ ਵੱਲ ਟਾਹਲੀਆ ਦੇ ਦਰਖ਼ਤਾਂ ਦੇ ਥੱਲੇ ਬੀਆਬਾਨ 'ਚ ਢੇਡਾਂ ਦੀ ਪੂਰੀ ਬਸਤੀ ਇਕੱਠੀ



ਹੋਈ ਸੀ। ਹਰ ਇਕ ਹੱਥ 'ਚ ਛੁਰੀ ਤੇ ਭਾਂਢਾ ਸੀ। ਕੁਝ ਤਾਂ ਕੱਪੜੇ ਦੇ ਟੁਕੜੇ ਲੈ ਕੇ ਆਏ ਹੋਏ ਸਨ। ਜੇ ਭਾਂਢਾ ਨਹੀਂ ਹੈ ਤਾਂ ਫਟਿਆ ਹੋਇਆ ਕੱਪੜਾ ਹੀ ਸਹੀ... ਤੇੜ ਲਾਈ ਹੋਈ ਧੋਤੀ ਅਤੇ ਸਾੜੀ ਦਾ ਪੱਲਾ ਤਾਂ ਸੀ ਹੀ।

ਪਾਣੰਦਾ 'ਚ ਉਜਾੜ ਬੀਆਬਾਨ ਤੇ ਟਾਹਲੀਆਂ ਦੇ ਦਰਖ਼ਤਾ ਦੇ ਕੋਲ ਗਾਂ ਰੱਖੀ ਸੀ। ਉਸਦਾ ਮੁੰਡਾ ਸੋਮਾ ਅਤੇ ਉਹ ਆਪਣੀਆਂ ਤੇਜ਼ ਛੁਰੀਆ ਨਾਲ ਆਪਣੀ ਗਾਂ ਦੀ ਖੱਲ ਲਾਹ ਰਹੇ ਸਨ। ਮਰੇ ਹੋਏ ਪਛੂ ਦੇ ਇਰਦ ਗਿਰਦ ਬਹੁਤ ਭੀੜ ਸੀ। ਕੁਝ ਖੜੇ ਸਨ ਤੇ ਕੁਝ ਬੈਠੇ ਹੋਏ ਸਨ। ਜਦੋਂ ਤੱਕ ਗਾਂ ਦੀ ਖੱਲ ਲਾਹੀ ਨਹੀਂ ਜਾਂਦੀ, ਉਦੋਂ ਤੱਕ ਉਹ ਕਿਸੇ ਨੂੰ ਹੱਥ ਲਗਾਉਣ ਨਹੀਂ ਦਿੰਦਾ ਸੀ। ਖੱਲ ਫਟ ਨਾ ਜਾਵੇ, ਉਸ 'ਚ ਕਿਸੇ ਛੁਰੀ ਨਾਲ ਮੋਰੀ ਨਾ ਹੋ ਜਾਵੇ, ਇਸ ਲਈ ਪੰਡਾ ਸੰਭਾਲ ਸੰਭਾਲ ਕੇ ਛੁਰੀ ਚਲਾ ਰਿਹਾ ਸੀ। ਉਸਦੇ ਤਜਰਬੇਕਾਰ ਹੱਥ ਤੇਜੀ ਨਾਲ ਚਲ ਰਹੇ ਸਨ। ਉਸ ਨੇ ਪਹਿਲਾਂ ਗਾਂ ਦੇ ਪੈਰਾਂ ਦੀ ਖੱਲ ਲਾਹੀ ਫਿਰ ਪੂਛ ਦੀ ਤੇ ਗਲੇ ਵਲੋਂ ਲਾਹੁਣੀ ਸ਼ੁਰੂ ਕੀਤੀ। ਸਹਿਜੇ ਲਹਿਜੇ ਗਾਂ ਦੇ ਪੇਟ ਅਤੇ ਪਿੱਠ ਤੋਂ ਵੀ ਖੱਲ ਲਾਹੀ ਗਈ। ਉਸਦੇ ਹੱਥ ਲਹੂ ਨਾਲ ਲਿਬੜੇ ਹੋਏ ਸਨ। ਸਰੀਰ ਤੇ ਕੁੜਤਾ ਤਾਂ ਨਹੀਂ ਸੀ। ਲੱਕ ਨਾਲ ਲਪੇਟੀ ਧੋਤੀ ਉਪਰ ਸਾਰੇ ਲਹੂ ਦੇ ਦਾਗ਼ ਲੱਗ ਚੁੱਕੇ ਸਨ। ਪ੍ਰੰਤੂ ਉਸ ਵੱਲ ਧਿਆਨ ਨਾਲ ਦੇਖਣ ਦੀ ਉਸ ਨੂੰ ਵਿਹਲ ਹੀ ਨਹੀਂ ਸੀ। ਮਹੀਨਾ ਸਵਾ ਮਹੀਨਾ ਹੋ ਗਿਆ ਸੀ, ਪਰ ਅਜਿਹਾ ਮੌਕਾ ਨਹੀਂ ਮਿਲਿਆ ਸੀ। ਇਸ ਮੌਕੇ ਨੂੰ ਉਹ ਹੱਥੋਂ ਗਵਾਉਣਾ ਨਹੀਂ ਚਾਹੁੰਦਾ ਸੀ।

ਮਰੇ ਡੰਗਰ ਦੇ ਇਰਦ ਗਿਰਦ ਧੱਕਾ ਮੁੱਕੀ ਕਾਂਵਾਂ ਰੌਲੀ ਪਈ ਹੋਈ ਸੀ। ਆਪਣੀ ਆਪਣੀ ਥਾਂ ਤੇ ਸਭ ਮੌਕੇ ਦੀ ਭਾਲ ਵਿਚ ਬੈਠੇ ਹੋਏ ਸੀ। ਬੀਆਬਾਨ ਦੇ ਦਰਖ਼ਤ ਤੇ ਚੀਲ ਤੇ ਇੱਲ੍ਹਾਂ ਵੀ ਅਸਮਾਨ 'ਚ ਚੱਕਰ ਲਾਉਣ ਲੱਗ ਪਈਆ ਸਨ। ਕੁਝ ਦਰਖ਼ਤਾਂ ਤੇ ਬੈਠ ਗਈਆ। ਉਹ ਆਪਸ 'ਚ ਉਲਝ ਗਈਆ ਸਨ, ਉਨ੍ਹਾਂ ਦੇ ਪਰ ਟੁੱਟ ਕੇ ਹਵਾ ਵਿਚ ਉਡਣ ਲੱਗੇ ਸਨ। ਕਾਵਾਂ ਦੀ ਕਾਵਾਂ ਰੌਲੀ ਤੇ ਕੁੱਤਿਆ ਦਾ ਭੌਂਕਣਾ ਜਾਰੀ ਸੀ। ਕੁਝ ਕੁੱਤੇ ਆਪਣੇ ਪਿੱਛੇ ਦੇ ਦੋ ਪੈਰਾਂ ਦੇ ਸਹਾਰੇ ਬੈਠ ਗਏ ਸੀ ਤਾਂ ਕੁਝ ਚਾਰੇ ਪੈਰਾਂ ਨੂੰ ਮੋੜ ਕੇ ਧੌਣ ਉੱਚੀ ਕਰਕੇ... ਜੀਭ ਕੱਢ ਕੇ ਲਾਰਾਂ ਸੁੱਟ ਰਹੇ ਸਨ। ਮੌਕੇ ਦੀ ਭਾਲ ਵਿਚ ਉਹ ਵੀ ਅੱਗੇ ਅੱਗੇ ਖਿਸਕ ਰਹੇ ਸਨ। ਉਹ ਮਰੇ ਡੰਗਰ ਨੂੰ ਮੂੰਹ ਲਾਉਣ ਦੀ ਕੋਸ਼ਿਸ਼ 'ਚ ਸੀ। ਐਨੇ ਨੂੰ ਉਹਨੂੰ ਕੋਈ ਦੇਖਦਾ ਅਤੇ 'ਹੈਤ ਤੇਰੀ' ਕਹਿ ਕੇ ਉਸਨੂੰ ਪੱਥਰ ਮਾਰ ਕੇ ਦੂਰ ਭਜਾ ਦਿੰਦਾ।

...ਅੰਤ 'ਚ ਖੱਲ ਲਾਹੁਣ ਦਾ ਕੰਮ ਪੂਰਾ ਹੋ ਗਿਆ। ਫਿਰ ਪੰਡਾਂ ਅਤੇ ਸੋਮਾ ਨੇ ਸਹਿਜ ਨਾਲ ਉਸ ਦੇ ਢਿੱਡ ਨੂੰ ਚੀਰਾ ਦੇ ਦਿੱਤਾ। ਲਹੂ ਦੀ ਤਤੀਰੀ ਨਿਕਲੀ। ਕਈਆ ਦੇ ਸ਼ਰੀਰ 'ਤੇ ਲਹੂ ਦੇ ਤੁਪਕੇ ਡਿੱਗੇ। ਸੋਮਾ ਨੇ ਆਪਣੀ ਬਾਲਟੀ ਲਹੂ ਨਾਲ ਭਰ ਲਈ। ਐਨੇ ਨੂੰ ਵਾਰਲਾ ਨੇ ਆਪਣੀ ਵਲਟੋਹੀ ਅੱਗੇ ਕੀਤੀ, ਸੋਮਾ ਨੇ ਉਹ ਵੀ ਭਰ ਲਈ ਅਤੇ ਉਸਦੇ ਵੱਲ ਸਰਕਾ ਦਿੱਤੀ। ਫਿਰ ਪੰਡਾ ਨੇ ਪੱਟ ਦਾ ਮਾਸ ਕੱਟ ਕੇ ਥੱਲੇ ਰੱਖਿਆ ਬਾਦ 'ਚ ਕਲੇਜਾ ਕੱਟ ਲਿਆ। ਉਹ ਦੂਜੇ ਭਾਂਢੇ 'ਚ ਪਾ ਦਿੱਤਾ। ਫਿਰ ਫੇਫੜੇ ਅਤੇ ਦਿਲ ਕੱਢ ਲਿਆ। ਉਹ ਵੀ ਰੱਖ ਦਿੱਤਾ। ਫਿਰ ਦੂਜੇ ਪਾਸੇ ਤੋਂ ਵੱਡਾ ਮਾਸ ਦਾ ਟੁਕੜਾ ਕੱਟ ਕੇ ਭਾਂਢੇ 'ਚ ਰੱਖ ਦਿੱਤਾ। ਦੋਵੇਂ ਛੁਰੀਆਂ ਇਕ ਪਾਸੇ ਰੱਖ ਦਿੱਤੀਆ। ਇਕ ਵਾਰ ਮਰੇ ਹੋਏ ਡੰਗਰ ਵੱਲ ਦੇਖਿਆ ਕੁਝ ਬਾਕੀ ਬਚਿਆ ਤਾਂ ਨਹੀਂ ਹੈ। ਇਸ ਖਿਆਲ ਨਾਲ ਉਹ ਚੁਫੇਰੇ ਦੇਖਣ ਲੱਗ ਪਿਆ। ਅਤੇ ਪ੍ਰਸੰਨ ਹੋ ਕੇ ਵੱਡਾ ਭਾਂਢਾ ਸਿਰ ਤੇ ਰੱਖ ਕੇ ਉਹ ਤੁਰ ਪਿਆ।

ਜਿਵੇਂ ਹੀ ਪੰਡਾ ਤੇ ਸੋਮਾ ਉਥੋਂ ਚਲੇ ਗਏ, ਉਦੋਂ ਹੀ ਸਾਰੇ ਬਹਾਦਰ 'ਹਰਿ ਹਰਿ' ਦਾ ਨਾਅਰਾ ਲਗਾਉਂਦੇ ਹੋਏ ਕੇਸਰੀ ਰਾਜਪੂਤਾਂ ਦੇ ਵਾਂਗ ਮਰੇ ਹੋਏ ਪਛੂ ਤੇ ਟੁੱਟ ਪਏ। ਵੱਧ ਤੋਂ ਵੱਧ ਮਾਸ ਮੈਨੂੰ ਮਿਲਣਾ ਚਾਹੀਦਾ ਹੈ। ਇਸ ਲਈ ਖਿੱਚ ਧੂਹ ਹੋਣ ਲੱਗ ਪਈ। ਉਸ ਮਰੇ ਹੋਏ ਪਛੂ ਦੇ ਦਿਲ ਵੱਲ ਦਸ ਬਾਰਾ ਛੁਰੀਆਂ ਚਮਕਣ ਲੱਗੀਆ। ਉਹ ਕੱਟ ਕੱਟ ਕੇ ਟੋਕਰੀਆਂ ਭਰਨ ਲੱਗੇ। ਕੋਈ ਧੋਤੀ 'ਚ ਤਾਂ ਕੋਈ ਝੱਗੇ ਦੇ ਲੜ 'ਚ ਤੇ ਬਾਕੀ ਆਪਣੇ ਆਪਣੇ ਭਾਂਢੇ ਮਾਸ ਨਾਲ ਭਰਨ ਲੱਗ ਪਏ ਸਨ। ਹਰ ਛੋਟੇ ਤੋਂ ਵੱਡਾ ਜਿਸਦੇ ਹੱਥ 'ਚ ਜੋਰ ਸੀ ਉਹ ਜਿੱਥੋਂ ਮਨ ਕਰਦਾ ਮਾਸ ਕੱਟ ਰਿਹਾ ਸੀ। ਐਵੇਂ ਫ਼ਜ਼ੂਲ ਬੋਲਣ ਦਾ ਕੋਈ ਅਰਥ ਨਹੀਂ ਸੀ। ਇਕ ਦੂਜੇ ਨੂੰ ਹਰ ਕੋਈ ਧੱਕਾ ਮਾਰ ਰਿਹਾ ਸੀ। ਇਸ ਲਈ ਗਾਲ੍ਹਾਂ ਦੀ ਵੀ ਵਰਖਾ ਹੋ ਰਹੀ ਸੀ, "ਓਏ ਮਾਲਿਆ ਧੱਕੇ ਕਿਉਂ ਮਾਰਦੈ ? ਆਪਣੇ ਮੋਹਰੇ ਦਾ ਹਿੱਸਾ ਕੱਟ ਤਾਂ।"

"ਤੂੰ ਕਿਉ ਬੋਲਦੈ ? ਜੇ ਮੈਨੂੰ ਮਾਸ ਲੱਭਦਾ ਹੈ ਤਾਂ ਤੂੰ ਵੀ ਲੱਭ ਲੈ ।"

"ਏ ਬਾਰੱਕਾ ਇਕ ਟੁਕੜਾ ਮੈਨੂੰ ਵੀ ਦੇਹ...ਏ ਕਿਸ਼ਨਾਂ, ਮੇਰੇ ਪੋਤੇ ਇਕ ਟੁਕੜਾ ਮੈਨੂੰ ਵੀ ਦੇਹ ।" ਨਾਗਾ ਬੁੱਢੀ ਮੂੰਹ ਅੱਡ ਅੱਡ ਮੰਗ ਰਹੀ ਸੀ। ਗਾਲ੍ਹਾਂ ਵੀ ਕੱਢ ਰਹੀ ਸੀ। ਪ੍ਰੰਤੂ ਉਸਦੀਆਂ ਗਾਲਾਂ ਵੱਲ

ਕਿਸੇ ਦਾ ਧਿਆਨ ਨਹੀਂ ਸੀ। ਮੂੰਹ ਤੇ ਹੱਥ ਦੋਵੇਂ ਬਰਾਬਰ ਚੱਲ ਰਹੇ ਸਨ। ਛੋਟੇ ਬੱਚਿਆ ਨੂੰ ਮਰੇ ਡੰਗਰ ਕੋਲ ਜਾਣ ਦਾ ਮੌਕਾ ਨਹੀਂ ਮਿਲ ਰਿਹਾ ਸੀ। ਬੁੱਢਿਆ ਦਾ ਦਬਕਾ ਚੱਲ ਨਹੀਂ ਰਿਹਾ ਸੀ।

ਜਿੱਥੇ ਮਨੁੱਖ ਦੀ ਇਹ ਹਾਲਤ ਸੀ ਉਥੇ ਚੀਲ ਇੱਲ੍ਹਾਂ ਕਾਂਵਾਂ ਅਤੇ ਕੁੱਤਿਆ ਦੀ ਕੀ ਚੱਲਣੀ ਸੀ।

ਨਿੱਲਾ ਨੂੰ ਕਿਸੇ ਵੀ ਤਰ੍ਹਾਂ ਦੀ ਕਾਹਲ ਨਹੀਂ ਸੀ। ਮਾਸ ਨੂੰ ਕਿਵੇਂ ਕੱਟਦਾ, ਕਿਸ ਥਾਂ ਤੋਂ ਕੱਟਣਾ ਹੈ ਇਹ ਉਸਦੀ ਸਮਝ 'ਚ ਨਹੀਂ ਆ ਰਿਹਾ ਸੀ। ਕਿਸੇ ਵੀ ਤਰੀਕੇ ਨਾਲ ਉਸ ਨੂੰ ਪਤੀਲੀ ਭਰ ਕੇ ਮਾਸ ਮਿਲਣਾ ਚਾਹੀਦਾ ਸੀ। ਜੇ ਨਾ ਲੱਭਾ ਤਾਂ ਘਰ 'ਚ ਖਾਣ ਨੂੰ ਰੋਟੀ ਨਹੀਂ ਮਿਲਣੀ ਸੀ। ਝੋਲੀ ਅੱਡ ਕੇ ਦਰ ਦਰ ਦੀ ਭੀਖ਼ ਮੰਗਣੀ ਪਵੇਗੀ। ਜੇ ਪਤੀਲੀ ਤੋਂ ਵੱਧ ਮਾਸ ਮਿਲ ਜਾਵੇ ਤਾਂ ਉਸਦੇ ਟੁਕੜੇ ਸੁਕਾ ਕੇ ਨਮਕ ਲਾ ਕੇ ਤੌੜੀ 'ਚ ਸੁਰੱਖਿਤ ਰੱਖੇ ਹੋਏ ਹਨ... ਫਿਰ ਮਾਂ ਨੇ ਉਸ ਨੂੰ ਦੋ ਟੁਕੜੇ ਭੁਨ ਕੇ ਦਿੱਤੇ ਸੀ... ਅਤੇ ਉਹ ਬੜੀ ਖੁਸ਼ੀ ਨਾਲ ਖਾ ਰਿਹਾ ਸੀ। ... ਇਹ ਦ੍ਰਿਸ਼ ਉਸਦੀਆਂ ਅੱਖਾਂ ਮੋਹਰੇ ਨੱਚ ਰਿਹਾ ਸੀ।

ਨਿੱਲਾ ਅਲਮੀਨੀਅਮ ਦੀ ਪਤੀਲੀ ਅਤੇ ਛੁਰੀ ਲੈ ਕੇ ਖੜਾ ਸੀ। ਮਰੇ ਪਛੂ ਤੱਕ ਹੱਥ ਨਹੀਂ ਸੀ ਪਹੁੰਚ ਰਿਹਾ। ਭੀੜ ਉਂਝ ਦੀ ਉਂਝ ਸੀ ਜੇ ਥੋੜੀ ਜਿਹੀ ਥਾਂ ਦੇਖ ਕੇ ਨਿੱਲਆ ਅੰਦਰ ਵੜਨ ਦੀ ਕੋਸ਼ਿਸ਼ ਕਰਦਾ ਅਤੇ ਉਸ ਨੂੰ ਮਾਸ ਕੱਟ ਰਿਹਾ ਆਦਮੀ ਧੱਕਾ ਮਾਰ ਕੇ ਬਾਹਰ ਕੱਢ ਦਿੰਦਾ। ਮਰੇ ਪਛੂ ਤੱਕ ਜਾਣ ਦੀ ਉਸ ਨੇ ਬਹੁਤ ਕੋਸ਼ਿਸ਼ ਕੀਤੀ ਪਰ ਬੇ ਅਰਥ...!

ਕਿਸ਼ਨਾ ਦਾ ਭਾਂਢਾ ਪੂਰਾ ਭਰ ਗਿਆ ਗਰਦਨ ਉੱਪਰ ਚੁੱਕ ਕੇ ਉਸ ਨੇ ਦੇਖਿਆ। ਨਿੱਲਾ ਅਜੇ ਵੀ ਉਥੇ ਹੀ ਖੜਾ ਸੀ। ਕਿਸ਼ਨਾ ਨੂੰ ਉਹਦੇ ਤੇ ਤਰਸ ਆਇਆ। ਫਿਰ ਤੇਜੀ ਨਾਲ ਦੋ ਚਾਰ ਮਾਸ ਦੇ ਟੁਕੜੇ ਕੱਟ ਕੇ ਉਹਨੇ ਨਿਲਾ ਵੱਲ ਸੁੱਟਦਿਆ ਹੋਇਆ ਉਹ ਬੋਲਿਆ... ਲੈ ਉਏ ਨਿਲ੍ਹਾ ਮਾਸ ਦੇ ਟੁਕੜੇ ... ਸਾਲਿਆ ਪਤੀਲੀ 'ਚ ਪਾ ਲੈ... ਉਹ ਹੋ ਸਾਲਿਆ ਟੁਕੜੇ ਮਿੱਟੀ 'ਚ ਡਿੱਗ ਪਏ। ਬਾਇਜਾ ਬੁੱਢੀ ਚੁੱਕਣ ਹੀ ਵਾਲੀ ਸੀ ਕਿ ਕਿਸ਼ਨਾ ਬੋਲ ਪਿਆ, "ਏ ਬੁੱਢੀ ! ਚੱਲ ਹੱਟ ਚੁੱਕਣ ਦੇ ਉਹਨੂੰ।" ਨਿਲ੍ਹਾ ਨੇ ਚੱਕ ਕੇ ਪਤੀਲੀ 'ਚ ਪਾ ਲਏ। ਕਿਸ਼ਨਾ ਨੇ ਉਹਨੂੰ ਮਰੇ ਡੰਗਰ ਦੇ ਕੋਲ ਆਉਣ ਦੀ ਥਾਂ ਦੇ ਦਿੱਤੀ ਇਸ ਤੋਂ ਪਹਿਲਾਂ ਕਿ ਉਹ ਉਥੇ ਪਹੁੰਚਦਾ ਉਸ ਨੂੰ ਧੱਕਾ ਲੱਗਾ ਤੇ ਫਿਰ ਪਿੱਛੇ ਧਕੇਲ ਦਿੱਤਾ ਗਿਆ।

ਗਾਂ ਦੀਆਂ ਹੁਣ ਹੱਡੀਆ ਹੀ ਬਚੀਆਂ ਸਨ। ਉਨ੍ਹਾਂ ਹੱਡੀਆਂ ਨੂੰ ਵੀ ਛਿੱਲ-ਛਿੱਲ ਕੇ ਲੋਕ ਭਾਂਢਿਆ 'ਚ ਭਰਨ ਲੱਗ ਪਏ ਸਨ। ਲੋਕ ਲਹੂ ਨਾਲ ਇੰਝ ਰੰਗੇ ਗਏ ਸੀ ਕਿ ਲਗਦਾ ਸੀ ਜਿਵੇਂ ਹੋਲੀ ਖੇਡੀ ਹੋਵੇ। ਹੱਥ ਪੈਰ, ਸਰੀਰ ਦੇ ਫਟੇ ਹੋਏ ਕੱਪੜੇ, ਮੂੰਹ ਨੱਕ ਕੰਨ ਸਿਰ ਦੇ ਵਾਲ਼ ਸਭ ਇਕ ਹੀ ਰੰਗ 'ਚ ਰੰਗੇ ਹੋਏ ਸਨ।

ਫਿਰ ਉਹ ਸਭ ਆਪਣੀ ਆਪਣੀ ਝੁੱਗੀ ਵੱਲ ਤੁਰ ਪਏ। ਹੱਥਾਂ 'ਚ ਕੱਪੜਿਆ 'ਚ ਮਿੱਟੀ ਦੇ ਬਰਤਨ, ਕੱਪੜੇ ਧੋਤੀਆਂ ਜਿਥੇ ਜਿਸ ਨੂੰ ਠੀਕ ਲੱਗਦਾ ਸੀ ਉਸੇ ਤਰ੍ਹਾਂ ਲਹੂ ਨਾਲ ਲੱਥਪਥ ਮਾਸ ਲੈ ਕੇ ਉਹ ਜਾ ਰਹੇ ਸਨ।

ਬਾਅਦ ਵਿਚ ਕਾਂ, ਚੀਲ, ਇੱਲ੍ਹਾਂ ਦੀ ਵਾਰੀ ਆ ਗਈ ਸੀ। ਕੁੱਤੇ ਵੀ ਜਾਗ ਪਏ। ਅਤੇ ਹੱਡੀਆਂ ਦੇ ਇਸ ਪਿੰਜ਼ਰ ਤੇ ਟੁੱਟ ਪਏ। ਘਰ ਦੇ ਵੱਲ ਜਾਣ ਵਾਲਿਆ ਵੱਲ ਕਾਂਵਾ ਦੀਆਂ ਨਜ਼ਰ ਪਈ। ਕਾਂ ਉਹਨਾਂ ਦੇ ਦੁਆਲੇ ਚੱਕਰ ਕੱਢਣ ਲੱਗ ਪਏ। ਇਕ ਅੱਧਾ ਟੁਕੜਾ ਮੂੰਹ 'ਚ ਲੈ ਕੇ ਕਾਂ, ਚੀਲ, ਇੱਲ੍ਹਾਂ ਦਰਖ਼ਤ ਤੇ ਲੈ ਕੇ ਜਾਂਦੇ ਅਤੇ ਫਿਰ ਮੰਡਰਾਉਣ ਲੱਗ ਪੈਂਦੇ। ਉਨ੍ਹਾਂ ਦੀ ਆਦਤ ਸੀ। ਇਕ ਹੱਥ ਨਾਲ ਸਿਰ ਦਾ ਭਾਂਢਾ ਸੰਭਾਲ ਕੇ ਰੱਖਣਾ ਦੂਜੇ ਹੱਥ ਨਾਲ ਛੁਰੀ ਅਤੇ ਲਕੜੀ ਉਪਰ ਘੁਮਾ ਕੇ ਕਾਂ ਅਤੇ ਇੱਲ੍ਹਾਂ ਨੂੰ ਡਰਾਉਣ ਦੀ ਅਸਫ਼ਲ ਕੋਸ਼ਿਸ਼ ਕਰ ਰਹੇ ਸਨ। ਇਸ ਤਰ੍ਹਾਂ ਦਾ ਭਾਰ ਸਿਰ ਉਪਰ ਪੂਰਾ ਸੰਤੁਲਨ ਦੇ ਨਾਲ ਲੈ ਕੇ ਚੱਲਣ ਦੀ ਉਨ੍ਹਾਂ ਨੂੰ ਆਦਤ ਸੀ।

ਨਿੱਲ੍ਹਾ ਕੁੱਤੇ ਨੂੰ ਭਜਾ ਰਿਹਾ ਸੀ। ਕੁੱਤੇ ਉਸ ਵੱਲ ਲਪਟਦੇ ਅਤੇ ਉਹ ਪੱਥਰ ਮਾਰਦਾ। ਚੀਲ ਤੇ ਇੱਲ੍ਹਾ ਨੂੰ ਵੀ ਇੱਟਾ ਢੀਮਾ ਮਾਰਦਾ। ਨਿੱਲ੍ਹਾ ਬਚੇ-ਖੁਚੇ ਮਾਸ ਨੂੰ ਛੁਰੀ ਨਾਲ ਬੜੀ ਸ਼ਕਤੀ ਨਾਲ ਕੱਢ ਰਿਹਾ ਸੀ। ਉਂਝ ਕਿਸ਼ਨਾ ਨੇ ਉਸ ਨੂੰ ਜਿਹੜਾ ਮਾਸ ਦਿੱਤਾ ਸੀ ਉਹ ਚੰਗਾ ਸੀ। ਬਾਕੀ ਸਭ ਹੱਡੀਆ ਹੀ ਸਨ। ਐਨੇ ਨੂੰ ਇਕ ਕਾਂ ਨੇ ਗਾਂ ਦੀ ਇਕ ਅੱਖ ਦੇ ਵਿਚ ਚੁੰਝ ਮਾਰ ਕੇ ਪਾੜ ਦਿੱਤੀ। ਉਸ ਨੂੰ ਭਜਾਉਂਦੇ ਸਮੇਂ ਨਿਲ੍ਹਾ ਦਾ ਧਿਆਨ ਅਚਾਨਿਕ ਗਾਂ ਦੀ ਜੀਭ ਵੱਲ ਗਿਆ। ਜੀਭ ਬਾਹਰ ਨਿਕਲ ਆਈ ਸੀ।

ਉਹ ਸੋਚਣ ਲੱਗਾ ਕਿ ਸਭ ਦੀਆਂ ਨਜ਼ਰਾਂ ਤੋਂ ਇਹ ਕਿੰਝ ਬਚ ਗਈ ? ਹੋ ਸਕਦਾ ਹੈ ਗਾਂ ਨੇ ਮੇਰੇ



ਲਈ ਹੀ ਉਹ ਲਕੋ ਕੇ ਰੱਖੀ ਹੋਵੇ। ਉਸ ਨੇ ਜੋਰ ਲਾ ਕੇ ਜੀਭ ਕੱਟ ਕੇ ਪਤੀਲੀ 'ਚ ਪਾ ਲਈ। ਐਨੇ ਨੂੰ ਦੋ ਕੁੱਤਿਆ ਦੇ ਵਿਚਕਾਰ ਲੜਾਈ ਹੋ ਗਈ। ਲੜਾਈ ਦੌਰਾਨ ਇਕ ਕੁੱਤੇ ਦੇ ਮੂੰਹ ਚੋਂ ਹੱਡੀ ਡਿੱਗ ਪਈ ਸੀ। ਨਿੱਲ੍ਹਾ ਨੇ ਜ਼ੋਰ ਨਾਲ ਰੋੜਾ ਮਾਰ ਕੇ ਦੋਹਾਂ ਨੂੰ ਭਜਾ ਦਿੱਤਾ। ਤੇ ਉਸ ਹੱਡੀ ਦੇ ਟੁਕੜੇ ਨੂੰ ਪਤੀਲੀ 'ਚ ਪਾ ਲਿਆ। ਜਿਨਾ ਕੁਝ ਇਕੱਠਾ ਹੋਇਆ ਉਨ੍ਹਾਂ ਹੀ ਕਾਫੀ ਹੈ ਇਹ ਸੋਚ ਕੇ ਉਹ ਉੱਠ ਪਿਆ। ਛੁਰੀ ਵੀ ਪਤੀਲੀ 'ਚ ਰੱਖ ਦਿੱਤੀ। ਪਤੀਲੀ ਹੱਡੀਆਂ ਨਾਲ ਹੀ ਭਰੀ ਹੋਈ ਸੀ। ਉਸ ਨੇ ਪਤੀਲੀ ਸਿਰ ਤੇ ਰੱਖੀ ਤੇ ਘਰ ਵੱਲ ਨੂੰ ਤੁਰ ਪਿਆ। ਪ੍ਰੰਤੂ ਚੀਲ ਇੱਲ੍ਹਾ ਤੇ ਕੁੱਤੇ ਉਸ ਉਪਰ ਝਪਟਣ ਲੱਗ ਪਏ। ਕਾਂ ਪਤੀਲੀ ਉੱਤੇ ਟੱਪਣ ਲੱਗ ਪਏ। ਇਕ ਕੰਡਿਆ ਵਾਲੀ ਟਾਹਣੀ ਚੁੱਕ ਕੇ ਉਹ ਉਨ੍ਹਾਂ ਨੂੰ ਉਡਾਉਣ ਲੱਗ ਪਿਆ। ਇਕ ਇੱਲ੍ਹ ਉਸਦੀ ਪਤੀਲੀ ਤੇ ਝਪਟ ਪਈ। ਪਲ ਝਿਣ ਨਿੱਲ੍ਹਾ ਆਪਣੇ ਆਪ ਨੂੰ ਸੰਭਾਲ ਨਾ ਸਕਿਆ। ਫਿਰ ਵੀ ਉਹ ਸੰਭਲ ਗਿਆ। ਅਤੇ ਦੌੜਨ ਲੱਗਾ, ਇਹ ਦੇਖ ਕੇ ਕੁੱਤੇ ਵੀ ਭੌਂਕਣ ਲੱਗ ਪਏ। ਸਭ ਤੋਂ ਬਚਦੇ ਹੋਏ ਉਹ ਦੌੜਨ ਲੱਗ ਪਿਆ। ਇਸ ਭੱਜ ਦੌੜ 'ਚ ਹੀ ਉਸਦਾ ਪੈਰ ਕੰਡਿਆ ਵਾਲੀ ਟਾਹਣੀ ਉੱਤੇ ਜਾ ਲੱਗਿਆ। ਪੈਰਾਂ 'ਚ ਕੰਡੇ ਚੁੱਭ ਗਏ। ਇੱਲ੍ਹਾਂ ਨੇ ਫਿਰ ਤੋਂ ਉਨ੍ਹਾਂ ਦਾ ਪਿੱਛਾ ਕੀਤਾ ਅਤੇ ਪਤੀਲੀ ਤੇ ਟੁੱਟ ਪਈਆ। ਪੈਰਾਂ 'ਚ ਕੰਡੇ ਦਾ ਖੁੱਭ ਜਾਣਾ ਅਤੇ ਉਪਰ ਤੋਂ ਇੱਲ੍ਹਾ ਅਤੇ ਪਤੀਲੀ ਕੰਡਿਆ ਦੀਆਂ ਝਾੜੀਆਂ 'ਚ ਮੂਧੀ ਹੋ ਗਈ। ਕੰਡਿਆ ਦੀਆਂ ਝਾੜੀਆਂ 'ਚ ਮਾਸ ਅਤੇ ਹੱਡੀਆ ਦੇ ਟੁਕੜੇ ਮਿੱਟੀ 'ਚ ਡਿੱਗ ਪਏ ਸੀ। ਉਨ੍ਹਾਂ ਤੇ ਕੁੱਤੇ ਝਪਟਣ ਲੱਗੇ। ਕਾਂ, ਚੀਲਾਂ, ਕਾਂ-ਕਾਂ ਕਰਨ ਲੱਗੇ ਅਤੇ ਹੱਡੀਆ ਲੈ ਕੇ ਉੜਨ ਲੱਗ ਪਏ ਕੁੱਤੇ ਹੱਡੀਆਂ ਨੂੰ ਲੈ ਕੇ ਭੱਜਣ ਲੱਗੇ। ਨਿੱਲ੍ਹਾ ਉਨ੍ਹਾਂ ਨੂੰ ਭਜਾ ਰਿਹਾ ਸੀ। ਕੰਡੇ ਚੁੱਭਣ ਦੇ ਕਾਰਨ ਪੈਰਾਂ 'ਚ ਲਹੂ ਵਹਿ ਰਿਹਾ ਸੀ। ਅੱਗੇ ਚੱਲਿਆ ਨਹੀਂ ਜਾ ਰਿਹਾ ਸੀ। ਪ੍ਰੰਤੂ ਚੱਲਣਾਂ ਤਾਂ ਜਰੂਰੀ ਸੀ ਹੀ। ਪਤੀਲੀ ਦੇ ਕੋਲ ਜਾ ਕੇ ਸਾਰਾ ਖਿਲਰਿਆ ਮਾਸ ਇਕੱਠਾ ਕਰਕੇ, ਮੁੜ ਪਤੀਲੀ 'ਚ ਪਾਉਣਾ ਜਰੂਰੀ ਸੀ। ਉਹ ਸਹਿਜ ਨਾਲ ਪਤੀਲੀ ਦੇ ਕੋਲ ਗਿਆ। ਪਤੀਲੀ ਪਰ੍ਹੇ ਕਰਕੇ ਰੱਖ ਦਿੱਤੀ। ਫਿਰ ਦੋਵੇਂ ਹੱਥਾਂ ਨਾਲ ਮਿੱਟੀ ਨਾਲ ਲਿਬੜੇ ਹੋਏ ਮਾਸ ਦੇ ਟੁਕੜਿਆ ਦੀ ਮਿੱਟੀ ਸਾਫ ਕਰਕੇ ਉਨ੍ਹਾਂ ਨੂੰ ਪਤੀਲੀ 'ਚ ਪਾਉਣ ਲੱਗ ਪਿਆ। ਧੂੜ ਨਾਲ ਲਿਬੜੀਆਂ ਹੋਈਆ ਹੱਡੀਆ ਪਾਉਂਦੇ ਸਮੇਂ ਉਹ ਆਪਣੇ ਪੈਰਾਂ ਦਾ ਦੁੱਖ ਦਰਦ ਭੁੱਲਣ ਲੱਗਾ ਸੀ। ਉਪਰ ਕਾਂ, ਚੀਲ ਅਤੇ ਇੱਲ੍ਹਾ ਘੁੰਮ ਰਹੀਆ ਸਨ... ਕੁੱਤੇ ਭੌਂਕ ਰਹੇ ਸਨ, ਅਤੇ ਨਿਲ੍ਹਾ ... ਆਪਣੀ ਪਤੀਲੀ ਭਰਨ 'ਚ ਮਸਤ ਸੀ। ⊘

ਅਮਰੀਕ ਸਿੰਘ ਕੰਡਾ ਹੁਣ ਕਿਸੇ ਜਾਣ ਪਛਾਣ ਦਾ ਮੁਹਤਾਜ ਨਹੀਂ ਰਿਹਾ। ਬਹੁਤ ਥੋੜੇ ਅਰਸੇ ਵਿਚ ਉਸਨੇ ਪੰਜਾਬੀ ਸਾਹਿਤ ਵਿਚ ਆਪਣੇ ਮਿਲਣਸਾਰ ਵਤੀਰੇ ਅਤੇ ਲਗਾਤਾਰ ਛਪਣ ਨਾਲ ਜ਼ਿਕਰਯੋਗ ਥਾਂ ਬਣਾ ਲਈ ਹੈ। 'ਲੀਹੋਂ ਪਰ੍ਹੇ' ਕਥਾ ਸੰਗ੍ਰਹਿ ਤੋਂ ਬਾਅਦ 'ਅੱਜ ਦੇ ਚਾਣਕਯ' ਤਕ ਉਹ ਨਵੀਂ ਪੀੜ੍ਹੀ ਦੇ ਕਹਾਣੀਕਾਰਾਂ ਵਿਚੋਂ ਸਾਹਿਤ ਅਤੇ ਜੀਵਨ ਦੇ ਹਰ ਖੇਤਰ ਵਿਚ ਮੋਹਰੀ ਭੂਮਿਕਾ ਨਿਭਾ ਰਿਹਾ ਹੈ। ਮੱਧਵਰਗੀ ਪਰਿਵਾਰਾਂ ਅਤੇ ਸਮਾਜ ਦੀ ਉਸਨੂੰ ਯਥਾਰਕ ਸੋਝੀ ਹੀ ਨਹੀਂ ਸਗੋ ਅਨੁਭਵ ਵੀ ਹੈ। ਪਹਿਲਾਂ ਮੈਂ ਆਪ ਮਹਿਸੂਸ ਕੀਤਾ ਸੀ ਪਰ ਹੁਣ ਮੈਨੂੰ ਪੂਰਾ ਵਿਸ਼ਵਾਸ਼ ਹੈ ਕਿ ਉਹ ਮੱਧਵਰਗੀ ਲੋਕਾਂ ਦੀ ਚੇਤਨਾ ਦੇ ਕਹਾਣੀਕਾਰਾਂ ਵਜੋਂ ਪੰਜਾਬੀ ਕਥਾ ਜਗਤ ਵਿਚ ਸਥਾਪਤ ਹੋਵੇਗਾ।

- ਬਲਦੇਵ ਸਿੰਘ

ਚੇਤਨਾ ਪ੍ਰਕਾਸ਼ਨ
ਪੰਜਾਬੀ ਭਵਨ, ਲੁਧਿਆਣਾ -141 001
ਫੋਨ : 0161-2413613, 2404928
ਮੋਬਾਇਲ : 98152-98459
E-mail chetnaparkashan@sify.com

ਅੱਜ ਦੇ ਚਾਣਕਯ
ਅਮਰੀਕ ਸਿੰਘ ਕੰਡਾ
ਮੁੱਲ 70 ਰੁਪਏ

ਹਿੰਦੀ ਕਹਾਣੀ

# ਐਲਿਜਾਬਿਥ / ਸੂਰਜਪਾਲ ਚੌਹਾਨ / ਅਨੁਵਾਦ : ਮਦਨ ਵੀਰਾ



ਮੈਂ ਅੱਜ ਦਸ ਵਰ੍ਹਿਆ ਬਾਅਦ ਵਿਨੋਦ ਵਸ਼ਿਸ਼ਟ ਨੂੰ ਮਿਲਿਆ ਸੀ। ਇੱਕ ਸਰਕਾਰੀ ਨੌਕਰੀ ਅਤੇ ਦੂਜਾ ਸ਼ਹਿਰ ਦਰ ਸ਼ਹਿਰ ਤਬਾਦਲੇ ਹੁੰਦੇ ਰਹਿਣ ਕਾਰਨ ਮੈਂ ਆਪਣੇ ਦਿੱਲੀ ਰਹਿਣ ਵਾਲੇ ਸਾਹਿਤਕ ਮਿੱਤਰਾਂ ਨਾਲੋਂ ਅਲੱਗ-ਥਲੱਗ ਹੋ ਗਿਆ ਸੀ। ਵਿਨੋਦ ਅੱਜ ਵੀ ਦਿੱਲੀ ਦੇ ਨਜ਼ਦੀਕ ਹੀ ਗੁੜਗਾਂਵਾ ਵਿਖੇ ਇਕ ਕਾਲਜ 'ਚ ਲੈਕਚਰਾਰ ਹੈ। ਉਨ੍ਹਾਂ ਦਿਨਾਂ 'ਚ ਉਹ ਰਹਿੰਦਾ ਵੀ ਉੱਥੇ ਹੀ ਸੀ। ਅਧਿਆਪਨ ਦੇ ਨਾਲ ਨਾਲ ਉਹ ਸਾਹਿਤਕ ਰਸਾਲਿਆ ਲਈ ਵੀ ਨਿਰੰਤਰ ਲਿਖਦਾ ਸੀ। ਇਸ ਖੇਤਰ ਵਿੱਚ ਉਸ ਨੇ ਇੱਕ ਤਰ੍ਹਾਂ ਨਾਲ ਆਪਣੀ ਪਛਾਣ ਬਣਾ ਲਈ ਸੀ।

ਵਿਨੋਦ ਦੀ ਸਾਹਿਤਕ ਪਛਾਣ ਅਤੇ ਉਸਦੀ ਬੋਧਿਕਤਾ ਤੋਂ ਪ੍ਰਭਾਵਿਤ ਹੋ ਕੇ ਹੀ ਅਲਿਜਾਬਿਥ ਉਸ ਵੱਲ ਖਿੱਚੀ ਗਈ ਸੀ। ਮਾਰਕਸਵਾਦੀ ਸਾਹਿਤ ਨਾਲ ਵੀ ਐਲਿਜਾ ਨੂੰ ਵਿਨੋਦ ਨੇ ਹੀ ਜੋੜਿਆ ਸੀ। ਉਨ੍ਹਾਂ ਦਿਨ੍ਹਾਂ ਦੀ ਇਹ ਮਿੱਤਰਤਾ ਦਿਨ ਪਰ ਦਿਨ ਵੱਧਦੀ ਵੱਧਦੀ ਜਲਦੀ ਹੀ ਪਿਆਰ ਵਿੱਚ ਬਦਲ ਗਈ ਸੀ। ਇੱਕ ਸ਼ਾਮ ਇੰਡੀਆ ਗੇਟ ਦੇ ਪਾਰਕ ਵਿੱਚ ਉਹ ਦੋਨੋ ਇੱਕ ਦੂਸਰੇ ਦਾ ਹੱਥ ਫੜੀ ਮੈਨੂੰ ਅਚਾਨਕ ਮਿਲੇ ਸੀ। ਵਿਨੋਦ ਨੇ ਅਲਿਜਾਬਿਥ ਨਾਲ ਮੇਰੀ ਜਾਣ ਪਛਾਣ ਕਰਾਉਂਦੇ ਹੋਏ ਕਿਹਾ ਸੀ, "ਅਸ਼ੋਕ ਇਹ ਅਲਿਜਾਬਿਥ ਹੈ, ਮੇਰੀ ਮਿੱਤਰ , ... ਨਵੀਂ ਦਿੱਲੀ ਆਰ. ਕੇ. ਪੁਰਮ ਦੇ ਕੇਂਦਰੀ ਵਿਦਿਆਲੇ 'ਚ ਅੰਗਰੇਜ਼ੀ ਦੀ ਅਧਿਆਪਕ...।"

ਐਲਿਜਾਬਿਥ ਸੁਘੜ ਸਿਆਣੀ ਕੁੜੀ ਤਾਂ ਸੀ ਹੀ। ਉਸ ਦਿਨ ਨੀਲੇ ਅਸਮਾਨੀ ਰੰਗ ਦੀ ਸਾੜ੍ਹੀ 'ਚ ਉਸਦਾ ਕਣਕਵੰਨਾ ਦਗਦਾ ਚਿਹਰਾ... ਤੇ ਦਿੱਖ 'ਚ ਕੁਝ ਅਜਿਹਾ ਸੀ ਜੋ ਦੇਖਣ ਵਾਲੇ ਨੂੰ ਪ੍ਰਭਾਵਿਤ ਕਰਦਾ ਸੀ। ਉਸਦੀਆਂ ਮੋਟੀਆ ਮੋਟੀਆ ਹਿਰਨੀ ਵਰਗੀਆਂ ਅੱਖਾਂ ਸਨ। ਉਹ ਮੂੰਹੋਂ ਭਾਵੇਂ ਘੱਟ ਬੋਲਦੀ ਸੀ ਪਰ ਅੱਖਾਂ ਕਈ ਕੁਝ ਕਹਿ ਜਾਂਦੀਆਂ ਸਨ। ਪਰ ਉਸ ਦੀ ਆਵਾਜ਼ ਬਹੁਤ ਮਿੱਠੀ ਤੇ ਟੁਣਕਵੀ ਸੀ।

ਵਿਨੋਦ ਵਸ਼ਿਸ਼ਟ ਅਤੇ ਐਲਿਜਾ ਦੇ ਪਿਆਰ ਦਾ ਕਿੱਸਾ ਦਿੱਲੀ ਦੇ ਹਰ ਸਾਹਿਤਕਾਰ ਦੀ ਜ਼ਬਾਨ ਤੇ ਸੀ। ਉਹ ਹੁਣ ਬੇਝਿਜਕ ਦਿੱਲੀ ਦੀਆਂ ਸਾਹਿਤਕ ਸਰਗਰਮੀਆਂ 'ਚ ਹਾਜ਼ਰ ਰਹਿੰਦੇ ਅਤੇ ਘੰਟਿਆ ਬੱਧੀ ਬਹਿਸਾ 'ਚ ਸ਼ਰੀਕ ਹੁੰਦੇ। ਵਿਨੋਦ ਸ਼ੁਰੂ ਤੋਂ ਹੀ ਪ੍ਰਗਤੀਸ਼ੀਲ ਤੇ ਖੱਬੇ ਪੱਖੀ ਵਿਚਾਰਧਾਰਾ ਨਾਲ ਜੁੜਿਆ ਹੋਇਆ ਸੀ। ਉਹ ਹਮੇਸ਼ਾ ਆਪਣੀ ਚਰਚਾ ਦਾ ਕੇਂਦਰ ਵਰਗ ਵੰਡ ਨੂੰ ਬਣਾਉਂਦਾ। ਉਸਦੀ ਦਲੀਲ ਹੁੰਦੀ ਕਿ ਜਦੋਂ ਅਮੀਰ ਗਰੀਬ ਦਾ ਭੇਦ ਹੀ ਮੁੱਕ ਗਿਆ ਫਿਰ ਵਰਣ-ਵੰਡ ਜਾਂ ਉਚ-ਨੀਚ ਦੀ ਭਾਵਨਾ ਦੇਸ਼ ਚੋਂ ਆਪਣੇ ਆਪ ਖਤਮ ਹੋ ਜਾਵੇਗੀ। ਅਲਿਜਾਬਿਥ ਉਸਦੇ ਇਨ੍ਹਾਂ ਹੀ ਵਿਚਾਰਾਂ ਤੋਂ ਪ੍ਰਭਾਵਿਤ ਹੋਈ ਸੀ। ਉਹ ਅੰਦਰੋਂ ਅੰਦਰੀ ਆਪਣੇ ਆਪ ਨਾਲ ਚਿਤਵਦੀ ਮੁਸਕਰਾ ਲੈਂਦੀ ਤੇ ਸੋਚਦੀ.., "ਕਿ ਵਿਨੋਦ ਦੇ ਵਿਚਾਰ ਕਿੰਨੇ ਚੰਗੇ ਹਨ, ਊਚ-ਨੀਚ ਤੇ ਸੁੱਚ-ਭਿੱਟ ਤੋਂ ਕੋਹਾਂ ਦੂਰ...।"

ਕਈ ਵਾਰ ਵਿਨੋਦ ਦੀਆਂ ਗੱਲਾਂ ਸੁਣਕੇ ਮੈਂ ਵੀ ਸੋਚਦਾ ਕਿ ਉਹ ਛੂਆ ਛੂਤ ਅਤੇ ਧਰਮ ਦੇ ਪਖੰਡਾਂ ਤੋਂ ਸੱਚ ਮੁੱਚ ਹੀ ਬਹੁਤ ਦੂਰ ਹੈ। ਇੱਕ ਦੋ ਵਾਰ ਉਸਨੇ ਮੈਨੂੰ ਵੀ ਦੱਬੀ ਸੁਰ 'ਚ ਕਿਹਾ, "ਕਿਉ



ਦਲਿਤ ਸਾਹਿਤ ਦੇ ਚੱਕਰ 'ਚ ਪਏ ਹੋ ਕੀ ਸਾਹਿਤ ਵੀ ਦਲਿਤ ਹੁੰਦਾ ਹੈ ?" ਪਰ ਮੈਨੂੰ ਉਸਦੀ ਕਹਿਣੀ ਤੇ ਕਰਨੀ ਦਾ ਫ਼ਰਕ ਹੈਰਾਨ ਕਰ ਦਿੰਦਾ। ਉਹਦੇ ਘਰ 'ਚ ਜਦੋਂ ਵੀ ਕੋਈ ਧਾਰਮਿਕ ਜਾਂ ਸਮਾਜਿਕ ਰਸਮ ਹੁੰਦੀ ਤਾਂ ਉਹ ਹਮੇਸ਼ਾ ਹੀ ਪੂਰੀ ਸ਼ਰਧਾਂ ਨਾਲ ਮਨ-ਚਿੱਤ ਲਾ ਕੇ ਅੱਗੇ ਹੁੰਦਾ। ਉਹ ਆਪਣੇ ਗੁੱਟ ਤੇ ਲਾਲ ਮੌਲੀ ਦੀ ਤੰਦ ਅਤੇ ਮੱਥੇ ਤੇ ਗਿੱਠ ਜਿੱਡਾ ਤਿਲਕ ਲਾ ਕੇ ਘੁੰਮਦਾ। ਇਹ ਹਾਲ ਸਿਰਫ ਵਿਨੋਦ ਵਸ਼ਿਸ਼ਟ ਦਾ ਹੀ ਨਹੀਂ ਸੀ। ਆਪਣੇ ਆਪ ਨੂੰ ਕੱਟੜ ਕਾਮਰੇਡ ਕਹਾਉਣ ਵਾਲੇ ਤ੍ਰਿਪਾਠੀਆਂ, ਭਾਰਦਵਾਜਾਂ, ਸ਼ਰਮਿਆ. ਪਾਂਡਿਆ ਅਤੇ ਮਲਹੋਤਰਿਆ ਆਦਿ ਦਾ ਵੀ ਸੀ। ਇਨ੍ਹਾਂ ਸਾਰਿਆ ਦੇ ਗੁੱਟਾਂ ਤੇ ਮੌਲੀ ਦੀ ਤੰਦ ਬੱਝੀ ਰਹਿੰਦੀ ਅਤੇ ਹੱਥਾਂ ਦੀਆਂ ਉਂਗਲਾਂ 'ਚ ਤਰ੍ਹਾਂ ਤਰ੍ਹਾਂ ਦੇ ਨਗਾ ਦੀਆਂ ਅੰਗੂਠੀਆ ਫਸੀਆ ਰਹਿੰਦੀਆਂ। ਉਹ ਅਕਸਰ ਮੰਚ ਤੇ ਬੋਲਦੇ ਸਮੇਂ ਆਪਣੇ ਮੌਲੀ ਵਾਲੇ ਗੁੱਟ ਅਤੇ ਨਗਾਂ ਵਾਲੀਆ ਉਂਗਲਾ ਨੂੰ ਹਵਾ 'ਚ ਲਹਿਰਾ ਕੇ ਆਪਣੀ ਗੱਲ ਕਰਦੇ। ਇਸ ਵਿਸ਼ੇ ਤੇ ਜਦੋਂ ਵੀ ਮੈਂ ਵਿਨੋਦ ਨਾਲ ਚਰਚਾ ਕਰਦਾ ਉਹ ਬੜੀ ਚਲਾਕੀ ਨਾਲ ਇਸ ਗੱਲ ਨੂੰ ਹਾਸੇ 'ਚ ਪਾ ਕੇ ਟਾਲਦਾ ਹੋਇਆ ਕਹਿੰਦਾ, "ਹੁਣ ਯਾਰ ਘਰ ਵਾਲਿਆ ਦੀ ਵੀ ਤਾਂ ਮੰਨਣੀ ਹੋਈ, ਸੈਂਕੜੇ ਵਰ੍ਹਿਆ ਦੇ ਸੰਸਕਾਰ ਇੱਕ ਦਮ ਤਾਂ ਨਹੀਂ ਟੁੱਟ ਸਕਦੇ ।"

ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਇੱਕ ਵਾਰ ਉਸਨੇ ਮੈਨੂੰ ਸਮਝਾਉਂਦੇ ਹੋਏ ਕਿਹਾ ਸੀ,

"ਅਸ਼ੋਕ ਆਪਣੇ ਮਿੱਤਰਾਂ ਅਤੇ ਦੁਸ਼ਮਣਾਂ ਦੀ ਪਛਾਣ ਕਰਨਾ ਸਿੱਖ, ਅਸੀਂ ਭਾਰਤ ਦੇ ਕਾਮਰੇਡ, ਦਲਿਤ ਸਮਾਜ ਦੇ ਮਿੱਤਰ ਹਾਂ। ਹੁਣ ਸਮਾਂ ਆ ਗਿਆ ਹੈ ਕਿ ਅਸੀਂ ਆਪਣੀ ਇਸ ਸਾਂਝੀ ਲੜ੍ਹਾਈ ਨੂੰ 'ਕੱਠੇ ਹੋ ਕੇ ਲੜੀਏ। ਦਲਿਤ ਲੇਖਕਾਂ ਨੂੰ ਹੁਣ ਸਾਡੇ ਤੇ ਵਿਸ਼ਵਾਸ ਕਰਨਾ ਪਏਗਾ।" ਮੈਂ ਉਸ ਦੀ ਇਹ ਗੱਲ ਸੁਣ ਕੇ ਉਦੋਂ ਮੁਸਕਰਾ ਪਿਆ ਸੀ। ਮੈਂ ਸੋਚ ਰਿਹਾ ਸੀ ਕਿ ਅਜਾਦੀ ਦੇ ਅਠਵੰਜਾ ਵਰ੍ਹਿਆ ਬਾਅਦ ਵੀ ਇਨ੍ਹਾਂ ਖੱਬੇ ਪੱਖੀ ਪਾਰਟੀਆਂ 'ਚ ਕੋਈ ਦਲਿਤ ਆਗੂ ਕਿਉਂ ਨਹੀਂ ਉਭਰਿਆ ? ਪਾਰਟੀ ਦੇ ਵੱਡੇ ਵੱਡੇ , ਉੱਚੇ ਅਹੁਦਿਆ 'ਤੇ ਅੱਜ ਵੀ ਕਿਉ ਬ੍ਰਾਹਮਣਾ ਅਤੇ ਉੱਚ ਜਾਤੀਆ ਦਾ ਕਬਜ਼ਾ ਹੈ। ਫਿਰ ਹੁਣ ਅਸੀਂ ਇਨ੍ਹਾਂ ਤੇ ਯਕੀਨ ਕਿਵੇਂ ਕਰੀਏ ? ਪਹਿਲਾ ਇਹ ਲੋਕ ਆਪ ਦਲਿਤ ਸਮਾਜ ਦੇ ਵਿਸ਼ਵਾਸ ਪਾਤਰ ਬਣਨ। ਪਰ ਉਸ ਦਿਨ ਮੈਂ ਬਹਿਸ 'ਚ ਪੈਣਾ ਨਹੀਂ ਸੀ ਚਾਹੁੰਦਾ ਇਸ ਕਰਕੇ ਮੈਂ ਗੱਲ ਅੱਗੇ ਨਾ ਤੋਰੀ।

ਐਲਿਜਾਬਿਥ ਵਿਨੋਦ ਦੀਆਂ ਰਚਨਾਵਾਂ ਤੋਂ ਤਾਂ ਪਹਿਲਾ ਹੀ ਪ੍ਰਭਾਵਿਤ ਸੀ ਪਰ ਉਸ ਨਾਲ ਮੁਹੱਬਤ ਦੀ ਸਾਂਝ ਨੇ ਉਸਨੂੰ ਪਰ ਲਾ ਦਿੱਤੇ ਕਈ ਵਾਰ ਉਹ ਆਪਣੇ ਘਰਦਿਆ ਦੀ ਮਰਜ਼ੀ ਦੇ ਖਿਲਾਫ ਵਿਨੋਦ ਦੇ ਨਾਲ ਹਿੱਲ ਸ਼ਟੇਸ਼ਨ ਵੀ ਘੁੰਮ ਆਈ ਸੀ। ਵਿਨੋਦ ਦੀ ਖਿੱਚ ਨੇ ਉਸਨੂੰ ਮੁਹੱਬਤ ਦੇ ਰੰਗ 'ਚ ਹੀ ਨਹੀਂ ਮਾਰਕਸੀ ਵਿਚਾਰਧਾਰਾ ਦੇ ਰੰਗ 'ਚ ਵੀ ਰੰਗ ਦਿੱਤਾ ਸੀ। ਜਿਵੇਂ ਕਿ ਅਕਸਰ ਹੁੰਦਾ ਹੈ ਕਿ ਮਹੁੱਬਤ ਦੇ ਬੰਧਨ 'ਚ ਬੱਝੇ ਪ੍ਰੇਮੀ ਆਪਣੇ ਹੋਸ਼ੋ-ਹਵਾਸ਼ ਖੋਹ ਬੈਠਦੇ ਨੇ। ਐਲਿਜਾ ਨਾਲ ਵੀ ਕੁਝ ਇਸ ਤਰ੍ਹਾਂ ਹੀ ਹੋਇਆ ਸੀ। ਦੇਖਦਿਆ ਹੀ ਦੇਖਦਿਆ ਉਸਨੇ ਵਿਨੋਦ ਨਾਲ ਬਹੁਤ ਲੰਬਾ ਸਫ਼ਰ ਤਹਿ ਕਰ ਲਿਆ ਸੀ। ਅਸਲ 'ਚ ਵਿਨੋਦ ਵੀ ਉਸ ਨਾਲ ਬਹੁਤ ਪਿਆਰ ਕਰਦਾ ਸੀ। ਉਸ ਦੇ ਪਰਿਵਾਰ ਵਾਲਿਆ ਨੂੰ ਵੀ ਐਲਿਜਾ ਨਾਲ ਕੋਈ ਪ੍ਰੇਸ਼ਾਨੀ ਨਹੀਂ ਸੀ। ਮਾਂ-ਪਿਓ ਦਾ ਉਹ ਕੱਲਾ ਕਾਰਾ ਪੁੱਤ ਸੀ। ਫਿਰ ਦੇਖਣ ਪਾਖਣ ਨੂੰ ਐਲਿਜਾ, ਵਿਨੋਦ ਨਾਲੋਂ ਜਚਦੀ ਵੀ ਸੀ। ਪਰ ਕਈ ਵਾਰ ਐਲਿਜਾ ਦੇ ਪਰਿਵਾਰ ਵਾਲਿਆ ਨੇ ਉਸਦੀ ਵਿਨੋਦ ਨਾਲ ਦੋਸਤੀ ਨੂੰ ਲੈ ਕੇ ਜਰੂਰ ਉਸਨੂੰ ਸਮਝਾਇਆ ਸੀ। ਉਹਦੇ ਪਿਤਾ ਨੇ ਆਪਣੇ ਤਜ਼ਰਬੇ ਦੇ ਅਧਾਰ 'ਤੇ ਸਾਵਧਾਨ ਕਰਦੇ ਹੋਏ ਕਿਹਾ ਸੀ, "ਐਲਿਜਾ ਤੂੰ ਸਮਝਦਾਰ ਏ... ਸਿਆਣੀ ਬਣ ਹਰ ਫੈਸਲਾ ਸੋਚ ਸਮਝ ਕੇ ਕਰੀ। ਤਾਂ ਕਿ ਕੱਲ੍ਹ ਕਲ੍ਹੋਤਰ ਨੂੰ ਕੋਈ ਪਰੇਸ਼ਾਨੀ ਨਾ ਹੋਵੇ।" ਪਿਤਾ ਦੀਆਂ ਗੱਲਾ ਸੁਣ ਕੇ ਐਲਿਜਾ ਆਪ ਪ੍ਰੇਸ਼ਾਨ ਹੋ ਜਾਂਦੀ। ਉਸ ਦਿਨ ਤਾਂ ਉਸਨੇ ਆਪਣੇ ਪਿਤਾ ਨੂੰ ਸਾਫ਼ ਕਹਿ ਦਿੱਤਾ ਸੀ।

"ਸਾਡੇ ਟੱਬਰ ਨੂੰ ਇਸਾਈ ਬਣੇ ਵੀਹ ਵਰ੍ਹਿਆ ਤੋਂ ਵੱਧ ਸਮਾਂ ਹੋ ਗਿਆ। ਮੇਰੀਆ ਸਾਰੀਆ ਸਹੇਲੀਆ ਤੇ ਜਾਣ ਪਛਾਣ ਵਾਲੇ ਲੋਕਾਂ 'ਚ ਸਾਡੀ ਪਛਾਣ ਇੱਕ ਇਸਾਈ ਪਰਿਵਾਰ ਤੋਂ ਹੀ ਹੈ... ਅਸੀਂ ਸਾਰੇ ਐਤਵਾਰ ਵਾਲੇ ਦਿਨ ਚਰਚ ਜਾ ਕੇ ਪਰੇਅਰ ਵੀ ਕਰਦੇ ਹਾਂ...."

"ਪਰ ਬੇਟੀ ਫਿਰ ਵੀ ਤੂੰ ਇੱਕ ਵਾਰ ਵਿਨੋਦ ਨੂੰ ਸਾਫ਼ ਦੱਸ ਦੇ... ਜੇ ਉਹਨੂੰ ਸੱਚੀ ਹੀ ਤੇਰੇ ਨਾਲ ਪਿਆਰ ਹੈ ਤਾਂ ਫਿਰ ਉਹ ਸਚਾਈ ਜਾਣ ਕੇ ਇਨਕਾਰ ਨਹੀਂ ਕਰੇਗਾ।" ਪਿਤਾ ਨੇ ਡੂੰਘੇ ਸਨੇਹ ਨਾਲ ਉਸਦੇ ਸਿਰ ਤੇ ਹੱਥ ਫੇਰਦਿਆ ਕਿਹਾ, ਪਿਤਾ ਦੀ ਇਸ ਗੱਲ ਨਾਲ ਉਹ ਘਬਰਾ ਗਈ ਅਤੇ ਬੋਲੀ,

"ਡੈਡੀ ਵਿਨੋਦ ਅਗਾਹਵਧੂ ਵਿਚਾਰਾ ਦਾ ਹੈ। ਇਹ ਵੀ ਕਿ ਉਸਦਾ ਮਾਰਕਸਵਾਦ 'ਚ ਵਿਸ਼ਵਾਸ ਹੈ, ... ਹਿੰਦੂ, ਸਿੱਖ, ਮੁਸਲਮਾਨ ਜਾਂ ਇਸਾਈਆ 'ਚ ਉਹ ਕੋਈ ਭਿੰਨ-ਭੇਦ ਨਹੀਂ ਕਰਦਾ ।" ਪਰ

**ਸੂਰਜ ਪਾਲ ਚੌਹਾਨ**

**ਜਨਮ ਫੂਸਾਵਲੀ, ਜਨਪਦ, ਅਲੀਗੜ੍ਹ (ਉਤਰ ਪ੍ਰਦੇਸ) ਵਿਖੇ 20 ਅਪ੍ਰੈਲ, 1955 ਨੂੰ ਹੋਇਆ। ਦਿੱਲੀ ਯੂਨੀਵਰਸਿਟੀ ਤੋਂ ਗਰੈਜੂਏਸ਼ਨਸ਼।**

**ਪੁਸਤਕਾਂ ਪਰਿਆਸ (ਕਵਿਤਾ), ਹੈਰੀ ਕਬ ਆਏਗਾ? (ਕਹਾਣੀਆਂ), ਤਿਰਸਕ੍ਰਿਤ (ਆਤਮ ਕਥਾ), ਹਿੰਦੀ ਦੀਆਂ ਦਲਿਤ ਕਹਾਣੀਆਂ ਪੁਸਤਕ ਦਾ ਸੰਪਾਦਨ। ਤੈਲਗੂ, ਮਰਾਠੀ, ਗੁਜਰਾਤੀ, ਪੰਜਾਬੀ ਅਤੇ ਉਰਦੂ ਵਿੱਚ ਵੀ ਰਚਨਾਵਾਂ ਦਾ ਅਨੁਵਾਦ।**

**ਕਿੱਤਾ ਭਾਰਤ ਸਰਕਾਰ ਦੇ ਅਦਾਰੇ ਐਸ. ਟੀ. ਸੀ. ਆਫ ਇੰਡੀਆ ਲਿਮਟਿਡ ਵਿੱਚ ਡਿਪਟੀ ਮੈਨੇਜ਼ਰ, ਨੌਕਰੀ 'ਚ ਪਹਿਲਾ ਕਦਮ ਸ.ਫ਼ਾਈ ਸੇਵਕ ਵਜੋਂ ਰੱਖਿਆ ਸੀ।**

**ਪਤਾ ਡੀ-20, ਐਸ. ਟੀ. ਸੀ. ਕਾਲੋਨੀ, ਮਹਿਰੌਲੀ ਰੋਡ, ਨਵੀਂ ਦਿੱਲੀ-17**

ਜ਼ਿੰਦਗੀ 'ਚ ਏਨ੍ਹਾਂ ਵੱਡਾ ਫੈਸਲਾ ਕਰਦੇ ਹੋਏ ਐਲਿਜਾ ਨੇ ਆਪਣੀ ਮਨ ਮਰਜ਼ੀ ਕੀਤੀ ਸੀ। ਦਸ ਵਰ੍ਹਿਆ ਦੀ ਲੰਮੀ ਮਹੁੱਬਤ ਤੋਂ ਬਾਅਦ ਜਿਸ ਵਿੱਚ ਉਹ ਇੱਕ ਦੂਜੇ ਨੂੰ ਜਾਣ ਸਮਝ ਗਏ ਸੀ, ਉਨ੍ਹਾਂ ਦਾ ਰਿਸ਼ਤਾ ਤਹਿ ਹੋ ਗਿਆ। ਇਸ ਸਮੇਂ ਮੈਂ ਸ਼ਹਿਰ ਦਰ ਸ਼ਹਿਰ ਤਬਾਦਲਿਆ ਦੇ ਚੱਕਰ 'ਚ ਪਿਆ ਰਿਹਾ। ਹਾਂ ਦਿੱਲੀ ਛੱਡਦੇ ਸਮੇਂ ਹੋਰ ਦੋਸਤਾਂ ਤੋਂ ਪਤਾ ਲੱਗਿਆ ਕਿ ਅਗਲੇ ਮਹੀਨੇ ਦੀ ਪੱਚੀ ਤਰੀਖ਼ ਨੂੰ ਉਹ ਵਿਆਹ ਬੰਧਨ 'ਚ ਬੱਝ ਰਹੇ ਨੇ। ਪਰ ਮੈਂ ਉਨ੍ਹਾਂ ਨੂੰ ਸ਼ੁਭ ਕਾਮਨਾਵਾਂ ਵੀ ਨਾ ਭੇਜ ਸਕਿਆ।

ਤੇ ਅੱਜ ਜਦੋਂ ਵਰ੍ਹਿਆ ਦੇ ਵਖਰਵੇਂ ਬਾਅਦ,ਜਨਪੱਥ ਚੌਰਾਹੇ ਤੇ ਲਾਲ ਬੱਤੀ ਦੇ ਕੋਲ ਮੈਂ ਵਿਨੋਦ ਨੂੰ ਮਿਲਿਆ ਤਾਂ ਦੇਖਦੇ ਦੰਗ ਰਹਿ ਗਿਆ। ਐਲਿਜਾ ਦੀ ਥਾਂ ਉਸਦੀ ਬਗਲ 'ਚ ਇੱਕ ਥੁੱਲ ਥੁੱਲ ਸਰੀਰ ਵਾਲੀ ਔਰਤ ਖੜੀ ਸੀ। ਵਿਨੋਦ ਦੀ ਗੋਂਦ 'ਚ ਇੱਕ ਡੇਢ-ਦੋ ਵਰ੍ਹਿਆ ਦੀ ਬੱਚੀ ਖੇਡ ਰਹੀ ਸੀ। ਮੈਂ ਇੱਕ ਵਾਰ ਫਿਰ ਉਸ ਵੱਲ ਗਹੁ ਨਾਲ ਵੇਖਿਆ ਕਿ ਉਹ ਵਿਨੋਦ ਵਸ਼ਿਸ਼ਟ ਹੀ ਹੈ। ਉਹ ਵੀ ਮੈਨੂੰ ਮੁੜ-ਮੁੜ ਕੇ ਦੇਖ ਰਿਹਾ ਸੀ। ਆਖਿਰ ਪਹਿਲ ਕਰਦਿਆ ਮੈਂ ਹੀ ਪੁੱਛਿਆ, "ਓ... ਅਸ਼ੋਕ ਪਰਮਾਰ ।"ਉਸਨੇ ਆਪਣੀ ਬੱਚੀ ਆਪਣੀ ਔਰਤ ਨੂੰ ਫੜਾਈ ਤੇ ਮੈਨੂੰ ਗਲ੍ਹ ਲੱਗ ਕੇ ਮਿਲਿਆ।

"ਇਹ ਮੇਰੀ ਪਤਨੀ ਕਮਲ ਵਸ਼ਿਸ਼ਟ ।" ਨਾਲ ਖੜੀ ਔਰਤ ਵੱਲ ਇਸ਼ਾਰਾ ਕਰਦੇ ਹੋਏ ਉਸਨੇ ਕਿਹਾ। ਮੈਂ ਬਹੁਤ ਦੇਰ ਤੱਕ ਕਮਲਾ ਚੋਂ ਐਲਿਜਾਬਿਥ ਨੂੰ ਖੋਜਦਾ ਰਿਹਾ। ਤੇ ਵਿਨੋਦ ਨੇ ਮੇਰੇ ਮਨੋਭਾਵਾਂ ਨੂੰ ਤਾੜ੍ਹਦਿਆ ਹੋਇਆ ਕਿਹਾ, "ਤੇ ਇਹ ਹੈ ਮੇਰੀ ਬੇਟੀ ਟੁਕ ਟੁਕ ਪਿਆਰ ਨਾਲ ਅਸੀਂ ਇਹਨੂੰ ਟੁਕ-ਟੁਕ ਕਹਿੰਦੇ ਹਾਂ। ਇਹਦਾ ਅਸਲੀ ਨਾਂ ਲਕਸ਼ਮੀ ਵਸ਼ਿਸ਼ਟ ਹੈ।"

ਗੱਲਾਂ ਕਰਦੇ ਕਰਦੇ ਅਸੀਂ ਜੰਤਰ ਮੰਤਰ ਦੇ ਪਾਰਕ ਵਿੱਚ ਜਾ ਬੈਠੇ ਸੀ। ਉਹ ਮੇਰੇ ਨਾਲ ਮੇਰੀ ਨੌਕਰੀ ਅਤੇ ਤਬਾਦਲਿਆ ਸੰਬੰਧੀ ਹੀ ਗੱਲ ਕਰਦਾ ਰਿਹਾ। ਮੈਂ ਉਹਨੂੰ ਦੱਸਿਆ ਕਿ ਅਜੇ ਅਹਿਮਦਾਬਾਦ ਤੋਂ ਦਿੱਲੀ ਆਏ ਨੂੰ ਮੈਨੂੰ ਛੇ ਮਹੀਨੇ ਹੀ ਹੋਏ ਹਨ। ਦੂਸਰੇ ਸਾਹਿਤਕਾਰ ਦੋਸਤਾਂ ਨੂੰ ਤਾਂ ਮੇਰੇ ਆਉਣ ਦੀ ਖ਼ਬਰ ਸਾਰ ਵੀ ਨਹੀਂ ਹੈ। ਮੈਂ ਉਹਦੇ ਨਾਲ ਐਲਿਜਾਬਿਥ ਦੇ ਬਾਰੇ ਗੱਲ ਕਰਨੀ ਚਾਹੁੰਦਾ ਸੀ ਪਰ ਉਸਦੀ ਪਤਨੀ ਉਸਦੇ ਨਾਲ ਸੀ। ਫਿਰ ਵੀ ਮੈਂ ਘੁੰਮਾ ਫਿਰਾ ਕੇ ਦੱਬੇ ਸ਼ਬਦਾ 'ਚ ਉਸ ਤੋਂ ਪੁੱਛ ਹੀ ਲਿਆ,

"ਇਹ ਸਭ ਕਿਵੇਂ ਹੋਇਆ, ਐਲਿਜਾਬਿਥ ਕਿੱਥੇ ਹੈ... ?" ਵਿਨੋਦ ਨੇ ਮੇਰੀ ਗੱਲ ਪੂਰੀ ਨਾ ਹੋਣ ਦਿੱਤੀ ਤੇ ਮੇਰਾ ਹੱਥ ਘੁੱਟਦਿਆ ਚੁੱਪ ਰਹਿਣ ਨੂੰ ਕਿਹਾ। ਐਲਿਜਾ ਦਾ ਨਾਂ ਸੁਣਦਿਆ ਹੀ ਉਸਦਾ ਚਿਹਰਾ ਪੀਲਾ ਪੈ ਗਿਆ ਸੀ। ਉਸ ਆਪਣਾ ਮੂੰਹ ਮੇਰੇ ਕੰਨ ਕੋਲ ਕਰਕੇ ਘੁਸਰ ਮੁਸਰ ਕੀਤੀ, "ਉਸ ਬਿੱਚ ਦੇ ਬਾਰੇ ਕਦੀ ਫੇਰ ਦੱਸੂਗਾ, ਧੋਖਾ ਦਿੰਦੀ ਰਹੀ, ਉਹ ਮੈਨੂੰ ਪੂਰੇ ਦਸ ਸਾਲ, ਉਹ ਤਾਂ ਯਾਰ....।" ਵਿਨੋਦ ਗੱਲ ਕਰਦਾ ਕਰਦਾ ਅਚਾਨਕ ਰੁੱਕ ਗਿਆ ਸੀ ਜਿਵੇਂ ਉਸਨੂੰ ਕੁਝ ਯਾਦ ਆ ਗਿਆ ਹੋਵੇ। ਮੈਂ ਵੀ ਉਹਦੇ ਨਾਲ ਉਸ ਸਮੇਂ ਇਸ ਵਿਸ਼ੇ ਤੇ ਗੱਲ ਅੱਗੇ ਤੋਰਨੀ ਮੁਨਾਸਬ ਨਾ ਸਮਝੀ। ਪਰ ਐਲਿਜਾਬਿਥ ਨੂੰ ਲੈ ਕੇ ਮੇਰੇ ਮਨ 'ਚ ਹਲ ਚਲ ਉੱਠਦੀ ਰਹੀ।

ਦਸ ਸਾਲ ਪਹਿਲਾ ਵਿਨੋਦ ਅਤੇ ਐਲਿਜਾ ਦੀ ਸ਼ਾਦੀ ਦਾ ਦਿਨ ਤਹਿ ਹੋ ਗਿਆ ਸੀ। ਵਿਨੋਦ ਦੇ ਘਰ ਵਾਲਿਆ ਦੀ ਜ਼ਿਦ ਅੱਗੇ ਐਲਿਜਾ ਦੇ ਮਾਪੇ ਉਸ ਦਾ ਵਿਆਹ ਹਿੰਦੂ ਰੀਤਾਂ ਅਨੁਸਾਰ ਕਰਨ ਲਈ ਤਿਆਰ ਹੋ ਗਏ ਸਨ। ਪਰ ਅਖੀਰੀ ਇਨ੍ਹਾਂ ਦੋਨਾ ਦਾ ਵਿਆਹ ਨਾ ਹੋ ਸਕਣ ਦਾ ਕੀ ਕਾਰਨ ਬਣਿਆ ? ਇਸ ਗੱਲ ਦਾ ਮੇਰੇ ਮਨ 'ਚ ਕਈ ਦਿਨ ਅੰਤਰ-ਦਵੰਧ ਚਲਦਾ ਰਿਹਾ। ਕਈ ਵਾਰ ਸੋਚਿਆ ਵਿਨੋਦ ਨੂੰ ਮਿਲ ਕੇ ਜਾਣਕਾਰੀ ਪ੍ਰਾਪਤ ਕਰਾ, ਪਰ ਇਹ ਸੋਚ ਕੇ ਅਕਸਰ ਕੰਨੀ ਵੱਟ ਜਾਂਦਾ ਕਿ ਮੈਨੂੰ ਕਿਸੇ ਦੇ ਵਿਆਕਤੀਗਤ ਮਸਲੇ 'ਚ ਲੱਤ ਫਸਾਉਣ ਦੀ ਕੀ ਲੋੜ ਹੈ ?



ਕਈ ਮਹੀਨਿਆ ਬਾਅਦ ਸਾਹਿਤ ਅਕਾਦਮੀ ਦੇ ਇੱਕ ਸਮਾਗਮ 'ਚ ਮੈਨੂੰ ਕਹਾਣੀਕਾਰ ਰਵਿੰਦਰ ਭਾਰਦਵਾਜ ਮਿਲਿਆ। ਸਮਾਗਮ ਤੋਂ ਬਾਅਦ ਚਾਹ ਵੇਲੇ ਉਂਜ ਹੀ ਸਹਿਜ ਸੁਭਾ ਵਿਨੋਦ ਵਸ਼ਿਸ਼ਟ ਬਾਰੇ ਚਰਚਾ ਤੁਰ ਪਈ। ਰਵਿੰਦਰ ਮੁੱਢ ਤੋਂ ਹੀ ਵਿਨੋਦ ਦੇ ਨਜ਼ਦੀਕ ਰਿਹਾ ਸੀ। ਮੈਂ ਉਸਨੂੰ ਅਨੇਕਾ ਵਾਰ ਵਿਨੋਦ ਅਤੇ ਐਲਿਜਾ ਦੇ ਨਾਲ ਸਾਹਿਤਕ ਸਮਾਗਮ ਅਤੇ ਦਿੱਲੀ ਦੇ ਰੈਸਟੋਰੈਂਟਾ, ਵਿੱਚ ਇੱਕੋ ਟੇਬਲ ਤੇ ਬੈਠਿਆ ਦੇਖਿਆ ਸੀ। ਜੇ ਕਿਧਰੇ ਹੋਰ ਨਹੀਂ ਤਾਂ ਮੰਡੀ ਹਾਊਸ ਵਾਲੀ ਬੁੱਕ ਸ਼ਾਪ 'ਤੇ ਤਾਂ ਉਹ ਅਕਸਰ ਅਖਬਾਰਾਂ ਰਸਾਲਿਆ ਦੇ ਪੰਨੇ ਪਲਟਦੇ ਹੋਏ ਹਰ ਸ਼ਾਮ ਨੂੰ ਨਜ਼ਰ ਆ ਹੀ ਜਾਂਦੇ ਸਨ। ਮੈਂ ਰਵਿੰਦਰ ਨੂੰ ਵਿਨੋਦ ਅਤੇ ਉਸਦੀ ਪਤਨੀ ਨਾਲ ਹੋਈ ਮੁਲਾਕਾਤ ਬਾਰੇ ਦੱਸਿਆ ਅਤੇ ਗੱਲ ਬਾਤ ਦੌਰਾਨ ਮੈਂ ਐਲਿਜਾ ਦੀ ਵਿਨੋਦ ਨਾਲ ਸ਼ਾਦੀ ਨਾ ਹੋ ਸਕਣ ਦਾ ਕਾਰਣ ਜਾਨਣਾ ਚਾਹਿਆ। ਮੇਰੇ ਮੂੰਹ ਤੋਂ ਐਲਿਜਾ ਦਾ ਨਾਂ ਸੁਣ ਕੇ ਰਵਿੰਦਰ ਦੇ ਮੱਥੇ ਤਿਊੜੀਆ ਪੈ ਗਈਆ ਅਤੇ ਉਸਨੇ ਆਪਣਾ ਨੱਕ ਚਾੜ੍ਹਦਿਆ ਕਿਹਾ,

"ਪਰਮਾਰ ਸਾਹਿਬ ਉਸਦੀ ਗੱਲ ਨਾ ਕਰੋ। ਉਹ ਤਾਂ ਬਹੁਤ ਚਾਰ ਸੌ ਵੀਹ ਔਰਤ ਨਿਕਲੀ।' ਆਪਣੀ ਗੱਲ ਕਰਦਾ ਉਹ ਝਟਕੇ ਨਾਲ ਰੁੱਕਿਆ। ਫਿਰ ਕੁਝ ਪਲ ਰੁੱਕ ਕੇ ਬੋਲਿਆ ,"ਯਾਰ ਕਿਹੋ ਜਿਹਾ ਜ਼ਮਾਨਾ ਆ ਗਿਆ। ਹੁਣ ਕਿਸੇ ਦਾ ਕੁਝ ਪਤਾ ਹੀ ਨਹੀਂ ਲਗਦਾ।"

ਰਵਿੰਦਰ ਭਾਰਦਵਾਜ ਦੀਆਂ ਗੱਲਾਂ ਤੋਂ ਸਾਫ ਜ਼ਾਹਰ ਸੀ ਕਿ ਉਸਨੂੰ ਮੇਰੀ ਜਾਤ ਦੇ ਬਾਰੇ ਭੋਰਾ ਇਲਮ ਨਹੀਂ ਸੀ। ਉਹ ਮੇਰੇ ਨਾਂ ਦੇ ਨਾਲ 'ਪਰਮਾਰ' ਲੱਗਿਆ ਹੋਣ ਕਾਰਨ ਮੈਨੂੰ ਗੁਜਰਾਤੀ ਰਾਜਪੂਤ ਸਮਝ ਰਿਹਾ ਸੀ। ਗੱਲਾਂ ਗੱਲਾਂ 'ਚ ਮੈਂ ਉਸਨੂੰ ਕਈ ਵਾਰ ਕਿਹਾ ਵੀ ਸੀ ਕਿ ਮੈਂ ਗੁਜਰਾਤੀ ਰਾਜਪੂਤ ਨਹੀਂ ਹਾਂ। ਪਰ ਉਸਨੇ ਮੇਰੀ ਗੱਲ ਵੱਲ ਕੋਈ ਧਿਆਨ ਨਹੀਂ ਦਿੱਤਾ ਸੀ। ਇਸ ਚਰਚਾ ਦੌਰਾਨ ਮੈਂ ਉਹਨੂੰ ਐਲਿਜਾ ਦੇ ਬਾਰੇ ਫਿਰ ਪੁੱਛਿਆ,

"ਕੀ ਉਹ ਕਿਸੇ ਹੋਰ ਦੇ ਨਾਲ...?"

"ਨਹੀਂ ... ਯਾਰ ਨਹੀਂ? ਉਹ...।" ਹੁਣ ਮੈਂ ਉਸਦੀ ਸੰਕੀਰਣ ਮਾਨਸਿਕਤਾ ਨੂੰ ਚੰਗੀ ਤਰ੍ਹਾਂ ਸਮਝ ਰਿਹਾ ਸੀ। ਇਸ ਤਰ੍ਹਾਂ ਦੀ ਮਾਨਸਿਕਤਾ ਵਾਲੇ ਹਿੰਦੂ ਜਦੋਂ ਕਿਸੇ ਸਿੱਖ, ਇਸਾਈ, ਮੁਸਲਿਮ ਜਾਂ ਦਲਿਤ ਨੂੰ ਆਹਮਣੇ-ਸਾਹਮਣੇ ਮਿਲਦੇ ਹਨ ਤਾਂ ਸਹਿਜ ਭਾਵ ਨਾਲ ਵਿਚਰਦੇ ਹਨ। ਉਸ ਵੇਲੇ ਇਹ ਆਪਣੇ ਅੰਦਰ ਉੱਬਲ ਰਹੇ ਜ਼ਹਿਰ ਨੂੰ ਪ੍ਰਗਟ ਨਹੀਂ ਹੋਣ ਦਿੰਦੇ। ਪਰ ਮੌਕਾ ਮਿਲਦਿਆ ਜਦੋਂ ਡੰਗ ਮਾਰਦੇ ਹਨ ਤਾਂ ਕਾਲਜਾ ਡੰਗ ਕੇ ਰੱਖ ਦਿੰਦੇ ਹਨ। ਹੁਣ ਮੈਂ ਵੀ ਦਾਅ ਖੇਡਦਿਆ ਹੋਇਆ ਮੋਹ ਦਾ ਝੂਠਾ ਹੱਥ ਰਵਿੰਦਰ ਦੇ ਮੋਢੇ ਤੇ ਰੱਖਦਿਆ ਪੁੱਛਿਆ, "ਇਹੋ ਜਿਹਾ ਕੀ ਹੋ ਗਿਆ ਸੀ ਕਿ ਉਨ੍ਹਾਂ ਦੋਹਾਂ ਦਾ ਵਿਆਹ ਨਾ ...।"

"ਪਰਮਾਰ , ਮੈਂ ਕਿਹਾ ਤਾਂ ਹੈ ਕਿ ਉਹ ਔਰਤ ਧੋਖੇਬਾਜ਼ ਨਿਕਲੀ, ਪੂਰੇ ਦਸ ਸਾਲ ਵਿਨੋਦ ਨੂੰ ਮੂਰਖ ਬਣਾਉਂਦੀ ਰਹੀ। ਬੁੱਢਾ ਕਰ ਗਈ ਉਹਨੂੰ... ਵਿਚਾਰੇ ਨੇ ਹੁਣ ਬੁੱਢੇ ਹੋਇਆ ਵਿਆਹ ਕੀਤਾ। ਤੂੰ ਤਾਂ ਦੇਖਿਆ ਈ ਆ , ਦੋ ਵਰਿਆ ਦੀ ਬੱਚੀ ਆ ਉਹਦੀ ।" ਉਹ ਇੱਕ ਰੌਅ 'ਚ ਆਪਣੀ ਗੱਲ ਕਹਿ ਗਿਆ।

"ਕਿਵੇਂ ਥੋਖਾ ਦਿੱਤਾ ਸੀ ਅਲਿਜਾਬਿਥ ਨੇ ?" ਮੈਂ ਪੁੱਛਿਆ। ਰਵਿੰਦਰ ਮੇਰੇ ਹੋਰ ਨੇੜੇ ਹੋਇਆ ਅਤੇ ਦੱਬੇ ਸ਼ਬਦਾ 'ਚ ਬੋਲਿਆ, "ਅਲਿਜਾਬਿਥ ਅਤੇ ਉਹਦੇ ਪਰਿਵਾਰ ਦੇ ਲੋਕ ਇਸਾਈ ਬਣਨ ਤੋਂ ਪਹਿਲਾ ਚੂੜਾ ਬਰਾਦਰੀ ਨਾਲ ਸੰਬੰਧ ਰੱਖਦੇ ਸੀ। ਯਾਰ ਅਸ਼ੋਕ ਕੀ ਧਰਮ ਬਦਲਣ ਨਾਲ ਜਾਤ ਵੀ ਭਲਾ ਬਦਲ ਜਾਂਦੀ ਹੈ ? ਇਹ ਤਾਂ ਭਰਾਵਾ ਚੰਗਾ ਹੋ ਗਿਆ, ਟਾਇਮ ਸਿਰ ਸੱਚਾਈ ਦਾ ਪਤਾ ਲੱਗ ਗਿਆ, ਨਹੀਂ ਤਾਂ ਵਿਨੋਦ ਦੇ ਨਾਲ ਤਾਂ ਬੜ੍ਹਾ ਅਨਰਥ ਹੋ ਜਾਣਾ ਸੀ।"

"ਪਰ ਰਵਿੰਦਰ ਤੂੰ ਤੇ ਵਿਨੋਦ ਤਾਂ ਧਰਮ, ਜਾਤ ਜਾਂ ਊਚ-ਨੀਚ ਨੂੰ ਮੰਨਦੇ ਨਹੀਂ ਹੋ। ਆਪਣੇ ਆਪ ਨੂੰ ਪ੍ਰਗਤੀ ਸੀਲ ਪ੍ਰਗਤੀਵਾਦੀ ਤੇ ਖੱਬੇ ਪੱਖੀ ਦੱਸਦੇ ਹੋ। ਫਿਰ ਇਹ ਬਖੇੜਾ ਕਿਉ ?" ਹੁਣ ਮੇਰੀ ਵੀ ਸੁਰ ਬਦਲ ਗਈ ਸੀ ।

"ਪ੍ਰਗਤੀਸ਼ੀਲ ਜਾਂ ਖੱਬੇ ਪੱਖੀ ਹੋਣ ਦਾ ਇਹ ਮਤਲਬ ਇਹ ਤਾਂ ਨਹੀਂ ਕਿ ਕਿਸੇ ਵੀ ਚੂੜੀ ਚਮਾਰੀ ਨੂੰ ਆਪਣੀ ਪਤਨੀ ਬਣਾ ਲਿਆ ਜਾਵੇ।" ਭਾਰਤ ਦਾ ਖੱਬੇਪੱਖੀ ਬ੍ਰਾਹਮਣ ਇੱਕੋ ਸਾਹੇ ਆਪਣੀ ਗੱਲ ਕਹਿ ਗਿਆ ਸੀ। ਆਪਣੀ ਗੱਲ ਨੂੰ ਖਤਮ ਕਰਦਿਆ ਅਤੇ ਉਸਦੇ ਗੁੱਟ ਤੇ ਬੱਝੀ ਮੌਲੀ ਦੀ ਤੰਦ ਤੇ ਨਜ਼ਰ ਮਾਰਦਿਆ ਮੈਂ ਫਿਰ ਇਹ ਹੀ ਪੁੱਛਿਆ ਸੀ ਕਿ , "ਅੱਜ ਕੱਲ੍ਹ ਐਲਿਜਾਬਿਥ ਹੈ ਕਿੱਥੇ ?"

"ਭੱਜ ਗਈ ਭੰਗਣ ਸ਼ਰਮ ਦੀ ਮਾਰੀ, ਛੱਡ ਗਈ ਸ਼ਹਿਰ। ਹੁਣ ਪਤਾ ਨਹੀਂ ਕਿੱਥੇ ਹੋਵੇ ਆਪਣੇ ਟੱਬਰ ਕਬੀਲੇ ਨਾਲ।"⊘

ਹਿੰਦੀ ਕਹਾਣੀ

## ਦਲਿਤ ਬ੍ਰਾਹਮਣ / ਸਤਯ ਪ੍ਰਕਾਸ਼ / ਅਨੁਵਾਦ : ਗੁਰਮੀਤ ਕੜਿਆਲਵੀ



ਸਮਾਜ! ਸਮਾਜ!! ਸਮਾਜ!!! ਕੀ ਦਿੱਤਾ ਹੈ ਸਮਾਜ ਨੇ ਮੈਨੂੰ ? ਕਿਉਂ ਪਰਵਾਹ ਕਰਾਂ ਮੈਂ ਸਮਾਜ ਦੀ ? ਤੈਸ਼ ਵਿੱਚ ਆ ਗਏ ਸਨ ਵਿਜੇ ਰੰਜਨ ਕੁਰੀਲ।

"ਮਹੱਤਵਪੂਰਨ ਇਹ ਹੈ ਕਿ ਤੁਸੀਂ ਸਮਾਜ ਨੂੰ ਕੀ ਦਿੱਤਾ ਜਦੋਂ ਕਿ ਤੁਸੀਂ ਇਸਦੇ ਸਮਰੱਥ ਹੋ ?" ਸ਼ਿਵਦੱਤ ਨੇ ਗੰਭੀਰ ਹੁੰਦਿਆ ਪੁੱਛਿਆ।

ਗੌਰੀ ਸ਼ੰਕਰ ਮਹੇਸ਼ਵਰੀ ਚੁੱਪ-ਚਾਪ ਗੱਲਬਾਤ ਸੁਣ ਰਹੇ ਸਨ। ਉਂਜ ਵੀ ਉਹ ਘੱਟ ਹੀ ਬੋਲਦੇ ਸਨ ਪ੍ਰੰਤੂ ਜਦੋਂ ਬੋਲਦੇ ਸਨ ਤਾਂ ਬਿਲਕੁਲ ਸਟੀਕ। ਇਹ ਤਿੰਨੋ ਭੱਦਰਪੁਰਸ਼ ਭਾਰਤ ਸਰਕਾਰ ਦੇ ਇੱਕ ਵਿਭਾਗ ਵਿੱਚ ਉਚ ਅਧਿਕਾਰੀ ਹਨ। ਹਰ ਸ਼ਾਮ ਨੂੰ ਕੇਂਦਰਾਂਚਲ ਦੇ ਪਾਰਕ ਵਿੱਚ ਗੱਪ-ਸ਼ੱਪ ਮਾਰਨ ਲਈ ਆ ਜਾਂਦੇ ਹਨ। ਗੌਰੀ ਸ਼ੰਕਰ ਮਹੇਸ਼ਵਰੀ ਹਿੰਦੂ ਸਨ, ਬਾਕੀ ਦੋਵੇਂ ਦਲਿਤ। ਧਰਮ ਦੇ ਪੈਮਾਨੇ ਅਧੀਨ ਸ਼ਿਵਦੱਤ ਬੋਧੀ ਸਨ ਤੇ ਵਿਜੇ ਰੰਜਨ ਦਾ ਧਰਮ ਕੀ ਹੈ, ਇਹ ਉਸਨੂੰ ਖੁਦ ਨੂੰ ਵੀ ਪਤਾ ਨਹੀਂ ਸੀ। ਵੈਸੇ ਉਸਨੂੰ ਧਰਮ ਦੇ ਨਾਂ ਤੋਂ ਹੀ ਚਿੜ ਸੀ ਪਰੰਤੂ ਤਿੰਨਾਂ ਦੀ ਮਿੱਤਰਤਾ ਵਿਚ ਧਰਮ ਕੋਈ ਅੜਿਕਾ ਨਹੀਂ ਸੀ।

ਕਿਉਂ ਸਾਰਾ ਫਰਜ਼ ਮੇਰਾ ਹੀ ਆ? ਸਮਾਜ ਨੂੰ ਮੇਰੀ ਚਿੰਤਾ ਕਿਉਂ ਨਹੀਂ ਹੋਣੀ ਚਾਹੀਦੀ।" ਕੁਰੀਲ ਸਾਹਬ ਦਾ ਜੋਸ਼ ਘਟਿਆ ਨਹੀਂ ਸੀ।

"ਦੇਖੋ ਬੰਧੂ, ਮੈਂ ਜਾਂ ਤੁਸੀਂ ਅੱਜ ਜਿਸ ਪਦਵੀਂ ਤੇ ਹਾਂ, ਸਾਨੂੰ ਇਥੇ ਪਹੁੰਚਾਉਣ ਲਈ ਸਮਾਜ ਨੇ ਵੀ ਤਿਆਗ ਕੀਤਾ ਐ। ਉਸਦਾ ਵੀ ਯੋਗਦਾਨ ਹੈ ਇਸ ਵਿੱਚ ਅਹਿਮ ਭੂਮਿਕਾ ਨਿਭਾਈ ਹੈ ਸਮਾਜ ਨੇ ਇਸ ਵਿੱਚ। ਸਾਨੂੰ ਆਪਣੇ ਸਮਾਜਿਕ ਫਰਜ਼ਾਂ ਨੂੰ ਕਦੇ ਨਹੀਂ ਭੁੱਲਣਾ ਚਾਹੀਦਾ। ਉਸਦੇ ਹਿੱਤਾਂ ਦੀ ਰਾਖੀ ਲਈ ਪ੍ਰਤੀਬੱਧ ਹੋਣਾਂ ਚਾਹੀਦਾ।" ਸ਼ਿਵਦੱਤ ਨੇ ਐਨਕ ਸਾਫ਼ ਕਰਦਿਆਂ ਸਮਝਾਇਆ।

ਚਲੋ ਮੰਨ ਲਿਆ। ਲੇਕਿਨ ਤੁਹਾਨੂੰ ਇੱਕ ਗੱਲ ਦੱਸਾਂ, ਮੈਂ ਆਪਣੇ ਦਫ਼ਤਰ ਵਿੱਚ ਐਸਾ ਮਹੌਲ ਬਣਾ ਦਿੱਤਾ ਹੈ ਕਿ ਕਿਸੇ ਦੀ ਕੀ ਮਜ਼ਾਲ ਮੇਰੇ ਸਾਹਮਣੇ ਜਾਤ-ਪਾਤ ਦੀ ਗੱਲ ਵੀ ਕਰ ਜਾਵੇ। ਵੈਸੇ ਵੀ ਹੁਣ ਸਮਾਜ ਵਿੱਚ ਜਾਤ-ਪਾਤ ਰਹਿ ਕਿਥੇ ਗਈ। ਚਲੋ, ਮਹੇਸ਼ਵਰੀ ਸਾਹਬ ਤੋਂ ਪੁੱਛ ਲੈਂਦੇ ਹਾਂ।"



"ਵਿਆਕਤੀਗਤ ਰੂਪ ਵਿੱਚ ਤਾਂ ਮੈਂ ਆਪਣੇ ਪਰਿਵਾਰ ਵਿੱਚ ਇਹ ਭਾਵਨਾ ਕਦੇ ਨਹੀਂ ਦੇਖੀ। ਮੇਰੇ ਪਿਤਾ ਜੀ ਨੇ ਤਾਂ ਇਸਦੇ ਖ਼ਿਲਾਫ਼ ਅੰਦੋਲਨ ਵੀ ਚਲਾਇਆ ਸੀ। ਲੇਕਿਨ ਜਿਥੋਂ ਤੱਕ ਓਵਰ ਆਲ ਦੀ ਗੱਲ ਹੈ, ਇਹ ਚੀਜਾਂ ਹੋਰ ਵਧ ਰਹੀਆਂ ਨੇ। ਜਾਤੀ, ਵਰਗ, ਧਰਮ, ਸੰਪਰਦਾਏ ਦੇ ਨਾਮ ਤੇ ਕੱਟੜਤਾ ਵਧ ਰਹੀ ਹੈ। ਫਰਕ ਇੰਨਾ ਹੈ, ਜਾਤੀ ਘਿਰਣਾ ਪਹਿਲਾਂ ਲੋਕਾਂ 'ਚ ਬਾਹਰ ਸੀ, ਹੁਣ ਅੰਦਰ ਹੈ। ਇਕੱਲੀ ਛੂਆ-ਛਾਤ ਖਤਮ ਹੋਣ ਦਾ ਮਤਲਬ ਇਹ ਤਾਂ ਨਹੀਂ ਕਿ ਜਾਤ-ਪਾਤ ਜਾਂ ਜਾਤੀ ਘਿਰਣਾ ਖਤਮ ਹੋ ਗਈ ਹੈ।" ਗੌਰੀ ਸ਼ੰਕਰ ਮਹੇਸ਼ਵਰੀ ਨੇ ਸਪੱਸ਼ਟ ਕੀਤਾ।

ਨਹੀਂ ਮੈਂ ਆਪਣੇ ਦਫਤਰ ਦੀ ਗੱਲ ਥੋਨੂੰ ਦੱਸੀ ਐ।"

ਕੁਰੀਲ ਸਾਹਬ ਸਮਾਜ ਅਤੇ ਦੁਨੀਆ ਤੁਹਾਡੇ ਦਫ਼ਤਰ ਅਤੇ ਕਾਨਪੁਰ ਦੇ ਬਾਹਰ ਵੀ ਐ। ਜਾ ਕੇ ਪਿੰਡਾ ਦਾ ਹਾਲ ਦੇਖੋ।" ਮਹੇਸ਼ਵਰੀ ਨੇ ਸਮਝਾਇਆ।

ਲੇਕਿਨ ਮਹੇਸ਼ਵਰੀ ਸਾਹਬ...!"

ਜਾਨਬ ਕਾਨਪੁਰ ਤਾਂ ਕੀ, ਇਸ ਪਾਰਕ ਤੋਂ ਹੀ ਬਾਹਰ ਨਿਕਲ ਆਉ।"

ਤੁਸੀਂ ਵੀ ਮਹੇਸ਼ਵਰੀ ਸਾਹਬ , ਕਦੇ ...ਕਦੇ...।"

ਦੇਖੋ ਭਾਈ ਸਾਬ, ਇਹ ਐਫਸ ਐਂਡ ਬੱਟਸ ਲਾਉਣ ਦੀ ਸਾਡੀ ਤਾਂ ਆਦਤ ਹੈਨੀ। ਕੋਈ ਚੀਜ ਹੈ ਤਾਂ ਹੈ, ਨਹੀਂ ਤਾਂ ਨਹੀਂ। ਦਫ਼ਤਰ 'ਚ ਤੁਸੀਂ ਜਿਸ ਪੱਧਰ 'ਤੇ ਹੋ ਕੋਈ ਜਾਤ ਦੇ ਨਾਂ ਤੇ ਤੁਹਾਡਾ ਕੀ ਵਿਗਾੜ ਲਊ ? ਉਲਟਾ ਆਫ਼ਤ ਆ ਜਾਊ। ਹੁਣ ਤੁਸੀਂ ਇਮਾਨਦਾਰੀ ਨਾਲ ਆਪ ਹੀ ਦੱਸੋ ... ਜਦੋਂ ਅੱਜ ਵੀ ਅਸੀਂ ਇਸ ਸਮੱਸਿਆ ਤੇ ਚਰਚਾ ਕਰ ਰਹੇ ਹਾਂ ਤਾਂ ਫਿਰ ਸਮੱਸਿਆ ਕਿਤੇ ਨਾ ਕਿਤੇ ਤਾਂ ਹੈਗੀ ਆ। ਕਿ ਨਈਂ ?"

"ਨਹੀਂ... ਮੈਂ ਜੋ ਕਹਿਣਾ...।"

"ਅੱਛਾ ! ਛੱਡੋ। ਕੋਈ ਹੋਰ ਟਾਪਕ ਸ਼ੁਰੂ ਕਰੋ। ਤੁਸੀਂ ਐਨੀ ਅਸਾਨੀ ਨਾਲ ਮੰਨਣਾ ਤਾਂ ਹੈ ਨਹੀਂ।"

"ਮਹੇਸ਼ਵਰੀ ਸਾਬ... ਓਹ ਗੱਲ ਨੀ।"

"ਯਾਰ ਛੱਡ ਵੀ ਹੁਣ! ਚੰਗਾ ਇਹ ਦੱਸ , ਅੱਜ ਦੇਰ ਕਿਵੇਂ ਹੋਗੀ ? ਦਫ਼ਤਰ ਵਿੱਚ ਹੀ ਲਟਕ ਗਿਆ ਸੀ ਕਿ ਘਰਵਾਲੀ ਨਾਲ ਜੰਗ ਛਿੜਗੀ ਸੀ।" ਕਹਿਕੇ ਗੌਰੀ ਸ਼ੰਕਰ ਨੇ ਜਾਣਿਆ ਪਹਿਚਾਣਿਆ ਜ਼ੋਰਦਾਰ ਠਹਾਕਾ ਲਗਾਇਆ।

"ਉਏ... ਐਸੀ, ਵੈਸੀ ਕੋਈ ਗੱਲ ਨੀ। ਦਰਅਸਲ ਗੱਲ ਇਹ ਹੈ... ਉਹ ਅਗਰਵਾਲ ਐ ਨਾ, ਉਹ ਅੱਜ ਘਰੇ ਹੀ ਆ ਗਿਆ ਸੀ।"

"ਕੋਈ ਕੰਮ ਸੀ ਉਹਦਾ ਕਿ ਐਵੇਂ ਮੇਲ-ਮੁਲਾਕਾਤ ਲਈ ਈ ਆਇਆ ਸੀ ? " ਮਹੇਸ਼ਵਰੀ ਨੇ ਪੁੱਛਿਆ, "ਆਏ ਕੌਣ ਆਉਂਦਾ ਮਿਲਣ-ਗਿਲਣ ? ਗੰਨਾ ਘੁਲਾੜੀ 'ਚ ਪੀੜਿਆਂ ਈ ਰਸ ਦਿੰਦਾ , ਸਮਝਿਆ ਜਨਾਬ।"

"ਮਤਬਲ ? ਅਸਲੀ ਗੱਲ ਨੀ ਦੱਸਣੀ।"

"ਦੱਸਣ ਨੂੰ ਥੋਡੇ ਤੋਂ ਕੀ ਲੁੱਕਿਆ ? ਅਸਲ 'ਚ ਅੱਜ ਅਗਰਵਾਲ ਦੇ ਵਿਭਾਗ 'ਚ ਡੀ. ਪੀ. ਸੀ. (ਵਿਭਾਗੀ ਤਰੱਕੀ ਕਮੇਟੀ) ਸੀ ਕਲਰਕ ਗਰੇਡ ਦੀ ।"

"ਮੈਨੂੰ ਪਤਾ ਇਹ ਅਗਰਵਾਲ ਥੋਡੇ ਘਰ ਕਿਉਂ ਆਇਆ ?" ਸ਼ਿਵਦੱਤ ਵਿਚਾਲਿਉਂ ਹੀ ਬੋਲ ਪਿਆ।

ਮੁਰਦਾ ਬੋਲੂ, ਖੱਫ਼ਣ ਈ ਪਾੜੂ ।" ਕੁਰੀਲ ਸਾਹਬ ਝੁੰਝਲਾਉਂਦਿਆਂ ਬੋਲੇ।

"ਨਹੀਂ , ਜੋ ਮੈਂ ਪੁੱਛ ਰਿਹਾਂ, ਦੱਸਣ 'ਚ ਕੀ ਹਰਜ਼ ਐ?"

ਡੀਪਾਰਟਮੈਂਟਲ ਪਰਮੋਸ਼ਨ ਕਮੇਟੀ 'ਚ ਐਸ. ਸੀ. / ਐਸ.ਟੀ. ਦਾ ਇੱਕ ਮੈਂਬਰ ਹੋਣਾ ਜਰੂਰੀ ਐ ਨਾ। ਬਹੁਤ ਸਾਰੇ ਦਫਤਰਾਂ ਵਾਂਗੂੰ, ਅਗਰਵਾਲ ਦੇ ਦਫ਼ਤਰ 'ਚ ਵੀ ਸਾਡਾ ਕੋਈ ਅਧਿਕਾਰੀ ਹੈ ਨਈਂ। ਇਸ ਲਈ ਕਈ ਦਫ਼ਤਰਾਂ 'ਚ ਜਾਂਦੇ ਹੀ ਓ। ਅਗਰਵਾਲ ਵਿਚਾਰਾ ਪ੍ਰਬੰਧਕੀ ਅਧਿਕਾਰੀ ਐ, ਜਦੋਂ ਵੀ ਫਸਦਾ ਐ, ਮੈਨੂੰ ਈ ਯਾਦ ਕਰਦਾ ਐ।"

"ਇਹ ਤਾਂ ਮੈਂ ਵੀ ਜਾਣਦਾ ਆ। ਨਵੀਂ ਗੱਲ ਕੀ ਦੱਸ ਰਿਹਾਂ ? ਮੈਂ ਪੁੱਛਿਆ ਸੀ, ਅਗਰਵਾਲ ਘਰ ਕਿਉਂ ਆਇਆ ਸੀ ?"

"ਯਾਰ ਖਾਸ ਤੌਰ ਤੇ ਸ਼ਿਵਦੱਤ ਜੀ ਤੁਸੀਂ ਸੁਣੋ, ਫਿਰ ਤੁਹਾਨੂੰ ਭੈੜੀ ਲੱਗੂ। ਮੈਂ ਤੁਹਾਡੀ ਤਰ੍ਹਾਂ ਦੱਬੂ

ਅਧਿਕਾਰੀ ਨਹੀਂ ਹਾਂ। ਮੈਂ ਅੱਜ ਤੱਕ ਇੱਕ ਵੀ ਡੀ. ਪੀ. ਸੀ ਦੀ ਮੀਟਿੰਗ ਵਿੱਚ ਨਹੀਂ ਗਿਆ। ਮੈਂ ਤਾਂ ਸਪਸ਼ਟ ਕਰ ਦਿੰਦਾ ਹਾਂ, ਫ਼ਾਈਲ ਘਰ ਭੇਜ ਦੇਣੀ। ਜੀਹਨੂੰ ਜ਼ਰੂਰਤ ਹੁੰਦੀ ਐ, ਸਾਰੀ ਫ਼ਾਈਲ ਤਿਆਰ ਕਰਕੇ ਘਰ ਲਿਆਉਂਦਾ। ਦੋ ਕੱਪ ਚਾਹ ਈ ਤਾਂ ਪਿਲਾਉਣੀ ਪੈਂਦੀ ਆ ਸਾਲਿਆ ਨੂੰ। ਘੰਟਿਆ ਦੇ ਘੰਟੇ ਬੈਠਾਈ ਰੱਖਦਾ ਆਂ, ਫੇਰ ਜਾ ਕੇ ਦਸਤਖ਼ਤ ਕਰਦਾ ਆਂ। ਖ਼ੁਸ਼ਾਮਦ ਵੀ ਕਰਦੇ ਨੇ, ਚੜਾਵਾ ਵੀ ਚੜਾਉਂਦੇ ਨੇ। ਉਹ ਵੀ ਖ਼ੁਸ਼ , ਅਸੀਂ ਵੀ ਖ਼ੁਸ਼। ਆਪ ਖ਼ੁਸ਼ ਨਾਲੇ ਗਾਹਕ ਖ਼ੁਸ਼ ਸਮਝ ਗਏ ਸਾਹਬ ਕਿ ਹੋਰ ਖੋਹਲ ਕੇ ਸਮਝਾਵਾਂ।" ਕੁਰੀਲ ਸਾਹਬ ਨੇ ਆਵਦੀ ਸਥਿਤੀ ਸਪਸ਼ਟ ਕਰਕੇ ਰਾਹਤ ਦਾ ਲੰਬਾ ਸਾਹ ਲਿਆ।

ਸ਼ਿਵਦੱਤ ਅਤੇ ਮਹੇਸ਼ਵਰੀ ਸਾਹਬ, ਕੁਰੀਲ ਸਾਹਬ ਵੱਲ ਹੈਰਾਨੀ ਨਾਲ ਦੇਖਣ ਲੱਗੇ। ਮਹੇਸ਼ਵਰੀ ਡੂੰਘੀ ਚੁੱਪ ਸਾਧ ਗਿਆ ਪਰੰਤੂ ਸ਼ਿਵਦੱਤ ਦੇ ਪੇਟ ਵਿੱਚ ਭਾਰੀ ਦਰਦ ਹੋਣ ਲੱਗਾ। ਜਦੋਂ ਉਸਤੋਂ ਬਿਲਕੁਲ ਹੀ ਨਾ ਰਿਹਾ ਗਿਆ ਤਾਂ ਪੁੱਛ ਲਿਆ, "ਜਦੋਂ ਤੁਸੀਂ ਡੀ. ਪੀ. ਸੀ. ਵਿੱਚ ਜਾਂਦੇ ਹੀ ਨਹੀਂ। ਫਾਈਲ ਵੀ ਨਹੀਂ ਪੜਦੇ। ਤਕਨੀਕੀ ਪੱਖ ਤੋਂ ਰੂਲ-ਰੈਗੂਲੇਸ਼ਨ ਦੀ ਬੈਕ ਗਰਾਂਊਡ ਵੀ ਤੁਹਾਡੀ ਕੋਈ ਨਹੀਂ ਹੈ, ਫਿਰ ਜਿਸ ਸਮਾਜ ਦੇ ਹਿੱਤਾਂ ਦੀ ਰਾਖੀ ਕਰਨ ਲਈ ਤੁਹਾਨੂੰ ਪ੍ਰਤੀਨਿਧੀ ਬਣਾਇਆ ਜਾਂਦਾ ਹੈ, ਉਸਦੇ ਇੰਟਰੱਸਟ ਕਿਵੇਂ ਵਾਚ ਕਰਦੇ ਹੋ? ਕਿਸਦੇ ਨਾਲ ਅਨਿਆਂ ਹੋ ਰਿਹਾ ਹੈ, ਤੁਹਾਨੂੰ ਕਿਵੇਂ ਪਤਾ ਚੱਲਦਾ ਹੈ ?"

" ਫਿਰ ਓਹੀ ਸਮਾਜ ? ਸ਼ਿਵਦੱਤ ਜੀ ਲੱਗਦਾ ਤੁਸੀਂ ਨੀ ਅੱਜ ਪਿੱਛਾ ਛੱਡਦੇ। ਭਾਈ ਸਾਹਬ ਮੈਂ ਕੱਲੇ ਕੱਲੇ ਨੂੰ ਤਾੜ ਕੇ ਰੱਖਿਆ ਹੋਇਆ ਹੈ।

ਆਖ ਛੱਡਿਆ, ਜੇ ਕੋਈ ਗੜਬੜ ਹੋਈ ਮੈਂ ਬਖਸ਼ਣ ਵਾਲਾ ਨਹੀਂ ਹਾਂ। ਹਾਲਾਂ ਕਿ ਇਹ ਅਗਰਵਾਲ ਬੜਾ ਕਾਂਟਾ ਹੈ। ਆਪਣੇ ਸਟਾਫ ਦੇ ਐਸ. ਸੀ- ਐਸ. ਟੀ. ਮੈਂਬਰਾ ਨੂੰ ਜੁੱਤੀ ਦੀ ਨੋਕ ਤੇ ਰੱਖਦਾ ਹੈ। ਲੇਕਿਨ ਮੇਰੇ ਸਾਹਮਣੇ ਮੂੰਹ ਖੋਲਣ ਦੀ ਹਿੰਮਤ ਨਹੀਂ ਹੈ ਉਸਦੀ, ਜਾਣਦਾ ਐ ਨਾ ਦੋ ਮਿੰਟ 'ਚ ਟੂੱਲੂ ਫਿੱਟ ਕਰ ਦੇਊ ਕੁਰੀਲ।"

ਬਿਨਾ ਮੂੰਹ ਖੋਹਲੇ ਕੰਮ ਚੱਲੇ ਤਾਂ ਮੂੰਹ ਖੋਹਲ ਕੇ ਮੂਰਖਤਾ ਕਿਉਂ ਦਿਖਾਈ ਜਾਵੇ ? ਨਕਲੀ ਗੁੰਗੇ ਹੱਥਾਂ ਵਿੱਚ ਚਾਂਦੀ ਦੀ ਜੁੱਤੀ ਲੈ ਕੇ ਚੱਲਦੇ ਨੇ ।"

ਤੁਸੀਂ ਫਿਰ ਪੁੱਠੀਆਂ-ਸਿੱਧੀਆਂ ਗੱਲਾਂ ਕਰਨ ਲੱਗੇ। ਆਖਰ ਸਾਨੂੰ ਸਟੇਟਸ ਦਾ ਵੀ ਤਾਂ ਧਿਆਨ ਰੱਖਣਾ ਚਾਹੀਦਾ। ਇਹ ਸੜਕਛਾਪ ਗੱਲਾਂ ਮੈਨੂੰ ਪਸੰਦ ਨੀ। ਮੈਂ ਕੀ ਸਾਰਿਆਂ ਦਾ ਠੇਕਾ ਲੈ ਰੱਖਿਆ? ਯਾਰ ਮਹੇਸ਼ਵਰੀ ਜੀ, ਸਮਝਾਉ ਇਹਨਾਂ ਨੂੰ ਕੁੱਛ, ਚਾਲੀਆਂ ਤੋਂ ਵੀ ਪਹਿਲਾਂ ਹੀ ਸਠਿਆ ਗਏ ਨੇ। ਭਾਈ ਸਾਬ-ਵਿਵਸਥਾ ਵੀ ਤਾਂ ਕੋਈ ਚੀਜ਼ ਐ। ਗੜਬੜ ਕਰਾਂਗੇ ਤਾਂ ਸਰਕਾਰ ਇਹਨਾ ਲੋਕਾਂ ਦੇ ਨੱਕ 'ਚ ਦਮ ਕਰ ਦੇਊ। ਉਹਨਾਂ ਨੂੰ ਨੌਕਰੀ ਨੀ ਪਿਆਰੀ ਆਵਦੀ ? ਫਿਰ ਇਹਨਾਂ ਕੰਮਾਂ 'ਚ ਬੰਦਾ ਬੀਹਾਂਈਡ ਦਾ ਬਾਰ ਵੀ ਤਾਂ ਹੋ ਜਾਂਦਾ। ਹਾਂ ਯਾਰ... ਪਤਾ-ਪੁਤਾ ਹੈ ਕੀ ਕੁਛ ਪਰ...।"

"ਯਾਰ ਕੁਰੀਲ ਸਾਬ, ਮੈਨੂੰ ਤਾਂ ਤੇਰੀਆਂ ਗੱਲਾਂ ਸੁਣਕੇ ਉਕਤਾਹਟ ਜਿਹੀ ਆ ਰਹੀ ਐ।" ਮਹੇਸ਼ਵਰੀ ਬਿਨਾ ਕਿਸੇ ਲੱਗ ਲਪੇਟ ਦੇ ਬੋਲਿਆ।

"ਮਹੇਸ਼ਵਰੀ ਸਾਹਬ ਤੁਸੀਂ ਵੀ...।"

"ਤੁਸੀਂ ਵੀ ਕੀ ...?"

ਕਿਉਂ ਜਨਾਬ ?"

"ਅੱਛਾ! ਇੱਕ ਗੱਲ ਦੱਸ। ਤੁਸੀਂ ਹੁਣੇ ਵਿਵਸਥਾ ਦੀ ਗੱਲ ਕਰ ਰਹੇ ਸੀ। ਵਿਵਸਥਾ ਦੇ ਤਹਿਤ ਹੀ ਤਾਂ ਤੁਹਾਨੂੰ ਦਲਿਤਾਂ ਦਾ ਪ੍ਰਤੀਨਿਧ ਬਣਾਇਆ ਜਾਂਦਾ। ਆਮ ਤੌਰ ਤੇ ਬ੍ਰਾਹਮਣਾ 'ਤੇ ਹੁਣ ਤੱਕ ਇਹੀ ਦੋਸ਼ ਲੱਗਦਾ ਆਇਆ ਕਿ ਉਹਨਾਂ ਨੇ ਦਲਿਤਾਂ ਨਾਲ ਅਨਿਆਂ ਕੀਤਾ ਹੈ। ਸਹੀ ਹਾਲਤ ਤਾਂ ਵਿਵਾਦ ਦਾ ਵਿਸ਼ਾ ਹੋ ਸਕਦਾ ਹੈ, ਲੇਕਿਨ ਅੱਜ ਜੇਕਰ ਕਿਤੇ ਅਨਿਆਂ ਹੁੰਦਾ ਹੈ ਤਾਂ ਤੁਸੀਂ ਹੀ ਤਾਂ ਸਰਕਾਰ ਦੇ ਧਿਆਨ 'ਚ ਲਿਆਉਂਗੇ। ਜੇਕਰ ਤੁਸੀਂ ਅਜਿਹਾ ਨਹੀਂ ਕਰਦੇ, ਤਾਂ ਤੁਸੀਂ ਵੀ ਤਾਂ ਉਹਨਾਂ ਲਈ ਬ੍ਰਾਹਮਣ ਹੀ ਹੋਏ। ਸ਼ੋਸ਼ਣ ਕੋਈ ਵੀ ਕਰੇ, ਫ਼ਰਕ ਕੀ ਪਿਆ ? " ਮਹੇਸ਼ਵਰੀ ਨੇ ਸਮਝਾਇਆ।

"ਫਰਕ ਤਾਂ ਬਹੁਤ ਪੈ ਗਿਆ ਮਹੇਸ਼ਵਰੀ ਸਾਹਬ । ਅਸੀਂ ਬ੍ਰਾਹਮਣਾ ਜਾਂ ਦੂਸਰੇ ਸਵਰਨਾ ਦੀ ਆਲੋਚਨਾ ਅਤੇ ਸ਼ਿਕਾਇਤ ਕਰ ਲੈਂਦੇ ਸੀ। ਉਹਨਾਂ ਨੂੰ ਕੋਸ ਲੈਂਦੇ ਸਾਂ ਕਿ ਸਾਡੇ ਨਾਲ ਅਨਿਆਂ ਕਰਦੇ ਨੇ। ਸਾਡਾ ਭਲਾ ਨਹੀਂ ਚਾਹੁੰਦੇ। ਇਸ ਲਈ ਸਾਨੂੰ ਹਰ ਖੇਤਰ ਵਿੱਚ ਨੁਮਾਇੰਦਗੀ ਚਾਹੀਦੀ ਏ। ਹੁਣ



ਜਦੋਂ ਕੁਰੀਲ ਸਾਹਬ ਵੀ ਦਲਿਤ ਨੇ, ਇਸ ਭੱਦਰਪੁਰਸ਼ ਦੀ ਸ਼ਿਕਾਇਤ ਅਸੀਂ ਉਸ ਰੂਪ ਵਿੱਚ ਨਹੀਂ ਕਰ ਸਕਦੇ।" ਸ਼ਿਵਦੱਤ ਦੀ ਆਵਾਜ਼ ਵਿੱਚ ਦਰਦ ਸੀ।

"ਹਾਂ, ਇਹ ਤਾਂ ਫਿਰ ਦਲਿਤ ਬ੍ਰਾਹਮਣ ਹੋ ਗਏ। ਆਮ ਐਸ. ਸੀ. / ਐਸ. ਟੀ. ਨੂੰ ਕੀ ਫ਼ਰਕ ਪਿਆ ।" ਮਹੇਸ਼ਵਰੀ ਸਾਹਬ ਨੇ ਚੁਟਕੀ ਲਈ।

"ਤਾਂ ਸ਼੍ਰੀਮਾਨ ਜੀ, ਮੈਂ ਆਵਦਾ ਕੰਮ ਛੱਡਕੇ ਤਿੰਨ-ਤਿੰਨ, ਚਾਰ ਚਾਰ ਘੰਟੇ ਡੀ. ਪੀ. ਸੀ. 'ਚ ਹੀ ਖਰਾਬ ਕਰਦਾ ਰਿਹਾ ਕਰਾਂ। ਏਹੀ ਕੰਮ ਰਹਿ ਗਿਆ ਮੈਨੂੰ।" ਕੁਰੀਲ ਸਾਹਬ ਥੋੜਾ ਜਿਹਾ ਤਲਖ ਹੁੰਦਿਆ ਬੋਲੇ।

"ਤਾਂ ਨਾ ਜਾਇਆ ਕਰੋ ਡੀ. ਪੀ. ਸੀ 'ਚ। ਇਹ ਕਿਹੜਾ ਮੈਂਡੇਟਰੀ ਐ ?" ਮਹੇਸ਼ਵਰੀ ਸਾਹਬ ਨੇ ਤਪਾਕ ਨਾਲ ਜੁਆਬ ਦਿੱਤਾ।

"ਤਾਂ ਉਹ ਕਿਸੇ ਹੋਰ ਨੂੰ ਬੁਲਾ ਲੈਣਗੇ। ਉਹਨਾਂ ਨੂੰ ਵੀ ਕੀ ਫਰਕ ਪੈਂਦਾ ਐ, ਮੰਨ ਲੋ...।"

"ਤਾਂ ਕੀ! ਬੁਲਾ ਲੈਣ। ਤੁਸੀਂ ਅਨਿਆ ਦੇ ਭਾਗੀ ਕਿਉਂ ਬਣਦੇ ਹੋ ?" ਮਹੇਸ਼ਵਰੀ ਨੇ ਗੱਲ ਵਿਚਾਲਿਓਂ ਹੀ ਕੱਟ ਦਿੱਤੀ। ਅੱਜ ਤੁਸੀਂ ਕੀ ਖਾ ਕੇ ਆਏ ਓ, ਜੋ ਮੇਰਾ ਕਬਾੜਾ ਕਰਨ ਤੇ ਤੁਲੇ ਓਂ ...। ਕੀ ਵਿਹਾੜ ਦਿੱਤਾ। ਮੈਂ ਤੁਹਾਡਾ ? ਚੰਗੀ ਇਜ਼ਤ ਮਿਲ ਰਹੀ ਐ, ਤੁਹਾਡੇ ਕਹਿਣ ਤੇ ਕਿਵੇਂ ਗੁਆ ਦਿਆਂ। ਤੁਸੀਂ ਵੀ ਕਿਹੋ ਜਿਹੇ ਆਦਮੀ ਹੋ ?"

"ਤਾਂ ਫਿਰ ਮਿਹਨਤ ਕਰੋ। ਆਪਣੀ ਸੀਟ ਨਾਲ ਜਸਟਿਸ ਕਰੋ।" ਸ਼ਿਵਦੱਤ ਸਾਹਬ ਬੋਲੇ।

"ਇਹ ਹੁਣ ਮੈਂ ਤੁਹਾਥੋਂ ਸਿਖੂੰ।"

"ਯਾਰ ਸ਼ਿਵਦੱਤ ਜੀ, ਮੈਨੂੰ ਸਾਰਾ ਪਤਾ ਐ। ਤੁਸੀਂ ਖ਼ੂਬ ਮਿਹਨਤ ਕਰਦੇ ਹੋ। ਹਮੇਸ਼ਾਂ ਐਫ. ਆਰ., ਐਸ. ਆਰ ਦੀ ਕਿਤਾਬ ਹੱਥਾਂ 'ਚ ਫੜੀ ਤਿੰਨ ਚਾਰ ਘੰਟੇ ਖਰਾਬ ਕਰਦੇ ਹੋ। ਪੂਛ ਚੱਕ ਚੱਕ ਕੇ ਦੇਖਦੇ ਹੋ ਫਾਈਲ ਨੂੰ। ਸਾਰੇ ਦਫ਼ਤਰ ਵਾਲੇ ਪਰੇਸ਼ਾਨ ਨੇ ਤੁਹਾਡੇ ਤੋਂ ਜੋ ਇਕ ਵਾਰ ਬੁਲਾ ਲੈਂਦਾ ਹੈ, ਅਗਲੀ ਵਾਰ ਦੂਰ ਤੋਂ ਹੀ ਨਮਸਤੇ ਕਰ ਦਿੰਦਾ। ਨਾਮ ਤੱਕ ਨੀ ਲੈਂਦਾ ਤੁਹਾਡਾ। ਬਾਅਦ 'ਚ ਮੇਰੇ ਦਸਤਖਤਾਂ ਨਾਲ ਹੀ ਪੂਰੀ ਹੁੰਦੀ ਐ, ਇਹ, ਸਾਰੀ ਡੀ. ਪੀ. ਸੀ। ਨਹੀਂ ਤਾਂ ਲਟਕਦੇ ਰਹਿ ਜਾਣ ਵਿਚਾਰੇ ਲੋਕਾਂ ਦੇ ਪਰੋਮੋਸ਼ਨ ।"

"ਕੋਈ ਬੁਲਾਏ ਜਾਂ ਨਾ ਬੁਲਾਏ, ਲੇਕਿਨ ਮੈਨੂੰ ਸੰਤੁਸ਼ਟੀ ਐ ਕਿ ਮੈਂ ਨਾ ਕਿਸੇ ਨਾਲ ਅਨਿਆਂ ਕੀਤਾ ਐ, ਨਾ ਹੋਣ ਦਿੱਤਾ ਐ। " ਲੰਬਾ ਸਾਹ ਛੱਡਦਿਆਂ ਸ਼ਿਵਦੱਤ ਬੋਲਿਆ।

ਚੱਲ ਚੰਗਾ ਯਾਰ! ਮੈਂ ਸਾਰੀ ਡੀ. ਪੀ. ਸੀ. ਗਲਤ ਕਰਾਉਂਦਾ ਰਿਹਾਂ। ਮੈਨੂੰ ਫਾਂਸੀ ਲੱਗ ਜਾਊ। ਚਲੋ ਮੈਂ ਦਲਿਤ ਬ੍ਰਾਹਮਣ ਹੀ ਸਹੀ, ਤੁਸੀਂ ਜੋ ਕਹਿੰਦੇ ਹੋ ਠੀਕ ਐ, ਬੱਸ ਹੁਣ ਗੱਲ ਮੁਕਾਓ।"

ਗੱਲ ਫਾਂਸੀ ਦੀ ਨਹੀਂ ਐ ਕੁਰੀਲ ਸਾਹਬ। ਗੱਲ ਹੈ ਫਰਜ਼ ਅਤੇ ਨਿਆਂ ਦੀ। ਕੰਮ ਤਾਂ ਤੁਸੀਂ ਦਲਿਤ ਬ੍ਰਾਹਮਣ ਵਾਲਾ ਹੀ ਕਰ ਰਹੇ ਓ ਨਾ। ਮੂੰਹ 'ਚੋਂ ਗੱਲ ਨਿਕਲਗੀ ਤਾਂ ਦੂਰ ਤੱਕ ਜਾਊ, ਲੇਕਿਨ ਫਿਰ ਵੀ...।" ਮਹੇਸ਼ਵਰੀ ਸਾਹਬ ਕਹਿੰਦਿਆ-ਕਹਿੰਦਿਆ ਰੁਕ ਗਏ ਸਨ।

"ਛੱਡੋ ਸਾਹਬ ਜੀ! ਮੈਂ ਫ਼ਰਜ਼ ਅਤੇ ਨਿਆ-ਅਨਿਆਂ ਚੰਗੀ ਤਰ੍ਹਾਂ ਸਮਝਦਾ, ਲੇਕਿਨ ਮੇਰੇ ਇਕੱਲੇ ਦੇ ਸਮਝਣ ਨਾਲ ਕੀ ਹੁੰਦਾ? ਇਹ ਦੁਨੀਆਂ ਇਉਂ ਹੀ ਚੱਲਦੀ ਰਹੇਗੀ। ਤੁਹਾਨੂੰ ਇੱਕ ਪੁਰਾਣਾ ਸ਼ੇਅਰ ਸੁਣਾਉਂਦਾ ਹਾਂ।

"ਕਿਸ-ਕਿਸ ਨੂੰ ਯਾਦ ਕਰੀਏ, ਕਿਸ ਨੂੰ ਰੋਈਏ।
ਅਰਾਮ ਬੜੀ ਚੀਜ਼ ਹੈ, ਮੂੰਹ ਢੱਕ ਕੇ ਸੌਂਈਏ।"

ਇਸਦੇ ਨਾਲ ਹੀ ਕੁਰੀਲ ਸਾਹਬ ਉੱਠ ਖੜੇ ਹੋਏ, ਮਰੇਸ਼ਵਰੀ ਅਤੇ ਸ਼ਿਵਦੱਤ ਵੀ ਨਾਲ ਹੀ ਉਠੇ ਅਤੇ ਨਮਸਕਾਰ ਕਰਦਿਆਂ, ਤਿੰਨੋ ਆਪਣੇ ਆਪਣੇ ਘਰਾਂ ਨੂੰ ਚਲੇ ਗਏ।

ਇਸ ਘਟਨਾ ਦੇ ਛੇ ਮਹੀਨੇ ਬਾਅਦ ਇੱਕ ਦਿਨ ਕੁਰੀਲ ਸਾਹਬ ਨਿਸ਼ਚਿਤ ਸਮੇਂ ਤੇ ਪਾਰਕ ਵਿੱਚ ਨਾ ਪਹੁੰਚੇ। ਕਾਫੀ ਇੰਤਜ਼ਾਰ ਦੇ ਬਾਅਦ ਮਹੇਸ਼ਵਰੀ ਨੇ ਆਖਿਆ, "ਸ਼ਿਵਦੱਤ ਜੀ ਕੁਝ ਗੜਬੜ ਲੱਗਦੀ ਐ। ਕੋਈ ਪ੍ਰੋਗਰਾਮ ਹੋਵੇ ਤਾਂ ਦੱਸ ਦਿੰਦੇ ਨੇ ਕੁਰੀਲ ਸਾਹਬ। ਉਂਜ ਆਉਣ, ਨਾ ਆਉਣ ਦੀ ਕੋਈ ਖ਼ਾਸ ਗੱਲ ਨਹੀਂ । ਬੱਸ ਠੀਕ ਠਾਕ ਹੋਣੇ ਚਾਹੀਦੇ ।"

"ਏਹ ਤਾਂ ਡਰ ਬਣਿਆ ਹੀ ਰਹਿੰਦਾ। ਰੱਜ ਕੇ ਤਾਂ ਪੀਂਦੇ ਨੇ। ਮੁਫ਼ਤ ਮਿਲ ਜਾਵੇ ਫੇਰ ਤਾਂ ਬੱਲੇ ਬੱਲੇ। ਬਥੇਰਾ ਸਮਝਾਇਆ।" ਸ਼ਿਵਦੱਤ ਨੇ ਚਿੰਤਤ ਹੁੰਦਿਆਂ ਆਖਿਆ।

"ਚੱਲੋ, ਨਾਲ ਹੀ ਤਾਂ ਘਰ ਐ, ਪਤਾ ਕਰ ਲੈਂਦੇ ਆ, ਨਹੀਂ ਤਾਂ ਰਾਤ ਨੂੰ ਨੀਂਦਰ ਨ੍ਹੀਂ ਆਉਣੀ।" ਮਹੇਸ਼ਵਰੀ ਸਾਹਬ ਬੋਲੇ।

ਦੋਵੇਂ ਦੋਸਤ ਕੁਰੀਲ ਸਾਹਬ ਦੇ ਘਰ ਵੱਲ ਤੁਰ ਪਏ। ਕੁਰੀਲ ਸਾਹਬ ਰਸਤੇ ਵਿੱਚ ਹੀ ਮਿਲ ਪਏ। ਦੋਵਾਂ ਦੀ ਜਾਨ ਵਿੱਚ ਜਾਨ ਆਈ। ਮਰੇਸ਼ਵਰੀ ਨੇ ਛੇੜਦਿਆਂ ਪੁੱਛਿਆ, "ਅੱਜ ਫਿਰ ਕੋਈ ਅਗਰਵਾਲ ਆ ਗਿਆ ਸੀ ? "

"ਮਜ਼ਾਕ ਛੱਡੋ ਯਾਰ, ਬੜੀ ਬੁਰੀ ਹੋਈ ਮੇਰੇ ਨਾਲ। ਐਨੀ ਵੱਡੀ ਬੇਇਨਸਾਫੀ, ਔਫ਼!" ਕੁਰੀਲ ਸਾਹਬ ਨੇ ਇੱਕ ਤਰ੍ਹਾਂ ਰੋਂਦਿਆ ਰੋਂਦਿਆਂ ਆਖਿਆ।

"ਬੱਚੇ ਬੁੱਚੇ ਤਾਂ ਠੀਕ ਐ ? ਸਾਡੇ ਲਾਇਕ ਕੋਈ ਕੰਮ ਐ ਤਾਂ ਛੇਤੀ ਦੱਸ।" ਸ਼ਿਵਦੱਤ ਅਤੇ ਮਹੇਸ਼ਵਰੀ ਇਕੱਠੇ ਬੋਲ ਪਏ।

"ਹਾਂ ਤੁਹਾਡੀ ਹੀ ਮੱਦਦ ਦੀ ਲੋੜ ਐ ਸਰ। ਦਰਅਸਲ ਅੱਜ ਹੈਡਕੁਆਟਰ ਤੋਂ ਪਰਮੋਸਨ ਲਿਸਟ ਆਈ ਹੈ। ਇਹ ਦੇਖੋ ਲਿਸਟ। ਬੁੱਧੀ ਦਾ ਦਿਵਾਲਾ ਨਿਕਲ ਗਿਆ ਐ ਹੈਡਕੁਆਟਰ ਵਾਲਿਆ ਦਾ, ਮੇਰੇ ਤੋਂ ਜੂਨੀਅਰ ਨੂੰ ਪਰਮੋਟ ਕਰ ਦਿੱਤਾ ਐ। ਮੇਰਾ ਨਾਂ ਗਾਇਬ ਹੈ। ਐਨੀ ਧਾਂਦਲੇਬਾਜ਼ੀ ਚੱਲ ਰਹੀ ਐ। ਸਰ! ਹੇਰਾ-ਫੇਰੀ ਦੀ ਵੀ ਤਾਂ ਕੋਈ ਹੱਦ ਹੁੰਦੀ ਐ।" ਕੁਰੀਲ ਸਾਹਬ ਬੋਲੇ।

ਇਹ ਕੀ ਕਹਿ ਰਿਹਾਂ ਤੂੰ ? ਭਾਈ ਸਾਹਬ ਗਲਤੀ ਵੀ ਤਾਂ ਹੋ ਸਕਦੀ ਐ। ਤੁਸੀਂ ਰੀਪਰਜੈਂਟ ਕਰੋ। ਇਹਦੇ 'ਚ ਗੁੱਸੇ ਵਾਲੀ ਕਿਹੜੀ ਗੱਲ ਐ।" ਮਹੇਸ਼ਵਰੀ ਨੇ ਢਾਰਸ ਬੰਨਾਇਆ।

ਲੇਕਿਨ ਸਾਡੇ ਇਥੇ ਵਾਗੂੰ, ਹੈਡਕੁਆਟਰ ਦੀ ਡੀ. ਪੀ. ਸੀ 'ਚ ਵੀ ਤਾਂ ਐਸ. ਸੀ. / ਐਸ. ਟੀ. ਦਾ ਮੈਂਬਰ ਹੁੰਦਾ ਈ ਐ। ਓਹ ਘੋਗੜ ਕੀ ਕਰ ਰਿਹਾ ਸੀ, ਇਸ ਕਰਕੇ ਗੁੱਸਾ ਆ ਰਿਹਾ ਮੈਨੂੰ। ਸਾਲੇ ਨੇ ਬਿਨਾਂ ਫਾਈਲ ਸਟੱਡੀ ਕੀਤੇ, ਦਸਤਖ਼ਤ ਕਿਵੇਂ ਕਰ ਦਿੱਤੇ। ਇਹਨਾਂ ਦਾ ਵੱਸ ਚੱਲੇ ਤਾਂ ਸਾਰੀ ਕੌਮ ਨੂੰ ਵੇਚ ਦੇਣ ਆਵਦੇ ਸਵਾਰਥ ਬਦਲੇ। ਐਹਜੇ ਲੱਲੂਆਂ ਦੀ ਤਾਂ ਤਲਾਸ਼ ਰਹਿੰਦੀ ਐ ਹੈਡਕੁਆਟਰ ਵਾਲਿਆਂ ਨੂੰ। ਸ਼ਿਵਦੱਤ ਜੀ ਤੁਸੀਂ ਮੈਨੂੰ ਪਰਮੋਸ਼ਨ ਰੂਲ ਸਮਝਾਉ। ਮੈਂ ਕੱਲ ਹੀ ਰੀਪਰਜੈਂਟ ਕਰਦਾ ਹਾਂ। ਕੋਰਟ 'ਚ ਵੀ ਜਾਊਂ ਨਾਲੇ ਏਸੇ ਐਸ. ਟੀ. / ਐਸ. ਟੀ. ਮੈਂਬਰ ਦੇ ਖਿਲਾਫ਼ ਵੀ ਕੇਸ ਕਰੂੰ। ਮਾਂ... ਨੂੰ ਨੌਕਰੀ ਕਰਨੀ ਸਿਖਾਊਂ।" ਗੁੱਸੇ ਵਿੱਚ ਅੱਗ ਬਬੂਲਾ ਹੋ ਕੇ ਸਾਹਬ ਬਿਨਾਂ ਰੁਕੇ ਬੋਲੀ ਜਾ ਰਿਹਾ ਸੀ।

"ਯਾਰ ਸੁਣੋ, ਤੇਰਾ ਕੇਸ ਦੇਖਦੇ ਹਾਂ। ਆਪਣੇ-ਆਪ ਨੂੰ ਵੀ ਸਬਕ ਸਿਖਾਉਣਾ ਪੈਂਦਾ ਐ। ਕੁਰੀਲ ਸਾਹਬ ਧੀਰਜ ਰੱਖੋ।" ਸ਼ਿਵੱਦਤ ਜੀ ਬੋਲੇ।

"ਮਹੇਸ਼ਵਰੀ ਸਾਹਬ , ਮੈਂ ਤਾਂ ਜ਼ਿੰਦਗੀ ਵਿੱਚ ਇਹੀ ਦੇਖਿਆ, ਆਪਣੇ ਨੂੰ ਆਪਣਾ ਹੀ ਮਾਰਦਾ।"

ਠਹਿਰ ਤਾਂ ਜਾ ਗੱਲ ਵੀ ਸੁਣ। ਐਵੇਂ ਧਰਤੀ ਨੂੰ ਧੱਕੀ ਜਾਨੈ।" ਸ਼ਿਵਦੱਤ ਜੀ।

"ਹੁਣ ਦੇਖ ਲੋ ਸ਼ਿਵਦੱਤ ਜੀ, ਤੁਸੀਂ ਬੜਾ ਫ਼ੇਵਰ ਕਰਦੇ ਹੋ ਇਹਨਾਂ ਲੋਕਾਂ ਦਾ। ਏਸੇ ਕਰਕੇ ਮੈਨੂੰ ਇਹਨਾਂ ਤੇ ਗੁੱਸਾ ਆਉਂਦਾ , ਏਸੇ ਕਰਕੇ ਮੈਂ ਇਹਨਾਂ ਤੋਂ ਦੂਰੀ ਬਣਾ ਕੇ ਰੱਖਦਾਂ ਤੇ ਨਾਂ ਹੀ ਇਹਨਾਂ ਦਾ ਕੋਈ ਕੰਮ ਕਰਦਾਂ। ਹੁਣ ਤਾਂ ਬਿਲਕੁਲ ਈ ਨੀ ਕਰਨਾ। ਐਹਜੇ ਨਲਾਇਕਾਂ ਨੂੰ ਐਡੀ ਸੌਖੀ ਤਰ੍ਹਾਂ ਨ੍ਹੀਂ ਛੱਡਣਾ । ਬੱਸ ਮਾੜਾ ਜਿਆ ਹੈਡਕੁਆਟਰ ਤੋਂ ਪਤਾ ਲਾ ਲਵਾਂ ਕਿ ਇਹ ਗ਼ਦਾਰ , ਸਮਾਜ ਧਰੋਹੀ ਸੀ ਕੌਣ ?" ਕੁਰੀਲ ਸਾਹਬ ਦਾ ਪਾਰਾ ਸੱਤਵੇਂ ਅਸਮਾਨ ਤੇ ਸੀ।

ਮਹੇਸ਼ਵਰੀ ਸਾਹਬ ਨੇ ਵਿਚਾਲਿਓਂ ਹੀ ਟੋਕ ਕੇ ਕਿਹਾ, "ਇਹਦੇ 'ਚ ਹੈਡਕੁਆਟਰ ਤੋਂ ਪਤਾ ਕਰਨ ਵਾਲੀ ਕਿਹੜੀ ਗੱਲ ਐ ਕੁਰੀਲ ਸਾਹਬ ? ਮੈਂ ਤੁਹਾਨੂੰ ਇਥੇ ਹੀ ਦੱਸ ਦਿੰਦਾ ਹਾਂ, ਕੌਣ ਸੀ ?"

"ਹਾਂ ਸਰ! ਤੁਸੀਂ ਤਾਂ ਦਿੱਲੀ ਵੀ ਰਹੇ ਹੋ। ਨਾਲ ਹੀ ਤੁਹਾਡਾ ਆਫ਼ਿਸ ਹੈ। ਮੈਂ ਤਾਂ ਭੁੱਲ ਹੀ ਗਿਆ ਸੀ ਸਾਲਾ ਮੂਡ ਜੋ ਖਰਾਬ ਹੋਇਆ ਪਿਆ। ਹਾਂ ਸਰ! ਕੌਣ ਹੋ ਸਕਦਾ ? ਸਰ ਦੱਸੋ ਜਰਾ !" ਕੁਰੀਲ ਸਾਹਬ ਨੇ ਜੁਗਿਆਸਾ ਪ੍ਰਗਟ ਕੀਤੀ।

ਹੋਰ ਕੌਣ ਹੋਊ ਕੁਰੀਲ ਸਾਹਬ, ਹੋਊ ਕੋਈ ਦਲਿਤ ਬ੍ਰਾਹਮਣ।" ਮਰੇਸ਼ਵਰੀ ਦੇ ਮੂੰਹ ਵਿੱਚੋਂ ਆਪ-ਮੁਹਾਰੇ ਨਿਕਲ ਗਿਆ ਹਾਲਾਂ ਕਿ ਉਹ ਕਹਿਣ ਤੋਂ ਬਾਅਦ ਅੰਦਰ ਹੀ ਅੰਦਰ ਆਪਣੀ ਸਾਫਗੋਈ 'ਤੋਂ ਦੁੱਖੀ ਹੋ ਰਿਹਾ ਸੀ।

ਸੁਣਦਿਆਂ ਹੀ ਕੁਰੀਲ ਸਾਹਬ ਦਾ ਚਿਹਰਾ ਪੀਲਾ ਪੈ ਗਿਆ। ਕੱਟੋ ਤਾਂ ਖ਼ੂਨ ਨਹੀਂ। ਕੁਰੀਲ ਸਾਹਬ ਠੱਗੇ ਜਿਹੇ ਰਹਿ ਗਏ। ਕਹਿਣ ਨੂੰ ਕੁੱਝ ਬਾਕੀ ਨਹੀਂ ਸੀ ਰਹਿ ਗਿਆ। ਸ਼ਿਵਦੱਤ ਜੀ ਨੇ ਕੁਰੀਲ ਸਾਹਬ ਦੇ ਮੋਢੇ ਤੇ ਹੱਥ ਰੱਖਦਿਆਂ ਆਖਿਆ, "ਚੱਲੋ ਕੁਰੀਲ ਸਾਹਬ ਘਰ ਚੱਲੋ। ਇਹਨਾਂ ਦਲਿਤ ਬ੍ਰਾਹਮਣਾ ਨਾਲ ਨਿਪਟਨ ਦਾ ਕੋਈ ਤਰੀਕਾ ਤਾਂ ਕੱਢਣਾ ਹੀ ਪਊ।"⊘



ਹਿੰਦੀ ਕਹਾਣੀ

## ਡਾਂਗ / ਜੈ ਪ੍ਰਕਾਸ਼ ਕਰਦਮ / ਅਨੁ : ਭਗਵੰਤ ਰਸੂਲਪੁਰੀ



ਸੋਨਬਤੀ ਨੇ ਬਿਸਤਰਾ ਗੰਦਾ ਕਰ ਦਿੱਤਾ ਸੀ। ਪਾਟੇ-ਪੁਰਾਣੇ ਚੀਥੜੇ ਹੋਏ ਕੱਪੜੇ ਨਾਲ ਉਸ ਨੂੰ ਸਾਫ ਕਰਕੇ ਅਤਰੀ ਲੰਮੀ ਪਈ ਹੀ ਸੀ ਕਿ ਵੱਖ ਲੈਣ ਦੇ ਨਾਲ ਹਰੀ ਸਿੰਘ ਦੇ ਮੂੰਹ 'ਚੋਂ ਨਿਕਲੀ ਲੇਰ ਨੇ ਉਸ ਦਾ ਧਿਆਨ ਤੋੜ ਦਿੱਤਾ। ਉਹ ਆਪਣੇ ਮੰਜੇ ਤੋਂ ਉੱਠ ਕੇ ਹਰੀ ਸਿੰਘ ਦੇ ਮੰਜੇ 'ਤੇ ਆਈ ਤੇ ਉਸ ਦਾ ਮੋਢਾ ਝੰਜੋੜ ਕੇ ਬੋਲੀ,"ਸੋਨਬਤੀ ਦੇ ਚਾਚਾ ਕੀ ਹੋਇਆ ? ਸਿਹਤ ਤਾਂ ਠੀਕ ਹੈ ਤੇਰੀ ?"

ਮੁਹੱਲੇ-ਗੁਵਾਂਢ ਵਧੇਰੇ ਲੋਕ ਹਰੀ ਸਿੰਘ ਤੋਂ ਉਮਰ 'ਚ ਵੱਡੇ ਸਨ ਅਤੇ ਉਨ੍ਹਾਂ ਦੇ ਬੱਚੇ ਹਰੀ ਸਿੰਘ ਨੂੰ ਚਾਚਾ ਕਹਿੰਦੇ ਸਨ। ਉਨ੍ਹਾਂ ਦੀ ਰੀਸੇ ਹਰੀ ਸਿੰਘ ਦੇ ਆਪਣੇ ਬੱਚੇ ਵੀ ਚਾਚਾ ਕਹਿ ਕੇ ਬੁਲਾਉਣ ਲੱਗ ਪਏ। ਪਿੰਡ ਦੀ ਕੋਈ ਔਰਤ ਆਪਣੇ ਪਤੀ ਦਾ ਨਾਂ ਨਹੀਂ ਲੈਂਦੀ ਸੀ। ਨਣਦ ਜਾ ਦੇਵਰ ਵੀਰ ਜਾਂ ਬੱਚਿਆ ਦਾ ਨਾਂ ਲੈ ਕੇ ਉਨ੍ਹਾਂ ਦੇ ਬਾਬਾ ਬਾਪੂ ਮਾਮਾ ਨਾਨਾ ਚਾਚਾ ਤਾਇਆ ਆਦਿ ਦੇ ਨਾਂ ਨਾਲ ਸੰਬੋਧਿਤ ਕਰਦੀਆਂ ਸਨ। ਪਤੀ ਦਾ ਨਾਂ ਲੈਣਾ ਪਰੰਪਰਾ ਦੇ ਵਿਰੁੱਧ ਅਤੇ ਚ੍ਰਿਤਰ ਦੇ ਵਿਰੱਧ ਅਤੇ ਔਰਤ ਦਾ ਬੇ ਸ਼ਰਮ ਹੋਣਾ ਮੰਨਿਆ ਜਾਂਦਾ ਸੀ। ਇਸ ਲਈ ਅਤਰੋ ਵੀ ਹਰੀ ਸਿੰਘ ਨੂੰ 'ਸੋਨਬਤੀ ਦਾ ਚਾਚਾ' ਕਹਿ ਕੇ ਬੁਲਾਉਂਦੀ ਸੀ।

ਹਰੀ ਸਿੰਘ ਨੇ ਜਿਵੇਂ ਜਾਗਦੇ ਹੋਇਆ ਕਿਹਾ, "ਕੁਝ ਨਹੀਂ ਹੋਇਆ, ਠੀਕ ਹਾਂ ਤੂੰ ਸੌਂਅ ਜਾਹ।" ਪ੍ਰੰਤੂ ਪੀੜ 'ਚ ਡੁੱਬੀ ਉਸਦੀ ਆਵਾਜ਼ ਦੱਸ ਰਹੀ ਸੀ ਕਿ ਅਸਲੀਅਤ ਕੁਝ ਹੋਰ ਹੀ ਸੀ।

"ਕੀ ਲੱਕ ਦੁੱਖ ਰਿਹਾ ਹੈ ?" ਕਹਿੰਦਿਆ ਹੋਇਆ ਅਤਰੋਂ ਨੇ ਆਪਣੇ ਹੱਥ ਨਾਲ ਹਰੀ ਸਿੰਘ ਦੇ ਲੱਕ ਤੇ ਹੱਥ ਫੇਰਨਾ ਸ਼ੁਰੂ ਕਰ ਦਿੱਤਾ।

'ਹਾਂ ਅਤਰੋ, ਲੱਕ ਬਹੁਤ ਦਰਦ ਦਰ ਰਿਹਾ ਏ।"

ਹਰੀ ਸਿੰਘ ਨੇ ਐਨਾ ਹੀ ਕਿਹਾ ਸੀ ਕਿ ਅਤਰੋ ਦੇ ਮੂੰਹ ਚੋਂ ਪਹਿਲਾ ਇਕ ਜ਼ੋਰ ਨਾਲ ਹਾਏ ਨਿਕਲੀ ਅਤੇ ਫਿਰ ਗਾਲ੍ਹਾਂ , "ਬਦਨੀ , ਤੇਰਾ ਸਤਿਆ ਨਾਸ਼ ਹੋਵੇਗਾ। ਤੈਨੂੰ ਸਾਡਾ ਅਜਿਹਾ ਸਰਾਪ ਲੱਗੇਗਾ ਕਿ ਤੇਰੇ ਘਰ ਕੋਈ ਦੀਵਾ ਜਗਾਉਣ ਵਾਲਾ ਵੀ ਨਹੀਂ ਬਚੇਗਾ। ਜਿਹੜਾ ਤੂੰ ਜ਼ੁਲਮ ਕੀਤਾ ਹੈ। ਤੈਨੂੰ ਐਨੀ ਸਜਾ ਜਰੂਰ ਮਿਲੇਗੀ।"

ਹੱਥਾਂ ਨਾਲ ਹਰੀ ਸਿੰਘ ਦੇ ਲੱਕ ਨੂੰ ਮਲਦਿਆ ਨਾਲ ਨਾਲ ਉਹ ਮੂੰਹ 'ਚੋਂ ਬਦਰੀ ਦੇ ਲਈ ਗਾਲ੍ਹਾਂ ਕੱਢੀ ਜਾ ਰਹੀ ਸੀ। ਕਿੰਨੀਆਂ ਸਾਰੀਆਂ ਗਾਲ੍ਹਾਂ ਕੱਢਣ ਤੋਂ ਬਾਅਦ ਉਹ ਕੁਝ ਸਾਂਤ ਹੋਈ। ਦੇਰ ਤੱਕ

## ਜੈ ਪ੍ਰਕਾਸ਼ ਕਰਦਮ

ਪ੍ਰਸਿੱਧ ਕਥਾਕਾਰ, ਇਨ੍ਹਾਂ ਦਾ ਜਨਮ 5 ਜੁਲਾਈ, 1958 ਨੂੰ ਇੰਦਰਗੜ੍ਹੀ (.ਗਾਜ਼ੀਆਬਾਦ) ’ਚ ਹੋਇਆ। ਸਿੱਖਿਆ ਐਮ. ਏ। ਰਾਗ ਦਰਬਾਰੀ ਦਾ ਸਮਾਜ ਸ਼ਾਸ਼ਤਰੀ ਅਧਿਐਨ ਵਿਸ਼ੇ ਤੇ ਹਿੰਦੀ ’ਚ ਪੀ. ਐਚ. ਡੀ.। ਛੱਪਰ ਕਰੁਣਾ (ਨਾਵਲ), ਗੂੰਗਾ ਨਹੀਂ ਥਾਂ ਮੈਂ, ਤਿਨਕਾ ਤਿਨਕਾ ਆਗ (ਕਵਿਤਾ ਸੰਗ੍ਰਹਿ), ਕਈ ਅਨੁਵਾਦ ਤੇ ਸੰਪਾਦਤ ਪੁਸਤਕਾਂ। ਹਰ ਸਾਲ ਪ੍ਰਕਾਸ਼ਤ ਕਰਦੇ ‘ਦਲਿਤ ਵਾਰਸ਼ਿਕੀ’ ਦੇ ਸੰਪਾਦਕ। ਕਿੱਤਾ ਪੇਂਡੂ ਵਿਕਾਸ ਮੰਤਰਾਲਿਆ ’ਚ ਉਪਨਿਰਦੇਸ਼ਕ।
ਸੰਪਰਕ- ਬੀ-634, ਡੀ. ਡੀ. ਏ. ਫਲੈਟਸ, ਇਸਟ ਆਫ ਲੋਨੀ ਰੋਡ, ਦਿੱਲੀ-110093

ਲੱਕ ਘੁੱਟਦੇ ਰਹਿਣ ਕਰਕੇ ਉਹਦੇ ਹੱਥ ਵੀ ਥੱਕ ਗਏ ਸੀ। ਆਖਰੀ ਵਾਰ ਫਿਰ ਉਸ ਨੇ ਬਦਰੀ ਨੂੰ ਬੁਰਾ ਭਲਾ ਕਿਹਾ ਅਤੇ ਹਰੀ ਸਿੰਘ ਦੇ ਲੱਕ ਘੁੱਟਣਾ ਬੰਦ ਕਰਦੇ ਉਹ ਆਪਣੇ ਮੰਜੇ ਤੇ ਜਾ ਕੇ ਲੰਮੀ ਪੈ ਗਈ।

ਬਦਰੀ ਨੇੜੇ ਦੇ ਹੀ ਇਕ ਮੁਹੱਲੇ ਨਾਂ ਦੇ ਪਿੰਡ ਦਾ ਜੱਟ ਸੀ। ਮਿਸਲਗੜ੍ਹੀ ਤੋਂ ਗਾਜੀਆਬਾਦ ਨੂੰ ਜਾਣ ਵਾਲੀ ਸੜਕ ਤੋਂ ਇਕ ਕਿਲੋਮੀਟਰ ਤੋਂ ਕੁਝ ਵੱਧ ਦੂਰੀ ਤੇ ਹਰਸਾਂਵ ਨਾਂ ਦਾ ਪਿੰਡ ਸੀ। ਹਰਸਾਂਵ ਦੇ ਨੇੜੇ ਸਦਰਪੁਰ ਦੇ ਵੱਲ ਜਾਣ ਵਾਲੀ ਸੜ੍ਹਕ ਦੇ ਕਿਨਾਰੇ ਉਤੇ ਜੱਟਾਂ ਦੇ ਕੁੱਝ ਘਰ ਸਨ। ਨੇੜੇ-ਤੇੜੇ ਦੇ ਪਿੰਡਾਂ ਦੀ ਆਬਾਦੀ ਦੀ ਤੁਲਨਾ ’ਚ ਇਹ ਬਹੁਤ ਘੱਟ ਟੱਬਰਾਂ ਦਾ ਮੁਹੱਲਾ ਸੀ। ਇਸ ਲਈ ਇਸ ਨੂੰ ਪਿੰਡ ਨਾ ਕਹਿ ਕੇ ਮੁਹੱਲਾ ਕਿਹਾ ਜਾਂਦਾ ਸੀ। ਹਰਸਾਂਵ ਦੇ ਨੇੜੇ ਹੋਣ ਕਰਕੇ ਕੁਝ ਲੋਕ ਇਸ ਨੂੰ ਹਰਸਾਂਵ ਮੁਹੱਲਾ ਵੀ ਕਹਿੰਦੇ ਸਨ। ਹਰਸਾਂਵ ਅਹੀਰਾਂ ਦਾ ਪਿੰਡ ਸੀ ਅਤੇ ਸਦਰਪੁਰ ਜੱਟਾਂ ਦਾ। ਸਮਾਜ ਦੀ ਬਣਤਰ ਜਾਤੀ ਦੇ ਅਧਾਰ ਤੇ ਸੀ। ਇਸ ਲਈ ਮੁਹੱਲੇ ਦੇ ਜੱਟਾਂ ਦੀ ਭੂਗੋਲਿਕ ਦ੍ਰਿਸ਼ਟੀ ਤੋਂ ਹਰਸਾਂਵ ਤੋਂ ਵੱਧ ਨਜਦੀਕ ਹੁੰਦੇ ਹੋਏ ਵੀ ਉਥੋਂ ਦੀ ਤੁਲਨਾ ਸਦਰਪੁਰ ਦੇ ਜੱਟਾਂ ਦੇ ਨਾਲ ਉਨ੍ਹਾਂ ਦੇ ਸੰਬੰਧ ਵਧੇਰੇ ਚੰਗੇ ਤੇ ਟਿਕਾਊ ਸਨ। ਸਮਾਜ ਦੀ ਬਣਤਰ ਨੂੰ ਦੇਖਦੇ ਹੋਏ ਇਹ ਸਭਾਵਿਕ ਸੀ। ਪ੍ਰੰਤੂ ਹਰਸਾਂਵ ਦੇ ਅਹੀਰਾਂ ਦੇ ਨਾਲ ਵੀ ਉਨ੍ਹਾਂ ਦੇ ਚੰਗੇ ਸੰਬੰਧ ਸਨ।

ਸਦਰਪੁਰ ਤੋਂ ਇਲਾਵਾ ਸਇਸਪੁਰ, ਕਾਜੀਪੁਰ, ਮਹਿਰੌਲੀ, ਰਾਜਪੁਰ ਵੀ ਜੱਟਾਂ ਦੇ ਪਿੰਡ ਸੀ ਅਤੇ ਬਹੁਤ ਦੂਰ ਦੂਰ ਵੀ ਨਹੀਂ ਸਨ। ਇਸ ਲਈ ਮੁਹੱਲੇ ਦੇ ਜੱਟ ਗਿਣਤੀ ਵਿਚ ਘੱਟ ਹੁੰਦੇ ਹੋਏ ਵੀ ਨਿੱਡਰ ਅਤੇ ਪੂਰੇ ਰੋਹਬ ਦੇ ਨਾਲ ਰਹਿੰਦੇ ਸਨ।

ਮੁਹੱਲੇ ਦੇ ਲੋਕਾਂ ਦੇ ਖੇਤ ਹਰਸਾਂਵ, ਸਦਰਪੁਰ, ਰਾਈਸਪੁਰ, ਕਾਜੀਪੁਰ, ਅਤੇ ਮਿਸਲਗੜ੍ਹੀ ਦੇ ਖੇਤਾਂ ਨਾਲ ਜੁੜੇ ਹੋਏ ਸਨ। ਖੇਤਾਂ ਦੀ ਸਿੰਚਾਈ ਦਾ ਇੱਕ ਮਾਤਰ ਸਾਧਨ ਅਪਰ ਗੰਗਾ ਨਹਿਰ ਤੋਂ ਨਿਕਲਦਾ ‘ਸੂਆ’ ਸੀ ਉਸ ਵਿਚੋਂ ਹੀ ਛੋਟੀਆਂ ਛੋਟੀਆਂ ਨਹਿਰਾ ਤੇ ਆਡਾ ਨਾਲ ਖੇਤਾਂ ਤੱਕ ਸਰਕਾਰੀ ਪਾਣੀ ਪਹੁੰਚਦਾ ਸੀ। ਖੇਤਾਂ ਦੀ ਗਿਣਤੀ ਦੇ ਹਿਸਾਬ ਨਾਲ ਪਾਣੀ ਦਾ ਸਮਾਂ ਘੰਟੇ ਬੰਨ੍ਹੇ ਹੋਏ ਸੀ। ਇਸ ਨੂੰ ‘ਵਾਰੀ’ ਕਿਹਾ ਜਾਂਦਾ ਸੀ। ਲੋੜ ਤੋਂ ਘੱਟ ਪਾਣੀ ਦੀ ਸਪਲਾਈ ਹੁੰਦੀ। ਜਿਸ ਕਰਕੇ ਪਾਣੀ ਨੂੰ ਲੈ ਕੇ ਨੇੜੇ ਤੇੜੇ ਦੇ ਖੇਤਾਂ ਵਾਲਿਆ ਦੀਆਂ ਨਿੱਤ ਝੜਪਾ ਝਗੜੇ ਹੁੰਦੇ ਰਹਿੰਦੇ ਸਨ। ਆਪਣੇ ਖੇਤਾਂ ’ਚ ਪਾਣੀ ਲਗਾਉਣ ਦੀ ਦੂਜੇ ਦੀ ਵਾਰੀ ਨੂੰ ਪ੍ਰਾਪਤ ਕਰ ਲੈਣ ਦੀਆਂ ਘਟਨਾਵਾਂ ਬਹੁਤ ਹੁੰਦੀਆਂ ਰਹਿੰਦੀਆਂ ਸਨ। ਵਿਸ਼ੇਸ਼ ਕਰਕੇ ਗਾਇਸਪੁਰ, ਕਾਜੀਪੁਰ ਅਤੇ ਮੁਹੱਲੇ ਦੇ ਜੱਟਾਂ ਨਾਲ ਮਿਸਲਗੜੀ ਦੇ ਚਮਾਰਾਂ ਦੀ ਰੌਲੀ ਆਮ ਗੱਲ ਸੀ।

ਹਰੀ ਸਿੰਘ ਦਾ ਇਕ ਖੇਤ ਪੁਲੀਆ ਦੇ ਨੇੜੇ, ਮੁਹੱਲੇ ਦੇ ਬਦਨੀ ਜੱਟ ਦੇ ਖੇਤਾਂ ਨਾਲ ਲੱਗਾ ਹੋਇਆ ਸੀ। ਉਸ ਖੇਤ ’ਚ ਪਾਣੀ ਦੀ ਵਾਰੀ ਹਫਤੇ ’ਚ ਇਕ ਵਾਰ ਦਿਨ ’ਚ ਅਤੇ ਇਕ ਵਾਰ ਰਾਤ ’ਚ ਲੱਗਦੀ ਸੀ। ਦਸੰਬਰ ਦਾ ਮਹੀਨਾ ਸੀ। ਰਾਤ ਦੇ ਗਿਆਰਾ ਵਜੇ ਤੋਂ ਹਰੀ ਸਿੰਘ ਦੀ ਵਾਰੀ ਸੀ। ਹਮੇਸਾਂ ਦੇ ਵਾਂਗ ਉਸ ਦਿਨ ਵੀ ਉਹ ਸਮੇਂ ਤੋਂ ਥੋੜ੍ਹੀ ਦੇਰ ਪਹਿਲਾਂ ਹੀ ਕਹੀ, ਲਾਲਟੈਣ ਅਤੇ ਡਾਂਗ ਲੈ ਕੇ ਖੇਤ ’ਚ ਜਾ ਪਹੁੰਚਿਆ ਸੀ। ਉਸ ਤੋਂ ਪਹਿਲਾਂ ਬਦਨੀ ਦੀ ਵਾਰੀ ਸੀ। ਉਹ ਆਪਣੇ ਖੇਤਾਂ ਨੂੰ ਪਾਣੀ ਲਾ ਰਿਹਾ ਸੀ।

ਗਿਆਰਾ ਵੱਜਣ ਤੇ ਹਰੀ ਸਿੰਘ ਨੇ ਬਦਨੀ ਨੂੰ ਆਵਾਜ਼ ਦਿੱਤੀ, ‘ਮੈਂ ਪਾਣੀ ਆਪਣੇ ਵੱਲ ਮੋੜ ਰਿਹਾ ਹਾਂ ਚੌਧਰੀ।”



“ਉਏ ਅਜੇ ਨਾ ਮੋੜੀ ਪਾਣੀ।” ਬਦਨੀ ਨੇ ਆਪਣੇ ਖੇਤ ’ਚੋਂ ਹੀ ਉੱਚੀ ਆਵਾਜ਼ ’ਚ ਕਿਹਾ।

“ਚੰਗਾ ਤਾਂ ਇਹੀ ਹੈ ਕਿ ਤੂੰ ਅੱਜ ਘਰ ਜਾ ਕੇ ਸੌਂਅ ਜਾਹ। ਮੇਰਾ ਖੇਤ ਸੁੱਕਾ ਪਿਆ ਹੈ।”

“ਮੇਰਾ ਵੀ ਖੇਤ ਸੁੱਕਾ ਹੈ ਚੌਧਰੀ। ਨਹੀਂ ਤਾਂ ਕੋਈ ਗੱਲ ਹੀ ਨਹੀਂ ਸੀ।” ਹਰੀ ਸਿੰਘ ਨੇ ਬੇਨਤੀ ਦੇ ਲਹਿਜੇ ਨਾਲ ਕਿਹਾ।

“ਉਏ ਤੇਰੇ ਖੇਤ ਨੂੰ ਪਾਣੀ ਲੱਗਣਾ ਵਧੇਰੇ ਜਰੂਰੀ ਹੈ ਜਾਂ ਮੇਰੇ ਖੇਤ ਨੂੰ।” ਬੜੀ ਆਕੜ ਨਾਲ ਉਸਨੇ ਹਰੀ ਸਿੰਘ ਨੂੰ ਕਿਹਾ।

“ਚੌਧਰੀ ਪਾਣੀ ਦੀ ਲੋੜ ਤਾਂ ਸਾਰਿਆ ਖੇਤਾਂ ਨੂੰ ਹੈ।” ਹਰੀ ਸਿੰਘ ਨੇ ਸਹਿਜਤਾ ਨਾਲ ਕਿਹਾ।

“ਪਰ ਪਹਿਲਾਂ ਮੇਰਾ ਖੇਤ ਭਰੇਗਾ। ਅੱਜ ਤੇ ਤੂੰ ਵਾਪਸ ਚਲਾ ਹੀ ਜਾਹ। ਆਪਣੇ ਖੇਤ ਨੂੰ ਕਦੀ ਫੇਰ ਪਾਣੀ ਲਾ ਲਵੀ।” ਬਦਨੀ ਨੇ ਪਹਿਲਾ ਨਾਲੋ ਵੱਧ ਸਖਤ ਲਹਿਜੇ ’ਚ ਕਿਹਾ।

“ਪਰ ਚੌਧਰੀ ਮੇਰੇ ਖੇਤ ਨੂੰ ਪਾਣੀ ਨਹੀਂ ਲੱਗਾ ਤਾਂ ਮੇਰੀ ਸਾਰੀ ਫ਼ਸਲ ਤਬਾਹ ਹੋ ਜਾਵੇਗੀ। ਜਿਨ੍ਹਾਂ ਕੁ ਸੁੱਕਾ ਖੇਤ ਰਹਿ ਗਿਆ ਹੈ ਉਹਨੂੰ ਅਗਲੀ ਵਾਰ ਭਰ ਲਵੀ।” ਕਹਿੰਦਿਆ ਹਰੀ ਸਿੰਘ ਕਹੀ ਲੈ ਕੇ ਬੰਨ ਲਗਾਉਣ ਲਈ ਆਡ ’ਚ ਵੜ ਗਿਆ। ਉਸ ਨੇ ਬੰਨ ਲਾਉਣ ਲਈ ਮਿੱਟੀ ’ਚ ਕਹੀ ਮਾਰੀ ਹੀ ਸੀ ਕਿ ਬਦਨੀ ਆਪਣੇ ਖੇਤ ’ਚੋਂ ਹੀ ਗੁੱਸੇ ’ਚ ਚੀਕਿਆ,“ਉਏ ਤੈਨੂੰ ਸੁਣਿਆ ਕਿ ਨਹੀਂ, ਬੋਲਾ ਏਂ ?... ਮੈਂ ਕੀ ਕਿਹਾ ਹੈ ।”

“ ਪਰ ਚੌਧਰੀ ਸਹਿਬ ਹੁਣ ਤਾਂ ਟੈਮ ਤੋਂ ਵੀ ਅੱਧਾ ਘੰਟਾ ਉਪਰ ਹੋ ਗਿਆ ਹੈ।” ਹਰੀ ਸਿੰਘ ਨੇ ਕਿਹਾ ਤੇ ਇਕ ਮਿੱਟੀ ਨਾਲ ਭਰੀ ਕਹੀ ਨੱਕਾ ਲਾਉਣ ਲਈ ਪਾਣੀ ਦੇ ਕਿਨਾਰੇ ਰੱਖੀ।

“ਉਏ ਮੈਂ ਫਿਰ ਕਹਿ ਰਿਹਾ ਹਾਂ ਤੈਨੂੰ ਮੈਨੂੰ ਸਮਾਂ ਨਾ ਦੱਸ ਅਤੇ ਸਿੱਧਾ ਹੋ ਕੇ ਮੁੜ ਜਾ ਘਰੇ, ਸਹੀ ਸਲਾਮਤ ਹੱਥ ਪੈਰ ਲੈ ਕੇ।” ਐਤਕੀਂ ਬਦਨੀ ਦੀ ਆਵਾਜ਼ ’ਚ ਧਮਕੀ ਤੇ ਗੁੱਸਾ ਸੀ।

“ਪਰ ਮੇਰੇ ਖੇਤਾਂ ਨੂੰ ਜੇ ਪਾਣੀ ਨਹੀਂ ਲੱਗਾ ਤਾਂ ਫਸਲ ਸੁੱਕ ਜਾਵੇਗੀ। ਮੈਂ ਕਿਸੇ ਜੋਗਾ ਨਹੀਂ ਰਹਾਗਾ।” ਹਰੀ ਸਿੰਘ ਨੇ ਲਚਾਰ ਬਣਦਿਆ ਕਿਹਾ।

“ਉਏ ਮੈਂ ਤੇਰੇ ਖੇਤ ਦਾ ਠੇਕਾ ਲੈ ਰੱਖਿਆ ਹੈ। ” ਬਦਨੀ ਲਾਪਰਵਾਹੀ ਨਾਲ ਬੋਲਿਆ।

“ਪਰ ਚੌਧਰੀ ਮੈਂ ਤੇਰੀ ਵਾਰੀ ਤਾਂ ਨਹੀਂ ਲੈ ਰਿਹਾ। ਆਪਣੀ ਵਾਰੀ ਹੀ ਲੈ ਰਿਹਾ ਹਾਂ।” ਕਹਿੰਦਿਆ ਹਰੀ ਸਿੰਘ ਨੇ ਮਿੱਟੀ ਦੀ ਦੂਜੀ ਕਹੀ ਨੱਕੇ ਤੇ ਰੱਖੀ।

ਇਸ ਤੋਂ ਪਹਿਲਾ ਕਿ ਹਰੀ ਸਿੰਘ ਮਿੱਟੀ ਦੀ ਭਰੀ ਕਹੀ ਨੱਕੇ ਤੇ ਰੱਖ ਕੇ ਢੂਹੀ ਸਿੱਧੀ ਕਰਦਾ ਬਦਨੀ ਨੇ ‘ਤੇ ਤੂੰ ਇਸ ਤਰ੍ਹਾਂ ਨਹੀਂ ਮੰਨੇਗਾ ਖੋਤਿਆ।”ਕਹਿੰਦਿਆ ਡਾਂਗ ਪੂਰੇ ਜੋਰ ਨਾਲ ਉਹਦੇ ਲੱਕ ਤੇ ਮਾਰੀ। ਹਰੀ ਸਿੰਘ ਸ਼ਰੀਰ ਦਾ ਉਂਝ ਵੀ ਕਮਜ਼ੋਰ ਸੀ ਬਦਰੀ ਦੀ ਡਾਂਗ ਦੇ ਜੋਰਦਾਰ ਹਮਲੇ ਨਾਲ ਉਹ ਆਡ ’ਚ ਹੀ ਡਿੱਗ ਪਿਆ। ਆਪਣੇ ਨਾਲੋਂ ਕਿਤੇ ਵੱਧ ਤਕੜੇ ਹੁੰਦੇ ਹੋਏ ਵੀ ਉਸਨੇ ਉਠਕੇ ਬਦਨੀ ਉਪਰ ਜਵਾਬੀ ਹਮਲਾ ਕਰਨਾ ਚਾਹਿਆ। ਪ੍ਰੰਤੂ ਬਦਨੀ ਨੇ ਇਕ ਹੋਰ ਡਾਂਗ ਉਸਦੇ ਲੱਕ ਤੇ ਮਾਰ ਦਿੱਤੀ। ਇਸ ਮਾਰ ਨੂੰ ਉਹ ਸਹਾਰ ਨਾ ਸਕਿਆ। ਅਤੇ ਧਰਤੀ ਤੇ ਡਿੱਗ ਪਿਆ। ਡਾਂਗ ਉਹਦੇ ਹੱਥੋਂ ਛੁੱਟ ਕੇ ਦੂਰ ਜਾ ਡਿੱਗੀ।

“ਜਾਹ ਚਲੇ ਜਾ ਜੇ ਤੂੰ ਆਪਣੀ ਜਾਨ ਚਾਹੁੰਦਾ ਏ ਤਾਂ, ਨਹੀਂ ਤਾਂ ਏਥੇ ਹੀ ਜ਼ਮੀਨ ’ਚ ਗੱਡ ਦਊਂ ।” ਕਹਿੰਦਿਆ ਹੋਇਆ ਇਕ ਵਾਰ ਫਿਰ ਡਾਂਗ ਦਾ ਸਿਰਾ ਉਸਨੇ ਹਰੀ ਸਿੰਘ ਦੇ ਲੱਕ ਤੇ ਮਾਰਿਆ ਅਤੇ ਆਪਣੇ ਖੇਤ ’ਚ ਜਾ ਕੇ ਪਾਣੀ ਦੇਖਣ ਲੱਗ ਪਿਆ।

ਹਰੀ ਸਿੰਘ ਚੁੱਪਚਾਪ ਘਰ ਪਰਤ ਆਇਆ ਤੇ ਆ ਕੇ ਮੰਜੇ ਤੇ ਲੰਮਾ ਪੈ ਗਿਆ। ਐਨੀ ਜਲਦੀ ਨਾਲ ਉਸਨੂੰ ਘਰ ਵਾਪਸ ਆਇਆ ਦੇਖ ਕੇ ਅਤਰੋਂ ਹੈਰਾਨ ਹੋ ਗਈ। ਉਸ ਨੇ ਆਪਣੀ ਹੈਰਾਨੀ ਪ੍ਰਗਟ ਕੀਤੀ, “ਐਨੀ ਜਲਦੀ ਕਿਵੇਂ ਆ ਗਿਆ, ਪਾਣੀ ਨਹੀਂ ਸੀ ਪਿੱਛਿਓ ਆ ਰਿਹਾ ਕੀ ?”

“ਪਾਣੀ ਤਾਂ ਆ ਰਿਹਾ ਸੀ, ਪਰ...।” ਕਹਿੰਦਿਆ ਉਹਦਾ ਲੱਕ ਜੋਰ ਨਾਲ ਦੁੱਖੀ ਤੇ ਇਕ ਚੀਸ ਉਹਦੇ ਮੂੰਹੋਂ ਨਿਕਲੀ।

ਹੁਣ ਤੱਕ ਅਤਰੋ ਸੁੱਤ-ਉਂਣੀਦੀ ਜਿਹੀ ਸੀ। ਪਰ ਹਰੀ ਸਿੰਘ ਦੇ ਮੂੰਹੋਂ ਦਰਦ ਦੀ ਕੁਰਲਾਹਟ ਸੁਣਦਿਆ ਹੀ ਉਸਦੀ ਨੀਂਦ ਜਾਂਦੀ ਰਹੀ। ਉਦੋਂ ਹੀ ਆਪਣੇ ਮੰਜੇ ਤੋਂ ਉੱਠਕੇ ਉਹ ਰਹੀ ਸਿੰਘ ਦੇ ਕੋਲ ਆਈ ਤੇ ਘਬਰਾਹਟ ਨਾਲ ਬੋਲੀ,“ ਕੀ ਹੋਇਆ ਸੋਨਬਤੀ ਦੇ ਚਾਚਾ, ਕਿਵੇਂ ਤੜ੍ਹਫ ਰਿਹਾ ਏਂ ?”

“ਬਦਨੀ ਨਾਲ ਝਗੜਾ ਹੋ ਗਿਆ। ਉਹਨੇ ਪਾਣੀ ਦੀ ਵਾਰੀ ਲਾਉਣ ਲਈ ਹਾਂ ਕਰ ਦਿੱਤੀ, ਮੈਂ

ਜਦੋਂ ਪਾਣੀ ਮੋੜਨ ਲੱਗਾ ਤਾਂ ਡਾਂਗ ਮਾਰ ਦਿੱਤੀ।" ਕਹਿ ਕੇ ਹਰੀ ਸਿੰਘ ਨੇ ਪਾਸਾ ਲੈਣ ਦੀ ਕੋਸ਼ਿਸ਼ ਕੀਤੀ। ਉਸ ਦੇ ਲੱਕ 'ਚ ਫਿਰ ਜੋਰ ਨਾਲ ਚਟਾਕ ਪਿਆ ਤੇ ਉਹ ਦਰਦ ਨਾਲ ਤੜਫ਼ ਉਠਿਆ।

ਡਾਂਗ ਦਾ ਨਾਂ ਸੁਣਦਿਆ ਹੀ ਅਤਰੋ ਦਾ ਕਾਲਜਾ ਮੂੰਹ 'ਚ ਆ ਗਿਆ ਉਸ ਨੇ ਤੁਰੰਤ ਲਾਲਟੈਣ ਜਗਾ ਦਿੱਤੀ ਤੇ ਹਰੀ ਸਿੰਘ ਨੂੰ ਬੋਲੀ,"ਦਿਖਾਓ ਤਾਂ ਆਪਣਾ ਲੱਕ ਦੇਖਾਂ ਤਾਂ ਸਹੀ ਕਿੰਨੀ ਕੁ ਸੱਟ ਲੱਗੀ ਹੈ।" ਕੁੜਤਾ ਚੁੱਕ ਕੇ ਦੇਖਿਆ ਤਾਂ ਲੱਕ ਤੇ ਡਾਂਗ ਦਾ ਨਿਸ਼ਾਨ ਸਾਫ ਦਿਸ ਰਿਹਾ ਸੀ। ਡਾਂਗ ਲੱਗਣ ਦੀ ਥਾਂ ਲਾਲ ਹੋ ਕੇ ਸੁੱਜ ਗਈ ਸੀ। ਅਤਰੋ ਦਾ ਹੱਥ ਲਗਾਉਂਦਿਆ ਹੀ ਹਰੀ ਸਿੰਘ ਦੇ ਮੂੰਹ ਚੋਂ ਚੀਖ਼ ਨਿਕਲੀ, "ਹਾਏ ਓ ਏ।" ਹਰੀ ਸਿੰਘ ਤੋਂ ਵੱਧ ਜ਼ੋਰ ਨਾਲ ਅਤਰੋ ਦੇ ਮੂੰਹ ਚੋਂ ਚੀਖ਼ ਨਿਕਲੀ।

"ਤੇਰੀ ਬੇੜੀ ਬਹਿ ਜਾਵੇ ਬਦਨੀ !... ਤੇਰੇ ਘਰ ਦਾ ਦੀਵਾ ਬੁੱਝ ਜਾਵੇ। ਕੋਈ ਤੇਰਾ ਨਾ ਲੈਣ ਵਾਲਾ ਵੀ ਨਾ ਰਹੇ।"

ਅਤਰੋ ਦੀ ਚੀਖ਼ ਤੇ ਗਾਲ੍ਹ ਦੀ ਆਵਾਜ਼ ਸੁਣ ਕੇ ਸੰਮਨ ਦੀ ਵੀ ਨੀਂਦ ਟੁੱਟ ਗਈ। ਉਹ ਵੀ ਅੱਬੜਵਾਹੇ ਉੱਠ ਪਿਆ ਤੇ ਪੁੱਛਣ ਲੱਗਾ, "ਇਹ ਕੀ ਹੋਇਆ ਅਤਰੋ ?"

ਅਤਰੋਂ ਨੇ ਕੋਈ ਜਵਾਬ ਨਹੀਂ ਦਿੱਤਾ। ਉਹ ਬਸ ਬਦਨੀ ਨੂੰ ਬੁਰਾ ਭਲਾ ਕਹੀ ਜਾ ਰਹੀ ਸੀ। ਸੰਮਨ ਨੂੰ ਸਮਝਾਂਦਿਆ ਦੇਰ ਨਾ ਲੱਗੀ ਕਿ ਜਰੂਰ ਬਦਨੀ ਨਾਲ ਝਗੜਾ ਹੋਇਆ ਹੈ। ਉਹ ਤੁਰੰਤ ਹਰੀ ਸਿੰਘ ਦੇ ਮੰਜੇ ਕੋਲ ਆਇਆ ਅਤੇ ਪੁੱਛਣ ਲੱਗਾ,"ਹਰੀ ਸਿੰਘ ਉਏ ਭਰਾਵਾ ਤੈਨੂੰ ਕੀ ਹੋ ਗਿਆ ਤੂੰ ਠੀਕ ਤਾਂ ਏ ?" ਉਸਦੀ ਆਵਾਜ਼ ਘਬਰਾਈ ਹੋਈ ਸੀ।

"ਬਦਨੀ ਨੇ ਅੱਜ ਮੇਰੇ ਡਾਂਗਾਂ ਮਾਰੀਆ ਹਨ।" ਹਰੀ ਸਿੰਘ ਦਰਦ ਨਾਲ ਕੁਰਲਾਉਂਦਾ ਹੋਇਆ ਬੋਲਿਆ।

"ਕਿਤੇ ਵਧੇਰੇ ਜੋਰ ਨਾਲ ਤਾਂ ਨਹੀਂ ਲੱਗੀ ਹੈ... ਜਾਂ ਅਜਿਹੀ ਕਸੂਤੀ ਥਾਂ ਤੇ... ?" ਉਸਨੇ ਪੁੱਛਿਆ ਜਰੂਰ ਪਰ ਆਪਣੇ ਮਨ ਤੋਂ ਉਹ ਇਹ ਪੁੱਛ ਰਿਹਾ ਸੀ ਕਿ ਡਾਂਗ ਜੋਰ ਨਾਲ ਲੱਗੀ ਸੀ। ਬਦਨੀ ਦੇ ਮੂਹਰੇ ਹਰੀ ਸਿੰਘ ਦਾ ਕੋਈ ਵਜੂਦ ਨਹੀਂ ਸੀ। ਇਹ ਉਹ ਚੰਗੀ ਤਰ੍ਹਾਂ ਜਾਣਦਾ ਸੀ। ਬਾਪ ਦਾ ਕਲੇਜਾ ਪੁੱਤਰ ਦੀ ਪੀੜ ਨਾਲ ਬੇਚੈਨ ਹੋ ਗਿਆ।

ਹੁਣ ਤੱਕ ਫਾਗੁਨ ਅਤੇ ਉਸਦੀ ਪਤਨੀ ਦੀ ਨੀਂਦ ਵੀ ਟੁੱਟ ਗਈ ਸੀ। ਉਹ ਵੀ ਹਰੀ ਸਿੰਘ ਦੇ ਮੰਜੇ ਨਾਲ ਆ ਖੜੇ ਹੋਏ। ਹਰੀ ਸਿੰਘ ਦੇ ਲੱਕ ਤੇ ਡਾਂਗ ਦਾ ਨਿਸ਼ਾਨ ਦੇਖ ਕੇ ਫਾਗੁਨ ਗੁੱਸੇ ਨਾਲ ਭਰਨ ਲੱਗਾ। ਉਹਦੇ ਅੰਦਰ ਗੁੱਸੇ ਨਾਲ ਭਰਿਆ ਲਹੂ ਖੌਲਣ ਲੱਗ ਪਿਆ, ਉਹਦੀਆਂ ਅੱਖਾਂ 'ਚ ਲਹੂ ਉਤਰ ਆਇਆ ਸੀ।

"ਅਜੇ ਬਦਨੀ ਖੇਤ 'ਚ ਹੀ ਹੋਵੇਗਾ ?" ਉਸਨੇ ਸਵਾਲ ਕਰਦਿਆ ਸੰਮਨ ਦੇ ਵੱਲ ਦੇਖਿਆ। ਹਾਂ ਹੋਵੇਗਾ ਤਾਂ ਸਹੀ। ਸਵੇਰ ਤੱਕ ਵਾਰੀ ਹੈ।" ਸੰਮਨ ਨੇ ਕਿਹਾ ਪਰ ਫਾਗੁਨ ਦਾ ਗੁੱਸਾ ਦੇਖ ਕੇ ਉਹ ਘਬਰਾ ਗਿਆ। ਫਾਗੁਨ ਤਕਰੀਬਨ ਪੰਜਾਹ ਸਾਲ ਦੇ ਨਜਦੀਕ ਉਮਰ ਦਾ ਹੋਵੇਗਾ। ਉਹ ਛੋਟੇ ਕੱਦ ਦਾ ਪਰ ਗੱਠੇ ਹੋਏ ਸਰੀਰ ਦਾ ਸੀ। ਪੂਰੇ ਜ਼ੋਰ ਨਾਲ ਜੇ ਡਾਂਗ ਕਿਸੇ ਤਕੜੇ ਬੰਦੇ ਦੇ ਲੱਕ ਤੇ ਮਾਰੇ ਤਾਂ ਉਹਨੂੰ ਥਾਂ ਤੇ ਹੀ ਢੇਰੀ ਕਰ ਦੇਵੇ। ਐਨਾ ਜੋਰ ਉਹਦੇ ਸਰੀਰ 'ਚ ਸੀ। ਜਿਨੀ ਤਾਕਤ ਉਹਦੇ ਸਰੀਰ 'ਚ ਸੀ ਉਹ ਉਨ੍ਹਾਂ ਹੀ ਵਧੇਰੇ ਗੁੱਸੇਖੋਰ ਸੀ।

ਵਿਤਕਰਾ ਤੇ ਬੇਇੱਜਤੀ ਉਸਨੂੰ ਕਦੇ ਬਰਦਾਸਤ ਨਹੀਂ ਹੁੰਦਾ ਸੀ। ਇਸਦੇ ਖਿਲਾਫ਼ ਉਹ ਕਿਤੇ ਵੀ ਕਿਸੇ ਨਾਲ ਵੀ ਪੰਗਾ ਲੈ ਲੈਂਦਾ ਸੀ। ਕੋਈ ਕਿੰਨਾ ਵੀ ਅਮੀਰ ਹੋਵੇ ਜਾਂ ਕਿਨਾ ਵੀ ਪ੍ਰਭਾਵਸ਼ਾਲੀ ਜਵੇਂ ਵਾਲਾ ਹੋਵੇ, ਕਿਸੇ ਦੇ ਅੱਗੇ ਝੁਕਣਾ ਤੇ ਦੱਬਣਾ ਉਹਨੂੰ ਕਦੇ ਸਵੀਕਾਰ ਨਹੀਂ ਸੀ। ਉਹ ਆਪਣੇ ਸਵੈਮਾਣਾ ਨਾਲ ਜੀਉਣ ਵਾਲਾ ਵਿਅਕਤੀ ਸੀ। ਇਹੀ ਕਾਰਨ ਸੀ ਕਿ ਦੂਜੇ ਚਮਾਰਾਂ ਦੇ ਵਾਂਗ ਕਿਸੇ ਵੀ ਜੱਟ ਦਾ ਹੋਰ ਉੱਚ ਜਾਤੀ ਦੇ ਵਿਆਕਤੀ ਨੂੰ ਸਾਹਮਣੇ ਆ ਜਾਣ ਤੇ ਆਪਣੇ ਵਲੋਂ ਪਹਿਲ ਕਰਕੇ ਉਸਨੇ ਕਦੀ ਵੀ ਰਾਮ ਰਾਮ ਜਾ ਜੈ ਰਾਮ ਜੀ ਦੀ ਨਹੀਂ ਕੀਤੀ। ਕਹਿੰਦੇ ਹਨ ਕਿ ਇਕ ਵਾਰ ਕਿਸੇ ਗੱਲ ਤੇ ਇਕ ਜੱਟ ਨੇ ਉਸਨੂੰ ਚਮਾਰ ਕਹਿ ਦਿੱਤਾ ਸੀ। ਉਸ ਨੇ ਉਸ ਸਮੇਂ ਜੱਟ ਨੂੰ ਚੁੱਕ ਕੇ ਐਨੀ ਜੋਰ ਨਾਲ ਜ਼ਮੀਨ ਤੇ ਮਾਰਿਆ ਕਿ ਉਹ ਉੱਠ ਨਹੀਂ ਸਕਿਆ। ਉਸ ਦੀ ਇਕ ਹੱਡੀ ਟੁੱਟ ਗਈ ਸੀ। ਪਰ 'ਇਕ ਚਮਾਰ ਨੇ ਥੱਲੇ ਸੁੱਟ ਦਿੱਤਾ' ਇਸ ਸ਼ਰਮ ਦੇ ਮਾਰਿਆ ਉਸ ਨੇ ਕਿਸੇ ਨੂੰ ਦੱਸਿਆ ਨਾ ਕਿ ਉਹਦੀ ਹੱਡੀ ਕਿਵੇਂ ਟੁੱਟੀ। ਉਸਨੇ ਇਹੀ ਦੱਸਿਆ ਕਿ ਉਹ ਦਰਖ਼ਤ ਤੋਂ ਥੱਲੇ ਡਿੱਗ ਪਿਆ। ਉਹ ਤਾਂ ਘਾਹ ਖੋਤ ਰਹੀ ਔਰਤ ਨੇ ਇਹ ਘਟਨਾ ਆਪਣੀਆਂ ਅੱਖਾਂ ਨਾਲ ਦੇਖੀ ਸੀ ਤਾਂ ਉਸ ਨੇ ਸੱਚੀ ਗੱਲ ਪਿੰਡ ਦੇ ਲੋਕਾਂ ਨੂੰ



ਦੱਸੀ ਸੀ। ਹਲਾਕਿ ਜੱਟਾਂ ਨੇ ਵੀ ਫਾਗੁਨ ਦੀ ਹੱਡੀ-ਪੱਸਲੀ ਤੋੜਨ ਦਾ ਮਨ ਬਣਾ ਲਿਆ ਸੀ, ਪ੍ਰੰਤੂ ਅਜਿਹਾ ਹੋਇਆ ਨਹੀਂ। ਸੰਮਨ ਨੇ ਉਨ੍ਹਾਂ ਦੇ ਪੈਰੀ ਪੈ ਕੇ ਮਾਮਲਾ ਸਾਂਤ ਕਰਵਾ ਦਿੱਤਾ ਸੀ। "ਕਿਤੇ ਫੇਰ ਗੁੱਸੇ 'ਚ ਕੁਝ ਉਲਟਾ ਸਿੱਧਾ ਨਾ ਕਰ ਦੇਵੇਂ ਤੇ ਉਲਟਾ ਲੈਣੇ ਦੇ ਦੇਣੇ ਨਾ ਪੈ ਜਾਣ।" ਸੰਮਨ ਦੇ ਮਨ 'ਚ ਤੁਰੰਤ ਇਹ ਗੱਲ ਆਈ। ਉਸਨੇ ਫਾਗੁਨ ਨੂੰ ਪੁੱਛਿਆ, "ਪਰ ਤੂੰ ਕਿਉਂ ਪੁੱਛ ਰਿਹਾ ਏ। ਕੀ ਕਰੇਗਾ ਤੂੰ ਹੁਣ ਉਸਦਾ ?"

"ਕੀ ਕਰਾਗਾ ?... ਹੁਣੇ ਜਾ ਕੇ ਸਾਲੇ ਦੀ ਲਾਸ਼ ਨਾ ਬਣਾ ਦਿੱਤੀ ਤਾਂ ਮੇਰਾ ਨਾਂ ਫਾਗੁਨ ਨਹੀਂ।" ਗੁੱਸੇ ਨਾਲ ਭਰਿਆ ਉਹਨੇ ਸੰਮੁਨ ਵੱਲ ਦੇਖਿਆ। ਅਤੇ ਭਗਵਾਨ ਦੇਵੀ ਨੂੰ ਕਹਿਣ ਲੱਗਾ, "ਮੇਰੀ ਡਾਂਗ ਲਿਆ ਕੇ ਦਿਉ, ਤੁਰੰਤ ਹੀ ਘਰੋਂ ।" ਅਤੇ ਫਿਰ ਆਪਣੇ ਆਪ ਹੀ ਗੁੱਸੇ 'ਚ ਬੁੜਬੁੜਾਇਆ... "ਜੁਆਕ ਨੂੰ ਡਾਂਗ ਮਾਰ ਦਿੱਤੀ ਉਸਨੇ... ਲਹੂ ਪੀ ਜਾਵਾਗਾ ਸਾਲੇ ਦਾ...।" ਕ੍ਰੋਧ ਨਾਲ ਉਹਦੀਆਂ ਨਾਸਾਂ 'ਚ ਨੂੰਹੇਂ ਡਿੱਗਣ ਲੱਗ ਪਏ। ਇਸ ਤੋਂ ਪਹਿਲਾ ਕਿ ਭਗਵਾਨ ਦੇਵੀ ਤੇ ਕੋਈ ਅਸਰ ਹੁੰਦਾ, ਸੰਮੁਨ ਬੋਲਿਆ,"ਗਰਮੀ ਨਾ ਖਾ, ਠੰਢੇ ਦਿਮਾਗ਼ ਤੋਂ ਕੰਮ ਲੈ ਫਾਗੁਨ! ਹੁਣੇ ਚੱਲ ਕੇ ਆਪਾ ਬਦਨੀ ਦੀ ਖ਼ਬਰ ਸਾਰ ਤਾਂ ਲੈ ਲਵਾਂਗੇ ਪਰ ਅੱਗੇ ਦੀ ਵੀ ਸੋਚ। ਰਾਤ ਬਰਾਤੇ ਆਪਾ ਨੂੰ ਹੀ ਉਥੋਂ ਖੇਤ 'ਚੋਂ ਪਾਣੀ ਲਾਉਣਾ ਹੈ। ਉਥੇਂ ਹੀ ਆਉਣਾ ਜਾਣਾ ਹੈ।"

"ਤਾਂ ਅਸੀਂ ਏਸੇ ਤਰ੍ਹਾਂ ਗਾਂਡ 'ਚ ਪੂਛ ਲੈ ਕੇ ਰਹਾਗੇ ? ਅੱਜ ਇਕ ਡਾਂਗ ਮਾਰੀ ਹੈ। ਕੱਲ੍ਹ ਨੂੰ ਹੋਰ ਕੁਝ ...ਮੈਂ ਦੇਖਦਾ ਕੋਈ ਕੀ ਕਰਦਾ ਮੇਰਾ।" ਤੇ ਕਹਿੰਦਿਆ ਉਹ ਭਗਵਾਨ ਦੇਵੀ ਨੂੰ ਕੜਕ ਕੇ ਫੇਰ ਬੋਲਿਆ, "ਤੂੰ ਸੁਣੀ ਨਹੀਂ ਮੇਰੀ ਗੱਲ... ਡਾਂਗ ਲਿਆ ਮੇਰੀ ...।" ਸੰਮੁਨ ਨੇ ਉਹਨੂੰ ਸਮਝਾਇਆ, "ਦੇਖ ਭਰਾਵਾਂ! ਉਨ੍ਹਾਂ ਦਾ ਉਥੇ ਪਿੰਡ ਦਾ ਪਿੰਡ ਹੈ , ਇਕ ਹੀ ਆਵਾਜ਼ ਨਾਲ ਸੋ ਡਾਂਗਾ ਨਿਕਲ ਆਉਣਗੀਆਂ... ਵੈਰ ਪਾ ਲਵਾਗੇ ਆਪਾ... ਕੀ ਕਰ ਲਵਾਗੇ ਆਪਾ ? ਆਪਣੀ ਹੀ ਖੋਪੜੀ ਟੁੱਟੇਗੀ ।"

"ਉਨ੍ਹਾਂ ਦਾ ਪਿੰਡ ਹੈ ਤਾਂ ਸਾਡਾ ਵੀ ਪਿੰਡ ਹੈ। ਉਥੇ ਜੇ ਸੋ ਡਾਂਗ ਹੈ ਤਾਂ ਸਾਡੇ ਪੰਜ ਸੋ ਡਾਂਗਾ ਹਨ।" ਉਸਨੇ ਸੁੰਮਨ ਨੂੰ ਕਿਹਾ।

"ਹਾਂ ਪੰਜ ਸੋ ਡਾਂਗ ਹੈ ਪਰ ਕਦੇ ਪੰਜ ਸੋ ਡਾਂਗ ਬਾਹਰ ਵਾਲੇ ਦੇ ਵਿਰੱਧ ਨਿਕਲੀ ਵੀ ਹੈ। ਆਪਸ 'ਚ ਲੜ ਕੇ ਇਕ ਦੂਜੇ ਦਾ ਸਿਰ ਪਾੜਨ ਲਈ ਹੀ ਇਹ ਡਾਂਗ ਹੈ। ਕਿਸੇ ਬਾਹਰਲੇ ਖਿਲਾਫ ਚਾਰ ਡਾਂਗਾਂ ਨਹੀਂ ਲੱਭਣੀਆਂ।" ਕਹਿ ਕੇ ਇਕ ਪਲ ਦੇ ਲਈ ਉਸਨੇ ਫਾਗੁਨ ਦੇ ਚਿਹਰੇ ਉੱਤੇ ਆਪਣੀ ਨਜ਼ਰ ਟਿਕਾਈ। ਫਾਗੁਨ ਦੀਆਂ ਨਾਸ਼ਾ ਅਜੇ ਵੀ ਕ੍ਰੋਧ ਨਾਲ ਫੁੰਕਾਰੇ ਮਾਰ ਰਹੀਆਂ ਸਨ। ਉਹ ਕਦੇ ਹਰੀ ਸਿੰਘ ਵੱਲ ਤੇ ਕਦੇ ਸੰਮੁਨ ਦੇ ਵੱਲ ਦੇਖ ਉਸਦੀ ਹਾਲਤ ਦੱਸ ਰਹੀ ਸੀ ਕਿ ਬਦਨੀ ਦੀ ਡਾਂਗ ਹਰੀ ਸਿੰਘ ਦੇ ਲੱਕ ਤੋਂ ਕਿਤੇ ਵਧੇਰੇ ਉਹਦੇ ਦਿਲ ਤੇ ਸੱਟ ਮਾਰ ਰਹੀ ਸੀ। ਸੰਮੁਨ ਨੇ ਉਸਦੀ ਮਨੋਦਸ਼ਾ ਨੂੰ ਜਾਣਿਆ ਤੇ ਇਹ ਕਹਿੰਦਿਆ ਉਸ ਨੇ ਗੱਲ ਪੂਰੀ ਕੀਤੀ, "ਤੂੰ ਦੇਖਿਆ ਨਹੀਂ, ਕੁਝ ਮਹੀਨੇ ਪਹਿਲਾ ਦੀ ਗੱਲ ਹੈ ਜਦੋਂ ਕਾਜੀਪੁਰਾ ਦੇ ਜੱਟਾਂ ਨਾਲ ਢਿਕੌਲੀਆਂ ਨਾਲ ਪੰਗਾ ਪਿਆ ਸੀ। ਨੇੜੇ ਤੇੜੇ ਦੇ ਸਾਰੇ ਜੱਟ 'ਕੱਠੇ ਹੋ ਕੇ ਹੱਲਾ ਬੋਲਣ ਆ ਗਏ ਸਨ ਤੇ ਘਰ 'ਚ ਵੜ ਕੇ ਹੱਥ ਪੈਰ ਤੋੜ ਦਿੱਤੇ ਸਨ ਸਾਰਿਆ ਦੇ । ਉਨ੍ਹਾਂ ਦਾ ਤਾਂ ਐਨਾ ਵੱਡਾ ਟੱਬਰ ਅਤੇ ਐਨੇ ਲੜਾਕੇ ਹਨ ਉਹ , ਜਦੋਂ ਉਨ੍ਹਾਂ ਨਾਲ ਇਸ ਤਰ੍ਹਾਂ ਹੋ ਸਕਦਾ ਹੈ ਤਾਂ ਸਾਡੀ ਕੀ ਮਜ਼ਾਲ ਹੈ। ਹੁਣ ਤੂੰ ਹੀ ਸੋਚ ਭਰਾਵਾ, ਗੁੱਸੇ 'ਚ ਆ ਕੇ ਤੂੰ ਬਦਨੀ ਦੇ ਹੱਥ ਪੈਰ ਜਾਂ ਸਿਰ ਤਾਂ ਪਾੜ ਦੇਵੇਗਾ ਪਰ ਕੱਲ ਕੀ ਹੋਵੇਗਾ। ਦੇਖਣਾ ਤਾਂ ਇਹ ਹੈ। ਦਿਨ ਬਾਅਦ 'ਚ ਨਿਕਲੇਗਾ ਤੇ ਸਾਡੀਆਂ ਲਾਸ਼ਾਂ ਪਹਿਲਾ ਬਣ ਜਾਣਗੀਆਂ।"

"ਤਾਂ ਅਸੀਂ ਵੰਗਾ ਪਾ ਕੇ ਘਰ 'ਚ ਬੈਠ ਜਾਈਏ ਤਾਂ ਇੰਝ ਹੀ ਉਹਨਾਂ ਤੋਂ ਕੁੱਟ ਖਾਂਦੇ ਰਹੀਏ ? ਅੱਜ ਉਨ੍ਹਾਂ ਨੇ ਸਾਡੀ ਪਾਣੀ ਦੀ ਵਾਰੀ ਖੋਹ ਲਈ ਕੱਲ੍ਹ ਨੂੰ ਉਹ ਸਾਡੇ ਖੇਤਾਂ ਦੀ ਫ਼ਸਲ ਕੱਟ ਕੇ ਲੈ ਜਾਣਗੇ। ਉਹ ਸ਼ੇਰ ਬਣ ਕੇ ਆਪਣੀ ਮਰਜੀ ਕਰਦੇ ਰਹਿਣ ਅਤੇ ਅਸੀਂ ਗਿੱਦੜ ਬਣ ਕੇ ਆਪਣੇ ਘੁਰਨਿਆ 'ਚ ਵੜ ਜਾਈਏ। ਉਂਝ ਤੈਂਅ ਚੰਗੀ ਗੱਲ ਕੀਤੀ ਏ। ਇੰਝ ਤਾਂ ਉਹ ਆਪਣੇ ਖੇਤਾਂ ਤੇ ਕਬਜਾ ਕਰ ਲੈਣਗੇ। ਭਰਾਵਾ ! ਮੇਰੀ ਸਮਝ 'ਚ ਤੇਰੀ ਗੱਲ ਨਹੀਂ ਆ ਰਹੀ। ਇਸ ਡਾਂਗ ਦੇ ਹਮਲੇ ਦਾ ਜੁਵਾਬ ਅੱਜ ਨਹੀਂ ਦਿੱਤਾ ਤਾਂ ਇਹ ਹੋਰ ਵਧੇਰੇ ਸ਼ੇਰ ਹੋ ਜਾਣਗੇ।" ਫਾਗੁਨ ਦਾ ਗੁੱਸਾ ਦੱਬਿਆ ਨਹੀਂ ਦਬ ਰਿਹਾ ਸੀ। ਬਦਲਾ ਲੈਣ ਲਈ ਉਸ ਨੇ ਆਪਣੇ ਪੈਰ ਕਈ ਵਾਰ ਜ਼ਮੀਨ ਉੱਤੇ ਮਾਰੇ ਸਨ।

"ਮੈਂ ਮੰਨਦਾ ਹਾਂ ਕਿ ਤੇਰਾ ਫੈਸਲਾ ਹਰੀ ਸਿੰਘ , ਆਪਣੇ ਪੁੱਤਰ ਤੋਂ ਵੀ ਵੱਧ ਕੇ ਹੈ, ਅਤੇ ਉਸਦੀ ਚੋਣ ਦਾ ਤੈਨੂੰ ਬਹੁਤ ਦੁੱਖ ਹੋ ਰਿਹਾ ਹੈ। ਪਰ ਗੁੱਸੇ ਅਤੇ ਜਲਦਬਾਜੀ 'ਚ ਚੁੱਕਿਆ ਕਦਮ ਚੰਗਾ

ਨਤੀਜਾ ਨਹੀਂ ਦੇਵੇਗਾ। ਆਪਣੇ ਗੁੱਸੇ ਨੂੰ ਸੰਭਾਲ ਕੇ ਠੰਢੇ ਦਿਮਾਗ਼ ਤੋਂ ਕੰਮ ਲੈ। ਸਾਨੂੰ ਕੋਈ ਦੂਜਾ ਹੱਲ ਸੋਚਣਾ ਪਵੇਗਾ।" ਸੰਮੁਨ ਨੇ ਫਾਗੁਨ ਦੇ ਮੋਢੇ ਤੇ ਹੱਥ ਰੱਖਕੇ ਉਸਨੂੰ ਸਹਿਜ ਕਰਨ ਦੀ ਕੋਸ਼ਿਸ਼ ਕੀਤੀ।

ਇਸ ਵਾਰ ਫਾਗੁਨ ਨੇ ਕੋਈ ਜੁਵਾਬ ਨਹੀਂ ਦਿੱਤਾ। ਉਸ ਨੇ ਇਹ ਵੀ ਨਹੀਂ ਪੁੱਛਿਆ ਕਿ ਦੂਜਾ ਹੱਲ ਕੀ ਹੋਵੇਗਾ। ਉਸਨੇ ਇਕ ਵਾਰ ਫਿਰ ਹਰੀ ਸਿੰਘ ਨੂੰ ਦੇਖਿਆ ਅਤੇ ਅਤਰੋਂ ਨੂੰ ਸੰਬੋਧਿਤ ਕਰਕੇ ਬੋਲਿਆ, "ਏਹ ਅਤਰੋਂ ! ਗੁੜ੍ਹ ਅਤੇ ਹਲਦੀ ਦੀ ਫੱਕੀ ਖਿਵਾ ਦੇ ਇਸਨੂੰ ਗਰਮ ਦੁੱਧ ਦੇ ਗਿਲਾਸ ਨਾਲ। ਦੁੱਧ ਚੌਂਕੇ 'ਚ ਰੱਖੇ ਹਾਰੇ 'ਚੋਂ ਲੈ ਆ ਅਤੇ ਤੇਲ ਗਰਮ ਕਰਕੇ ਰੂੰ ਨਾਲ ਇਸ ਦੇ ਲੱਕ ਤੇ ਲਾ ਦੇ।

ਅਤਰੋ ਨੇ ਤੁਰੰਤ ਉੱਠ ਕੇ ਹਲਦੀ ਦੀ ਗੱਠੀ ਉਖਲ 'ਚ ਪੀਸੀ ਤੇ ਹਾਰੇ 'ਚ ਰੱਖੇ ਦੁੱਧੂਨੇ 'ਚੋਂ ਇਕ ਗਲਾਸ ਦੁੱਧ ਲਿਆ ਕੇ ਪਹਿਲਾ ਹਲਦੀ ਦੀ ਫੱਕੀ ਹਰੀ ਸਿੰਘ ਨੂੰ ਖਵਾਈ ਫਿਰ ਦੁੱਧ ਦੇ ਨਾਲ ਗੁੜ੍ਹ ਖਿਲਾਇਆ। ਥੋੜ੍ਹੀ ਦੇਰ ਠਹਿਰ ਕੇ ਫਾਗੁਨ ਤੇ ਭਾਗਵਾਨ ਦੇ ਵੀ ਆਪਣੇ ਘਰ ਦੇ ਅੰਦਰ ਵੜ ਗਏ। ਸੰਮਨ ਵੀ ਜਾ ਕੇ ਆਪਣੇ ਮੰਜੇ ਤੇ ਲੰਮਾ ਪੈ ਗਿਆ ਅਤਰੋ ਨੇ ਚੁੱਲ੍ਹੇ 'ਚ ਅੱਗ ਵਾਲ਼ ਕੇ ਤੇਲ ਗਰਮ ਕੀਤਾ ਅਤੇ ਇਕ ਰਜਾਈ 'ਚੋਂ ਥੋੜਾ ਰੂੰਆ ਕੱਢ ਕੇ ਉਸ ਨੂੰ ਗਰਮ ਕਰਕੇ ਹਰੀ ਸਿੰਘ ਦੇ ਲੱਕ ਤੇ ਲਗਾਉਣ ਲੱਗ ਪਈ।

ਥੋੜ੍ਹੀ ਦੇਰ ਪਹਿਲਾਂ ਦੀ ਬਦਨੀ ਦੀ ਭਾਵਨਾ ਅਤੇ ਗਰਮੀ ਖਤਮ ਹੋ ਗਈ ਸੀ। ਫਿਰ ਤੋਂ ਚੁਫੇਰੇ ਸੁੰਨ ਪਸਰ ਗਈ ਸੀ। ਪ੍ਰੰਤੂ ਕੋਈ ਵੀ ਸੌਂਅ ਨਹੀਂ ਸਕਿਆ ਸੀ। ਸਾਰੇ ਆਪਣੇ-ਆਪਣੇ ਬਿਸਤਰਿਆ ਤੇ ਬੈਚੈਨੀ ਨਾਲ ਪਾਸੇ ਮਾਰ ਰਹੇ ਸਨ। ਹਰੀ ਸਿੰਘ ਦੇ ਲੱਕ ਤੇ ਲੱਗੀ ਡਾਂਗ ਦੇ ਦਰਦ ਨੂੰ ਹਰ ਕੋਈ ਆਪਣੇ ਅੰਦਰ ਮਹਿਸੂਸ ਕਰ ਰਿਹਾ ਸੀ। ਫਾਗੁਨ ਸਭ ਤੋਂ ਵਧੇਰੇ ਬੇਚੈਨ ਸੀ। ਨੀਂਦ ਦਾ ਤਾਂ ਨਾ ਹੀ ਨਹੀਂ, ਉਹਨੂੰ ਮੰਜੇ ਤੇ ਲੰਮਾ ਪੈਣਾ ਔਖਾ ਹੋ ਰਿਹਾ ਸੀ। ਉਹ ਬੁੱਤ ਬਣਿਆ ਬੈਠਾ ਸੀ ਪਰ ਅੰਦਰ ਹੀ ਅੰਦਰ ਗੁੱਸੇ ਨਾਲ ਰਿਝੀ ਜਾ ਰਿਹਾ ਸੀ।

"ਬਦਨੀ, ਮੈਂ ਦੇਖਾਗਾ ਤੈਨੂੰ।" ਉਹ ਗੁੱਸੇ 'ਚ ਬੁੜਬੜਾਇਆ ਗੁੱਸੇ ਤੇ ਬਦਲੇ ਦੇ ਕਾਰਨ ਉਸ ਦਾ ਚਿਹਰਾ ਤਣਿਆ ਹੋਇਆ ਸੀ। ਮੁੱਠੀਆ ਮੀਟ ਹੋ ਰਹੀਆਂ ਸਨ ਅਤੇ ਉਸਦੀਆਂ ਗੁੱਸੇ ਨਾਲ ਅੰਗਾਰਿਆ ਵਾਂਗ ਦਗਦੀਆਂ ਅੱਖਾਂ ਸਾਹਮਣੇ ਕੰਧ ਨਾਲ ਖੜੀ ਡਾਂਗ ਤੇ ਜੰਮੀਆਂ ਹੋਈਆਂ ਸਨ। ⊘




ਮੁੱਲ 100 ਰੁਪਏ
ਸ਼ਿਵ ਪ੍ਰਕਾਸ਼ਨ




ਮੁੱਲ 120 ਰੁਪਏ
ਗੁਰਦੇਵ ਪ੍ਰਕਾਸ਼ਨ




ਮੁੱਲ 30 ਰੁਪਏ
ਸੁਰ ਸਾਂਝ ਪਬਲੀਕੇਸ਼ਨ

ਬਹੁ-ਵਿਧਾਵੀ ਲੇਖਾਂ ਕੁਲਵਿੰਦਰ ਕਿੰਦਰ ਮਨੁੱਖੀ ਮਨ ਦੀਆਂ ਪਰਤਾਂ ਨੂੰ ਆਪਣੇ ਨਾਵਲਾਂ, ਕਹਾਣੀਆਂ ਤੇ ਲੇਖਾਂ ਵਿਚ ਬੜੀ ਬਰੀਕੀ ਨਾਲ ਅਤੇ ਸ਼ਿੱਦਤ ਨਾਲ ਪ੍ਰਗਟ ਕਰਦੀ ਹੈ। ਮਨੁੱਖ ਦੇ ਖਾਸ ਕਰਕੇ ਨਾਰੀ ਦੇ ਸੂਖਮ ਅਹਿਸਾਸਾਂ ਨੂੰ ਸਵੈ-ਅਨੁਭਵ ਦੀ ਪੱਧਰ 'ਤੇ ਜੇ ਕੇ ਰੌਚਿਕ ਸ਼ੈਲੀ ਨਾਲ ਆਪਣੀਆਂ ਰਚਨਾਵਾਂ ਵਿਚ ਪ੍ਰਗਟ ਕਰਦੀ ਹੈ।

ਉਸ ਦੇ ਨਾਵਲ 'ਅਧੂਰੇ ਰਿਸ਼ਤੇ' ਵਿਚ ਪੁਨੀਤ ਅਜੀਬ ਕਿਸਮ ਦਾ ਪਾਤਰ ਹੈ।

'ਨ੍ਹੇਰੇ 'ਚੋਂ ਫੁੱਟਦੀ ਰੌਸ਼ਨੀ' ਕਹਾਣੀ ਸੰਗ੍ਰਹਿ ਵਿਚ ਉਸ ਨੇ ਇਨ੍ਹਾਂ ਕਹਾਣੀਆਂ ਵਿਚ ਜੰਮਣ ਭੌਂ ਦਾ ਹੇਰਵਾ, ਸਭਿਆਚਾਰਕ ਤੰਦਾਂ ਨਾਲੋਂ ਟੁੱਟਣਾ, ਪਰਿਵਾਰਕ ਸੰਕਟ ਵਿਚ ਤਣਾਓ ਵਿਚ ਗ੍ਰਸੇ ਜਾਣਾ, ਪਤੀ-ਪਤਨੀ ਦੇ ਸੰਬੰਧਾਂ 'ਚ ਅਸੰਤੁਲਨ ਦੇ ਮਸਲੇ ਵਰਗੇ ਵਿਸ਼ੇ ਉਸ ਨੇ ਆਪਣੀਆਂ ਕਹਾਣੀਆਂ 'ਚ ਲਏ ਹਨ।

ਲੇਖਾਂ ਦੀ ਕਿਤਾਬ 'ਅਨੁਭਵ ਦੀ ਲੋਅ' ਵਿਚ ਉਸ ਨੇ ਸਧਾਰਨ ਭਾਸ਼ਾ ਵਰਤੀ ਹੈ। ਇਹ ਲੇਖ ਲਲਿਤ ਨਿਬੰਧਾਂ ਦਾ ਦਰਜਾ ਰੱਖਦੇ ਹਨ। - ਟਿਪਣੀਕਾਰ



ਹਿੰਦੀ ਕਹਾਣੀ

## ਕੀ ਹੁਕਮ ਐ...? / ਸ੍ਰੀ ਧਰਮ / ਅਨੁਵਾਦ : ਗੁਰਮੀਤ ਕੜਿਆਲਵੀ



"ਬਾਬੂ ਸਾਹਬ ਆ ਉਏ....!" ਫੇਕੂ ਨੇ ਜਿਵੇਂ ਆਵਾਜ਼ ਵਿੱਚ ਸਾਰੀ ਤਾਕਤ ਭਰ ਦਿੱਤੀ। ਜਵਾਬ ਵਿੱਚ ਦਰੱਖਤ ਤੋਂ ਦੋ-ਚਾਰ ਸੁੱਕੇ ਪੱਤੇ ਝੜ ਪਏ!

ਗੀੜ੍ਹ ਦਾ ਪੁਰਾਣਾ ਦਰਦ ਜਦੋਂ-ਜਦੋਂ ਵੀ, ਅਸਹਿ ਹੋ ਜਾਂਦਾ ਹੈ ਤਾਂ ਉਹ ਇਉਂ ਹੀ ਜ਼ੋਰ-ਜ਼ੋਰ ਨਾਲ ਆਪਣੇ ਬੇਟੇ ਨੂੰ ਪੁਕਾਰਦਾ ਹੈ। ਜਿਵੇਂ ਬੇਟੇ ਨੂੰ ਪੁਕਾਰਨ ਦੇ ਬਹਾਨੇ ਆਪਣੀ ਚਿਰਾਂ ਦੀ ਪੀੜ ਤੇ ਮਲ੍ਹਮ ਲਗਾ ਰਿਹਾ ਹੋਵੇ। ਉਹ ਚੀਕ-ਚੀਕ ਕੇ ਸਾਰੇ ਪਿੰਡ ਨੂੰ ਜਤਾ ਦੇਣਾ ਚਾਹੁੰਦਾ ਹੈ, ਖਾਸਕਰ ਪਿੰਡ ਦੇ ਉਸ ਬੁੱਢੇ ਜ਼ਿੰਮੀਦਾਰ ਦੇਵਕਾਂਤ ਰਾਏ ਉਰਫ 'ਬਾਬੂ ਸਾਹਬ' ਨੂੰ ਕਿ ਦੇਖੋ ਮੇਰਾ ਬੇਟਾ ਵੀ ਬਾਬੂ ਸਾਹਬ ਹੈ। ਪਰੰਤੂ ਫੇਕੂ ਦਾ ਬਾਬੂ ਸਾਹਬ ਪੈਦਾ ਹੋਇਆ, ਉਸਤੋਂ ਪਹਿਲਾਂ ਹੀ ਦੇਵਕਾਂਤ ਰਾਏ ਬੋਲਾ ਹੋ ਗਿਆ ਸੀ। ਬਿਮਾਰੀ ਨਾਲ ਜਾਂ ਉਂਜ ਹੀ ਜਾਨਬੁਝ ਕੇ, ਇਹ ਅੱਜ ਤੱਕ ਪਿੰਡ ਵਾਲਿਆਂ ਲਈ ਇਕ ਰਹੱਸ ਹੀ ਹੈ।

ਫੇਕੂ ਪਾਸਵਾਨ ਨੇ ਜਦੋਂ ਆਪਣੇ ਬੇਟੇ ਦਾ ਨਾਮ ਬਾਬੂ ਸਾਹਬ ਰੱਖਿਆ ਸੀ, ਯਕਾਯਤਕ ਪਿੰਡ ਦੀ ਰਾਜਨੀਤੀ ਗਰਮਾਉਣ ਲੱਗੀ ਸੀ। ਸਵਰਨ ਟੋਲੇ ਦੀ ਗਰਮ ਹਵਾ ਨਾਲ ਪਾਸਵਾਨ ਟੋਲਾ ਸੁੱਕਣ ਲੱਗਾ ਸੀ। ਪਚਕੌੜੀ ਫੇਕੂਆ, ਮੌਲੂਆ, ਰੌਦੀ, ਲੁਚਾਈ ਜਿਹੇ ਬਿਨਾਂ ਸਿਰ ਪੈਰ ਦੇ ਨਾਵਾਂ ਨੂੰ ਛੱਡ ਕੇ ਪਿੰਡ ਦੇ ਸਵਰਨ ਜ਼ਿੰਮੀਦਾਰ ਦਾ ਨਾਂ ਹਥਿਆ ਲੈਣਾ... ਕੋਈ ਪਾਸਵਾਨ ਦਾ ਪੁੱਤ ਤਾਂ ਸੁਫ਼ਨਾ ਵੀ ਨਹੀਂ ਸੀ ਲੈ ਸਕਦਾ। ਪਰ ਫੇਰੂ ਆਪਣਾ ਸੁਪਨਾ ਸਾਕਾਰ ਕਰ ਚੁੱਕਾ ਸੀ। ਇੱਕ ਹੀ ਰਾਤ ਵਿੱਚ ਪਿੰਡ ਦੇ ਪਾਸੀ ਟੋਲੇ ਵਿੱਚ ਬਾਬੂ ਸਾਹਿਬ ਦਾ ਅਵਤਾਰ ਹੋ ਚੁੱਕਾ ਸੀ। ਪਿੰਡ ਵਿੱਚ ਤੱਤੀ ਲੂ ਚੱਲਣ ਲੱਗੀ ਸੀ ਅਤੇ ਹਥਿਆਰਾਂ ਨੂੰ ਪਾਣ ਚੜ੍ਹਾਈ ਜਾਣ ਲੱਗੀ ਸੀ। ਬਾਬੂ ਸਾਹਿਬ ਦੇ ਵੱਡੇ ਬੇਟੇ ਰਘੂਨੰਦਨ ਰਾਏ ਦੀਆਂ ਤਿਊੜੀਆਂ ਤਾਂ ਉਸੇ ਦਿਨ ਚੜ ਗਈਆਂ ਸਨ,

"ਹੂੰ ! ਮਾਂ ਕਰੇ ਪੀਹਣ-ਪਹਾਉਣ ਤੇ ਪੁੱਤ ਦਾ ਨਾਂ ਦੁਰਗਾਦੱਤ! ਸਟੇਟ ਮਨੇਜਰ ਸ੍ਰੀਮੋਹਨ ਝਾਅ ਨੇ

**ਸ੍ਰੀ ਧਰਮ**

**ਨੌਜਵਾਨ ਕਹਾਣੀਕਾਰ ਸ੍ਰੀ ਧਰਮ ਦਾ ਜਨਮ 18 ਨਵੰਬਰ 1974 ਨੂੰ ਚਨੌਰਾਗੰਜ, ਮਧੁਬਨੀ (ਬਿਹਾਰ) 'ਚ ਹੋਇਆ। ਸਿੱਖਿਆ ਐਮ. ਏ. ਐਮ. ਫਿੱਲ (ਹਿੰਦੀ), ਹਿੰਦੀ ਦੇ ਪ੍ਰਸਿੱਧ ਮੈਗਜ਼ੀਨਾਂ 'ਚ ਕਹਾਣੀਆਂ ਪ੍ਰਕਾਸ਼ਤ। 'ਯੁਧਰਤ ਆਮ ਆਦਮੀ' ਦੇ ਵਿਸ਼ੇਸ਼ ਅੰਕ ਨਵੀਂ ਸਦੀ ਦਾ ਯੁਵਾ ਸਵਰ' ਦੇ ਸਹਾਇਕ 000। ਮਾਂ ਬੋਲੀ ਮੈਥਿਲੀ 'ਚ ਵੀ ਲਿਖਦੇ ਹਨ। ਜਵਾਰ ਲਾਲ ਨਹਿਰੂ ਵਿਸ਼ਵ ਵਿਦਿਆਲਿਆ ਨਵੀਂ ਦਿੱਲੀ 'ਚ ਪੀ. ਐਚ. ਡੀ. ਕਰ ਰਹੇ ਹਨ। 'ਕਥਾ ਦੇਸ਼' ਤੇ ਮੈਥਿਲੀ ਤ੍ਰੈਮਾਸਿਕ 'ਅੰਤਿਕਾ' ਦੇ ਸੰਪਾਦਕੀ ਮੰਡਲ 'ਚ ਕੰਮ ਕਰਦੇ ਹਨ।**

**ਸੰਪਰਕ ਸੀ- 52, ਜੈਡ-3, ਦਿਲਸ਼ਾਦ ਗਾਰਡਨ, ਦਿੱਲੀ-110095**

ਮਾਲਕ ਦੀ ਹਾਂ ਵਿੱਚ ਹਾਂ ਮਿਲਾਕੇ ਆਪਣੀ ਸਮਰੱਥਾ ਦਾ ਅਹਿਸਾਸ ਕਰਾਇਆ ਸੀ, "ਉਹ ਕੀ ਕਹਿੰਦੇ ਨੇ ਕਿ... ਢਿੱਡ 'ਚ ਘਾਹ ਨੀ, ਸਿੰਗਾਂ 'ਚ ਤੇਲ...।" ਲੱਗਦਾ ਇਹਨਾਂ ਲੋਕਾਂ ਦਾ ਪੁਰਾਣਾ ਵਹੀ ਖਾਤਾ ਹੁਣ ਕੱਢਣਾ ਹੀ ਪਊ।"

ਪਿੰਡ ਦੇ ਲੋਕਾਂ ਨੇ ਤਾਂ ਫੇਕੂ ਨੂੰ ਪਾਗਲ ਹੀ ਐਲਾਨ ਦਿੱਤਾ ਸੀ। ਇਥੋਂ ਤੱਕ ਕਿ ਖੁਦ ਪਾਸੀ ਟੋਲੇ ਦੇ ਲੋਕ ਵੀ ਉਸਨੂੰ ਮੂਰਖ ਸਮਝਣ ਲੱਗੇ ਸਨ। ਸਿਰਫ ਰਾਮ ਸੁੰਦਰ ਪਾਸਵਾਨ ਹੀ ਉਸ ਨਾਲ ਹਮਦਰਦੀ ਜਿਤਾਉਂਦਾ ਸੀ ਅਤੇ ਹਥਿਆਰਬੰਦ ਕ੍ਰਾਂਤੀ ' ਦੇ ਬਾਰੇ ਸਮਝਾਉਂਦਾ ਸੀ ਪਰ ਬੰਦੂਕ ਦਾ ਨਾਂ ਸੁਣਦਿਆਂ ਹੀ ਫੇਕੂ ਪਸੀਨੋ ਪਸੀਨੀ ਹੋ ਜਾਂਦਾ ਸੀ। ਹੁਣ ਉਸਨੂੰ ਬੰਦੂਕ ਚੁੱਕਣ ਦੀ ਲੋੜ ਹੀ ਕੀ ਐ ? ਉਸਦੇ ਘਰ 'ਚ ਅਸਲੀ ਬੰਦੂਕ ਦਾ ਅਵਤਾਰ ਹੋ ਗਿਆ ਸੀ, ਜਿਸਨੂੰ ਦੇਖ ਦੇ ਉਸਦਾ ਵੀਹ ਸਾਲ ਪੁਰਾਣਾ ਫੱਟ ਭਰਨ ਲੱਗਾ ਸੀ। ਹੁਣ ਉਹ ਦਿਨ ਦੂਰ ਨਹੀਂ ਜਦੋਂ ਇਹ ਬਾਬੂ ਸਾਹਬ, ਉਸ ਬਾਬੂ ਸਾਹਬ ਤੋਂ ਗਿਣ-ਗਿਣ ਕੇ ਬਦਲੇ ਲਵੇਗਾ। ਆਪਣੀ ਖੋਹੀ ਜ਼ਮੀਨ ਹਾਸਲ ਕਰੇਗਾ। ਨਾ ਜਾਣੇ ਫੇਕੂ ਕੀ ਕੀ ਸੋਚਦਾ ਰਹਿੰਦਾ।

ਉਸ ਦਿਨ ਤਾਂ ਜਿਵੇਂ ਉਹ ਖੁਸ਼ੀ ਵਿੱਚ ਪਾਗਲ ਹੋ ਗਿਆ ਸੀ। ਬੇਟਾ ਪੈਦਾ ਹੋਣ ਦੀ ਖ਼ਬਰ ਸੁਣਦਿਆਂ ਹੀ ਟੀਨ ਦੀ ਥਾਲੀ ਲੈ ਕੇ ਘਰ ਦੇ ਛੱਪਰ ਤੇ ਚੜ ਗਿਆ ਅਤੇ ਰਾਤ ਭਰ ਥਾਲੀ ਵਜਾ ਵਜਾ ਕੇ ਚਿਲਾਉਂਦਾ ਰਿਹਾ, "ਮੇਰਾ ਬਾਬੂ ਸਾਹਬ ਆ ਗਿਆ। ਮੇਰੇ ਬਾਬੂ ਸਾਹਬ ਨੇ ਜਨਮ ਲੈ ਲਿਆ!"

ਕੁੱਝ ਦਿਨ ਤਾਂ ਰਾਏ ਪਰਿਵਾਰ ਖੂਨ ਦੇ ਘੁੱਟ ਪੀਂਦਾ ਰਿਹਾ ਪਰ ਜਿਵੇਂ ਹੀ ਬਾਬੂ ਸਾਹਬ ਪਾਸਵਾਨ ਦਾ ਨਾਂ ਸਕੂਲ ਦੇ ਰਜਿਸਟਰ ਵਿੱਚ ਦਰਜ ਹੋਇਆ, ਰਾਏ ਪਰਿਵਾਰ ਦੇ ਸਬਰ ਦਾ ਬੰਨ੍ਹ ਟੁੱਟ ਗਿਆ।

ਬਹੁਤ ਪਹਿਲਾਂ ਦੀ ਗੱਲ ਹੈ। ਅਜ਼ਾਦੀ ਦੇ ਪਿਛੋਂ ਜਦੋਂ ਜ਼ਿੰਮੀਦਾਰਾਂ ਦੀਆਂ ਜਗੀਰਾਂ ਖੋਹੀਆਂ ਜਾ ਰਹੀਆਂ ਸਨ, ਤਾਂ ਦੂਰਦਰਸ਼ੀ ਬਾਬੂ ਸਾਹਬ ਨੇ ਆਪਣੀ ਸੂਝ ਬੂਝ ਦਾ ਦਿਖਾਵਾਂ ਕਰਦਿਆਂ, ਆਪਣੇ ਨਾਂ ਤੇ ਪਿੰਡ ਵਿੱਚ ਇੱਕ ਪ੍ਰਾਇਮਰੀ ਅਤੇ ਇੱਕ ਹਾਈ ਸਕੂਲ ਖੋਲਿਆ ਸੀ। ਸਕੂਲ ਦੇ ਨਾਂ ਪੰਜਾਹ ਵਿੱਘੇ ਜ਼ਮੀਨ ਕਰ ਦਿੱਤੀ ਸੀ ਜਿਸਨੂੰ ਅੱਜ ਤੱਕ ਉਹ ਖੁਦ ਵਾਹ ਰਿਹਾ ਹੈ। ਹੁਣ ਉਸੇ ਸਕੂਲ ਵਿੱਚ ਦਲਿਤ ਦਾ ਬੇਟਾ ਆਪਣਾ ਨਾਮ 'ਬਾਬੂ ਸਾਹਬ' ਲਿਖਵਾ ਗਿਆ। ਪਿੰਡ ਦੇ ਲੋਕ ਬੇਸ਼ਕ ਫੇਕੂ ਨੂੰ ਪਾਗਲ ਸਮਝਣ ਪਰ ਬਾਬੂ ਸਾਹਬ ਦੇ ਪੁੱਤ ਪੋਤੇ ਚੈਨ ਨਾਲ ਕਿਵੇਂ ਬੈਠ ਸਕਦੇ ਸਨ ?

ਫੇਕੂ ਦੇ ਬੇਟੇ ਦੇ ਨਾਲ ਹੀ ਬਾਬੂ ਸਾਹਬ ਦਾ ਪੋਤਾ ਵੀ ਪੜ੍ਹਦਾ ਸੀ। ਆਏ ਦਿਨ ਦੋਵਾਂ ਵਿੱਚ ਜੰਮ ਕੇ ਮਾਰ ਕੁਟਾਈ ਹੁੰਦੀ ਇੱਕ ਦਿਨ ਬਾਬੂ ਸਾਹਬ ਦੇ ਬੇਟੇ ਰਘੂਨੰਦਨ ਰਾਏ ਨੇ ਸਕੂਲ 'ਚ ਆ ਕੇ ਹੈਡਮਾਸਟਰ ਸਾਹਬ ਨੂੰ ਧਮਾਕਾਇਆ ਵੀ ਸੀ-ਅਗਰ ਰਜਿਸਟਰ 'ਚੋਂ ਫੇਕੂਆ ਦੇ ਬੇਟੇ ਦਾ ਨਾਂ ਨਾ ਬਦਲਿਆ ਤਾਂ ਅਸੀਂ ਤੇਰਾ ਨਾਂ ਪਤਾ ਬਦਲ ਦਿਆਂਗੇ!" ਹੈਡਮਾਸਟਰ ਨੇ ਹੱਥ ਜੋੜ ਕੇ ਮਾਫ਼ੀ ਮੰਗੀ ਸੀ, "ਕੁੰਵਰ ਜੀ, ਸਮਾਂ ਬੜਾ ਬਦਲ ਗਿਆ। ਹੁਣ ਉਹ ਦਿਨ ਨੀ ਰਏ ਵਈ ਅਸੀਂ ਉਸਦਾ ਨਾਂ ਬਦਲ ਦੇਈਏ। ਕਿਤੇ ਅੱਗੇ ਸ਼ਿਕਾਇਤ ਚਲੀ ਗਈ ਤਾਂ ਨੌਕਰੀ ਤੋਂ ਵੀ ਹੱਥ ਧੋਣਾ ਪਊ।"

ਫੁੰਕਾਰਦਾ ਰਿਹਾ ਰਘੂਨੰਦਨ ਰਾਏ, "ਤਾਂ ਏਹ ਚਾਪੜ ਜਿਹਾ, ਸ਼ਰੇਆਮ ਸਾਡੀ ਬੇਜ਼ਤੀ ਕਰੂ ? ਨਈਂ ਨਈਂ ਅਜੇ ਰਘੂਨੰਦਨ ਰਾਏ ਜਿਉਂਦਾ ਤੇ ਇਹ ਸਭ ਦੇਖਣ ਤੋਂ ਪਹਿਲਾਂ ਮਰ ਜਾਣਾ ਪਸੰਦ ਕਰੂ...।"

... ਅਤੇ ਇਹੀ ਪ੍ਰਤੀਕ੍ਰਿਆ ਫੇਕੂ ਦੇ ਜਲਦੇ ਹੋਏ ਜ਼ਖ਼ਮ ਨੂੰ ਠੰਡਾ ਕਰਦੀ ਹੈ। "ਜਿੰਨਾ ਸੜਨਾ ਹੈ ਸੜੋ। ਹੁਣ ਆਊ ਲੜਾਈ ਦਾ ਸੁਆਦ। ਥੋਡੇ ਲੋਕਾਂ ਦੇ ਬਥੇਰੇ ਜ਼ੁਲਮ ਸਹਿ ਲਏ... ਹੁਣ ਸਾਡੇ ਧੀ-ਪੁੱਤ ਥੋੜਾ ਸਹਿਣਗੇ!"



*            *            *

ਬਾਬੂ ਸਾਹਬ ਦੀ ਹਵੇਲੀ ਅੱਗਿਉਂ ਗੁਜ਼ਰਦਿਆਂ ਆਪਣੇ ਬੇਟੇ ਨੂੰ ਜ਼ੋਰ ਨਾਲ ਪੁਕਾਰਨਾ, ਫੇਕੂ ਦਾ ਨਿਤਨੇਮ ਬਣ ਗਿਆ ਸੀ। ਅੱਜ ਜਿਉਂ ਹੀ ਉਸਨੇ ਦੇਵਕਾਂਤ ਰਾਏ ਨੂੰ ਦਰਵਾਜ਼ੇ ਤੇ ਬੈਠੇ ਦੇਖਿਆ, ਉਸਦਾ ਜੋਸ਼ ਦੁੱਗਣਾ ਹੋ ਗਿਆ। ਤਾੜੀ (ਸ਼ਰਾਬ) ਪੀਂਦਿਆਂ ਹੀ ਸਿਰ ਚੜ ਗਈ ਸੀ। ਅੱਜ ਉਹ ਕੁੱਝ ਜਿਆਦਾ ਹੀ ਪੀ ਗਿਆ ਸੀ। ਉਹ ਬਾਬੂ ਸਾਹਿਬ ਨੂੰ ਦੇਖਦਿਆ ਹੀ ਚਿਲਾਉਣ ਲੱਗਾ ਸੀ,

"ਉਏ ਬਾਬੂ ਸਾਹਬ... ! ਟੂਸ਼ਣ ਪੜਨ ਨਈਂ ਜਾਣਾ ?" ਨਹੀਂ ਪਰ ਫੇਕੂ ਬਿਲਕੁਲ ਉਵੇਂ ਬੋਲੀ ਜਾ ਰਿਹਾ ਸੀ ਜਿਵੇਂ ਕਦੇ ਬਾਬੂ ਸਾਹਬ ਫੇਕੂ ਨੂੰ ਬੁਲਾਉਂਦਾ ਸੀ-

"ਉਏ ਫੇਕੂਆ... ਕਿਥੇ ਐਂ... ਮਾਂ ਦਿਆਂ ਖਸਮਾਂ। ਕਿਥੇ ਮਰ ਗਿਆਂ। ਮੱਝਾਂ ਨੂੰ ਪਾਣੀ ਪਿਲਾ ਵਰਨਾ...।"

ਫੇਕੂ ਨੇ ਗੌਰ ਨਾਲ ਦੇਖਿਆ, ਆਪਣੀ ਪੁਸਤੈਨੀ ਕੁਰਸੀ ਤੇ ਬੈਠੇ ਨੱਬੇ ਸਾਲਾਂ ਬਾਬੂ ਸਾਹਬ ਦੇ ਚਿਹਰੇ ਤੇ ਕੋਈ ਪ੍ਰਤੀਕਿਰਿਆ ਨਹੀਂ ਸੀ। "ਕੀ ਸੱਚਮੁੱਚ ਬੁੱਢੇ ਨੇ ਕੁਝ ਨੀ ਸੁਣਿਆ ਜਾਂ ਸਾਲਾ ਐਵੇਂ ਜਾਨ-ਬੁੱਝ ਕੇ ਮਚਲਾ ਬਣਿਆ ਬੈਠਾ ?" ਫੇਕੂ ਦੇ ਦਿਮਾਗ਼ ਨੂੰ ਤਾੜੀ ਨੇ ਤੇਜ਼ ਕੀਤਾ ਹੋਇਆ ਸੀ।

"ਦੇਖ ਤਾਂ ਸਹੀਂ ... ਹੱਥਾਂ ਪੈਰਾਂ ਤੇ ਕਿਵੇਂ ਕੋਹੜ ਚੱਲਿਆ ਪਿਆ। ਕਿਵੇਂ ਮੁਰਦਾ ਜਿਆ ਲੱਗਦਾ... ਉਦੋਂ ...।" ਉਸਨੇ ਜ਼ੋਰ ਨਾਲ ਸਾਹ ਛੱਡਿਆ ... ਭਲਾ ਕੌਣ ਵਿਸ਼ਵਾਸ਼ ਕਰੂ ਕਿ ਉਹ ਉਹੀ ਬਾਬੂ ਸਾਹਬ ਹੈ ਜਿਸਦੇ ਘੋੜੇ ਦੀ ਟਾਪ ਸੁਣਕੇ ਲੋਕ ਕੰਬਣ ਲੱਗਦੇ ਸਨ। ਨਵੀਂ ਸੂਈ ਗਾਂ-ਮੱਝ ਨੂੰ ਲੁਕੋ ਲੁਕੋ ਕੇ ਰੱਖਦੇ ਸਨ ਕਿਤੇ ਦੇਖ ਲਿਆ ਤਾਂ ਮੁਫਤ ਵਿੱਚ ਦੁੱਧ ਹਵੇਲੀ ਪਹੁੰਚਾਉਂਦੇ ਰਹੋ। ਸਾਲਾ! ਅੱਜ ... ਅੰਤਿਮ ਘੜੀਆਂ ਗਿਣਦਾ !"

ਪਰ ਕੀ ਸਚਮੁੱਚ ਬਾਬੂ ਸਾਹਿਬ ਅੰਤਿਮ ਘੜੀਆਂ ਗਿਣ ਰਿਹਾ ? ਇਸ ਬਾਰੇ ਕੁੱਝ ਕਹਿਣਾ ਉਨਾ ਹੀ ਔਖਾ ਹੈ ਜਿੰਨਾ ਉਸਦੇ ਬੋਲੇਪਣ ਬਾਰੇ ਕੋਈ ਨਿਰਣਾ ਦੇਣਾ। ਬਾਬੂ ਸਾਹਬ ਸਮੇਂ ਦੀ ਨੱਕ ਫੜਨ ਵਿੱਚ ਮਾਹਰ ਰਿਹਾ ਹੈ। ਇਹੀ ਕਾਰਨ ਹੈ ਕਿ ਸਮੇਂ ਵਲੋਂ ਕਰਵਟ ਲੈਣ ਤੋਂ ਬਹੁਤ ਪਹਿਲਾਂ ਹੀ ਚੌਕੰਨਾ ਹੋ ਗਿਆ ਹੈ। ਉਹ ਸਮਝ ਗਿਆ ਸੀ ਕਿ ਜ਼ਮੀਨ-ਜਾਇਦਾਦ ਬਚਾਉਣਾ ਹੁਣ ਸੌਖਾ ਕੰਮ ਨਹੀਂ। ਇਸ ਲਈ ਅਜ਼ਾਦ ਭਾਰਤ ਵਿੱਚ "ਜ਼ਿੰਮੀਦਾਰੀ ਕਾਨੂੰਨ " ਆਉਣ ਦੀ ਭਿਣਕ ਲੱਗਦਿਆਂ ਹੀ ਉਸਨੇ ਸਾਰੀ ਜ਼ਮੀਨ ਆਪਣੇ ਬੇਟੇ-ਬੇਟੀ, ਰਿਸ਼ਤੇਦਾਰਾਂ ਅਤੇ ਇਥੋਂ ਤੱਕ ਕਿ ਪੈਦਾ ਹੋਣ ਵਾਲੇ ਪੋਤੇ-ਪੋਤੀਆਂ ਦੇ ਨਾਂ ਕਰ ਦਿੱਤੀ ਸੀ। ਪੰਜ ਟਰੱਕ, ਇੱਟਾਂ ਦੇ ਦੋ ਭੱਠੇ ਅਤੇ ਇੱਕ ਬੁਲੇਟ ਮੋਟਰ ਸਾਈਕਲ ਦੇ ਮਾਲਕ ਬਾਬੂ ਸਾਹਬ ਦਾ ਬੇਟਾ ਰਘੁਨੰਦਨ ਪ੍ਰਸ਼ਾਦ ਰਾਏ ਅੱਜ ਜ਼ਿਲ੍ਹੇ ਦੇ ਇੱਕ ਮਾਤਰ ਪੂੰਜੀਪਤੀ ਵਜੋਂ ਜਾਣਿਆ ਜਾਂਦਾ ਹੈ। ਉਹ ਜ਼ਿਲ੍ਹਾ ਪ੍ਰੀਸ਼ਦ ਦਾ ਮੁੱਖੀ ਹੈ ਅਤੇ ਜ਼ਿਲਾ ਕਿਸਾਨ ਮੋਰਚਾ ਦਾ ਸੰਚਾਲਕ ਵੀ ਹੈ।

ਬਾਬੂ ਸਾਹਬ ਦੇ ਸ਼ੋਸ਼ਣ ਦੇ ਖਿਲਾਫ਼ ਇਕ ਅੱਧੀ ਆਵਾਜ਼ ਉਠਦੀ ਜਰੂਰ ਰਹੀ ਪਰ ਉਸਨੇ ਬੜੀ ਚਤਰਾਈ ਨਾਲ ਸਾਮ-ਦਾਮ, ਦੰਡ-ਭੇਦ ਦਾ ਸਹਾਰਾ ਲੈਂਦਿਆਂ ਹਰ ਇੱਕ ਆਵਾਜ਼ ਨੂੰ ਸਦਾ ਸਦਾ ਲਈ ਬੰਦ ਕਰ ਦਿੱਤਾ। ਇਸਦੇ ਦਰਮਿਆਨ ਹੀ ਨਕਸਲੀ ਸੰਗਠਨਾ ਦਾ ਮੁਕਾਬਲਾ ਕਰਨ ਲਈ ਉਸਨੇ ਆਪਣੇ ਲੜਕੇ ਦੀ ਸ਼ਾਦੀ ਬਦਨਾਮ ਸਰਗਣਾ ਮੋਕਾਮਾ ਦੀ ਬੇਟੀ ਨਾਲ ਕਰ ਦਿੱਤੀ ਜੋ ਉੱਚ ਜਾਤੀਆਂ ਦੇ ਸੰਗਠਨ ਦਾ ਸਰਪ੍ਰਸਤ ਮੰਨਿਆ ਜਾਂਦਾ ਹੈ। ਕਹਿੰਦੇ ਨੇ, ਪਟਨਾ ਦੇ ਨੇੜੇ ਦਲਿਤਾਂ ਦਾ ਜੋ ਭਾਰੀ ਨਰ ਸੰਘਾਰ ਹੋਇਆ ਸੀ, ਉਸਦੀ ਅਗਵਾਈ ਰਘੁਨੰਦਨ ਪ੍ਰਸਾਦ ਦੇ ਮੋਕਿਆ ਵਾਲੇ ਰਿਸ਼ਤੇਦਾਰ ਨੇ ਹੀ ਕੀਤੀ ਸੀ।

ਪਰ ਇਸ ਨਾਲ ਕੀ? ਕੋਈ ਆਪਣੀ ਜ਼ਮੀਨ ਥੋੜਾ ਛੱਡ ਦੇਊ ? ਇਸਤੋਂ ਤਾਂ ਮਰ ਜਾਣਾ ਚੰਗਾ ਹੈ। ਫੇਕੂ ਨੂੰ ਹੁਣ ਕਿਸੇ ਗੱਲ ਦੀ ਚਿੰਤਾ ਨਹੀਂ। ਉਸਦਾ ਬੇਟਾ ਪੜ੍ਹ ਲਿਖ ਕੇ ਇੱਕ ਦਿਨ ਸਚਮੁੱਚ ਦਾ 'ਬਾਬੂ ਸਾਹਬ' ਬਣੇਗਾ ਅਤੇ ਉਦੋਂ... ਵੈਸੇ ਫੇਕੂ ਨੂੰ ਹਿੰਸਾ ਵਿੱਚ ਵਿਸਵਾਸ਼ ਨਹੀਂ ਹੈ। ਇਸੇ ਕਰਕੇ ਉਹ ਰਾਮ ਸੁੰਦਰ ਪਾਸਵਾਨ ਦੀ 'ਕ੍ਰਾਂਤੀ ਸੈਨਾ' ਵਿੱਚ ਸ਼ਾਮਲ ਨਹੀਂ ਹੋਇਆ। ਉਸਨੂੰ ਆਪਣੇ ਪਿਤਾ ਦੀ ਕਹੀ ਹੋਈ ਗੱਲ ਅੱਜ ਵੀ ਯਾਦ ਹੈ, "ਬੇਟਾ ਇਹ ਸਹੁਰੀ ਬੰਦੂਕ ਐਹੋ ਜਈ ਚੀਜ ਹੁੰਦੀ ਐ, ਇੱਕ ਵਾਰ ਹੱਥ ਵਿੱਚ ਆ ਗਈ... ਫਿਰ ਜਾਨ ਲੈ ਕੇ ਛੱਡਦੀ ਐ...।"

ਫੇਕੂ ਨੇ ਗਹੁ ਨਾਲ ਦੇਖਿਆ , ਬਾਬੂ ਸਾਹਿਬ ਅਜੇ ਵੀ ਉਥੇ ਹੀ ਬੈਠਾ ਸੀ, ਬਿਲਕੁਲ ਸ਼ਾਤਮਈ ਅਤੇ ਨਿਸ਼ਚਿੰਤ। ਸ਼ੋਸ਼ਣ ਅਤੇ ਅਤਿਆਚਾਰਾਂ ਦਾ ਜਿਉਂਦਾ-ਜਾਗਦਾ ਇਤਿਹਾਸ।

ਅੱਜ ਤੋਂ ਤਿੰਨ ਦਿਨ ਪਹਿਲਾਂ ਵੀ ਫੇਕੂ ਤਾੜੀ ਪੀ ਕੇ ਇਸੇ ਤਰ੍ਹਾਂ ਬਾਬੂ ਸਾਹਬ ਨੂੰ ਸੁਣਾਉਂਦਿਆਂ ਬੇਟੇ ਨੂੰ ਗਾਹਲਾਂ ਦੇ ਕੇ ਬੁਲਾਉਣ ਲੱਗਾ ਸੀ। ਬਾਬੂ ਸਾਹਬ ਦਾ ਪੋਤਾ ਤਾਂ ਗੁੱਸੇ ਵਿੱਚ ਬੰਦੂਕ ਲੈ ਕੇ

ਨਿਕਲ ਆਇਆ ਸੀ ਅਤੇ ਫੇਕੂ ਤੇ ਤਾਣ ਲਈ ਸੀ। ਫੇਕੂ ਅਡੋਲ ਖੜਾ ਰਿਹਾ। ਉਹ ਤਾਂ ਰਘੂਨੰਦਨ ਪ੍ਰਸਾਦ ਨੇ ਚਲਾਕ ਸਿਆਸਤਦਾਨ ਵਾਂਗੂੰ ਵਿੱਚਕਾਰ ਆ ਕੇ ਬੇਟੇ ਨੂੰ ਘਰ ਅੰਦਰ ਧੱਕ ਦਿੱਤਾ ਸੀ ਵਰਨਾ ਉਹੀ ਬੰਦੂਕ ... ਬਾਪ ਨੇ ਬੇਟੇ ਨੂੰ ਡਾਂਟਦਿਆਂ ਆਖਿਆ ਸੀ, "ਤੁਰਕ ਡਰਾਵੇ ਥੁੱਕ ਨਾਲ। ਇਹਨਾਂ ਪਾਟੇ ਮੂੰਹ ਵਾਲਿਆਂ ਨੂੰ ਕਿਉਂ ਮੂੰਹ ਲਾਉਨੈ। ਗੰਦ ਤੇ ਪੱਥਰ ਮਾਰੇਗਾਂ ਤਾਂ ਆਵਦੀ ਦੇਹ ਤੇ ਈ ਪਊ।" ਫਿਰ ਫੇਕੂ ਵੱਲ ਅੱਖਾਂ ਕੱਢਦਿਆਂ ਕਿਹਾ ਸੀ, "ਉਏ ਫੇਕੂਆ, ਗਾਂਡ 'ਚ ਗੂੰਹ ਨੀ, ਕਾਵਾਂ ਨੂੰ ਸੈਨਤਾ! ਆਪਣੀ ਔਕਾਤ ਵਿੱਚ ਰਹਿ ਵਰਨਾ ਮਿੱਟੀ ਪਲੀਤ ਹੋਜੂ।" ਫੇਕੂ ਨੇ ਕੁੱਝ ਵੀ ਜੁਆਬ ਨਹੀਂ ਸੀ ਦਿੱਤਾ ਸਿਰਫ ਮੁਸਕਰਾਉਂਦਾ ਰਿਹਾ ਉਸਦੀ ਰੀੜ੍ਹ ਤਣ ਗਈ ਸੀ। ਦੋਨੋ ਪਿਉ-ਪੁੱਤ ਹਵੇਲੀ ਦੇ ਅੰਦਰ ਵੜ ਗਏ ਸਨ।

ਉਹ ਹਵੇਲੀ ਦੇ ਸਾਹਮਣੇ ਵਾਲੇ ਅੰਬ ਦੇ ਦਰੱਖਤ ਦੀ ਛਾਵੇਂ ਬੈਠਾ ਬਹੁਤ ਚਿਰ ਮੁਸਕਰਾਉਂਦਾ ਰਿਹਾ। ਰੀੜ੍ਹ ਦਾ ਦਰਦ ਜਿਵੇਂ ਸੁੱਕਣ ਲੱਗਾ ਸੀ। ਉਹ ਬੁੜਬੜਾਇਆ, ਬੱਸ ਸਾਡਾ ਬੇਟਾ ਪੜ੍ਹ ਲਿਖ ਕੇ ਅਫਸਰ ਬਣ ਜਾਵੇ, ਫਿਰ ਦੇਖਦੇ ਆਂ ਸਾਡੀ ਜ਼ਮੀਨ ਕਿਵੇਂ ਨ੍ਹੀ ਵਾਪਸ ਕਰਦੇ।" ਉਸਦਾ ਮਨ ਕਰ ਰਿਹਾ ਸੀ ਕਿ ਹਵੇਲੀ ਦੇ ਅੰਦਰ ਜਾਵੇ ਅਤੇ ਸਾਰੇ ਪਿੰਡ ਦੇ ਗਰੀਬਾਂ ਦੇ ਅਗੂੰਠਾ ਲੱਗੇ ਨਿਸ਼ਾਨਾ ਵਾਲੇ ਕਾਗ਼ਜ਼ ਲੈ ਕੇ ਦੌੜ ਜਾਵੇ ਅਤੇ ਫਿਰ ਉਹਨਾਂ ਨੂੰ ਅੱਗ ਲਾ ਦੇਵੇ! ਪਰ ਉਸਨੇ ਖੁਦ ਤੇ ਕਾਬੂ ਰੱਖਿਆ। ਜਦੋਂ ਵੀਹ ਸਾਲ ਇੰਤਜ਼ਾਰ ਕੀਤਾ, ਹੁਣ ਤਾਂ ਕੁੱਝ ਹੀ ਦਿਨਾਂ ਦੀ ਗੱਲ ਸੀ। ਬਾਬੂ ਸਾਹਬ ਸਕੂਲ ਵਿੱਚੋਂ ਪਹਿਲੇ ਨੰਬਰ ਤੇ ਆਉਂਦਾ ਹੈ। ਬੱਸ ਕੁਛ ਦਿਨ ਹੋਰ... ਫੇਕੂ ਸੋਚਦਿਆਂ ਸੋਚਦਿਆਂ ਅਤੀਤ ਦੇ ਸੰਘਣੇ ਜੰਗਲਾਂ ਵਿੱਚ ਗੁਆਚ ਗਿਆ। ਪਤਾ ਨਹੀਂ ਕਿਉਂ ਅੱਜ ਉਸਨੂੰ ਆਪਣਾ ਬਚਪਨ ਯਾਦ ਆ ਰਿਹਾ ਸੀ। ਵੀਹਾਂ ਸਾਲਾਂ ਬਾਅਦ ਹੀ ਤਾਂ ਉਸਨੇ ਚਿਹਰੇ ਤੇ ਮੁਸਕਰਾਹਟ ਆਈ ਹੈ ਵਰਨਾ...

*   *   *

ਉਦੋਂ ਪਿੰਡਾਂ ਦੇ ਗਰੀਬ-ਮਜ਼ਦੂਰਾਂ ਦਾ ਜੀਵਨ ਕੁੱਤਿਆਂ-ਨਾਲੋਂ ਵੀ ਭੈੜਾ ਸੀ। ਦਿੱਲੀ-ਪੰਜਾਬ ਦਾ ਰਾਹ ਅਜੇ ਨਹੀਂ ਸੀ ਖੁਲਿਆ। "ਆਂਗੂਠਾ ਲਾਓ... ਕਰਜ਼ਾ ਲਓ" ਅਤੇ ਫਿਰ ਬਦਲੇ ਵਿੱਚ ਜ਼ਿੰਦਗੀ ਭਰ ਜ਼ਿਮੀਦਾਰ ਦੀ ਗੁਲਾਮੀ ਕਰਦੇ ਰਹੋ। ਫਿਰ ਮਰਨ ਬਾਅਦ ਬੇਟੇ ਦੀ ਗੁਲਾਮੀ ਸ਼ੁਰੂ ... ਫਿਰ ਉਸਦੇ ਬੇਟੇ ਦੀ ਵਾਰੀ ... ਪੀੜ੍ਹੀ ਬਦਲ ਜਾਂਦੀ ਸੀ ਪਰ ਕਰਜ਼ਾ ਨਹੀਂ ਸੀ ਲਹਿੰਦਾ। ਅਜਿਹਾ ਹੀ ਗੁਲਾਮ ਸੀ ਫੇਕੂ ਦਾ ਪਿਤਾ ਬੁਚਾਈ ਪਾਸਵਾਨ। ਇੱਕ ਰਾਤ ਬਾਬੂ ਸਾਹਿਬ ਦੇ ਪਸ਼ੂਆ ਵਾਲੇ ਵਾੜੇ ਵਿੱਚ ਠੰਡ ਨਾਲ ਕੁੰਗੜ ਕੇ ਬੁਚਾਈ ਦੀ ਬੁੱਢੀ ਦੇਹ ਵਕਤ ਤੋਂ ਪਹਿਲਾਂ ਹੀ ਸ਼ਾਂਤ ਹੋ ਗਈ ਤਾਂ ਉਸਨੇ ਕਿਰਿਆ ਕਰਮ ਦੇ ਚੌਥੇ ਦਿਨ ਹੀ ਫੇਕੂ ਨੇ ਪਿਉ ਦੀ ਥਾਂ ਲੈ ਲਈ ਸੀ। ਤੇਰਾਂ-ਚੌਦਾਂ ਸਾਲ ਦੀ ਉਮਰ ਕੀ ਹੁੰਦੀ ਹੈ! ਉਹ ਵਾਰ ਵਾਰ ਗਾਵਾਂ ਮੱਝਾਂ ਦੀ ਦੇਖਭਾਲ ਵਿੱਚ ਲਾਪਰਵਾਹੀ ਕਰਦਾ ਅਤੇ ਬਾਬੂ ਸਾਹਬ ਉਸਦੀ ਮਾਂ-ਭੈਣ ਇੱਕ ਕਰਦਾ ਹੋਇਆ ਪਿਟਾਈ ਕਰਦਾ। ਬੇਹੂਦਾ, ਸੂਰ ਦਾ ਬੱਚਾ, ਸਾਲਾ, ਭੈਣ ਚੋਦ, ਜਿਹੀਆਂ ਗਾਹਲਾਂ ਕਦੋਂ ਉਸਦੇ ਨਾਂ ਦਾ ਹਿੱਸਾ ਬਣ ਗਈਆਂ ਇਹ ਉਸਨੂੰ ਖੁਦ ਵੀ ਯਾਦ ਨਾ ਰਿਹਾ। ਬਾਪ ਰੇ ਬਾਪ! ਇਹਦੀ ਛੋਟੀ ਭੈਣ ਕਿਹੋ ਜਿਹੀ ਚੰਡਾਲ ਸੀ। ਗੱਲ- ਗੱਲ ਤੇ ਗਾਹਲਾਂ ਦਿੰਦੀ ਅਤੇ ਸੋਟੀਆਂ ਮਾਰਦੀ। ਜੇਠ ਮਹੀਨੇ ਦੀ ਦੁਪਿਹਰ। ਥੋੜਾ ਜਿਹਾ ਸੁਸਤਾਉਣ ਬੈਠਾ ਨਹੀਂ ਕਿ ਤੁਰੰਤ ਹਾਕ ਮਾਰਦੀ, "ਵੇ ਹੱਡ ਹਰਾਮੀਆਂ... ਲੱਕੜਾਂ ਨਈਂ ਚੀਰੇਂਗਾ ਤਾਂ ਚੁੱਲ੍ਹੇ 'ਚ ਤੇਰਾ ਸਿਰ ਡਾਹਾਂਗੇ ? ਖਾਣ ਦੇ ਟੈਮ ਤਾਂ ਬੱਸ ਨੀ ਕਰਦਾ।

"ਕੰਮ ਤੋਂ ਦੇਹ ਲੁਕੋਦਾ ਫਿਰਦਾਂ ।" ਉਸਨੇ ਬੁੱਲ੍ਹ ਭਚੀੜ ਕੇ ਮੋਟੀ ਸਾਰੀ ਗਾਹਲ ਕੱਢੀ, "ਚਗਲ ਕਿਤੋਂ ਦੀ।"

ਬਾਬੂ ਸਾਹਬ ਦੀ ਛੋਟੀ ਭੈਣ ਗਾਇਤਰੀ ਦੇਵੀ ਨੂੰ ਵਿਆਹ ਦੇ ਕੁੱਝ ਦਿਨਾਂ ਬਾਅਦ ਹੀ ਪਤੀ ਨੇ ਛੱਡ ਦਿੱਤਾ ਸੀ। ਕੁੱਝ ਦਿਨਾਂ ਬਾਅਦ ਉਸ ਤੇ ਕਿਸੇ ਪ੍ਰੇਤ ਦਾ ਸਾਇਆ ਪੈਣ ਲੱਗਾ ਸੀ। ਜਦੋਂ ਪ੍ਰੇਤ ਉਸਦੇ ਸਰੀਰ ਤੇ ਸਵਾਰੀ ਕਰਦਾ ਤਾਂ ਉਸਦੀਆਂ ਅੱਖਾਂ ਸੰਧੂਰ ਵਾਂਗੂੰ ਲਾਲ ਹੋ ਜਾਂਦੀਆਂ। ਦੰਦ ਕਿਰਚਦੀ। ਬੁੱਲ੍ਹ ਸੁਕਣ ਲੱਗਦੇ। ਲੰਬੇ-ਲੰਬੇ ਸਾਹ ਖਿੱਚਦੀ ਉਹ ਕੱਪੜੇ ਲਾਹ ਕੇ ਅਧਨੰਗੀ ਹੋ ਜਾਂਦੀ ਸੀ। ਜਦੋਂ ਇਲਾਕੇ ਦੇ ਸਾਰੇ ਗੁਣੀ-ਗਿਆਨੀ, ਸਿਆਣੇ ਫੇਲ੍ਹ ਹੋ ਗਏ ਤਾਂ ਫੇਕੂ ਦੇ ਪਿਤਾ ਬੁਚਾਈ ਪਾਸਵਾਨ ਨੇ ਹੀ ਪ੍ਰੇਤ ਸਾਧਿਆ ਸੀ।

ਇੱਕ ਦਿਨ ਅੰਬਾਂ ਦੇ ਮਹੀਨੇ ਵਿੱਚ, ਸਵੇਰੇ ਸਾਝਰੇ ਹੀ ਉਠਦਿਆਂ, ਫੇਕੂ ਹਵੇਲੀ ਦੇ ਪਿਛਵਾੜੇ ਚਲਾ ਗਿਆ ਸੀ ਤਾਂ ਜੋ ਲੋਕਾਂ ਦੇ ਉਠਣ ਤੋਂ ਪਹਿਲਾਂ-ਪਹਿਲਾਂ ਹੀ ਦਸ ਵੀਹ ਅੰਬ ਚੁਗ ਲਏ ਜਾਣ। ਸਾਹਮਣੇ ਕੌਣ ਲੈਣ ਦਿੰਦਾ ਹੈ ? ਤਾਂ ਉਸਨੇ ਦੇਖਿਆ ਕਿ ਉਸਦਾ ਪਿਤਾ ਬੁਚਾਈ ਆਪਣੀ ਮੰਜੀ 'ਤੇ



ਗਾਇਤਰੀ ਦੇਵੀ ਦਾ ਭੂਤ ਸ਼ਾਤ ਕਰ ਰਿਹਾ ਹੈ। ਉਹ ਬਹੁਤ ਡਰ ਗਿਆ ਸੀ। ਦੂਰੋਂ ਹੀ ਖੜਾ ਖੜਾ ਦੇਖਦਾ ਰਿਹਾ... ਫਿਰ ਘਰ ਵੱਲ ਬੇਤਹਾਸ਼ਾ ਭੱਜ ਪਿਆ ਸੀ। ਬਚਪਨ ਵਿੱਚ ਬਹੁਤ ਦਿਨਾਂ ਤੱਕ ਫੇਕੂ ਨੂੰ ਗਾਇਤਰੀ ਦੇਵੀ ਦਾ ਭੂਤ ਸੁਪਨੇ ਵਿੱਚ ਆ ਕੇ ਪਰੇਸ਼ਾਨ ਕਰਦਾ ਰਿਹਾ ਸੀ ਪਰ ਹੁਣ ਉਸਨੂੰ ਆਪਣੀ ਬੇਵਕੂਫੀ ਤੇ ਹਾਸੀ ਆਉਂਦੀ ਹੈ। ਉਸਨੇ ਫਿਰ ਗਾਲ੍ਹ ਦਿੱਤੀ, "ਚਗਲ! ... ਦੇਹ ਦੀ ਗਰਮੀ ਨਾਲ ਪਾਗਲ ਹੁੰਦੀ ਸੀ ਤੇ ਬਾਹਨਾ... ਇਸਤੋਂ ਚੰਗਾ ਸ਼ਰੇਆਮ... ਭੂਤ ਪ੍ਰੇਤ ਦਾ ਬਹਾਨਾ ਬਣਾਉਣਾ ਕੋਈ ਜ਼ਰੂਰੀ ਹੈ ?

... ਅਤੇ ਸੁਨੈਨਾ ? ਫੇਕੂ ਨੇ ਸੋਚਿਆ ਤਾਂ ਇਹੀ ਸੀ ਕਿ ਘਰਵਾਲੀ ਨੂੰ ਇਸੇ ਨਾਮ ਨਾਲ ਬੁਲਾਵੇਗਾ। ਪਰ ਉਹ ਤਾਂ 'ਸੁਨੈਨਾ' ਦਾ ਪਾ ਪਾਸਕ ਵੀ ਨਹੀਂ। ਬਾਬੂ ਸਾਹਬ ਦੀ ਛੋਟੀ ਬੇਟੀ ਸੂਨੈਨਾ, ਜਿਵੇਂ ਟੀਸੀ ਦਾ ਬੇਰ ! 'ਬਾਪ ਰੇ! ਕਿੰਨੀ ਸੋਹਣੀ ਸੀ। ਜਿਵੇਂ ਹਨੇਰੀ ਰਾਤ ਵਿੱਚ ਟਿਮਟਿਮਾਉਂਦੀ ਰੋਸ਼ਨੀ। ਝੀਲ ਦੇ ਪਾਣੀ ਵਰਗੀਆਂ ਡੂੰਘੀਆਂ ਤੇ ਸਾਫ ਅੱਖਾਂ !..."

"ਪਰ ਉਸ ਦਿਨ ਵੀ ਤਾਂ ...।' ਫੇਕੂ ਦਾ ਹਲਕ ਸੁੱਕਣ ਲੱਗਾ ਸੀ। ਆਪਣਾ ਹੀ ਥੁੱਕ ਚੱਟਣਾ , ਕਿੰਨਾ ਮੁਸ਼ਕਲ ਹੁੰਦਾ ਹੈ! ਕਿੰਨੀ ਕਚਿਆਣ ਆਉਂਦੀ ਹੈ! ਉਸਦੀ ਰੀੜ੍ਹ ਦੀ ਹੱਡੀ ਦਾ ਦਰਦ ਫਿਰ ਤੇਜ਼ ਹੋ ਗਿਆ ਸੀ।

...ਕਦੇ ਉਸਨੂੰ ਆਪਣੇ ਪਿਉ ਤੋਂ ਕਹਾਣੀਆਂ ਦਾ ਖਜ਼ਾਨਾ ਮਿਲਿਆ ਸੀ ਪਰ ਅੱਜ ਉਹ ਖੁਦ ਕਹਾਣੀ ਦਾ ਪਾਤਰ ਬਣ ਗਿਆ ਸੀ। ਵਿਸਾਖ ਮਹੀਨੇ ਦਾ ਉਹ ਦਿਨ... ਚਿਲ-ਚਿਲਾਉਂਦੀ ਧੁੱਪ... ਕੀ ਮਰਦੇ ਦਮ ਤੱਕ ਭੁੱਲ ਸਕਦਾ ਹੈ ਉਹ ? ਸਾਰਾ ਕੰਮ ਧੰਦਾ ਕਰਕੇ ਦੁਪਿਹਰ ਵੇਲੇ ਢਾਰੇ ਵਿੱਚ ਸੁਸਤਾ ਰਿਹਾ ਸੀ ਕਿ ਉਦੋਂ ਹੀ ਤਿੱਤਲੀ ਵਾਂਗ ਉਡਦੀ ਸੁਨੈਨਾ ਉਥੇ ਆ ਗਈ ਅਤੇ ਫੇਕੂ ਨਾਲ ਜ਼ਿੱਦ ਕਰਨ ਲੱਗੀ ਸੀ, "ਪਹਿਲਾਂ ਮੈਨੂੰ ਬਾਤ ਸੁਣਾ...!" ਉਹ ਹਮੇਸ਼ਾਂ ਕਹਾਣੀ ਸੁਨਣ ਦੇ ਬਹਾਨੇ ਹੀ ਉਸਦੇ ਕੋਲ ਆਉਂਦੀ ਸੀ।

ਫੇਕੂ ਦੇ ਕੋਲ ਤਾਂ ਕਹਾਣੀਆਂ ਦਾ ਖ਼ਜ਼ਾਨਾ ਹੀ ਸੀ ਪਰ ਉਹ ਡਰਦਾ ਸੀ। ਜ਼ਿੰਮੀਦਾਰਾਂ ਦੀ ਦੁਨੀਆਂ ਬੜੀ ਅਜੀਬ ਹੁੰਦੀ ਐ। ਕਦੋਂ, ਕਿਸੇ ਗੱਲ ਵਾਸਤੇ ਜਿਉਣਾ ਮੁਸ਼ਕਲ ਕਰ ਦੇਣ, ਇਹ ਤਾਂ ਰੱਬ ਨੂੰ ਵੀ ਨ੍ਹੀਂ ਪਤਾ ਕੌਣ ਜਾਣ ਬੁੱਝ ਕੇ ਯਮਰਾਜ ਨੂੰ ਨਿਉਤਾ ਦੇਵੇ! ਇਸੇ ਕਰਕੇ ਤਾਂ ਉਸਨੇ ਮਨਾਂ ਕਰ ਦਿੱਤਾ ਸੀ, "ਅਜੇ ਮੈਂ ਸਾਰਾ ਕੰਮ ਕਰਨਾ। ਮਾਲਕ ਨੇ ਦੇਖ ਲਿਆ ਤਾਂ ਹੱਡੀ ਪੱਸਲੀ ਤੋੜੂ।" ਪਰ ਸੁਨੈਨਾ ਤਾਂ ਜ਼ਿੱਦ ਕਰ ਬੈਠੀ ਸੀ। ਨਾਲ ਦੀ ਨਾਲ ਧਮਕੀ ਵੀ ਦੇ ਦਿੱਤੀ , "ਜੇ ਤੂੰ ਬਾਤ ਨਾ ਸੁਣਾਈ ਤਾਂ ਮੈਂ ਭੂਆ ਨੂੰ ਦੱਸ ਦੇਊਂ...।"

"ਕੀ ?" ਫੇਕੂ ਚੌਂਕ ਗਿਆ। ਡਰ ਨਾਲ ਮੁੜਕੋ-ਮੁੜਕੀ ਹੋ ਗਿਆ। ਸੁਨੈਨਾ ਹੱਸਦੀ ਜਾ ਰਹੀ ਸੀ...

"ਮੈਂ ਕਹੂੰਗੀ ਕਿ... ਕਿ...।"

"ਮੈਂ ਤਾਂ ਕੁੱਛ ਵੀ ਨਹੀ...!"

"ਮੈਂ ਕਹੂੰਗੀ ਕਿ ਜਦੋਂ ਮੈਂ ਪਿਛਵਾੜੇ ਢਾਰੇ 'ਚ ਗਈ ਸੀ ਤਾਂ...।" ਫੇਕੂ ਨੂੰ ਡਰਾਉਣਾ ਉਸਨੂੰ ਚੰਗਾ ਲੱਗਾ ਸੀ।

"ਤਾਂ ਕੀ ?" ਫੇਕੂ ਦੀ ਆਵਾਜ਼ ਵਿੱਚ ਭੈਅ ਅਤੇ ਜਗਿਆਸਾ ਸੀ। ਉਸਨੇ ਦੇਖਿਆ ਕਿ ਸੁਨੈਨਾ ਦੀਆਂ ਅੱਖਾਂ ਬਹੁਤ ਬੋਲਣ ਲੱਗੀਆਂ ਸਨ। ਉਹ ਅੱਖਾਂ ਮਟਕਾਉਂਦੀ ਤੇ ਉਂਗਲਾ ਨਚਾਉਂਦੀ ਬੋਲੀ, "ਮੈਂ ਭੂਆ ਨੂੰ ਆਖੂੰ... ਜਦੋਂ ਮੈਂ ਤੈਨੂੰ ਬਾਤ ਸੁਨਾਉਣ ਲਈ ਆਖਿਆ ਤਾਂ... ਤੂੰ ਮੈਨੂੰ ਝਿੜਕ ਦਿੱਤਾ ।" ਸਨੈਨਾ ਰੋਣ ਹਾਕੀ ਹੋ ਗਈ ਸੀ। ਉਸਨੇ ਆਪਣਾ ਹੱਥ ਫੇਕੂ ਦੇ ਮੋਢੇ 'ਤੇ ਰੱਖ ਦਿੱਤਾ ਸੀ।

ਫੇਕੂ ਦੀ ਆਵਾਜ਼ ਬਹਿਣ ਲੱਗੀ ਸੀ। ਪੂਰੀ ਦੇਹ ਵਿੱਚੋਂ ਜਿਵੇਂ ਕਰੰਟ ਲੰਘ ਗਿਆ ਹੋਵੇ। ਉਹ ਉਸਦਾ ਹੱਥ ਚੁੱਕਣਾ ਚਾਹੁੰਦਾ ਸੀ ਪਰ... ਉਸਨੇ ਪਹਿਲੀ ਵਾਰ ਸੁਨੈਨਾ ਦੀਆਂ ਅੱਖਾਂ ਵਿੱਚ ਖੁੱਲ੍ਹ ਕੇ ਝਾਕਿਆ। ਤੋਬਾ ਮੇਰੇ ਪਿਉ ਦੀ! ਕਿਸਦੀ ਹਿੰਮਤ ਹੋਊ ਇਹਨਾਂ 'ਚ ਝਾਕਣ ਦੀ। ਉਸਨੇ ਚੋਰ ਨਿਗਾਹਾ ਨਾਲ ਇਧਰ-ਉਧਰ ਦੇਖਿਆ ਅਤੇ ਦੋਵਾਂ ਹੱਥਾਂ ਨਾਲ ਸੁਨੈਨਾ ਦੀਆਂ ਗੱਲ੍ਹਾਂ ਤੇ ਚਪੇੜ ਮਾਰ ਦਿੱਤੀ,

"ਜਦੋਂ ਬਾਤ ਨਾ ਸੁਣਾਉਣ ਤੇ ਵੀ ਮਾਰ ਖਾਣੀ ਐ, ਫਿਰ ਸੁਣਾ ਕੇ ਹੀ ਖਾਵਾਂਗੇ...।"

ਤੇ ਸੁਨੈਨਾ ਦੋਵਾਂ ਹੱਥਾਂ ਵਿੱਚ ਗੱਲ੍ਹਾਂ ਲੈ ਕੇ , ਫੇਕੂ ਦੇ ਨਾਲ ਹੀ ਬੈਠ ਗਈ ਸੀ।

"ਸੁਨੈਨਾ ਜੀ! ਅੱਜ ਅਸੀਂ ਤੁਹਾਨੂੰ ਇੱਕ ਨੰਬਰ ਦੀ ਬਾਤ ਸੁਣਾਵਾਂਗੇ, ਜਿਸਨੂੰ ਸੁਣ ਕੇ ਤੁਹਾਡੀਆਂ ਅੱਖਾਂ ਹੋਰ ਵੀ ਵੱਡੀਆਂ ਵੱਡੀਆਂ ਹੋ ਜਾਣਗੀਆਂ।

ਤਾਂ ਲਓ... ਪਹਿਲਾਂ ਵੰਦਨਾ...।" ਉਸਨੇ ਅਵਾਜ਼ ਲਗਾਈ,
ਕਬੀਰਾ ਤੇਰੀ ਝੌਂਪੜੀ, ਗਲ ਕਟੀਅਨ ਕੇ ਪਾਸ
ਕਰਨਗੇ ਸੋ ਭਰਨਗੇ, ਤੂੰ ਕਿਉ ਪਿਆ ਉਦਾਸ।
ਤੇ ਹੋਰ ਸੁਣ,
ਵੱਜਦਾ ਨੀ ਤੂੰਬਾ, ਜਿਵੇਂ ਤਾਰ ਤੋਂ ਬਿਨਾਂ,
ਸੱਜਦਾ ਨੀ ਘਰ ਲੋਕੋ ਨਾਰ ਤੋਂ ਬਿਨਾ।
ਹੁੰਦਾ ਨੀ ਨਿਬਾਹ ਲੋਕੋ ਨਾਰ ਤੋਂ ਬਿਨਾ।

"ਤਾਂ ਤੇਰਾ ਵੀ ਬਹੂ ਬਿਨਾਂ ਨਿਬਾਹ ਨਹੀਂ ਹੋਣ ?" ਸਨੈਨਾ ਦੀਆਂ ਅੱਖਾਂ ਵਿੱਚ ਜਿਗਿਆਸਾ ਸੀ।

"ਜਦੋਂ ਭਗਵਾਨਾਂ ਦਾ ਨ੍ਹੀਂ ਹੋਇਆ, ਮੈਂ ਕੀਹਦੇ ਪਾਣੀ ਹਾਰ ਆ?"

ਸੁਨੈਨਾ ਹੱਸਦਿਆਂ-ਹੱਸਦਿਆਂ ਲੋਟ ਪੋਟ ਹੋ ਗਈ ਸੀ।

ਫੇਕੂ ਆਪਣੀ ਖਾਣੇ ਵਾਲੀ ਟੀਨ ਦੀ ਥਾਲੀ ਲੈ ਆਇਆ ਸੀ। ਉਸਨੇ ਥਾਲੀ ਤੇ ਹੱਥ ਦੀ ਥਾਪ ਨਾਲ ਤਾਲ ਮਿਲਾਉਣਾ ਸ਼ੁਰੂ ਕਰ ਦਿੱਤਾ।

"ਹਾਂ ! ਤਾਂ ਸੁਨੈਨਾ ਜੀ... ਹੁਣ ਸੁਣੋ ਕਹਾਣੀ ਭਾਈ ਡੇਢ ਗਿੱਠੇ ਦੀ! ਤਾਂ ਜਿਹੜਾ ਡੇਢ ਗਿੱਠਾ ਸੀ ਨਾ। ਉਹ ਸਿਰਫ ਡੇਢ ਗਿੱਠ ਦਾ ਜੁਆਨ ਸੀ, ਇਸ ਲਈ ਲੋਕਾਂ ਨੇ ਉਸਦਾ ਨਾ ਹੀ ਰੱਖ ਦਿੱਤਾ- ਡੇਢ ਗਿੱਠਾ ਭਾਈ!"

ਫੇਕੂ ਨੇ ਸੁਨੈਨਾ ਦੀ ਲੱਤ ਨੂੰ ਗਿੱਠ ਨਾਲ ਨਾਪ ਕੇ ਦਿਖਾਇਆ,"ਇਹ ਦੇਖ... ਤੇਰੇ ਗੋਢੇ ਤੋਂ ਵੀ ਛੋਟਾ ਹੀ ਹੋਊ ਡੇਢ ਗਿੱਠਾ ਭਾਈ। ਇੱਕ ਦਿਨ ਤਾਂ ਗਜ਼ਬ ਹੀ ਹੋ ਗਿਆ। ਵਿਚਾਰਾ ਮਰਦਿਆਂ-ਮਰਦਿਆਂ ਬਚਿਆ। ਹੋਇਆ ਇਹ ਕਿ ਡੇਢ ਗਿੱਠਾ ਆਪਣੀ ਮਾਂ ਨਾਲ ਜ਼ਿੱਦ ਕਰਕੇ ਮੱਝਾਂ ਚੁਰਾਉਣ ਜੰਗਲ ਬੇਲਿਆ ਵਲ ਚਲਾ ਗਿਆ। ਉਹ ਮੱਝ ਦੇ ਪਿੱਛੇ ਪਿੱਛੇ ਹੱਕਦਾ ਤੁਰਿਆ ਜਾ ਰਿਹਾ ਸੀ ਕਿ ਮੱਝ ਨੇ ਗੋਹਾ ਕਰ ਦਿੱਤਾ। ਡੇਢ ਗਿੱਠਾ ਭਾਈ ਉਸ ਧੱਦ ਦੇ ਥੱਲੇ ਆ ਗਿਆ। ਉਹ ਤਾਂ ਕਿਸਮਤ ਚੰਗੀ ਸੀ ਕਿ ਗੋਬਰ ਇਕੱਠਾ ਕਰਨ ਵਾਲੀ ਨੇ ਵੇਖ ਲਿਆ ਨਹੀਂ ਤਾਂ...।

"ਤਾਂ ਡੇਢ ਗਿੱਠਾ ਭਾਈ, ਮਾਂ ਬਾਪ ਦਾ ਇਕਲੌਤਾ ਬੇਟਾ ਸੀ ਉੱਤੋਂ ਗਰੀਬ ਵਿਚਾਰਾ! ਉਸਦੇ ਮਾਂ ਬਾਪ ਕੋਲੋ ਇੱਕ ਬਲਦ ਵਾਲੇ ਹੱਲ ਅਤੇ ਇੱਕ ਮੱਝ ਨੂੰ ਛੱਡ ਕੇ ਹੈ ਕੁਛ ਨੀ ਸੀ। ਥੋੜੀ ਜਿਹੀ ਜ਼ਮੀਨ ਸੀ ਜਿਸਨੂੰ ਵਾਹ ਬੀਜ ਕੇ ਪਰਿਵਾਰ ਦਾ ਗੁਜ਼ਾਰਾ ਚੱਲਦਾ ਸੀ। ਮਾਂ ਪਿਉ ਸਦਾ ਚਿੰਤਾ ਵਿੱਚ ਡੁੱਬੇ ਰਹਿੰਦੇ ਸਨ... ਇਸਦਾ ਭਵਿੱਖ ਕੀ ਹੋਉ ? ਕਿਵੇਂ ਕਮਾਉ ਖਾਊ , ਕਿਵੇਂ ਇਹਦਾ ਵਿਆਹ ਹੋਊ ?

"ਇੱਕ ਦਿਨ ਉਸਦੀ ਮਾਂ ਨੇ ਕਹਿ ਵੀ ਦਿੱਤਾ, "ਸਾਰਿਆਂ ਦੇ ਪੁੱਤ ਕਮਾਉਂਦੇ ਖਰਚਦੇ ਨੇ। ਵਿਆਹ ਕੇ ਬਹੂ ਘਰ ਲਿਆਉਂਦੇ ਨੇ ਏਸ ਡੇਢ ਗਿੱਠੇ ਨੂੰ ਕੌਣ ਆਵਦੀ ਧੀ ਦੇਊ ?" ਇਸ ਗੱਲ ਤੇ ਡੇਢ ਗਿੱਠੇ ਭਾਈ ਨੂੰ ਬੜਾ ਰੰਗ ਚੜਿਆ। ਉਸਨੇ ਆਪਣੀ ਮਾਂ ਨੂੰ ਤੈਸ਼ ਵਿੱਚ ਆ ਕੇ ਕਹਿ ਦਿੱਤਾ ਕਿ ਮਾਂ ਤੂੰ ਦੇਖੀ , ਮੇਰਾ ਵਿਆਹ ਕਿਸੇ ਰਾਜਕੁਮਾਰੀ ਨਾਲ ਹੋਊ। ਰਾਜਾ ਖੁਦ ਆਪਣੀ ਧੀ ਦਾ ਵਿਆਹ ਮੇਰੇ ਨਾਲ ਕਰੂ।

"ਡਰ ਨਾ ਮਾਂ ਨੇ ਡੇਢ ਗਿੱਠੇ ਦੇ ਮੂੰਹ ਤੇ ਹੱਥ ਰੱਖ ਦਿੱਤਾ। ਉਹ ਰੋਂਦੀ ਹੋਈ ਬੋਲੀ, "ਵੇ ਪੁੱਤ ਜਾਨ ਗਵਾਉਣੀ ਐ ? ਕਿਸੇ ਨੇ ਰਾਜੇ ਨੂੰ ਦੱਸਤਾ, ਅਨਰਥ ਹੋਜੂ।"

ਤੈਨੂੰ ਤਾਂ ਪਤਾ ਈ ਐ ਸੁਨੈਨਾ ਜੀ ਕਿ ਰਾਜਾ ਜ਼ਿੰਮੀਦਾਰ ਲੋਕ ਸਰਵ ਵਿਆਪੀ ਹੁੰਦੇ ਨੇ। ਇਹਨਾਂ ਲੋਕਾਂ ਦੇ ਸੂਹੀਏ ਘਰ ਘਰ ਲੁਕੇ ਹੁੰਦੇ ਹਨ। ਹਾਂ ਤਾਂ ਕਿਸੇ ਲੋਭੀ ਨੇ ਏਹ ਖ਼ਬਰ ਵੀ ਰਾਜੇ ਤੱਕ ਪਹੁੰਚਾ ਦਿੱਤੀ ਕਿ ਮਾਰ੍ਹਾਜ ਤੁਹਾਡੇ ਰਾਜ ਦਾ ਡੇਢ ਗਿੱਠ ਦਾ ਇੱਕ ਜੁਆਨ ਰਾਜ ਕੁਮਾਰੀ ਨਾਲ ਵਿਆਹ ਕਰਨਾ ਚਾਹੁੰਦਾ ਐ... ਬੋਲਦਿਆਂ ਬੋਲਦਿਆ ਫੇਕੂ ਅਸਮਾਨ ਵੇਖਣ ਲੱਗਾ ਸੀ।

"ਫਿਰ ਕੀ ਹੋਇਆ ?" ਸੁਨੈਨਾ ਕਹਾਣੀ ਵਿੱਚ ਗੁਆਚ ਗਈ ਸੀ।

"ਫਿਰ ਕੀ ਹੋਣਾ ਸੀ! ਉਹੀ ਹੋਇਆ ਜੋ ਹਮੇਸ਼ਾ ਕਿਸੇ ਪ੍ਰੇਮੀ ਨਾਲ ਹੁੰਦਾ ਰਿਹਾ ਐ। ਰਾਜੇ ਨੇ ਫੁਰਮਾਨ ਜਾਰੀ ਕਰ ਦਿੱਤਾ ਕਿ ਜਿਥੇ ਵੀ ਹੋਵੇ ਡੇਢ ਗਿੱਠੇ ਨੂੰ ਪਰਿਵਾਰ ਸਮੇਤ ਫੜ ਕੇ ਹਾਜ਼ਰ ਕੀਤਾ ਜਾਵੇ! ਕਿਸਮਤ ਨਾਲ ਡੇਢ ਗਿੱਠਾ ਬਚ ਗਿਆ ਕਿਉਂ ਕਿ ਉਹ ਖੇਡਣ ਗਿਆ ਹੋਇਆ ਸੀ ਪਰ ਰਾਜੇ ਦੇ ਸਿਪਾਹੀਆਂ ਨੇ ਉਸਦੇ ਮਾਂ ਬਾਪ ਨੂੰ ਫੜਕੇ ਕਾਲ ਕੋਠੜੀ ਵਿੱਚ ਬੰਦ ਕਰ ਦਿੱਤਾ...।" ਉਹ ਕੁੱਝ ਚਿਰ ਲਈ ਚੁੱਪ ਹੋ ਗਿਆ।

"ਅੱਗੇ ਕੀ ਹੋਇਆ... ਦੱਸੋ ਨਾ।" ਸੁਨੈਨਾ ਰੋਣ ਹਾਕੀ ਜਿਹੀ ਹੋ ਗਈ ਸੀ। ਉਹ ਕੁਰਸੀ ਤੋਂ ਉਠ



ਕੇ ਫੇਕੂ ਦੇ ਕੋਲ ਹੀ ਮੰਜੀ ਤੇ ਬੈਠ ਗਈ।

"ਹੋਣਾ ਕੀ! ਡੇਢ ਗਿੱਠੇ ਭਰਾ ਨੂੰ ਵੀ ਇਸ ਗੱਲ ਤੇ ਗੁੱਸਾ ਚੜ ਗਿਆ। ਉਸਨੇ ਸਹੁੰ ਖਾਧੀ ਕਿ ਜਦੋਂ ਤੱਕ ਰਾਜੇ ਦਾ ਹੰਕਾਰ ਹੋੜ ਕੇ ਮਾਂ ਬਾਪ ਨੂੰ ਨਹੀਂ ਛੁਡਾਉਂਦਾ ਅਤੇ ਰਾਜ ਕੁਮਾਰੀ ਨਾਲ ਵਿਆਹ ਨੀ ਕਰਾਉਂਦਾ , ਉਨ੍ਹਾਂ ਚਿਰ ਤੱਕ ਪਿੰਡ ਵਾਲਿਆ ਨੂੰ ਮੂੰਹ ਨੀ ਦਿਖਾਉਣਾ! ਉਸਤੋਂ ਬਾਅਦ ਡੇਢ ਗਿੱਠੇ ਭਾਈ ਨੇ ਬਾਂਸ ਅਤੇ ਲੱਕੜਾ ਵੱਢ ਕੇ ਇੱਕ ਛੋਟੀ ਗੱਡੀ ਬਣਾਈ। ਫਿਰ ਉਹਨਾਂ ਅੱਗੇ ਦੋ ਚੂਹੇ ਜੋੜੇ (ਜੋਤੇ) 'ਤੇ ਚੱਲ ਪਿਆ। ਰਾਜੇ ਦੇ ਮਹਿਲ ਵੱਲੀਂ...

ਜਦੋਂ ਡੇਢ ਗਿੱਠਾ ਭਾਈ ਜੰਗਲ ਵਿੱਚ ... ਬਹੁਤ ਦੂਰ ਚਲਾ ਗਿਆ ਤਾਂ ਰਾਹ ਵਿੱਚ ਉਸਨੂੰ ਅੱਗ ਮਿਲੀ। ਅੱਗ ਨੇ ਡੇਢ ਗਿੱਠੇ ਤੋਂ ਪੁੱਛਿਆ, "ਭਾਈ ਗਿੱਠੇ ਭਾਈ... ਭਾਈ ਸਾਬ੍ਹ। ਕਿਥੇ ਜਾ ਰਹੇ ਓ ?" ਡੇਢ ਗਿੱਠੇ ਭਾਈ ਨੇ ਤੁਰੰਤ ਜੁਆਬ ਦਿੱਤਾ।

ਆਠ ਕਾਠ ਦੀ ਗੱਡੀ ਬਣਾਈ
ਚੂਹੇ ਜੋਤ ਲਿਜਾਂਦਾ
ਰਾਜੇ ਕੰਜਰ ਨੇ ਮਾ ਬਾਪ ਫੜਲੇ
ਉਹ ਛੁਡਾਵਣ ਜਾਂਦਾ।"

"ਉਸਦਾ ਦੁੱਖ ਦਰਦ ਸੁਣ ਕੇ ਅਗਨੀ ਦੇਵਤਾ ਨੂੰ ਤਰਸ ਆ ਗਿਆ। ਉਹ ਬੋਲਿਆ, "ਦੋਸਤ! ਤੂੰ ਮੁਸੀਬਤ 'ਚ ਏਂ। ਮੈਂ ਤੇਰੀ ਸਹਾਇਤਾ ਕਰਨੀ ਚਾਹੁੰਦਾ ਹਾਂ, ਤੇਰੇ ਨਾਲ ਚੱਲਾਂ। "

ਡੇਢ ਗਿੱਠਾ ਭਾਈ ਨੇ ਖੁਸ਼ੀ ਖੁਸ਼ੀ ਅਗਨੀ ਦੇਵਤਾ ਨੂੰ ਗੱਡੀ ਤੇ ਬੈਠਾਇਆ ਤੇ ਚੱਲ ਪਿਆ। ਅੱਗੇ। ਕੁੱਝ ਦੇਰ ਅੱਗੇ ਜਾ ਕੇ ਪਾਣੀ ਮਿਲਿਆ। ਪਾਣੀ ਵੀ ਉਸਦਾ ਦੋਸਤ ਬਣ ਗਿਆ ਅਤੇ ਨਾਲ ਚੱਲ ਪਿਆ।

"ਇੰਜ ਸੁਨੈਨਾ ਜੀ, ਜੰਗਲ ਵਿੱਚ ਕੁੱਝ ਦੇਰ ਚੱਲਦਿਆਂ ਡੇਢ ਗਿੱਠੇ ਨੂੰ ਰੱਸੀ ਮਿਲੀ, ਫਿਰ ਡਾਂਗ ਮਿਲੀ, ਫਿਰ ਸ਼ਾਹਿਦ ਦੀ ਮੱਖੀ ਮਿਲੀ। ਇੱਕ ਇੱਕ ਕਰਕੇ ਸਾਰੇ ਦੋਸਤ ਬਣ ਗਏ। ਹੁਣ ਫਿਰ ਕਾਹਦੀ ਚਿੰਤਾ ਰਹਿ ਜਾਣੀ ਸੀ ? ਉਸਦੀ ਖੁਸ਼ੀ ਦਾ ਤਾਂ ਕੋਈ ਟਿਕਾਣਾ ਈ ਨਾ ਰਿਹਾ। ਹੁਣ ਉਹ ਵੱਡੇ ਤੋਂ ਵੱਡਾ ਯੁੱਧ ਜਿੱਤ ਸਕਦਾ ਸੀ।"

"ਰਾਜਾ ਤਾਂ ਡਰ ਗਿਆ ਹੋਊ?" ਸੁਨੈਨਾ ਵਿਚਾਲਿਉਂ ਹੀ ਬੋਲੀ।

"ਪਹਿਲਾਂ ਸੁਣ ਤਾਂ ਲੈ... ਰਾਜਾ ਥੋੜਾ ਡਰਪੋਕ ਹੁੰਦਾ ਐ! ਇਸ ਤਰ੍ਹਾਂ ਡੇਢ ਗਿੱਠਾ ਭਾਈ ਅੱਗ, ਪਾਣੀ, ਰੱਸ਼ੀ ਡਾਂਗ ਅਤੇ ਮਧੂ ਮੱਖੀ ਦੀ ਫੌਜ ਦੇ ਨਾਲ ਰਾਜੇ ਦੇ ਮਹਿਲ ਅੱਗੇ ਪਹੁੰਚ ਗਿਆ ਅਤੇ ਗਰਜ਼ਿਆ,

"ਕਿਥੇ ਐ ਰਾਜਾ ਜੀਹਨੇ ਮੇਰੇ ਮਾਂ ਬਾਪ ਨੂੰ ਫੜਕੇ ਰੱਖਿਆ ?"

ਫੇਰ ਪਤਾ ਕੀ ਹੋਇਆ ? ਸਾਰੇ ਸੈਨਿਕ ਹੱਸਣ ਲੱਗੇ। ਇੱਕ ਸੈਨਿਕ ਨੇ ਆਖਿਆ, ਠਹਿਰ ਪਿੱਦੀ ਲਾਲਾ! ਤੈਨੂੰ ਤਾਂ ਮਸਲਦੇ ਆਂ ਹੁਣੇ ਈ।"

ਬੱਸ...! ਉਹ ਸੈਨਿਕ ਅੱਗੇ ਵਧਿਆ ਈ ਸੀ ਕਿ ਡੇਢ ਗਿੱਠੇ ਭਾਈ ਨੇ ਰੱਸੀ ਨੂੰ ਪੁਕਾਰਿਆ,

"ਰੱਸੀ ਨੀ ਰੱਸੀ!"

"ਕੀ ਹੁਕਮ ?"

"ਐਹੇ ਜੇ ਸੈਨਿਕ ਨੂੰ ਦੇਖਿਆ ਜ਼ਰਾ ਤੂੰ।" ਐਨਾ ਸੁਨਣ ਦੀ ਦੇਰ ਸੀ ਕਿ ਰੱਸੀ ਆਪਣੇ ਆਪ ਅਕਾਸ਼ ਵਿੱਚ ਉਡਣ ਲੱਗੀ। ਇੱਕ-ਇੱਕ ਸੈਨਿਕ ਨੂੰ ਲਪੇਟ ਕੇ ਪੰਡ ਵਾਗੂੰ ਬੰਨਣ ਲੱਗੀ। ਜਦੋਂ ਸਾਰੇ ਸੈਨਿਕ ਬੰਨ੍ਹੇ ਗਏ ਤਾਂ ਡੇਢ ਗਿੱਠੇ ਭਾਈ ਸਾਬ੍ਹ ਨੇ ਲਾਠੀ ਨੂੰ ਪੁਕਾਰ ਲਿਆ,

"ਲਾਠੀ ਨੀ ਲਾਠੀ!"

"ਕੀ ਹੁਕਮ ਐ ?"

"ਐਹੇ ਜੇ ਸੈਨਿਕ ਨੂੰ ਜ਼ਰਾ ਦੇਖੀ ਤੂੰ!" ਹੁਣ ਡਾਂਗ ਨੇ ਇੱਕ ਇੱਕ ਦੀ ਪਿਟਾਈ ਸ਼ੁਰੂ ਕਰ ਦਿੱਤੀ। ਛੱਲੀਆਂ ਵਾਗੂੰ ਕੁੱਟਣਾ ਸ਼ੁਰੂ ਕਰ ਦਿੱਤਾ। ਸੈਨਿਕ 'ਹਾਏ ਮਾਂ ... ਹਾਏ ਬਾਪੂ ਕਰਕੇ ਚੀਕਣ ਲੱਗੇ। ਫੇਕੂ ਕਦੇ ਰਾਜਾ ਦੇ ਸੈਨਿਕ ਦੀ ਐਕਟਿੰਗ ਕਰਨ ਲੱਗਦਾ ਕਦੇ ਡੇਢ ਗਿੱਠੇ ਦੀ।

ਸੁਨੈਨਾ ਦੇ ਚਿਹਰੇ ਤੇ ਲਾਲੀ ਫਿਰਨ ਲੱਗੀ ਸੀ। ਉਹ ਖਿੜ-ਖਿੜ ਕਰਕੇ ਹੱਸਣ ਲੱਗੀ ਸੀ। ਉਸਨੂੰ ਹੱਸਦਿਆਂ ਦੇਖ ਕੇ ਫੇਕੂ ਪੂਰੇ ਨਾਟਕੀ ਢੰਗ ਨਾਲ ਕਹਾਣੀ ਅੱਗੇ ਵਧਾਉਣ ਲੱਗਾ ਸੀ...

...ਤਾਂ ਸੁਨੈਨਾ ਜੀ, ਮਧੂ-ਮੱਖੀ ਰਾਣੀ ਵੀ ਹੁਕਮ ਮਿਲਦਿਆਂ ਹੀ ਸਾਰਿਆਂ ਦੀਆਂ ਗੱਲ੍ਹਾਂ ਲਾਲ

ਕਰਨ ਲੱਗੀ। ਹੁਣ ਡੇਢ ਗਿੱਠੇ ਭਰਾ ਨੇ ਅੱਗ ਨੂੰ ਬੇਨਤੀ ਕੀਤੀ,

"ਅੱਗ ਜੀ ਤੁਸੀਂ...!"

"ਕੀ ਹੁਕਮ ਐ ?"

"ਐਹੇ ਜਈ੍ਹੇ ਮਹਿਲ ਨੂੰ ਦੇਖ ਤੂੰ।" ਡੇਢ ਗਿੱਠੇ ਭਾਈ ਦੇ ਮੂੰਹ 'ਚੋਂ ਆਡਰ ਕੀ ਨਿਕਲਿਆ, ਰਾਜੇ ਦਾ ਮਹਿਲ ਦੇਖਦਿਆਂ ਦੇਖਦਿਆਂ ਧੂੰ... ਧੂੰ ਕਰਕੇ ਜਲਣ ਲੱਗਾ।'

ਕਹਿੰਦਿਆਂ ਕਹਿੰਦਿਆਂ ਫੇਕੂ ਰੁਕ ਗਿਆ ਸੀ ਅਤੇ ਬਾਬੂ ਸਾਹਬ ਦੀ ਹਵੇਲੀ ਦੇ ਗੇਟ (ਜਿਥੇ ਉਕਰਿਆ ਹੋਇਆ ਸੀ, "ਸਾਹਿਬ ਨਿਵਾਸ 1947 ਈ.) ਉੱਤੇ ਬੈਠੇ ਬਾਜ਼ ਨੂੰ ਦੇਖਣ ਲੱਗਿਆ।

ਸੁਨੈਨਾ ਕਹਾਣੀ ਵਿੱਚ ਇਸ ਤਰ੍ਹਾਂ ਡੁੱਬੀ ਹੋਈ ਸੀ ਕਿ ਫੇਕੂ ਦੀ ਆਵਾਜ਼ ਦੇ ਚੁੱਪ ਹੋ ਜਾਣ ਤੇ ਬੌਖਲਾ ਉੱਠੀ। ਉਸਨੇ ਦੋਵਾਂ ਹੱਥਾਂ ਨਾਲ ਫੇਕੂ ਨੂੰ ਝੰਜੋੜਿਆ... ਛੇਤੀ ...ਛੇਤੀ ਦੱਸੋ, ਫਿਰ ਕੀ ਹੋਇਆ ?"

"ਹਾਂ ! ਦਸਾਂ ਦਿਸ਼ਵਾਂ ਤੋਂ ਹੀ ਹਵਾ ਵਗਣ ਲੱਗੀ। ਰਾਜੇ ਦਾ ਮਹਿਲ ਸੜ ਕੇ ਸੁਆਹ ਬਨਣ ਲੱਗਾ। ਲਾਠੀ, ਰੱਸੀ , ਮਧੂ-ਮੱਖੀ ਆਪਣੀ ਆਪਣੀ ਡਿਊਟੀ ਤੇ ਲੱਗੇ ਸਨ। ਦੇਖਦੇ ਦੇਖਦੇ ਹੀ ਤਰਾਹ ਤਰਾਹ ਹੋਣ ਲੱਗੀ। ਕੀ ਪਟਵਾਰੀ ਕੀ ਸਿਪਾਹੀ ਸਾਰੇ ਭੱਜਣ ਲੱਗੇ। ਪਰਜ਼ਾ ਖੁਸ਼ ਹੋਣ ਲੱਗੀ ਰਾਜੇ ਨੇ ਉਸ ਤੇ ਜ਼ੁਲਮ ਜੋ ਕੀਤੇ ਸਨ। ਰਾਜੇ ਨੇ ਤਾਂ ਕਦੇ ਸੁਪਨੇ ਵਿੱਚ ਵੀ ਨਹੀਂ ਸੋਚਿਆ ਹੋਣਾ ਕਿ ਇੱਕ ਡੇਢ ਗਿੱਠ ਦਾ ਜੁਆਨ ਬਜਰੰਗ ਬਲੀ ਵਾਗੂੰ ਆ ਕੇ ਉਸਦੀ ਸੋਨੇ ਦੀ ਲੰਕਾ ਨੂੰ ਤਹਿਸ ਨਹਿਸ ਕਰ ਦੇਊ। ਰਾਜਾ ਮਾਈ-ਬਾਪ, ਮਾਈ-ਬਾਪ ਕਰਦਾ ਡੇਢ ਗਿੱਠੇ ਦੇ ਪੈਰੀਂ ਆ ਡਿੱਗਿਆ। ਲੱਗਾ ਗਿੜਗੜਾਉਣ। ਜਾਨ ਕੀਹਨੂੰ ਨ੍ਹੀਂ ਪਿਆਰੀ ਹੁੰਦੀ ? ਆਖਰ ਡੇਢ ਗਿੱਠੇ ਭਾਈ ਨੂੰ ਤਰਸ ਆ ਗਿਆ। ਅਖਰ ਉਹ ਕੋਈ ਰਾਜਾ ਜਾਂ ਜ਼ਿੰਮੀਦਾਰ ਤਾਂ ਹੈ ਨਹੀਂ ਸੀ ਕਿ ਉਸਦੇ ਦਿਲ ਵਿੱਚ ਤਰਸ ਦੀ ਭਾਵਨਾ ਹੁੰਦੀ ਈ ਨਾ! ਉਸਨੇ ਅੱਖਾਂ ਬੰਦ ਕਰਕੇ ਪਾਣੀ ਨੂੰ ਪੁਕਾਰਿਆ,

'ਪਾਣੀ...ਉਏ...ਪਾਣੀ!"

"ਕੀ ਹੁਕਮ ਐ ?"

"ਐਹੋ ਜੀ ਅੱਗ ਨੂੰ ਦੇਖ ਤੂੰ!"

ਹੁਕਮ ਮਿਲਦਿਆਂ ਹੀ ਬੱਦਲ ਗਰਜਣ ਲੱਗਾ, ਬਿਜਲੀ ਚਮਕਣ ਲੱਗੀ ਅਤੇ ਰਿਮ ਝਿਮ - ਰਿਮ ਝਿਮ ਵਰਖਾ ਹੋਣ ਲੱਗੀ। ਫਿਰ ਡੇਢ ਗਿੱਠੇ ਨੇ ਇੱਕ-ਇੱਕ ਕਰਕੇ ਰੱਸੀ, ਲਾਠੀ, ਮਧੂ ਮੱਖੀ ਨੂੰ ਸ਼ਾਂਤ ਕੀਤਾ।

"ਰਾਜੇ ਦੀ ਜਾਨ ਵਿਚ ਜਾਨ ਆਈ। ਉਸਨੇ ਪੂਰੇ ਇਜ਼ਤ-ਮਾਨ ਨਾਲ ਡੇਢ ਗਿੱਠੇ ਦੇ ਮਾਂ ਬਾਪ ਨੂੰ ਛੱਡ ਦਿੱਤਾ ਅਤੇ ਹੱਲ ਬੈਲ ਵੀ ਵਾਪਸ ਕਰ ਦਿੱਤਾ।

ਜਦੋਂ ਉਹ ਮਾਂ ਬਾਪ ਨੂੰ ਲੈ ਕੇ ਚੱਲਣ ਲੱਗਾ ਤਾਂ ਰਾਜਾ ਉਸਦੇ ਅੱਗੇ ਹੱਥ ਜੋੜ ਕੇ ਖੜਾ ਹੋ ਗਿਆ, ਡੇਢ ਗਿੱਠੇ ਭਾਈ! ਹੁਣ ਤਾਂ ਮੁਆਫ ਕਰ ਦੇ। ਮੈਂ ਆਪਣੀ ਬੇਟੀ ਤੁਹਾਨੂੰ ਦੇ ਕੇ ਪਸ਼ਚਾਤਾਪ ਕਰਨਾ ਚਾਹੁੰਦਾ ਹਾਂ।"

ਫੇਕੂ ਰਾਜੇ ਦੀ ਐਕਟਿੰਗ ਕਰਦਿਆ ਹੱਥ ਜੋੜ ਕੇ ਸੁਨੈਨਾ ਅੱਗੇ ਖੜਾ ਹੋ ਗਿਆ ਸੀ।

"ਡੇਢ ਗਿੱਠੇ ਭਾਈ ਨੇ ਕੀ ਕਿਹਾ ?"

"ਡੇਢ ਗਿੱਠਾ ਭਾਈ ਕੀ ਕਹੂ ? ਅੰਦਰੋਂ ਤਾਂ ਉਹਦਾ ਮਨ ਬਾਗੋ ਬਾਗ ਸੀ ਪਰ ਉਪਰੋਂ-ਉਪਰੋਂ ਗੁੱਸਾ ਦਿਖਾਇਆ। ਫਿਰ ਰਾਜੇ ਦੇ ਬਹੁਤਾ ਈ ਮਨਾਉਣ ਤੇ ਰਾਜੀ ਹੋ ਗਿਆ ਅਤੇ ਦਾਜ ਵਿਚ ਅੱਧਾ ਰਾਜ ਲੈ ਕੇ ਹੱਸਦਿਆਂ ਖੇਡਦਿਆਂ ਆਪਣੇ ਪਿੰਡ ਆਇਆ।"

ਕਹਾਣੀ ਸਮਾਪਤ ਹੋ ਗਈ ਸੀ। ਦੋਵੇ ਚੁੱਪ। ਕੁੱਝ ਦੇਰ ਬਾਅਦ ਫੇਕੂ ਹੌਲੀ ਜਿਹੇ ਬੋਲਿਆ, "ਇੱਕ ਗੱਲ ਦੱਸਾਂ ?"

"ਕੀ ?"

"ਡੇਢ ਗਿੱਠਾ ਭਾਈ ਸੀ ਨਾ, ਉਹ ਮੇਰੀ ਹੀ ਜਾਤ ਬਿਰਾਦਰੀ ਦਾ ਸੀ।"

"ਤੇ ਰਾਜ ਕੁਮਾਰੀ ?"

ਫੇਕੂ ਦਾ ਦਿਲ ਜ਼ੋਰ ਜ਼ੋਰ ਨਾਲ ਧੜਕਣ ਲੱਗਿਆ ਸੀ। ਜਿਵੇਂ ਲੋਕ ਹਾਵੜਾ ਐਕਸਪਰੈਸ਼ ਕਮਲਾ ਪੁੱਲ ਉੱਤੋ ਲੰਘ ਰਹੀ ਹੋਵੇ। ਪਿਆਸ ਨਾਲ ਕੰਠ ਸੁੱਕਣ ਲੱਗਾ ਸੀ। ਸ਼ਬਦ ਹੋਠਾਂ ਤੇ ਚੜ੍ਹ ਚੜ੍ਹ ਕੇ ਫਿਸਲ ਜਾਂਦੇ ਸਨ। ਉਹ ਕਹਿਣਾ ਕੁੱਝ ਹੋਰ ਚਹੁੰਦੀ ਸੀ ਪਰ ਕਹਿ ਕੁੱਝ ਹੋਰ ਹੀ ਗਿਆ। ਦੋਵੇਂ ਅੱਖਾਂ ਬੰਦ



ਕਰਕੇ ਉਹ ਇਕੋ ਸਾਹੇ ਬੋਲਿਆ ਸੀ, "ਤੁਹਾਡੀਆਂ ਅੱਖਾਂ ਵੀ ਐਨ ਉਸੇ ਰਾਜਕੁਮਾਰੀ ਵਰਗੀਆਂ ਨੇ।"

ਸੁਨੈਨਾ ਸੰਗ ਜਿਹੀ ਗਈ ਸੀ। ਚੁੱਪ-ਚਾਪ , ਇੱਕ ਟਕ ਫੇਕੂ ਨੂੰ ਵੇਖਦੀ ਰਹੀ। ਫੇਕੂ ਨੇ ਟੇਢੀ ਨਿਗਾਹ ਨਾਲ ਦੇਖਿਆ, ਤੋਬਾ ਪਿਉ ਦੀ! ਉਹ ਤਾਂ ਦੇਖੀ ਜਾ ਰਹੀ! ਜਿਵੇਂ ਇਹ ਵੱਡੀਆਂ ਵੱਡੀਆਂ ਅੱਖਾਂ ਦਿਲ ਵਿੱਚ ਧੱਸ ਆਉਣਗੀਆਂ।

ਫੇਕੂ ਅੱਖਾਂ ਦੇ ਸਮੁੰਦਰ ਵਿੱਚ ਤੈਰਨ ਲੱਗਾ। ਉਹ ਬੋਲਣ ਲਈ ਮੂੰਹ ਖੋਲਣ ਹੀ ਲੱਗਾ ਸੀ ਕਿ ਜ਼ੋਰਦਾਰ ਥੱਪੜ ਉਸਦੇ ਕੰਨਾਂ ਨੂੰ ਸੁੰਨ ਕਰਕੇ ਰੱਖ ਗਿਆ। ਉਹ ਅਚਾਨਕ ਸੁਪਨੇ 'ਚੋਂ ਯਥਾਰਥ ਵਿੱਚ ਪਟਕ ਦਿੱਤਾ ਗਿਆ ਸੀ। ਸਾਹਮਣੇ ਦੋ ਵੱਡੀਆਂ ਵੱਡੀਆਂ ਅੱਖਾਂ ਸਨ, ਸੁਨੈਨਾ ਦੀਆਂ ਨਹੀਂ ਉਸਦੇ ਪਿਤਾ, ਜ਼ਿਮੀਦਾਰ ਬਾਬੂ ਸਾਹਬ ਦੀਆਂ। ਕਹਿਰ ਵਰਸਾਉਂਦੀਆਂ ਲਾਲ ਲਾਲ ਅੱਖਾਂ। ਉਹ ਕੁੱਝ ਬੋਲ ਸਕਦਾ, ਉਸ ਤੋਂ ਪਹਿਲਾਂ ਹੀ ਲੱਤਾਂ ਅਤੇ ਘਸੁੰਨਾ ਦੀ ਬਰਸਾਤ ਹੋਣ ਲੱਗੀ ਸੀ। ਬਾਬੂ ਸਾਹਬ ਗਰਜ਼ ਰਿਹਾ ਸੀ, "ਸਾਲਾ ... ਤੇਰੀ ਮਾਂ ਦੀ... ਕੰਮ ਨਾ ਧੰਦਾ ਬੈਠ ਕੇ ਜੁਆਕਾਂ ਨੂੰ ਬਹਿਕਾਉਂਦਾ। ਕਰਾਉਨਾ ਤੈਨੂੰ ਨਾਨੀ ਦੀਆਂ ਬਾਤਾਂ ਯਾਦ!"

ਫੇਕੂ ਦੇ ਹੱਥ ਪੈਰ ਉਲਟਾ ਕੇ ਪਿੱਠ ਦੇ ਪਿੱਛੇ ਬੰਨ੍ਹ ਦਿੱਤੇ ਸਨ। ਉਹ ਜਿਵੇਂ ਪਾਗਲ ਹੀ ਹੋ ਗਿਆ ਸੀ। ਫੇਕੂ ਦੀ ਪਿੱਠ ਤੇ ਬੈਂਤ ਵਰਾਉਂਦਿਆਂ ਪਸੀਨੇ ਨਾਲ ਲੱਥ ਪੱਥ ਹੋ ਗਿਆ ਸੀ।... ਕੰਮ ਨਾ ਧੰਦਾ। ਬੈਠ ਕੇ ਜੁਆਕਾਂ ਨੂੰ ਬਹਿਕਾਉਂਦਾ। ਕਰਾਉਨਾ ਤੈਨੂੰ ਨਾਨੀ ਦੀਆਂ ਬਾਤਾਂ ਯਾਦ!"

ਫੇਕੂ ਦੇ ਹੱਥ ਪੈਰ ਉਲਟਾ ਕੇ ਪਿੱਠ ਦੇ ਪਿੱਛੇ ਬੰਨ੍ਹ ਦਿੱਤੇ ਸਨ। ਉਹ ਜਿਵੇਂ ਪਾਗਲ ਹੀ ਹੋ ਗਿਆ ਸੀ। ਫੇਕੂ ਦੀ ਪਿੱਠ ਤੇ ਬੈਂਤ ਵਰਾਉਦਿਆਂ ਪਸੀਨੇ ਨਾਲ ਲੱਥ ਪੱਥ ਹੋ ਗਿਆ ਸੀ। ਉਸਦੀਆਂ ਅੱਖਾਂ ਅੱਗ ਵਰਸਾ ਰਹੀਆਂ ਸਨ। ਉਹ ਦਹਾੜਿਆ , "ਸਾਲਿਆ ਥੁੱਕ ਸਿੱਟ ਕੇ ਚੱਟ! ਫੇਰ ਐਹੋ ਜਿਆ ਕੰਮ ਕਰੇਂਗਾ ? " ਫਿਰ ਆਪਣੇ ਬੇਟੇ ਨੂੰ ਹੁਕਮ ਦਿੱਤਾ ਸੀ, "ਇਹਨੂੰ ਮਾਂ ਦੇ ਖਸਮ ਨੂੰ ਪਿਸ਼ਾਬ ਪਿਲਾਉ, ਆਪੇ ਸਾਰਾ ਕੁੱਝ ਭੁੱਲ ਜਾਊ !"

* * *

"ਥੂ...ਥੂ...!"

ਫੇਕੂ ਨੇ ਪਿਚਕਾਰੀ ਮਾਰ ਕੇ ਥੁੱਕ ਸਿੱਟਿਆ। ਮਨ ਅੱਕਲਕਾਣ ਹੋਣ ਲੱਗਾ ਸੀ। ਆਪਣੇ ਹੀ ਮੂੰਹ ਵਿੱਚੋਂ ਨਿਕਲਿਆ ਥੁੱਕ ਜ਼ਮੀਨ ਤੇ ਡਿੱਗ ਕੇ ਕਿੰਨਾ ਘਿਨੌਣਾ ਹੋ ਜਾਂਦਾ ਹੈ ? ਇਸ ਘਟਨਾ ਤੋਂ ਬਾਅਦ ਤਾਂ ਜਿਵੇਂ ਉਹ ਅਪਾਹਜ ਹੀ ਹੋ ਗਿਆ ਸੀ। ਉਸਨੂੰ ਵਾਰ ਵਾਰ ਡੇਢ ਗਿੱਠੇ ਭਾਈ ਦੀ ਯਾਦ ਆਉਂਦੀ । ਕਾਸ਼! ਉਹ ਵੀ ਡੇਢ ਗਿੱਠੇ ਭਾਈ ਵਾਗੂੰ ਬਾਬੂ ਸਾਹਬ ਤੋਂ ਬਦਲਾ ਲੈ ਸਕਦਾ! ਇਸ ਘਟਨਾ ਤੋਂ ਬਾਅਦ ਰਾਤ ਨੂੰ ਉਹ ਭਿਆਨਕ ਸੁਪਨੇ ਵੇਖਦਾ। ਹਮੇਸ਼ਾ ਗੁੰਮ-ਸੁੰਮ ਰਹਿੰਦਾ। ਕਿਸੇ ਨਾਲ ਖੁੱਲ੍ਹ ਕੇ ਗੱਲਾਂ ਵੀ ਨਹੀਂ ਸੀ ਕਰਦਾ।

ਪਰ ਹੁਣ, ਵੀਹ ਸਾਲਾਂ ਬਾਅਦ ਉਸਦੀ ਵਿੰਗੀ ਟੰਗ, ਸਿੱਧੀ ਹੋਣ ਲੱਗੀ ਹੈ। ਰੀੜ ਵਿੱਚ ਫਿਰ ਤੋਂ ਤਨਾਅ ਆਉਣ ਲੱਗਿਆ ਹੈ। ਹੁਣ ਉਸਦਾ ਬੇਟਾ ਕਿਸੇ ਦਾ ਵਾਗੀ ਨਹੀਂ ਹੈ। ਉਹ ਸਕੂਲ ਜਾਂਦਾ ਹੈ ਅਤੇ ਪੜ੍ਹਾਈ ਵਿੱਚ ਬਾਬੂ ਸਾਹਬ ਦੇ ਪੋਤੇ ਨੂੰ ਪਛਾੜ ਰਿਹਾ ਹੈ। ਬਾਬੂ ਸਾਹਬ ਦੇ ਖ਼ੂਨ ਨੂੰ। ਹਾਜ਼ਾਰਾਂ ਸਾਲਾਂ ਦੀ ਗੁਲਾਮੀ ਨੂੰ!

ਬਾਬੂ ਸਾਹਬ ਪਾਸਵਾਨ ਨੂੰ ਵੀ ਉਦੋਂ ਬੁਰਾ ਲੱਗਦਾ ਹੈ ਜਦੋਂ ਕੋਈ ਉਸਦੇ ਬਾਪ ਨੂੰ 'ਫੇਕੂਆ' ਕਹਿੰਦਾ ਹੈ। ਸਕੂਲ ਵਿੱਚ ਸਾਰੇ ਉਸਨੂੰ 'ਫੇਕੂ ਦਾ ਪੁੱਤ' ਕਹਿਕੇ ਹੀ ਬੁਲਾਉਂਦੇ ਸਨ। ਇਥੋਂ ਤੱਕ ਕਿ ਮਾਸਟਰ ਗੁਨਾਨੰਦ ਝਾਅ ਵੀ। ਪਰ ਹੁਣ ਬਾਬੂ ਸਾਹਬ ਬਹਾਦਰੀ ਨਾਲ ਸਾਰਿਆ ਨੂੰ ਡਾਂਟ ਦਿੰਦਾ ਹੈ। ਇੱਕ ਦਿਨ ਤਾਂ ਮਾਸਟਰ ਜੀ ਨੂੰ ਵੀ ਕਹਿ ਦਿੱਤਾ, "ਗੁਰੂ ਜੀ, ਮੇਰੇ ਪਿਤਾ ਜੀ ਦਾ ਨਾਮ ਪੀ. ਪਾਸਵਾਨ ਹੈ।" ਫੇਕੂ ਨੂੰ ਇਹ ਸਾਰਾ ਕੁਝ ਸੁਣ ਕੇ ਤਸੱਲੀ ਮਿਲਦੀ ਹੈ ਅਤੇ ਲੱਗਦਾ ਹੈ ਕਿ ਉਹ ਸੱਚਮੁਚ ਫੇਕੂ ਤੋਂ ਪੀ. ਪਾਸਵਾਨ ਬਣ ਗਿਆ ਹੈ।

ਰਾਤ ਗਾੜ੍ਹੀ ਹੁੰਦੀ ਜਾ ਰਹੀ ਸੀ। ਫੇਕੂ ਨੇ ਘੜੀ ਦੇਖੀ, ਉਸਨੂੰ ਪਤਾ ਹੀ ਨਹੀਂ ਚੱਲਿਆ, ਕਦੋਂ ਗਿਆਰਾਂ ਵੱਜ ਗਏ। ਨਸ਼ਾ ਕਦੋਂ ਦਾ ਖਤਮ ਹੋ ਚੁੱਕਾ ਸੀ। ਬਾਬੂ ਸਾਹਬ ਕਦੋਂ, ਉਥੋਂ ਗਾਇਬ ਹੋ ਗਿਆ, ਉਸਨੂੰ ਕੁਝ ਪਤਾ ਨਹੀਂ ਸੀ ਲੱਗਾ। ਉਸਨੇ ਬਾਬੂ ਸਾਹਬ ਦੀ ਲੰਮੀ ਚੌੜੀ ਹਵੇਲੀ ਵੱਲ ਵੇਖਿਆ। ਹਨੇਰੇ ਵਿੱਚ ਉਹ ਕਿਸੇ ਦੈਂਤ ਵਾਗੂੰ ਲੱਗ ਰਹੀ ਸੀ। ਉਹ ਘਰ ਵੱਲ ਚੱਲਣ ਲੱਗਾ ਸੀ ਕਿ ਹਨੇਰੇ ਵਿੱਚ ਕੋਈ ਅਕਾਰ ਬਣਦਾ ਨਜ਼ਰ ਆਇਆ। ਅਕਾਰ ਜਦੋਂ ਨੇੜੇ ਆਇਆ ਤਾਂ ਪਛਾਣਦਿਆਂ ਦੇਰ ਨਾ ਲੱਗੀ, ਮੋਢੇ ਤੇ ਝੋਲਾ ਲਟਕਾਈ ਰਾਮ ਸੁੰਦਰ ਸੀ।

ਫੇਕੂ ਨੇ ਦੂਰੋਂ ਹੀ ਨਮਸਕਾਰ ਕੀਤੀ, "ਪਰਨਾਮ ਰਾਮ ਸੁੰਦਰ ਭਰਾ।"

"ਕਿਵੇਂ ਹੋ ? ਕਰਮਚਾਰੀ ਨੇ ਜ਼ਮੀਨ ਦੀ ਰਸੀਦ ਦਿੱਤੀ ?" ਰਾਮ ਸੁੰਦਰ ਗੰਭੀਰ ਸੀ।

"ਉਹ ਤਾਂ ਟਾਲ ਮਟੋਲ ਜਈ ਕਰਦਾ। ਕਹਿੰਦਾ ਸੌ ਸਾਲ ਪਹਿਲਾਂ ਦੇ ਸਰਵੇ ਵਾਲਾ ਕਾਗਜ਼ ਦਿਖਾਉ। ਨਾਲੇ ਇਹ ਬਾਬੂ ਸਾਹਬ ਦਾ ਬੀਅ ਸਾਰਿਆਂ ਦੇ ਪਿਛੇ ਪਿਆ ਕਿ ਕਾਗਜ਼ ਦਿਖਾਉ ਨਹੀਂ ਤਾਂ ਜ਼ਮੀਨ ਖਾਲੀ ਕਰੋ। ਭਰਾਵਾਂ, ਹੁਣ ਤੂੰ ਈ ਦੱਸ... ਪੂਰੇ ਪਿੰਡ ਦਾ ਕਾਗਜ-ਪੱਤਰ ਤਾਂ ਹਵੇਲੀ ਵਾਲਿਆ ਨੇ ਦੱਬ ਰੱਖਿਆ, ਫਿਰ ਅਸੀਂ ਕੀ ਕਰੀਏ ...?"

ਰਾਮ ਸੁੰਦਰ ਕੁੱਝ ਦੇਰ ਚੁੱਪ ਰਿਹਾ, ਫਿਰ ਬੋਲਿਆ, "ਦੇਖੋ ਫੇਕੂ, ਜਿਸਦੇ ਹਜ਼ਾਰਾਂ ਸਾਲਾਂ ਤੋਂ ਦਲਿਤਾਂ ਅਣਹੋਇਆ ਨੂੰ ਗੁਲਾਮ ਬਣਾਕੇ ਰੱਖਿਆ ਹੋਵੇ, ਉਹ ਐਨੀ ਛੇਤੀ ਹਾਰ ਨੀ ਮੰਨਣ ਵਾਲਾ। ਸਿਰਫ ਨਾਂ ਰੱਖ ਲੈਣ ਨਾਲ ਈ 'ਬਾਬੂ ਸਾਹਬ' ਨੀ ਬਣ ਜਾਣਾ, ਇਸ ਵਾਸਤੇ ਬਹੁਤ ਲੰਬੀ ਲੜਾਈ ਲੜਨੀ ਪੈਣੀ ਹੈ। ਇਹਨਾਂ ਲੋਕਾਂ ਦੀ ਉਪਰ ਤੱਕ ਪਹੁੰਚ ਹੈ। ਮੈਨੂੰ ਤਾਂ ਪਤਾ ਚੱਲਿਆ ਕਿ ਇਹ ਸਾਰੇ, ਤੇਰੇ ਘਰ ਤੇ ਹਮਲਾ ਕਰਨ ਵਾਲੇ ਨੇ। ਸਮਾਂ ਰਹਿੰਦਿਆਂ ਸੁਚੇਤ ਹੋਜਾ।"

"ਭਰਾਵਾ, ਤੂੰ ਵੀ ਕੀ ਗੱਲ ਕਰਦੈਂ! ਹੁਣ ਉਹ ਸਮਾਂ ਥੋੜਾ ਰਿਹਾ ਕਿ ਜਦੋਂ ਕੋਈ ਮਰਜ਼ੀ ਗਰੀਬ ਗੁਰਬੇ ਦਾ ਘਰ ਉਜਾੜ ਦਿੰਦਾ ਸੀ।" ਫੇਕੂ ਨਿਸ਼ਚਿੰਤ ਸੀ।

ਅੱਛਾ! ਕੋਈ ਦਿੱਕਤ ਹੋਈ ਤਾਂ ਮੈਨੂੰ ਦੱਸੀਂ। ਵੈਸੇ ਮੈਂ ਇੱਕ ਮਹੀਨੇ ਵਾਸਤੇ ਨਿਪਾਲ ਜਾ ਰਿਹਾਂ। ਤੂੰ ਸਾਥੀ ਮਹੇਸ਼ ਦੇ ਸੰਪਰਕ ਵਿੱਚ ਰਹੀਂ।"

ਰਾਮ ਸੁੰਦਰ ਚਲਾ ਗਿਆ ਸੀ। ਫੇਕੂ ਵੀ ਘਰ ਨੂੰ ਚੱਲ ਪਿਆ। ਘਰ ਪਹੁੰਚਦਿਆਂ ਹੀ ਪਤਨੀ ਵਰ੍ਹ ਪਈ ਸੀ, "ਹੈ ਤੈਨੂੰ ਕੋਈ ਕੰਮ ਧੰਦਾ। ਸਾਰੀ ਦਿਹਾੜੀ ਐਧਰ ਉਧਰ , ਕੌਲੇ ਕੱਛਦਾ ਰਹਿੰਨਾ, ਐਧਰ ਬਾਬੂ ਸਾਹਬ ਦਾ ਪੁੱਤ ਪੋਤਾ ਆ ਕੇ ਧਮਕੀਆਂ ਦਿੰਦੇ ਐ ਵਈ ਜ਼ਮੀਨ ਖ਼ਾਲੀ ਕਰੋ। ਢਹਿ ਜਾਣਾ, ਚਾਪੜ ਮੂੰਹਾ ਜਿਆ ਕਹਿੰਦਾ ਸੀ, ਅਖੇ ਜਦੋਂ ਤੁਸੀਂ ਲੋਕ ਹੁਣ ਬਾਬੂ ਸਾਹਬ ਬਣਗੇ ਓ ਤਾਂ ਫਿਰ ਸਾਡੀਆਂ ਪੈਲੀਆਂ 'ਚ ਕਿਉਂ ਹੱਸਦੇ-ਮੂਤਦੇ ਓ ?"

ਫੇਕੂ ਮਨ ਹੀ ਮਨ ਮੁਸਕਰਾਉਂਦਾ ਰਿਹਾ। "ਸਾਲਿਆਂ ਨੂੰ ਮਿਰਗੀ ਪੈਂਦੀ ਆ ਤਾਂ ਪੈਣ ਦਿਉ। ਸਾਲੇ ਵੱਡੇ ਜ਼ਿੰਮੀਦਾਰ। ਸਾਰੀ ਜ਼ਿੰਮੀਦਾਰੀ... 'ਚ ਵਾੜ ਦਿਆਂਗੇ। ਐਵੇਂ ਤਾਂ ਨੀ ਕਹਿੰਦੇ, ਰੱਸੀ ਸੜ ਗਈ ਪਰ ਵੱਟ ਨੀ ਗਿਆ।"

ਕਦੇ ਕਦੇ ਫੇਕੂ ਨੂੰ ਰਾਮਸੁੰਦਰ ਤੇ ਗੁੱਸਾ ਆਉਂਦਾ ਹੈ। ਉਹ ਜਾਣਦਾ ਹੈ ਕਿ ਰਾਮ ਸੁੰਦਰ ਇਮਾਨਦਾਰ ਹੈ ਅਤੇ ਗਰੀਬਾਂ ਵਾਸਤੇ ਲੜਦਾ ਹੈ ਪਰ ਉਸਦੀ "ਵਿਵਸਥਾ" ਵਾਲੀ ਗੱਲ ਕਦੇ ਪੂਰੀ ਤਰ੍ਹਾਂ ਸਮਝ 'ਚ ਨੀ ਆਉਂਦੀ, "ਜੇ ਭਲਾ ਪਿੰਡ ਦਾ ਹਰੇਕ ਈ ਦਲਿਤ ਮਜਦੂਰ , ਬ੍ਰਾਹਮਣ-ਰਾਜਪੂਤ ਦਾ ਨਾਂ ਖੋਹ ਲਵੇ ਤਾਂ ਕੋਈ ਫਰਕ ਈ ਨਾ ਪਉ ? ਆਹ ਬਾਬੂ ਸਾਹਬ ਦਾ ਪਰਿਵਾਰ ਈ ਕਿਵੇਂ ਤਿਲਮਿਲਾਉਂਦਾ ਫਿਰਦੈ। ਉਸ ਦਿਨ ਡੀ. ਸੀ ਸਾਹਬ ਨੇ ਖੁਦ ਭਾਸ਼ਣ ਮੁਕਾਬਲੇ 'ਚ ਬੱਬੂ ਨੂੰ ਮੈਡਲ ਦਿੱਤਾ। ਉਂ ਵੀ ਬਾਬੂ ਸਾਹਬ ਦੇ ਪੋਤੇ ਨੂੰ ਹਰਾ ਕੇ ਜਿੱਤਿਆ ਮੇਰਾ ਪੁੱਤ! ਇਹ ਭਲਾ ਕੋਈ ਛੋਟੀ ਗੱਲ ਐ ... ?"ਫੇਕੂ ਦੀਆਂ ਅੱਖਾਂ ਭਾਰੀ ਹੋਣ ਲੱਗੀਆਂ ਸਨ। ਉਸਨੂੰ ਲੱਗਿਆ ਜਿਵੇਂ ਡੇਢ ਗਿੱਠਾ ਭਾਈ ਆ ਕੇ ਉਸਦੀ ਲੱਤ ਨੂੰ ਪਲੋਸ ਰਿਹਾ ਹੋਵੇ।

ਸੋਚਦਿਆਂ-ਸੋਚਦਿਆਂ ਕਦੋਂ ਨੀਂਦ ਆ ਗਈ ਉਸਨੂੰ ਪਤਾ ਹੀ ਨਾ ਲੱਗਾ। ਸਵੇਰੇ ਵਿਹੜੇ 'ਚੋਂ ਰੌਲਾ ਸੁਣ ਕੇ ਉਸਦੀਆਂ ਅੱਖਾਂ ਖੁੱਲ੍ਹੀਆਂ ਸਨ। ਆਵਾਜ਼ ਪਛਾਣਦਿਆਂ ਦੇਰ ਨਹੀਂ ਸੀ ਲੱਗੀ। ਰਘੂੰਨੰਦਨ ਪ੍ਰਸਾਦ ਦਾ ਵੱਡਾ ਮੁੰਡਾ ਡੱਬਲੂ ਅਤੇ ਉਸਦਾ ਮੁਕਾਮਾ ਵਾਲਾ ਸਾਲਾ ਸੀ। ਡੱਬਲੂ ਵਿਹੜੇ 'ਚ ਖੜਾ ਗ਼ਰਜ਼ ਰਿਹਾ ਸੀ, " ਕਿਹੜੀ ਖੁੱਡ 'ਚ ਵੜ ਗਿਆ, ਸਾਲਿਆ ਬਾਹਰ ਨਿਕਲ । ਤੈਨੂੰ ਹੁਣੇ ਤਾਕਤ ਦਿਖਾਉਨੇ ਆ ਬਾਬੂ ਸਾਹਬ ਦੀ। ਬਾਬੂ ਸਾਹਬ ਮੂਤ ਦੇਣ ਤਾਂ ਥੋਡੀ ਸਾਰੀ ਬਸਤੀ ਵਿੱਚ ਹੜ ਆ ਜਾਉ... ਪੰਗੇ ਲੈਨਾ ਬਾਬੂ ਸਾਹਬ ਨਾਲ।" ਛੱਬਲੂ ਦਾ ਸਾਲਾ ਵੀ ਭਣਵਈਏ ਦੀ ਸੁਰ ਨਾਲ ਤਾਲ ਮਿਲਾ ਰਿਹਾ ਸੀ, "ਤੂੰ ਹੈ ਕੀ ? ਪਿਉ ਦਾ ਨਾਂ ਲੱਲੂ-ਫੱਤੂ ਤੇ ਪੁੱਤ ਦਾ ਨਾਂ ਵਜ਼ੀਰ। ਤੂੰ ਕੇਰਾਂ ਬਾਹਰ ਤਾਂ ਨਿਕਲ... ਵੇਖੀਏ ਤੈਨੂੰ ਵੱਡੇ ਬਾਬੂ ਸਾਹਬ ਦੇ ਪਿਉ ਨੂੰ ... ਕੁੜੀ ਦਾ ਯਾ...।"

ਫੇਕੂ ਕੰਧਾਲੀ ਲੈ ਕੇ ਘਰ ਤੋਂ ਬਾਹਰ ਵੱਲ ਦੌੜਿਆ ਪਰ ਮਨ ਮਸੋਸ ਕੇ ਰਹਿ ਗਿਆ। ਪਤਨੀ ਨੇ ਬਾਹਰੋਂ ਚਿਟਕਨੀ ਲਾ ਦਿੱਤੀ ਸੀ।

ਡੱਬਲੂ ਆਪਣੇ ਨਵੇਂ ਟਰੱਕ ਦੀ ਚਾਬੀ ਉਂਗਲੀ ਵਿੱਚ ਘੁਮਾਉਂਦਿਆਂ ਬੋਲਿਆ, 'ਫੇਕੂ ਨੂੰ ਕਹਿ ਦਈਂ.... ਜ਼ਮੀਨ ਦਾ ਕਾਗਜ਼ ਹੈ ਤਾਂ ਸ਼ਾਮ ਤੱਕ ਹਵੇਲੀ 'ਚ ਲੈ ਕੇ ਆ ਜਾਵੇ ਨਹੀਂ ਤਾਂ...।" ਦੋਵੇਂ



ਸਾਲਾ ਭਣਵਈਆਂ ਇੱਕ ਦੂਜੇ ਵੱਲ ਦੇਖ ਕੇ ਫ਼ਿਲਮੀ ਅੰਦਾਜ਼ ਵਿੱਚ ਮੁਸਕਰਾਏ। ਉਹਨਾਂ ਦੀ ਇਸ ਮੁਸਕਰਾਹਟ ਨੂੰ ਦੇਖਦਿਆਂ ਹੀ ਫੇਕੂ ਦੀ ਪਤਨੀ ਧੁਰ ਅੰਦਰ ਤੱਕ ਕੰਬ ਗਈ ਸੀ।

ਦੋਵੇਂ ਚਲੇ ਗਏ ਸਨ ਪਰ ਵਾਤਾਵਰਨ ਵਿੱਚ ਦਹਿਸ਼ਤ ਅਜੇ ਬਣੀ ਹੋਈ ਸੀ। ਹਵਾ ਜਿਵੇਂ ਉੱਕਾ ਹੀ ਰੁੱਕ ਗਈ ਹੋਵੇ। ਕਵਾੜ ਖੁਲ੍ਹਦਿਆਂ ਹੀ ਫੇਕੂ ਨੇ ਸਾਰਾ ਗੁੱਸਾ ਪਤਨੀ 'ਤੇ ਕੱਢ ਦਿੱਤਾ, "ਸਾਲੀਏ... ਤੂੰ ਮੈਨੂੰ ਖੁਸਰਾ ਸਮਝਦੀ ਏਂ ? ਮੇਰੇ ਸਾਲਿਆਂ ਦੋਵਾਂ ਨੂੰ ਵੱਢ ਕੇ ਰੱਖ ਦੇਣਾ ਸੀ ਮੂਲੀ ਵਾਂਗੂੰ।"

'...ਉਹ ਤੇਰਾ ਮੂੰਹ ਦੇਖਦੇ ਰਹਿੰਦੇ?"

"ਕੀ ਵਿਗਾੜ ਲੈਂਦੇ ਮੇਰਾ? ਇਸ ਜਨਮ ਵਿੱਚ ਤਾਂ ਨਾ ਮੇਰੇ ਪੁੱਤ ਦਾ ਨਾਂ ਬਦਲੂ ਤੇ ਨਾਂ ਹੀ ਜ਼ਮੀਨ ਛੱਡਣੀ ਐ! ਪੁਸ਼ਤਾਂ ਤੋਂ ਮੇਰਾ ਵੱਡਾ ਵਡੇਰਾ ਐਥੇ ਰਹਿੰਦਾ ਆਇਆ... ਅੱਜ ਇਹਨਾ ਨੂੰ ਕਾਗਜ਼ ਚਾਹੀਦੇ । ਅੱਜ ਹੀ ਥਾਣੇ 'ਚ ਦਰਖਾਸ਼ ਦੇ ਕੇ ਆਉਨਾ। ਪਟਨਾ ਤੱਕ ਦਰਖਾਸਾਂ ਭੇਜੂੰਗਾ। ਦੇਖਦਾਂ ਕੀ ਵਿਗਾੜਦਾ ਮੇਰਾ !" ਫੇਕੂ ਦੀ ਟੇਢੀ ਹੋਈ ਲੱਤ ਗੁਸੇ ਵਿੱਚ ਕੰਬਣ ਲੱਗੀ ਸੀ।

ਲੜਨ ਤੋਂ ਪਹਿਲਾਂ, ਗੰਢ ਮਜ਼ਬੂਤ ਕਰਲੈ। ਬਿਨਾਂ ਪੈਸੇ 'ਤੋਂ ਰੱਬ ਵੀ ਝੂਠਾ ਪੈ ਜਾਂਦਾ। ਪਤਨੀ ਬੋਲੀ ਸੀ।

ਫੇਕੂ ਨੇ ਪਤਨੀ ਨਾਲ ਉਲਝਣਾ ਫਜ਼ੂਲ ਲੱਗਿਆ। ਉਹ ਬੇਟੇ ਨੂੰ ਸੱਦ ਕੇ ਦਰਖ਼ਾਸਤ ਲਿਖਵਾਉਣ ਲੱਗਾ ਸੀ।

* * *

ਰਾਤ ਦੇ ਦੋ ਵੱਜੇ ਹੋਣਗੇ। ਮੱਛਰਾਂ ਅਤੇ ਖਟਮਲਾਂ ਦੇ ਇਲਾਵਾ ਪੂਰਾ ਪਿੰਡ ਸੌਂ ਚੁੱਕਾ ਸੀ। ਅਚਾਨਕ ਦਲਿਤ ਬਸਤੀ ਦੇ ਹਨੇਰੇ ਨੂੰ ਦੀਰਦੀਆਂ ਅੱਗ ਦੀਆਂ ਲਪਟਾਂ, ਤਾੜ ਦੇ ਪੱਤਿਆਂ ਨੂੰ ਛੂਹਣ ਜਾ ਲੱਗੀਆਂ। ਜਦੋਂ ਤੱਕ ਲੋਕ ਜਾਗਦੇ , ਫੇਕੂ ਦਾ ਘਰ ਸਵਾਹ ਬਣ ਚੁੱਕਾ ਸੀ। ਬੱਕਰੀ ਦੇ ਨਾਲ ਨਾਲ ਪਾਲਤੂ ਕੁੱਤਾ ਵੀ ਸੜ ਕੇ ਆਕੜ ਚੁੱਕਾ ਸੀ। ਪਛਾਨਣਾ ਮੁਸ਼ਕਲ ਸੀ ਕਿ ਬੱਕਰੀ ਕਿਹੜੀ ਸੀ ਤੇ ਕੁੱਤਾ ਕਿਹੜਾ। ਦੋਵਾਂ ਦੀਆਂ ਅੱਖਾਂ ਅਜੇ ਵੀ ਖੁੱਲ੍ਹੀਆਂ ਸਨ। ਸ਼ਾਇਦ ਅਪਰਾਧੀ ਨੂੰ ਪਛਾਨਣ ਵਾਸਤੇ। ਜੇਕਰ ਘਰ 'ਚੋਂ ਨਿਕਲਣ 'ਚ ਮਿੰਟ ਦੀ ਵੀ ਦੇਰੀ ਹੋ ਜਾਂਦੀ ਤਾਂ ਅੱਜ ਫੇਕੂ ਦਾ 'ਬਾਬੂ ਸਾਹਬ' ਵੀ ਕੁੱਤੇ ਅਤੇ ਬੱਕਰੀ ਵਾਂਗੂੰ.... ਫੇਕੂ ਦੇ ਮੋਢੇ ਤੇ ਅੱਗ ਲੱਗੀ ਬੱਲੀ ਡਿੱਗੀ ਸੀ। ਉਸਦਾ ਸੱਜਾ ਮੋਢਾ ਸੜ ਚੁੱਕਾ ਸੀ। ਅੱਜ ਵਰ੍ਹਿਆਂ ਬਾਅਦ ਉਸਦੀਆਂ ਅੱਖਾਂ ਵਿੱਚੋਂ ਹੰਝੂ ਨਿਕਲੇ ਸਨ। ਸ਼ਾਇਦ ਥੁੱਕ ਚੱਟਦਿਆਂ ਐਨਾ ਹੀ ਪਿਘਲ ਕੇ ਰੋਇਆ ਸੀ। ਪਤਨੀ ਛਾਤੀ ਪਿੱਟ ਪਿੱਟ ਕੇ ਰੋਂਦੀ, ਬੱਬਲੂ ਅਤੇ ਉਸਦੇ ਸਾਲੇ ਨੂੰ ਬਦ-ਦੁਆਵਾਂ ਦੇ ਰਹੀ ਸੀ। ਬਸਤੀ ਦੇ ਕੁੱਝ ਬਜ਼ੁਰਗਾਂ ਨੂੰ ਇਹ ਚੰਗਾ ਨਹੀਂ ਸੀ ਲੱਗਾ ਰਿਹਾ। ਉਹਨਾਂ ਦੀ ਰਾਏ 'ਚ , "ਜਦੋਂ ਕਿਸੇ ਨੂੰ ਅੱਗ ਲਾਉਂਦਿਆਂ ਦੇਖਿਆ ਈ ਨਈਂ... ਤਾਂ ਫਿਰ ਕਿਸੇ ਦਾ ਨਾਂ ਲੈਣਾ, ਦੁਸ਼ਮਣੀ ਮੁੱਲ ਲੈਣ ਆਲੀ ਗੱਲ ਐ !"

ਜਦੋਂ ਫੇਕੂ, ਪਤਨੀ ਅਤੇ ਬੱਚੇ ਨੂੰ ਲੈ ਕੇ ਥਾਣੇ ਪਹੁੰਚਿਆ ਤਾਂ ਉਸਨੇ ਦੇਖਿਆ ਰਘੂਨੰਦਨ ਪ੍ਰਸਾਦ ਦਾ ਬੁਲੇਟ ਮੋਟਰ ਸਾਈਕਲ ਪਹਿਲਾਂ ਹੀ ਉਥੇ ਖੜਾ ਸੀ। ਫੇਕੂ ਨੂੰ ਪਹਿਲੀ ਵਾਰ ਆਪਣੀ ਮੂਰਖਤਾ ਦਾ ਅਹਿਸਾਸ ਹੋਇਆ,

"ਕਿਸੇ ਨੇਤਾ ਨੂੰ ਨਾਲ ਲੈ ਕੇ ਆਉਣਾ ਚਾਹੀਦਾ ਸੀ... ਨਹੀਂ ਸਾਲਾ ਠਾਣੇਦਾਰ ਇਉਂ ਕਿਥੇ ਮੰਨਣ ਲੱਗਾ?" ਪਰ ਹੁਣ ਉਹ ਕੀ ਕਰ ਸਕਦਾ ਸੀ? ਉਸਨੂੰ ਕੁੱਝ ਸਮਝ ਵਿੱਚ ਨਹੀਂ ਸੀ ਆ ਰਿਹਾ। ਜੇਬ ਵਿੱਚ ਤਾਂ ਖੋਟਾ ਪੈਸਾ ਵੀ ਨਹੀਂ ਸੀ। ਸਾਹਮਣੇ ਖੜਾ ਬੁਲੇਟ ਮੋਟਰ ਸਾਈਕਲ ਉਸਦਾ ਮੂੰਹ ਚਿੜਾ ਰਿਹਾ ਸੀ।

ਲਗਭਗ ਅੱਧਾ ਘੰਟਾ ਉਡੀਕਣ ਤੋਂ ਬਾਅਦ ਦਰੋਗਾ ਤੇ ਰਘੂਨੰਦਨ ਪ੍ਰਸ਼ਾਦ ਹੱਸਦਿਆਂ ਹੱਸਦਿਆਂ ਗੱਲਾਂ ਕਰਦੇ ਬਾਹਰ ਨਿਕਲੇ। ਉਹਨਾਂ ਦੇ ਹਾਸੇ ਨੂੰ ਦੇਖਦਿਆਂ ਫੇਕੂ ਪੱਥਰ ਹੋ ਗਿਆ। ਸ਼ਾਇਦ ਦੂਸਰੀ ਲੱਤ ਵੀ ਜੁਵਾਬ ਦੇ ਰਹੀ ਸੀ। ਫਿਰ ਵੀ ਉਹ ਘੜੀਸ ਦਿਆਂ , ਠਾਣੇਦਾਰ ਕੋਲ ਗਿਆ ਅਤੇ ਕੰਬਦੇ ਹੱਥਾਂ ਨਾਲ ਦਰਖ਼ਾਸਤ ਅੱਗੇ ਕੀਤੀ। ਦਰੋਗਾ ਅੱਖਾਂ ਬਾਹਰ ਕੱਢਦਿਆਂ ਬੋਲਿਆ,

"ਅੱਛਾ! ਤਾਂ ਤੂੰ ਏਂ ! ਦੇਖੋ, ਮੁਨਸ਼ੀ ਸਾਹਬ ਜੀ ਨੂੰ ਆਪਣੇ ਬਿਆਨ ਲਿਖਾਉ, ਉਦੋਂ ਤੱਕ ਅਸੀਂ ਮੌਕਾ ਦੇਖ ਕੇ ਆਉਂਨੇ ਆ।"

ਰਘੂਨੰਦਨ ਪ੍ਰਸ਼ਾਨ ਨੇ ਬੁਲੇਟ ਸਟਾਰਟ ਕਰ ਲਿਆ ਸੀ। ਜਿਵੇਂ ਹੀ ਦਰੋਗਾ ਉਸਦੇ ਪਿਛੇ ਬੈਠਿਆ, ਉਸਨੇ ਕਲੱਚ ਛੱਡ ਦਿੱਤਾ। ਬੁਲੇਟ ਦੀ ਆਵਾਜ਼ ਹਵਾ ਨੂੰ ਚੀਰਦੀ, ਛੇਤੀ ਹੀ ਦੂਰ ਚਲੀ ਗਈ ਸੀ। ਪਿੱਛੋਂ ਇੱਕ ਜੀਪ ਵੀ ਬਾਹਰ ਨਿਕਲੀ ਜਿਸ ਵਿੱਚ ਚਾਰ ਪੰਜ ਬੰਦੂਕਧਾਰੀ ਸਨ। ਫੇਕੂ ਨੂੰ ਸਮਝਦਿਆਂ

ਦੇਰ ਨਾ ਲੱਗੀ। ਉਸਨੇ ਰੋ ਰਹੇ ਬੇਟੇ ਦੀ ਪਿੱਠ ਤੇ ਹੱਥ ਰੱਖ ਦਿੱਤਾ, "ਘਬਰਾਓ ਨਾਂਹ... ਅੱਗੇ ਜਾਵਾਂਗੇ। ਘਰ ਚੱਲੋ, ਦੋ ਚਾਰ ਦਰਖਾਸਾਂ ਹੋਰ ਲਿਖਣੀਆਂ ਪੈਣਗੀਆਂ।"


ਫੇਕੂ ਅਜੇ ਪਿੰਡ ਤੋਂ ਬਾਹਰ ਹੀ ਸੀ ਕਿ ਉਸਨੂੰ ਉਹੀ ਜੀਪ ਵਾਪਸ ਮੁੜਦੀ ਵਿਖਾਈ ਦਿੱਤੀ। ਕੋਲ ਆ ਕੇ ਜੀਪ ਰੁਕੀ । ਉਸ ਵਿੱਚੋਂ ਉਹੀ ਮੋਟੀ ਗੋਗੜ ਵਾਲਾ ਠਾਣੇਦਾਰ ਬਾਹਰ ਨਿਕਲਿਆ। ਆਪਣੇ ਸੱਜੇ ਹੱਥ 'ਚ ਡੰਡਾ ਘੁਮਾਉਂਦਿਆਂ ਫੇਕੂ ਦੇ ਕੋਲ ਆ ਗਿਆ ਸੀ। ਫੇਕੂ ਜਿਵੇਂ ਉਥੇ ਹੀ ਗੱਡਿਆ ਗਿਆ ਹੋਵੇ। ਫਿਰ ਵੀ ਉਸਨੇ ਹਿੰਮਤ ਬੰਨ੍ਹੀ, "ਜਨਾਬ ਮੇਰਾ ਸਾਰਾ ਕੁੱਝ...।"

"ਚੁੱਪ!! ਸਾਲਾ !" ਠਾਣੇਦਾਰ ਵਿਚਾਲਿਉਂ ਹੀ ਭੜਕ ਪਿਆ, ਪਹਿਲਾਂ ਤਾਂ ਕਿਸੇ ਦੀ ਜ਼ਮੀਨ 'ਚ ਘਰ ਬਣਾਉਂਦੇ ਓਂ, ਫਿਰ ਆਪ ਹੀ ਅੱਗ ਲਾ ਕੇ, ਨਿਰਦੋਸ ਲੋਕਾਂ ਨੂੰ ਫਸਾਉਂਦੇ ਓ ? ਸਾਲੇ ਕੁੱਤੇ ਜਦੋਂ ਚਿੱਤੜਾ ਤੇ ਡੰਡਾ ਫਿਰਿਆ ਨਾ, ਸਾਰੀ ਨੇਤਾਗਿਰੀ ਮਿੰਟ 'ਚ ਕਿਤੇ ਦੀ ਕਿਤੇ ਵੜਜੂ।" ਠਾਣੇਦਾਰ ਫਿਰ ਜੀਪ ਵਿੱਚ ਜਾ ਬੈਠਿਆ। ਜੀਪ ਧੂੜ ਉਡਾਉਂਦੀ ਥਾਣੇ ਵੱਲ ਚਲੀ ਗਈ ਸੀ।

ਫੇਕੂ ਨੇ ਜਾ ਚੁੱਕੀ ਜੀਪ ਦੇ ਪਿਛੇ ਜ਼ੋਰ ਨਾਲ ਥੁੱਕਿਆ, ਜਿਵੇਂ ਦਰੋਗੇ ਦੇ ਮੂੰਹ 'ਤੇ ਥੁੱਕਿਆ ਹੋਵੇ। ਉਹ ਘਰ ਵੱਲ ਨੂੰ ਭੱਜਿਆ। ਉਸਦੇ ਘਰ ਦੇ ਦੁਆਲੇ ਅਜੇ ਵੀ ਜੁਆਕਾਂ ਦੀ ਭੀੜ ਲੱਗੀ ਸੀ। ਫੇਕੂ ਦੀਆਂ ਅੱਖਾਂ ਪਥਰਾ ਗਈਆਂ। ਬਾਬੂ ਸਾਹਬ ਦਾ ਮਹਿੰਦਰਾ ਟਰੈਕਟਰ ਬੀ. ਆਰ 2472, ਉਸਦੇ ਘਰ ਦੀ ਮਿੱਟੀ ਨੂੰ ਲਿਤਾੜ ਰਿਹਾ ਸੀ। ਫੇਕੂ ਦਾ ਘਰ ਹੁਣ ਬਾਬੂ ਸਾਹਬ ਦੇ ਖੇਤ ਵਿੱਚ ਮਿਲ ਚੁੱਕਾ ਸੀ। ਉਸਨੂੰ ਦੇਖ ਕੇ ਤਾਂ ਪਛਾਨਣਾ ਮੁਸ਼ਕਲ ਸੀ ਕਿ ਮਹਿਜ਼ ਦਸ ਘੰਟੇ ਪਹਿਲਾਂ ਇਥੇ ਕਿਸੇ ਦਾ ਘਰ ਵੀ ਹੁੰਦਾ ਸੀ ਅਤੇ ਘਰ ਦੇ ਨਾਲ ਇੱਕ ਛੋਟਾ ਜਿਹਾ ਵਿਹੜੇ ਵੀ ਜਿਸਦੇ ਉਤੇ ਖੁੱਲ੍ਹਾ ਅਸਮਾਨ...।

ਫੇਕੂ ਦਾ ਸੰਘ ਸੁੱਕਣ ਲੱਗਾ। ਉਸਦੀਆਂ ਅੱਖਾਂ ਅੱਗੇ ਹਨ੍ਹੇਰਾ ਛਾ ਗਿਆ ਸੀ। ਉਹ ਬੇਹੋਸ਼ ਹੋ ਕੇ ਡਿੱਗ ਪਿਆ, ਪਰ ਮਨ ਅਜੇ ਵੀ ਦੌੜ ਰਿਹਾ ਸੀ। ਜਿਵੇਂ ਸੰਘਣੇ ਜੰਗਲ ਵਿੱਚੋਂ ਕੁੱਝ ਲੱਭ ਰਿਹਾ ਹੋਵੇ। ਉਸਨੇ ਦੇਖਿਆ ਕਿ ਡੇਢ ਗਿੱਠਾ ਭਾਈ ਆਪਣੀ ਫੌਜ ਨੂੰ ਨਾਲ ਲੈ ਕੇ ਆਇਆ ਹੈ ਅਤੇ ਬਾਬੂ ਸਾਹਬ ਦੇ ਰਾਜ ਨੂੰ ਤਹਿਸ ਨਹਿਸ ਕਰ ਦਿੱਤਾ ਹੈ। ਉਹ ਆਪਣੇ ਨਾਲ ਸਭ ਕੁਝ ਲਿਆਇਆ ਹੈ- ਅੱਗ, ਰੱਸੀ, ਪਾਣੀ... ਫੇਕੂ ਮੀਂਹ ਵਿੱਚ ਭਿੱਜਣ ਲੱਗਾ ਸੀ। ਅੱਖਾਂ ਖੁੱਲ੍ਹੀਆਂ... ਬੇਟਾ ਉਸਦੀਆਂ ਅੱਖਾਂ ਤੇ ਪਾਣੀ ਦੇ ਛਿੱਟੇਂ ਮਾਰ ਰਿਹਾ ਸੀ। ਅੱਖਾਂ ਫਿਰ ਬੰਦ ... ਇਹ ਕੀ? ਸੱਚ ਮੁੱਚ ਡੇਢ ਗਿੱਠਾ ਭਾਈ ਉਥੇ ਪਹੁੰਚ ਗਿਆ ਸੀ। ਉਸਦੇ ਨਾਲ ਬਹੁਤ ਸਾਰੇ ਲੋਕ ਸਨ। ਰਾਮ ਸੁੰਦਰ ਵੀ ਸੀ। ਡੇਢ ਗਿੱਠੇ ਭਾਈ ਦੇ ਕੋਲ ਬੰਦੂਕ ਸੀ। ਛਾਤੀ ਤੇ ਰੌਂਦਾਂ ਵਾਲੀ ਪੇਟੀ ਪਾਈ ਹੋਈ ਸੀ। ਉਹ ਫੇਕੂ ਦੇ ਕੋਲ ਆ ਕੇ ਖੜਾ ਹੋ ਗਿਆ ਅਤੇ ਹੱਥ ਚੁੱਕ ਕੇ ਸਲੂਟ ਮਾਰਿਆ, ..."ਕੀ ਹੁਕਮ ਐ ?"

ਫੇਕੂ ਦੀਆਂ ਅੱਖਾਂ ਖੁੱਲ ਗਈਆਂ, ਸਾਹਮਣੇ ਉਸਦਾ ਬੇਟਾ ਖੜਾ ਸੀ। ⊘






**ਡਾ. ਰਜਨੀਸ਼ ਬਹਾਦਰ ਸਿੰਘ ਦੀਆਂ ਪੰਜਾਬੀ ਕਹਾਣੀ ਨੂੰ ਸਮਝਣ ਲਈ ਵਿਚਾਰ ਉਤੇਜਕ, ਆਲੋਚਨਾ ਦੇ ਖੇਤਰ ਵਿਚ ਅਹਿਮ ਪੁਸਤਕਾਂ**




ਪੰਜਾਬੀ ਕਹਾਣੀ

## ਹਵਾ ਵਿਚ ਉਡਦੀਆਂ ਮਛਲੀਆਂ / ਗੁਰਮੇਲ ਮਡਾਹੜ





"ਕੀ ਕਰੀਏ ਮਾਂ ਦਾ ? ਸਾਰੀ ਉਮਰ ਐਂਉ ਈ ਆਪਣੀ ਜਿਦ ਵਿਚ ਲੰਘਾ ਦਿਤੀ....... ਭੋਰਾ ਵੀ ਨਹੀਂ ਬਦਲੀ।" ਪੂਰਨ ਸੋਚਦਾ ਹੈ " ਨਾ ਕਿਸੇ ਦੀ ਸੁਣਦੀ ਹੈ, ਨਾ ਮੰਨਦੀ ਹੈ। ਆਪਣੀ ਮਰਜ਼ੀ ਕਰਦੀ ਹੈ ਪਰ ਹੁਣ ਤਾਂ ਉਸ ਨੂੰ ਬਦਲ ਹੀ ਜਾਣਾ ਚਾਹੀਦਾ ਹੈ। ਇਸ ਤੋਂ ਮਗਰੋਂ ਕਿਹੜਾ ਉਸਦੇ ਅਕਲ ਦਾੜ੍ਹ ਨਿਕਲ ਆਵੇਗੀ " ਫੇਰ ਉਸਦੇ ਦਿਮਾਗ਼ ਵਿਚ ਆਪੇ ਖਿਆਲ ਆਉਂਦਾ ਹੈ, "ਜਿਹੜੀ ਔਰਤ ਸਾਰੀ ਉਮਰ ਆਪਣੀ ਮਰਜ਼ੀ ਕਰਦੀ ਰਹੀ ਹੈ, ਉਹ ਹੁਣ ਜ਼ਿੰਦਗੀ ਦੇ ਆਖਰੀ ਪੜਾ ਉਤੇ ਆ ਕੇ ਕਿਸੇ ਦੇ ਕੀ ਆਖੇ ਲਗੇਗੀ ?" ਸ਼ਾਇਦ ਉਸਦੇ ਇਸੇ ਸੁਭਾਅ ਕਰਕੇ ਹੀ ਜਦੋਂ ਦੀ ਉਸ ਨੇ ਸੁਰਤ ਸੰਭਾਲੀ ਹੈ ਉਦੋਂ ਤੋਂ ਹੀ ਘਰ ਵਿਚ ਮਾਂ ਅਤੇ ਬਾਪੂ ਵਿਚਕਾਰ ਝਗੜਾ ਹੁੰਦਾ ਸੁਣਦਾ ਤੇ ਦੇਖਦਾ ਆਇਆ ਹੈ। ਬਾਪੂ ਰਾਤ ਨੂੰ ਬਾਹਰੋਂ ਦਾਰੂ ਨਾਲ ਰਜ ਕੇ ਆਉਂਦਾ। ਮਾਂ ਨੂੰ ਆਨੀ ਬਹਾਨੀ ਗਾਲੀ ਗਲੋਚ ਕਰਦਾ। ਜਿਸ ਦਾ ਉਤਰ ਮਾਂ ਵੀ ਗਜ-ਵਜ ਕੇ ਦਿੰਦੀ। ਗੁੱਸੇ ਵਿਚ ਆਇਆ ਬਾਪੂ ਕਦੇ ਰੋਟੀ ਖਾਂਦਾ, ਕਦੇ ਬਿਨਾ ਖਾਧੇ ਹੀ ਸੌ ਜਾਂਦਾ। ਮਾਂ ਸਵੇਰੇ ਚੁੱਪ ਚਾਪ ਉਠਦੀ। ਚਾਹ ਬਣਾਉਂਦੀ ਸਾਰਿਆਂ ਨੂੰ ਵਰਤਾਉਂਦੀ। ਟੋਕਰੀ, ਝਾੜੂ ਤੇ ਪੱਚਰ ਚੁਕ ਕੇ ਲੋਕਾਂ ਦੇ ਘਰੀਂ (ਜਿਨ੍ਹਾਂ ਨੂੰ ਕ੍ਰਿਸਾਣ ਕਹਿੰਦੀ ਹੁੰਦੀ ਸੀ) ਕਮਾਉਣ ਚਲੀ ਜਾਂਦੀ ਸੀ। ਜਿਹੜੇ ਉਸਦੀ ਸੱਸ ਵਲੋਂ ਉਦੋਂ ਵੰਡ ਕੇ ਦਿਤੇ ਸੀ ਜਦੋਂ ਉਸਦੇ ਪੁੱਤਰ ਇਕ ਦੂਜੇ ਨਾਲੋਂ ਵਖ ਹੋਏ ਸੀ। ਕ੍ਰਿਸਾਣਾਂ ਦੀਆਂ ਖੁਡੀਆਂ ਸਾਫ ਕਰਕੇ ਉਨ੍ਹਾਂ ਦਾ ਮੈਲਾ ਟੋਕਰੀ ਵਿਚ ਢੋਂਦੀ ਤੇ ਸ਼ਹਿਰੋਂ ਬਾਹਰ ਖੜੀ ਮਿਉਸਪਲ ਕਮੇਟੀ ਦੀ ਟਰਾਲੀ ਵਿਚ ਸੁੱਟ ਆਉਂਦੀ ਸੀ। ਪੂਰਨ ਦੇ ਬਾਪੂ ਨੂੰ ਸ਼ਾਇਦ ਉਸਦਾ ਇਹ ਕੰਮ ਕਰਨਾ ਚੰਗਾ ਨਹੀਂ ਸੀ ਲਗਦਾ। ਜਿਸ ਕਰਕੇ ਉਹ ਜਦ ਵੀ ਟੋਕਰੀ ਚੁਕ ਕੇ ਘਰੋਂ ਬਾਹਰ ਨਿਕਲਣ ਲਗਦੀ ਸੀ ਉਦੋਂ ਹੀ ਉਚੀ ਉਚੀ ਬੋਲਣ ਲਗ ਜਾਂਦਾ। ਗੰਦੀਆ ਤੋਂ ਗੰਦੀਆਂ ਗਾਲਾਂ ਕਢਦਾ, ਜਿਨ੍ਹਾਂ ਦਾ ਉਸ ਦੀ ਮਾਂ ਕੋਈ ਉਤਰ ਨਹੀਂ ਦਿੰਦੀ ਸੀ। ਬਸ ਚੁੱਪ ਚਾਪ ਘਰ ਚੋਂ ਬਾਹਰ ਨਿਕਲ ਜਾਂਦੀ ਸੀ। ਪਿਛੋਂ ਬਾਪੂ ਦੀ ਬੁੜ ਬੁੜ ਕਿੰਨ੍ਹਾ ਹੀ ਚਿਰ ਪੂਰਨ ਨੂੰ ਸੁਣਨੀ ਪੈਂਦੀ ਸੀ।

ਸਾਰੇ ਕ੍ਰਿਸਾਣ ਕਮਾ ਕੇ ਦੁਪੈਹਰ ਨੂੰ ਜਦ ਉਹ ਵਾਪਸ ਆਉਂਦੀ ਤਾਂ ਗਰਮੀਆਂ ਵਿਚ ਪਸੀਨੇ ਨਾਲ ਤਰ ਹੋਈ ਹੁੰਦੀ। ਕਪੜੇ ਬੁਰੀ ਤਰ੍ਹਾਂ ਮੁੜਕੇ ਨਾਲ ਭਿੱਜੇ ਹੋਏ ਹੁੰਦੇ, ਜਿਨ੍ਹਾਂ ਵਿਚੋਂ ਗਰਮੀ ਅਤੇ ਮੈਲੇ ਦੀ ਬਦਬੂ ਮਾਰਦੀ। ਜਦੋਂ ਉਹ ਮਾਂ ਨੂੰ ਪਾਣੀ ਦਾ ਗਲਾਸ ਫੜਾਉਣ ਲਗਦਾ ਸੀ ਤਾਂ ਉਸ ਕੋਲ ਉਸ ਤੋਂ ਖੜਿਆ ਨਹੀਂ ਸੀ ਜਾਂਦਾ। ਬਰਸਾਤ ਦੇ ਦਿਨਾਂ ਵਿਚ ਤਾਂ ਮਾਂ ਦਾ

## ਗੁਰਮੇਲ ਮਡਾਹੜ

**ਕਹਾਣੀ ਸੰਗ੍ਰਹਿ ਅਣਗੌਲੇ ਆਦਮੀ, ਜਾਗਦੇ ਲੋਕ, ਕੱਚੇ ਕੋਠਿਆਂ ਦੇ ਵਾਸੀ, ਜੰਗ ਜਾਰੀ ਹੈ, ਧਰਤੀ ਲਹੂ ਲੁਹਾਣ, ਅਸੀਂ ਹਾਰੇ ਨਹੀਂ, ਕੀੜੀਆਂ, ਸਾਜ਼ਿਸ਼ੀ ਹਵਾ, ਮਹਾਂਬਲੀ, ਇਖ਼ਲਾਕ ਗੁੰਮ ਹੈ ਤੋਂ ਇਲਾਵਾ ਕੁਝ ਕਿਤਾਬਾ ਹਿੰਦੀ 'ਚ ਪ੍ਰਕਾਸ਼ਤ। ਦੋ ਨਾਵਲ ਸਮੇਂ ਸਮੇਂ ਦੀਆਂ ਗੱਲਾਂ, ਤਲਾਸ਼ ਸਫ਼ਰਨਾਮਾ ਤੇ ਅਨੁਵਾਦ ਪੁਸਤਕ ਰੂਪ ਵਿਚ ਪ੍ਰਕਾਸ਼ਤ।**

**ਪਤਾ ਬੀ-4/91, ਅਸਤਬਲ, ਪਟਿਆਲਾ ਗੇਟ, ਸੰਗਰੂਰ-148001**


ਹਾਲ ਹੋਰ ਵੀ ਮਾੜਾ ਹੋ ਜਾਂਦਾ। ਕਪੜੇ ਭਿਜ ਕੇ ਸਰੀਰ ਦੇ ਨਾਲ ਚਿਪਕ ਜਾਂਦੇ। ਵਾਰ ਵਾਰ ਲਿਪਣ ਉਤੇ ਵੀ ਟੋਕਰੀ ਵਿਚ ਰਹਿ ਗਈਆਂ ਬਰੀਕ ਬਰੀਕ ਮੋਰੀਆਂ ਵਿਚੋਂ ਮੈਲਾ ਚੋਂ ਕੇ ਉਸਦੇ ਸਿਰ ਵਿਚ ਪੈ ਜਾਂਦਾ। ਕਦੇ-ਕਦੇ ਵਾਲਾਂ ਵਿਚੋਂ ਦੀ ਨਿਕਲ ਕੇ ਮੈਲੇ ਦੀਆਂ ਤਤੀਰੀਆਂ ਉਸਦੇ ਕੰਨਾਂ ਕੋਲ ਦੀ ਹੁੰਦੀਆਂ ਹੋਈਆਂ ਗਰਦਨ ਉਤੇ ਆ ਜਾਂਦੀਆਂ। ਮੱਥੇ ਤੋਂ ਦੀ ਹੁੰਦੀਆਂ ਹੋਈਆਂ ਚਿਹਰੇ ਉਤੇ ਪਹੁੰਚ ਜਾਂਦੀਆਂ, ਜਿਨ੍ਹਾਂ ਨੂੰ ਉਹ ਚੁੰਨੀ ਦੇ ਲੜ ਨਾਲ ਵਾਰ ਵਾਰ ਪੂੰਝਦੀ ਰਹਿੰਦੀ ਸੀ ਪਰ ਫੇਰ ਵੀ ਕਿਤੇ ਨਾ ਕਿਤੇ ਮੈਲੇ ਦੇ ਨਿਸ਼ਾਨ ਰਹਿ ਹੀ ਜਾਂਦੇ ਸੀ। ਜਿਹੜੇ ਦੇਖਣ ਵਾਲੇ ਨੂੰ ਤਾਂ ਬਹੁਤ ਭੈੜੇ ਲਗਦੇ ਹੀ ਸੀ, ਸਗੋਂ ਮਾਂ ਦੇ ਸਰੀਰ ਵਿਚੋਂ ਆਉਂਦੀ ਬਦਬੂ ਨੂੰ ਹੋਰ ਵੀ ਤੇਜ ਕਰ ਦਿੰਦੇ ਸੀ। ਪਾਣੀ ਪੀ ਕੇ, ਮੁੜਕਾ ਸੁਕਾ ਕੇ, ਨਹਾ ਕੇ, ਕਪੜੇ ਬਦਲ ਕੇ, ਉਹ ਰੋਟੀਆਂ ਵਾਲੀ ਟੋਕਰੀ ਚੁਕ ਕੇ ਫੇਰ ਕ੍ਰਿਸਾਨਾਂ ਦੇ ਘਰੋਂ ਰੋਟੀਆਂ ਲੈਣ ਚਲ ਪੈਂਦੀ ਸੀ। ਸੁੱਕੀ ਸਬਜੀ ਉਹ ਰੋਟੀਆਂ ਵਿਚਕਾਰ ਰਖ ਲੈਂਦੀ ਸੀ ਤੇ ਤਰੀ ਵਾਲੀ ਦਾਲ ਡੋਲੂ ਵਿਚ ਪਵਾ ਲਿਆਉਂਦੀ ਸੀ। ਇਹੀ ਭਾਂਤ ਭਾਂਤ ਦੀਆਂ ਰੋਟੀਆਂ, ਦਾਲ, ਸਬਜੀ ਉਨ੍ਹਾਂ ਦੇ ਦੁਪਹਿਰੇ-ਆਥਣੇ ਖਾਣ ਦੇ ਕੰਮ ਆਉਂਦੀਆਂ।

ਘਰ ਵਿਚ ਮਾਂ ਬਾਪੂ ਤੋਂ ਸਿਵਾਏ ਪੂਰਨ ਦੇ ਦੋ ਵੱਡੇ ਭਰਾ ਮੰਗਲ, ਜੁਮਨ ਤੇ ਇਕ ਛੋਟੀ ਭੈਣ ਰੋਜ਼ੀ ਵੀ ਸੀ। ਉਸ ਦਾ ਪਿਤਾ ਮਿੱਠੂ ਰਾਮ ਕਮੇਟੀ ਵਿਚ ਸਫਾਈ ਸੇਵਕ ਲੱਗਿਆ ਹੋਇਆ ਸੀ। ਸ਼ਹਿਰ ਦੇ ਮੇਨ ਬਜ਼ਾਰ ਦੇ ਚੌਂਕ ਤੋਂ ਲੈ ਕੇ ਸੁਨਾਮੀ ਗੇਟ ਤਕ ਸੜਕ ਦੀ ਸਫਾਈ ਕਰਨਾ ਉਸ ਦੀ ਡਿਊਟੀ ਸੀ। ਕਮੇਟੀ ਦੀ ਤਨਖਾਹ ਤੋਂ ਇਲਾਵਾ ਇਸ ਏਰੀਏ ਦੇ ਦੁਕਾਨਦਾਰ ਉਸ ਨੂੰ ਤਿੱਥ ਤਿਓਹਾਰ ਉਤੇ ਕੁਝ ਨਾ ਕੁਝ ਨਕਦੀ ਵੀ ਦੇ ਦਿੰਦੇ ਸੀ। ਏਰੀਏ ਦੇ ਵਿਚ ਪੈਂਦੇ ਠੇਕੇ ਦੇ ਅਗੇ ਤੇ ਸੱਜੇ-ਖੱਬੇ ਦੀ ਉਹ ਉਚੇਚੇ ਤੌਰ ਤੇ ਚੰਗੀ ਤਰ੍ਹਾਂ ਨਾਲ ਸਫਾਈ ਕਰਦਾ ਸੀ, ਜਿਸ ਕਰਕੇ ਉਸ ਨੂੰ ਹਫਤੇ ਵਿਚ ਇਕ ਨਾ ਅੱਧੀ ਵਾਰ ਸੰਗਤਰਾ, ਮਾਲਟਾ ਜਾਂ ਗੁਲਾਬ ਮਾਰਕਾ ਦੇਸੀ ਸ਼ਰਾਬ ਦਾ ਪਊਆ ਮਿਲ ਜਾਂਦਾ ਸੀ। ਜਿਸ ਦਿਨ ਉਸ ਨੂੰ ਇਹ ਸ਼ਰਾਬ ਦਾ ਪਊਆ ਮਿਲਦਾ ਸੀ ਉਸ ਦਿਨ ਉਸ ਨੂੰ ਸ਼ਰਾਬ ਬਹੁਤੀ ਚੜਦੀ ਜਾਂ ਕਹਿ ਲਵੋ ਉਹ ਚੜਾ ਲੈਂਦਾ ਸੀ ਤੇ ਪੂਰਨ ਦੀ ਮਾਂ ਚੰਦ ਉਤੇ ਖੁਲ ਕੇ ਵਰਦਾ ਸੀ। ਗਲ ਵਧ ਜਾਣ ਤੇ ਚਾਟਾ ਪਰੇਡ ਵੀ ਕਰ ਦਿੰਦਾ। ਘਰ ਵਿਚ ਕੋਹਰਾਮ ਮਚ ਜਾਂਦਾ। ਗੁਆਂਢ ਵਿਚੋਂ ਆ ਕੇ ਪੂਰਨ ਦੀ ਦਾਦੀ ਮਿੱਠੂ ਨੂੰ ਘੂਰਦੀ, ਤਾੜਦੀ, ਝਿੜਕਦੀ ਤੇ ਚੁੱਪ ਕਰਕੇ ਬੈਠਣ ਲਈ ਆਖਦੀ ਤਾਂ ਕਿਤੇ ਜਾ ਕੇ ਘਰ ਵਿਚ ਟਿਕ-ਟਿਕਾ ਹੁੰਦਾ। ਸਾਰੇ ਮੁਹੱਲੇ ਵਿਚ ਇਕ ਦਾਦੀ ਹੀ ਸੀ ਜੋ ਚੰਦ ਦੀ ਮਦਦ ਕਰਦੀ ਸੀ, ਨਹੀਂ ਤਾਂ ਲੜਾਈ ਹੋਣ ਉਤੇ ਗੁਆਂਢੀ ਤਾਂ ਕੋਠਿਆਂ ਦੇ ਬਨੇਰਿਆਂ ਉਤੇ ਖੜ ਖੜ ਕੇ ਤਮਾਸ਼ੇ ਦੇਖਦੇ ਸੀ। ਉਂਝ ਜੇ ਧਿਆਨ ਮਾਰ ਕੇ ਦੇਖਦੇ ਤਾਂ ਇਹ ਸਭ ਕੁਝ ਇਸ ਬਸਤੀ ਵਿਚ ਕਿਸ ਦੇ ਘਰ ਨਹੀਂ ਹੁੰਦਾ ਸੀ, ਜਿਨ੍ਹਾਂ ਦੀਆਂ ਤੀਮੀਆਂ ਕ੍ਰਿਸਾਣ ਕਮਾਉਣ ਜਾਂਦੀਆਂ ਸੀ। ਸੂਰ ਪਾਲਣੇ, ਉਨ੍ਹਾਂ ਦਾ ਅਚਾਰ ਪਾਉਣਾ, ਦਾਰੂ ਪੀਣੀ, ਪੀ ਕੇ ਜਨਾਨੀਆਂ ਨੂੰ ਗਾਲਾਂ ਕਢਣੀਆਂ, ਕੁੱਟ ਮਾਰ ਕਰਨੀ ਇਸ ਬਸਤੀ ਦੇ ਮਰਦਾਂ ਦਾ ਇਕ ਅਵੱਲਾ ਸ਼ੌਕ ਬਣ ਚੁਕਿਆ ਸੀ। ਧੀ ਭੈਣ ਦੀ ਸੰਗ ਸ਼ਰਮ ਘਟ ਹੀ ਰਹਿ ਗਈ ਸੀ। ਮਰਦਾਂ ਵਲੋਂ ਕਢੀਆਂ ਜਾਂਦੀਆਂ ਗੰਦੀਆ ਤੋਂ ਗੰਦੀਆਂ ਤੇ ਲੁੱਚੀਆਂ ਤੋਂ ਲੁੱਚੀਆਂ ਗਾਲਾਂ ਦਾ ਅਸਰ ਸ਼ਾਇਦ ਹੀ ਕਿਸੇ ਕੁੜੀ ਕੱਤਰੀ ਉਤੇ ਹੁੰਦਾ ਹੋਵੇਗਾ। ਦਾਰੂ ਪੀ ਕੇ ਸਿਰਫ ਚੌਧਰ ਕਾਇਮ ਕਰਨ ਲਈ ਆਨੀ ਬਹਾਨੀ ਆਂਡੀਆਂ ਗੁਆਂਢੀਆਂ ਨਾਲ ਡਾਂਗ ਸੋਟਾ ਹੋ ਜਾਣਾ, ਗੱਲ ਥਾਣੇ ਤਕ ਪਹੁੰਚ ਜਾਣੀ, ਰਾਤ ਹਵਾਲਾਤ ਵਿਚ ਕੱਟਣੀ ਤੇ



ਸਵੇਰੇ ਰਾਤ ਦੀ ਪੀਤੀ ਦੇ ਉਤਰ ਜਾਣ ਉਤੇ ਮੁੜ ਸੁਲਾਅ ਸਫਾਈ ਕਰ ਲੈਣੀ ਵੀ ਇਸ ਬਸਤੀ ਦੇ ਬੰਦਿਆਂ ਲਈ ਆਮ ਜਿਹੀ ਗੱਲ ਸੀ।

ਮਿੱਠੂ ਰਾਮ ਨੇ ਆਪਣੇ ਵਲੋਂ ਤਾਂ ਸਾਰੇ ਜੁਆਕ ਹੀ ਪੜਨ ਪਾ ਦਿਤੇ ਸੀ ਪਰ ਮੰਗਲ ਅਤੇ ਜੁਮਨ ਪੰਜਵੀਂ ਪਾਸ ਵੀ ਨਾ ਕਰ ਸਕੇ। ਘਰ ਵਿਚ ਪੜਾਈ ਵਾਲਾ ਮਹੌਲ ਵੀ ਕਿਥੇ ਸੀ। ਉਨ੍ਹਾਂ ਦੀ ਨਿਗਰਾਨੀ ਕਰਨ ਵਾਲਾ ਕੋਈ ਨਹੀਂ ਸੀ, ਮਾਂ ਕ੍ਰਿਸਾਨ ਕਮਾ ਕੇ, ਰੋਟੀਆਂ ਲਿਆ ਕੇ, ਖਾ ਕੇ, ਥਕ ਕੇ ਸੌਂ ਜਾਂਦੀ। ਇਕ ਤਾਂ ਉਸ ਦੇ ਕ੍ਰਿਸਾਨਾਂ ਦੇ ਘਰ ਦੂਰ ਦੂਰ ਸਨ, ਦੂਜੇ ਬਹੁਤੇ ਘਰਾਂ ਦੀਆਂ ਪਹਿਲੀਆਂ ਮੰਜਲਾਂ ਉਤੇ ਜਾਂ ਚੁਬਾਰਿਆਂ ਦੀਆ ਛੱਤਾਂ ਉਤੇ ਖੁੱਡੀਆਂ ਬਣਾਈਆਂ ਹੋਈਆ ਸਨ। ਜਿਨ੍ਹਾਂ ਨੂੰ ਸਾਫ ਕਰਨ ਲਈ ਪੌੜੀਆਂ ਚੜ ਕੇ ਜਾਣਾ, ਉਤਰਨਾ, ਇਸ ਸਾਰੇ ਕਾਜ ਵਿਚ ਹੀ ਉਸਦੀਆਂ ਲੱਤਾਂ ਥਕ ਜਾਂਦੀਆਂ ਸੀ। ਬਾਪੂ ਪਹਿਲਾਂ ਸੜਕ ਦੀ ਸਫਾਈ ਕਰਦਾ, ਫੇਰ ਆ ਕੇ ਬਸਤੀ ਦੇ ਬਰੋਟੇ ਹੇਠ ਬੈਠ ਕੇ ਤਾਸ਼ ਜਾਂ ਤੀਲਾਂ ਖੇਡਣ ਲਗ ਜਾਂਦਾ। ਜਿਦੇ ਚਾਰ ਪੈਸੇ ਜਿੱਤ ਜਾਂਦਾ ਉਸ ਦਿਨ ਉਸ ਦੇ ਚਿਹਰੇ ਉਤੇ ਫੁੱਲ ਖਿੜੇ ਹੁੰਦੇ। ਢੋਲੇ ਦੀਆਂ ਗਾਉਂਦਾ। ਦਿਨੇ ਹੀ ਪੀਣੀ ਸ਼ੁਰੂ ਕਰ ਦਿੰਦਾ। ਜਿਦੋਂ ਹਾਰ ਜਾਂਦਾ ਉਸ ਦਿਨ ਪੌਂ ਖਾਧੇ ਕੁੱਤੇ ਵਾਂਗੂੰ ਅੰਦਰਲੇ ਕਮਰੇ ਵਿਚ ਆ ਕੇ ਮੰਜੇ ਉਤੇ ਡਿੱਗ ਪੈਂਦਾ। ਮਾੜੀ ਮਾੜੀ ਗਲ ਉਤੇ ਬਿਨਾਂ ਵਜ੍ਹਾ ਸਾਰਿਆਂ ਨੂੰ ਵੱਢ ਵੱਢ ਖਾਣ ਨੂੰ ਜਾਂਦਾ। ਇਸ ਤਰ੍ਹਾਂ ਦੋਵੇਂ ਜੀਆਂ ਕੋਲ ਬੱਚਿਆਂ ਦੀ ਦੇਖ-ਭਾਲ ਕਰਨ ਦਾ ਵਕਤ ਹੀ ਕਿਥੇ ਸੀ। ਜਿਸ ਕਰਕੇ ਬੱਚੇ ਕੀ ਕਰਦੇ ਹਨ, ਕੀ ਨਹੀਂ, ਚੰਗਾ ਕਰਦੇ ਹਨ ਕਿ ਮਾੜਾ, ਇਸਦੀ ਨਾ ਮਾਂ ਨੂੰ ਖਬਰ ਸੀ, ਨਾ ਪਿਊ ਨੂੰ। ਘਰ ਵਿਚ ਪੂਰੀ ਖੁੱਲ ਖੇਡ ਸੀ। ਉਨ੍ਹਾਂ ਨੂੰ ਚੰਗੇ-ਮੰਦੇ ਕੰਮਾਂ ਤੋਂ ਰੋਕਣ ਟੋਕਣ ਵਾਲਾ ਕੋਈ ਨਹੀਂ ਸੀ। ਦੂਜੇ ਬਚਪਨ ਦੀ ਇਹ ਮੂੜ ਮੱਤ ਹੋਣ ਕਰ ਕੇ ਉਹ ਆਪਣਾ ਭਲਾ ਬੁਰਾ ਨਹੀਂ ਸੋਚ ਸਕਦੇ ਸੀ, ਨਾ ਹੀ ਆਂਢ ਗੁਆਂਢ ਦੇ ਕਿਸੇ ਬੱਚੇ ਤੋਂ ਕੋਈ ਚੰਗੀ ਗੱਲ ਸਿੱਖ ਸਕਦੇ ਸੀ, ਕਿਉਂ ਕਿ ਇਥੇ ਤਾਂ ਬਸਤੀ ਵਿਚ ਹੀ ਕਹਿੰਦੇ ਨੇ ਘੋੜੇ ਵਾਲਾ ਫਿਰਿਆ ਹੋਇਆ ਸੀ। ਫੇਰ ਇਹ ਉਮਰ ਤਾਂ ਪੁੰਗਰ ਰਹੀ ਵੇਲ ਵਰਗੀ ਹੁੰਦੀ ਹੈ ਜਿਸ ਨੂੰ ਸਹਾਰੇ ਦੀ, ਦੇਖ ਭਾਲ ਦੀ, ਚੰਗੀ ਸਿਖਿਆ ਦੀ ਲੋੜ ਹੁੰਦੀ ਹੈ ਤਾਂ ਕਿ ਉਸ ਨਾਲ ਲਗ ਕੇ ਉਹ ਉਚੀ ਉਠ ਸਕੇ, ਫ਼ਲ ਸਕੇ, ਫੈਲ ਸਕੇ ਪਰ ਜੇ ਸਹਾਰਾ ਨਾ ਮਿਲੇ, ਨਿਗਰਾਨੀ ਨਾ ਹੋਵੇ, ਚੰਗੇ ਮਾੜੇ ਕੰਮਾਂ ਵਿਚਲੇ ਫਰਕ ਦੀ ਮੱਤ ਨਾ ਮਿਲੇ, ਤਾਂ ਉਹ ਮਰਜੀ ਨਾਲ ਜਿਧਰ ਵੀ ਸਿਰ ਚੁਕਿਆ ਗਿਆ ਉਧਰ ਹੀ ਹੋ ਜਾਂਦੀ ਹੈ। ਜੋ ਦਿਲ ਵਿਚ ਆਉਂਦਾ ਹੈ ਉਹ ਪੂਰਾ ਕਰ ਲੈਂਦੀ ਹੈ। ਜਿਸ ਕਰਕੇ ਉਹ ਸਕੂਲੋਂ ਆਉਂਦੇ। ਬਸਤੇ ਮੰਜਿਆਂ ਉਤੇ ਸਿੱਟ ਕੇ ਬਾਹਰ ਖੇਡਣ ਨਿਕਲ ਜਾਂਦੇ। ਪੂਰਨ ਜਦ ਉਨ੍ਹਾਂ ਨਾਲ ਖੇਡਣ ਲਈ ਬਾਹਰ ਨਿਕਦਾ ਤਾਂ ਮੁੰਡੇ ਉਸ ਨੂੰ ਨਫਰਤ ਦੀ ਨਿਗਾਹ ਨਾਲ ਦੇਖਦੇ। ਤਾਨੇ ਮਾਰਦੇ। ਖਿਝਾਉਂਦੇ। ਕਾਰਨ ਬਸ ਉਸ ਦਾ ਸੁੰਦਰ ਚਿਹਰਾ, ਗੋਰਾ ਰੰਗ, ਟਿੱਬਿਆਂ ਦੇ ਰੇਤੇ ਵਰਗੇ ਕੱਕੇ ਵਾਲ, ਭੂਰੀਆਂ ਗੋਲ ਅੱਖਾਂ ਹੀ ਸੀ। ਜਦੋਂ ਕਿ ਉਸ ਦਾ ਬਾਪ ਪੁੱਠੇ ਤਵੇ ਵਰਗੇ ਰੰਗ ਦਾ ਕਾਲਾ ਸੀ। ਮਾਂ ਦਾ ਰੰਗ ਪੱਕੇ ਖੰਘਰ ਵਰਗਾ। ਮੰਗਲ, ਜੁਮਨ ਤੇ ਰੋਜੀ ਦਾ ਰੰਗ ਵੀ ਅਫੀਮਚੀ ਹੀ ਸੀ। ਜਿਸ ਕਰਕੇ ਉਹ ਘਰਦਿਆਂ ਵਿਚ ਤਾਂ ਕੀ ਬਸਤੀ ਦੇ ਨਿਆਣਿਆਂ ਵਿਚੋਂ ਵੀ ਬਿਲਕੁਲ ਵਖਰਾ ਦਿਖਾਈ ਦਿੰਦਾ ਸੀ, ਜਿਵੇਂ ਗੋਲੇ ਕਬੂਤਰਾਂ ਵਿਚ ਕੋਈ ਔਟਲਿਆ ਹੋਇਆ ਸਫੈਦ ਤਾਰਾ ਕਬੂਤਰ ਆ ਕੇ ਰਲ ਜਾਵੇ। ਇਸ ਵਾਸਤੇ ਹੀ ਉਹ ਉਸ ਨੂੰ ਕੁ-ਨਸਲਾ ਕਹਿੰਦੇ ਸੀ। ਕੁ-ਬੀਜ ਦਸਦੇ। ਲੜਾਈ ਹੋ ਜਾਂਦੀ। ਘਸੁੰਨ-ਮੁੱਕੀ ਹੁੰਦੀ। ਇੱਟਾਂ ਵੱਟੇ ਚਲ ਜਾਂਦੇ। ਉਲਾਂਭੇ ਆਉਂਦੇ, ਦਿਤੇ ਜਾਂਦੇ। ਮੰਗਲ ਤੇ ਜੁਮਨ ਵੀ ਉਸ ਨੂੰ ਨਾਲ ਨਾ ਰਲਾਉਂਦੇ ਕਿਉਂ ਕਿ ਉਨ੍ਹਾਂ ਨੂੰ ਵੀ ਉਸ ਦੇ ਕਰਕੇ ਬਸਤੀ ਦੇ ਮੁੰਡਿਆਂ ਦੀਆਂ ਗੱਲਾਂ ਸੁਣਨੀਆਂ ਪੈਂਦੀਆਂ ਸੀ। ਸ਼ੁਰੂ ਸ਼ੁਰੂ ਵਿਚ ਤਾਂ ਉਹ ਇਸ ਗਲ ਕਰਕੇ ਲੜਦੇ ਵੀ ਰਹੇ ਸੀ ਪਰ ਫੇਰ ਹੌਲੀ ਹੌਲੀ ਉਹ ਇਸ ਦੇ ਆਦੀ ਹੋ ਗਏ। ਭਰਾਵਾਂ ਅਤੇ ਬਸਤੀ ਦੇ ਬੱਚਿਆਂ ਦੀ ਨਫਰਤ ਦੀ ਮਾਰ ਨਾ ਸਹਿੰਦਾ ਹੋਇਆ ਪੂਰਨ ਸਕੂਲ ਆ ਕੇ ਘਰ ਵਿਚ ਹੀ ਰਹਿਣ ਲਗ ਪਿਆ। ਜਿਨਾ ਜੀਅ ਕਰਦਾ ਇਕੱਲਾ ਹੀ ਖੇਡਦਾ ਜਾਂ ਫੇਰ ਪੜ੍ਹਦਾ ਰਹਿੰਦਾ, ਜਿਸ ਕਰਕੇ ਉਹ ਪੜ੍ਹਾਈ ਵਿਚ ਚੰਗਾ ਚਲ ਪਿਆ ਸੀ।

ਥੋੜਾ ਜਿਹਾ ਵੱਡਾ ਹੋਇਆ ਤਾਂ ਉਸ ਨੂੰ ਇਸ ਗੱਲ ਦੀ ਵੀ ਸਮਝ ਆ ਗਈ ਕਿ ਉਸ ਦੇ ਮਾਂ-ਪਿਓ ਦੇ ਵਿਚਕਾਰ ਹਮੇਸ਼ਾ ਝਗੜਾ ਰਹਿਣ ਦਾ ਕਾਰਨ ਉਸ ਦਾ ਚਿਹਰਾ ਮੁਹਰਾ, ਨੈਣ ਨਕਸ਼ ਤੇ ਗੋਰਾ ਰੰਗ ਹੀ ਸੀ। ਜਿਸ ਕਰਕੇ ਉਸ ਦਾ ਪਿਓ ਉਸ ਦੀ ਮਾਂ ਨੂੰ ਬਦਚਲਣ

ਸਮਝਦਾ ਸੀ, ਦਸਦਾ ਸੀ। ਇਸ ਦੇ ਸੰਬੰਧ ਵਿਚ ਉਸ ਦੀ ਮਾਂ ਮਿੱਠੂ ਨੂੰ ਆਪਣੇ ਚਾਰੇ ਬੱਚਿਆਂ ਦੀਆਂ, ਵੱਡੇ ਵਡੇਰਿਆ ਦੀਆਂ, ਪੀਰਾ ਫ਼ਕੀਰਾਂ ਦੀਆਂ ਸੌਹਾਂ ਚੁੱਕ ਚੁੱਕ ਕੇ ਕਈ ਵਾਰ ਸਪਸ਼ਟੀਕਰਨ ਦੇ ਚੁੱਕੀ ਸੀ, "ਮੈਂ ਕਿਸੇ ਪਰਾਏ ਮਰਦ ਨਾਲ ਅਜਿਹਾ ਕੋਈ ਮਾੜਾ ਕੰਮ ਨਹੀਂ ਕੀਤਾ। ਇਹ ਤਾਂ ਕੁਦਰਤ ਦੀ ਖੇਡ ਹੈ। ਚੰਗੇ ਭਲੇ ਜੋੜਿਆਂ ਦੇ ਵੀ ਤਾਂ ਫੁਲਵੈਰੀ ਵਾਲੇ ਬੱਚੇ ਜੰਮ ਜਾਂਦੇ ਨੇ। ਕਾਲੀ ਮੱਝ ਤੇ ਕਾਲੇ ਝੋਟੇ ਦੇ ਮਿਲਣ ਤੋਂ ਬਾਅਦ ਵੀ ਬੂਰਾ ਕੱਟਾ ਪੈਦਾ ਹੋ ਜਾਂਦਾ ਹੈ।" ਪਰ ਥੰਧੇ ਘੜੇ ਉਤੇ ਪਈਆਂ ਪਾਣੀ ਦੀਆਂ ਬੂੰਦਾਂ ਵਾਂਗੂੰ ਉਸ ਦੇ ਦਿਮਾਗ਼ ਤੇ ਇਨ੍ਹਾਂ ਗੱਲਾਂ ਦਾ ਕੋਈ ਅਸਰ ਨਾ ਹੁੰਦਾ।

ਪਹਿਲਾਂ ਪਹਿਲ ਤਾਂ ਮਿੱਠੂ ਰਾਮ ਪਊਆ ਪੀਂਦਾ ਸੀ। ਫੇਰ ਅੱਧੀਆ ਪੀਣ ਲਗ ਪਿਆ ਤੇ ਫੇਰ ਪੂਰੀ ਸਾਲਮ ਦੀ ਸਾਲਮ ਬੋਤਲ ਨੂੰ ਹੀ ਇਕੱਲਾ ਗੇੜਾ ਦੇਣ ਲਗ ਪਿਆ ਸੀ। ਘਰ ਵਿਚ ਆਰਥਕ ਤੰਗੀ ਜੋਰ ਫੜਨ ਲਗ ਪਈ ਸੀ। ਕਮੇਟੀ ਵਿਚੋਂ ਮਿਲਦੀ ਆਪਣੀ ਤਨਖਾਹ ਵਿਚੋਂ ਤਾਂ ਉਸਨੇ ਘਰ ਕੀ ਦੇਣਾ ਸੀ ਉਹ ਤਾਂ ਸਗੋਂ ਪੂਰਨ ਦੀ ਮਾਂ ਦੀ ਕਮਾਈ ਵਿਚੋਂ (ਜਿਹੜੇ ਉਹ ਕ੍ਰਿਸਾਨਾ ਤੋਂ ਪੰਜ ਰੁਪੈ ਫੀ ਘਰ ਇਕੱਠੇ ਕਰਕੇ ਲਿਆਉਂਦੀ ਸੀ) ਵੀ ਖਿਚ ਲੈਂਦਾ ਸੀ। ਜਿਸ ਕਰਕੇ ਘਰ ਵਿਚ ਕਲੇਸ਼ ਹੋਰ ਵਧ ਜਾਂਦਾ ਸੀ।

ਮੰਗਲ ਜੁਆਨ ਹੋ ਗਿਆ ਸੀ। ਹਸਪਤਾਲ ਵਿਚ ਸਫਾਈ ਸੇਵਕ ਲਗ ਗਿਆ। ਵਿਆਹ ਕਰਵਾ ਕੇ ਥੋੜਾ ਜਿਹਾ ਚਿਰ ਤਾਂ ਉਹ ਟਬਰ ਦੇ ਨਾਲ ਰਿਹਾ ਪਰ ਫੇਰ ਘਰਦੇ ਕਲੇਸ਼ ਭਰੇ ਮਹੌਲ ਤੋਂ ਤੰਗ ਆ ਕੇ ਆਪਣੇ ਹਿੱਸੇ ਦੇ ਘਰ ਵਿਚ ਕੰਧ ਕਢ ਕੇ ਵਖ ਹੋ ਗਿਆ ਸੀ। ਦੂਜੇ ਉਸ ਦੀ ਜਨਾਨੀ ਨੂੰ ਆਪਣੀ ਸੱਸ ਦੇ ਕ੍ਰਿਸਾਣ ਕਮਾਉਣ ਵਾਲਾ ਕੰਮ ਵੀ ਚੰਗਾ ਨਹੀਂ ਲਗਦਾ ਸੀ। ਚੰਗਾਂ ਤਾਂ ਕਿਸੇ ਨੂੰ ਵੀ ਨਹੀਂ ਸੀ ਲਗਦਾ ਪਰ ਕੀਤਾ ਕੁਝ ਨਹੀਂ ਜਾ ਸਕਦਾ ਸੀ। ਉਸਦੇ ਕਪੜਿਆਂ ਵਿਚੋਂ ਆਉਂਦੀ ਬਦਬੂ ਤਾਂ ਕਿਸੇ ਨੂੰ ਵੀ ਪ੍ਰੇਸ਼ਾਨ ਕਰ ਸਕਦੀ ਸੀ। ਕਈ ਵਾਰ ਤਾਂ ਉਸ ਦੀਆਂ ਕ੍ਰਿਸਾਣਾਂ ਤੋਂ ਇਕੱਠੀਆਂ ਕਰਕੇ ਲਿਆਂਦੀਆ ਰੋਟੀਆ ਵਿਚੋਂ ਵੀ ਬਦਬੂ ਇਸ ਤਰ੍ਹਾਂ ਆਉਦੀ ਲਗਦੀ ਕਿ ਬੁਰਕੀ ਗਲ ਤੋਂ ਹੇਠਾਂ ਨਾ ਲੰਘਦੀ। ਉਲਟੀ ਆਉਣ ਨੂੰ ਹੋ ਜਾਂਦੀ। ਘਰੇਲੂ ਹਾਲਤਾਂ ਅਨੁਸਾਰ ਕ੍ਰਿਸਾਣ ਕਮਾਉਣੇ ਉਸਦੀ ਮਜ਼ਬੂਰੀ ਵੀ ਬਣੀ ਹੋਈ ਸੀ।

ਜੁਮਨ ਫੌਜ ਵਿਚ ਭਰਤੀ ਹੋ ਕੇ ਮੇਰਠ ਚਲਿਆ ਗਿਆ ਸੀ। ਛੁੱਟੀ ਆਏ ਜੁਮਨ ਨੇ ਮੰਗਲ ਨੂੰ ਨਾਲ ਲੈ ਕੇ ਮਾਂ ਨੂੰ ਕਿਹਾ, "ਮਾਂ ਅਸੀਂ ਹੁਣ ਦੋਵੇ ਚੰਗਾ ਕਮਾਉਣ ਲਗ ਪਏ ਹਾਂ। ਸਮਾਜ ਵਿਚ ਸਾਡੀ ਇੱਜਤ ਹੈ। ਪਹਿਲਾਂ ਜੋ ਕੁਝ ਹੋਇਆ ਉਹ ਘਰ ਦੀ ਮਜ਼ਬੂਰੀ ਸੀ ਪਰ ਹੁਣ ਅਸੀਂ ਨਹੀਂ ਚਾਹੁੰਦੇ ਕਿ ਸਾਡੀ ਮਾਂ ਲੋਕਾਂ ਦਾ ਗੰਦ ਢੋਦੀ ਫਿਰੇ....ਫੇਰ ਹੁਣ ਤੇਰੀ ਉਮਰ ਵੀ ਏਨੀ ਮਿਹਨਤ ਕਰਨ ਦੀ ਨਹੀਂ ਰਹੀ। ਘਰ ਦਾ ਖਰਚ ਅਸੀਂ ਆਪੇ ਚਲਾਵਾਂਗੇ ਪਰ ਤੂੰ ਇਹ ਕੰਮ ਛੱਡ ਦੇ...।" ਪੁੱਤਰਾਂ ਦੀ ਗਲ ਸੁਣ ਕੇ ਮਾਂ ਕੁਝ ਚਿਰ ਤਾਂ ਚੁੱਪ ਰਹੀ ਫੇਰ ਅਚਾਨਕ ਇਸ ਤਰ੍ਹਾ ਬੋਲੀ ਜਿਵੇਂ ਉਸਨੂੰ ਕੁਝ ਯਾਦ ਆ ਗਿਆ ਹੋਵੇ "ਜਿਨ੍ਹਾਂ ਕ੍ਰਿਸਾਣਾਂ ਦੀਆਂ ਰੋਟੀਆਂ ਸਿਰ ਤੇ ਮੈਂ ਤੁਹਾਨੂੰ ਪਾਲਿਐ, ਉਹਨਾਂ ਨੂੰ ਜਿਨਾਂ ਚਿਰ ਮੇਰੇ ਨੈਣ ਪਰਾਣ ਕੰਮ ਕਰਦੇ ਨੇ ਨਹੀਂ ਛਡ ਸਕਦੀ....। ਤੁਸੀਂ ਬੇਸ਼ਕ ਮੈਨੂੰ ਛੱਡ ਦਿਓ...।"

ਮਾਂ ਦੀ ਸਿਰੇ ਦੀ ਗਲ ਸੁਣ ਕੇ ਦੋਵੇ ਭਰਾਵਾਂ ਨੂੰ ਬੇਹੱਦ ਨਿਰਾਸ਼ਾ ਹੋਈ। ਪਰ ਉਹ ਉਸ ਨਾਲ ਕੋਈ ਜੋਰਾ ਜਰਬੀ ਵੀ ਨਹੀਂ ਕਰ ਸਕਦੇ ਸੀ। ਹਾਰ ਕੇ ਦੋਵੇਂ ਭਰਾ ਉਥੋਂ ਉਠ ਖੜੇ ਸੀ। ਉਸ ਰਾਤ ਦੋਵੇ ਭਰਾਵਾਂ ਨੇ ਜੁਮਨ ਦੀ ਮਿਲਟਰੀ ਕੋਟੇ ਵਿਚੋਂ ਬਚਾਕੇ ਲਿਆਂਦੀ ਰੰਮ ਰੱਜ ਕੇ ਪੀਤੀ ਸੀ। ਤੇ ਭਾਵੁਕ ਹੋ ਕੇ ਇਕ ਦੂਜੇ ਦੇ ਗਲ ਨੂੰ ਲਗ ਕੇ ਰੋ ਪਏ ਸੀ।

ਮਿੱਠੂ ਰਾਮ ਨੂੰ ਤਾਂ ਸਿਵਾਏ ਦਾਰੂ ਦੇ ਹੋਰ ਕਿਸੇ ਦੀ ਚੜਦੀ ਲਹਿੰਦੀ ਦਾ ਫਿਕਰ ਹੀ ਨਹੀਂ ਸੀ ਰਹੀ। ਰੋਜੀ ਜੁਆਨ ਹੋ ਗਈ ਸੀ। ਚੰਦ ਬੁਢਾਪੇ ਵਲ ਵਧ ਰਹੀ ਸੀ। ਘਰ ਘਰ ਫਿਰਦੀ ਕੋਠਿਆਂ, ਚੁਬਾਰਿਆਂ, ਦੀਆਂ ਪੌੜੀਆਂ ਚੜਦੀ-ਉਤਰਦੀ ਉਹ ਪੂਰੀ ਤਰ੍ਹਾਂ ਥਕ ਜਾਂਦੀ ਸੀ। ਕਮਾ ਕੇ ਆ ਕੇ ਉਹ ਮੰਜੇ ਉਤੇ ਨਿਢਾਲ ਹੋ ਕੇ ਡਿੱਗ ਪੈਂਦੀ। ਫੇਰ ਕੁਝ ਚਿਰ ਅਰਾਮ ਕਰਕੇ, ਨਹਾ ਕੇ, ਕਪੜੇ ਬਦਲ ਕੇ ਰੋਜੀ ਨੂੰ ਨਾਲ ਲੈ ਕੇ ਰੋਟੀਆਂ ਇਕੱਠੀਆਂ ਲੈਣ ਤੁਰ ਪੈਂਦੀ। ਜਦ ਕੁੜੀ ਉਸਦੇ ਨਾਲ ਕ੍ਰਿਸਾਣਾਂ ਦੇ ਜਾਣ ਲਗ ਪਈ ਤਾਂ ਮਿੱਠੂ ਰਾਮ ਨੇ ਫੇਰ ਘਰ ਵਿਚ ਸੂਣੀ ਖੜੀ ਕਰ ਦਿਤੀ। ਰਜ ਕੇ ਕਲੇਸ ਕਰਨਾ ਸ਼ੁਰੂ ਕਰ ਦਿਤਾ। ਉਸਦੇ ਤੇ ਚੰਦ ਦੇ ਵਿਚਕਾਰ ਇਕ



ਦਿਨ ਜੰਮ ਕੇ ਲੜਾਈ ਹੋਈ। ਜਦੋਂ ਮਿਠੂ ਰਾਮ ਨੇ ਹਰਖ ਕੇ ਕਿਹ ਦਿਤਾ ਸੀ, "ਖੁੱਦ ਤਾਂ ਸਾਲੀਏ, ਕੁੱਤੀਏ ਲਿਬੜੀ ਹੀ ਸੀ ਹੁਣ ਮੇਰੀ ਧੀ ਨੂੰ ਲਬੇੜੇਂਗੀ..?"

ਮਿੱਠੂ ਦੀ ਗਲ ਸੁਣ ਕੇ ਚੰਦ ਆਪੇ ਤੋਂ ਬਾਹਰ ਹੋ ਕੇ ਗਰਜੀ, "ਕੰਜਰਾ ਜੇ ਤੂੰ ਕਿਸੇ ਕੰਮ ਦਾ ਹੁੰਦਾ ਤਾਂ ਮੈਨੂੰ ਕੀ ਲੋੜ ਸੀ ਲੋਕਾਂ ਦਾ ਗੰਦ ਢੋਣ ਦੀ..? ਗੰਦ ਸੁਣਨ ਦੀ... ? ਸਾਰੀ ਉਮਰ ਬਾਤ ਨੀਂ ਪੁੱਛੀ ਕਿ ਘਰ ਦਾ ਤੋਰਾ ਕਿਵੇਂ ਤੁਰਦਾ ਹੈ...। ਖਾ ਲਿਆ...ਪੀ ਲਿਆ....ਗੰਦ ਬਕ ਲਿਆ....। ਮੈਂ ਪੁਛਦੀਆਂ ਬੰਦਿਆ ਰੱਬ ਦਿਆਂ, ਤੈਨੂੰ ਪੈ ਜਾਏ ਪਲੇਗ... ਤੈਂ ਕੀ ਸਵਾਰਿਐ ਘਰ ਦਾ...? ਕਦੇ ਕਿਸੇ ਬੱਚੇ ਦੇ ਹੱਥ ਉਤੇ ਦਸੀ ਵੀ ਧਰੀ ਐ....?" ਚੰਦ ਦੀਆਂ ਨਿੰਮ ਦੇ ਪੱਤਿਆਂ ਵਰਗੀਆਂ ਕੌੜੀਆਂ ਤੇ ਸੱਚੀਆਂ ਗੱਲਾਂ ਸੁਣਕੇ ਮਿੱਠੂ ਦਾ ਪਾਰਾ ਦਿਮਾਗ਼ ਨੂੰ ਚੜ ਗਿਆ। ਗਲ ਮਾਰ ਕੁਟਾਈ ਤੱਕ ਪਹੁੰਚ ਗਈ। ਕੁੜੀ ਭੱਜ ਕੇ ਗੁਆਂਢ ਚੋਂ ਭਰਜਾਈ ਨੂੰ ਬੁਲਾ ਲਿਆਈ। ਨਣਦ ਭਰਜਾਈ ਨੇ ਰਲ ਕੇ ਤਾਂ ਕਿਤੇ ਮਿੱਠੂ ਤੋਂ ਚੰਦੋਂ ਨੂੰ ਛੁਡਾਇਆ।

ਸ਼ਾਮ ਨੂੰ ਹਸਪਤਾਲ ਤੋਂ ਆਏ ਮੰਗਲ ਨੂੰ ਉਸ ਦੀ ਪਤਨੀ ਨੇ ਸਾਰੀ ਗਲ ਦਸ ਦਿਤੀ।

"ਇਹ ਗੱਲ ਤਾਂ ਪਿਤਾ ਜੀ ਦੀ ਠੀਕ ਐ। ਜੁਆਨ ਕੁੜੀ ਘਰ ਘਰ ਫੇਰਨੀ ਕੋਈ ਚੰਗੀ ਗੱਲ ਤਾਂ ਨਹੀਂ। ਪਹਿਲਾਂ ਪੂਰਨ ਵਾਲਾ ਦਾਗ਼ ਹੀ ਨਹੀਂ ਮਿੱਟ ਰਿਹਾ।" ਮੰਗਲ ਨੇ ਕਿਹਾ

"ਮੈਂ ਤਾਂ ਕਹਿਨੀਆਂ ਏਸ ਤੋਂ ਪਹਿਲਾਂ ਕਿ ਆਪਣੀ ਕੋਈ ਬਦਨਾਮੀ ਹੋਵੇ, ਕੋਈ ਚੰਗਾ ਜਾਅ ਮੁੰਡਾ ਦੇਖ ਕੇ ਕੁੜੀ ਦੇ ਹੱਥ ਪੀਲੇ ਕਰ ਦਿਓ...।"

"ਹਾਂ ਇਹ ਤਾਂ ਆਪਾਂ ਨੂੰ ਹੀ ਕਰਨਾ ਪੈਣੇ ਨੇ.....ਦੋ ਦਿਨ ਅੱਗੋਂ ਕਿ ਪਿਛੋਂ.... ਪਿਤਾ ਜੀ ਤੋਂ ਕੋਈ ਆਸ ਰਖਣੀ ਫ਼ਜ਼ੂਲ ਐ......ਕਰਦੇ ਆਂ ਕਿਸੇ ਮੁੰਡੇ ਦੀ ਤਲਾਸ਼"

"ਇਕ ਮੇਰੀ ਭੂਆ ਦੇ ਗੁਆਂਢ ਵਿਚ ਢੁਹਾਣੇ ਐ ਮੁੰਡਾ। ਕੁਛ ਪੜਿਆ ਵੀ ਹੋਇਐ। ਘਰ ਵੀ ਚੰਗੈ। ਕਮੇਟੀ ਵਿਚ ਟਰੈਕਟਰ ਡਰੈਵਰ ਲਗਿਆ ਹੋਇਐ...।"

"ਕਰ ਲੈ ਗੱਲ ਫੇਰ.....।"

ਦੂਜੇ ਦਿਨ ਹੀ ਮੰਗਲ ਦੀ ਜਨਾਨੀ ਢੁਹਾਣੇ ਆਪਣੀ ਭੂਆ ਕੋਲ ਚਲੀ ਗਈ। ਮੁੰਡਾ ਦੇਖਿਆ। ਗਲ ਕੀਤੀ। ਬਾਕੀ ਪਰਿਵਾਰ ਨੂੰ ਵੀ ਦਖਾਇਆ। ਸਾਰਿਆਂ ਦੇ ਪਸੰਦ ਆ ਗਿਆ ਤੇ ਕੁੜੀ ਵਿਆਹ ਕੇ ਤੋਰ ਦਿੱਤੀ।

ਕੁੜੀ ਨੂੰ ਤੋਰ ਕੇ ਚੰਦੋ ਇਕੱਲੀ ਰਹਿ ਗਈ ਸੀ। ਪੂਰਨ ਨੂੰ ਵੀ ਡੀ. ਸੀ. ਦਫਤਰ ਵਿਚ ਚਪੜਾਸੀ ਦੀ ਨੌਕਰੀ ਮਿਲ ਗਈ ਸੀ। ਸ਼ਹਿਰ ਵਿਚ ਸ਼ੀਵਰੇਜ ਪੈਣ, ਫਲੱਸ਼ ਸਿਸਟਮ ਚਾਲੂ ਹੋ ਜਾਣ, ਤੇ ਗਰਕੀਆਂ ਦੇ ਬਣ ਜਾਣ ਕਰਕੇ ਚੰਦ ਦਾ ਕ੍ਰਿਸਾਨਾਂ ਵਾਲਾ ਕੰਮ ਵੀ ਲਗ ਭਗ ਬੰਦ ਹੀ ਹੋ ਗਿਆ ਸੀ। ਕੁਝ ਵੱਡੇ ਘਰਾਂ ਵਿਚ, ਅਫਸਰਾਂ ਦੀਆਂ ਕੋਠੀਆਂ ਵਿਚ ਝਾੜੂ ਦੇਣ ਦਾ ਕੰਮ ਅਜੇ ਥੋੜਾ ਬਹੁਤਾ ਚਲ ਰਿਹਾ ਸੀ। ਜਿਹੜਾ ਸਵੇਰੇ ਸਵੇਰੇ ਹੀ ਮੁੱਕ ਜਾਂਦਾ ਸੀ। ਬਾਕੀ ਸਾਰਾ ਦਿਨ ਉਹ ਘਰ ਵਿਚ ਇਕੱਲੀ ਵਿਹਲੀ ਪਈ ਰਹਿੰਦੀ। ਸਮਾਂ ਕੱਟ ਨਾ ਹੁੰਦਾ। ਇਕਾਂਤ ਵੱਢ ਵੱਢ ਖਾਂਦਾ। ਦੂਸਰਿਆਂ ਦੇ ਘਰ ਵੀ ਕਿੰਨਾ ਚਿਰ ਬੈਠਿਆ ਜਾ ਸਕਦਾ ਹੈ। ਇਸ ਲਈ ਉਸਨੇ ਛੁੱਟੀ ਆਏ ਜੁਮਨ ਨੂੰ ਵਿਆਹ ਕਰਵਾਉਣ ਵਾਸਤੇ ਜੋਰ ਪਾਇਆ। ਜਿਹੜਾ ਛੇਤੀ ਹੀ ਮੰਨ ਗਿਆ ਸੀ। ਉਮਰ ਵੀ ਹੁਣ ਉਸਦੀ ਵੱਤ ਸਿਰ ਹੋ ਗਈ ਸੀ। ਹੋਰ ਕੋਈ ਕੰਮ ਵੀ ਨਹੀਂ ਰਹਿ ਗਿਆ ਸੀ ਕਰਨ ਵਾਲਾ। ਵਿਆਹ ਹੋ ਗਿਆ। ਕੁਝ ਚਿਰ ਰਹਿ ਕੇ ਛੁੱਟੀ ਪੂਰੀ ਹੋ ਜਾਣ ਤੇ ਫੌਜੀ ਵਾਪਸ ਚਲਿਆ ਗਿਆ।

ਪੂਰਨ ਦੀ ਨਵੀਂ ਆਈ ਭਰਜਾਈ ਗੋਰੀ ਚਿੱਟੀ ਹੱਥ ਲਾਇਆਂ ਮੈਲੀ ਹੋਣ ਵਾਲੀ ਸੀ। ਆਂਢ ਗੁਆਂਢ ਦੇ ਮੁੰਡੇ-ਖੁੰਡੇ ਥਾਂ ਸਿਰ ਲਗਦੀਆਂ ਜਨਾਨੀਆਂ ਪੂਰਨ ਨੂੰ ਟਿਚਰਾਂ ਕਰਦੀਆਂ "ਬਹੂ ਦਾ ਅਸਲੀ ਜੋੜ ਤਾਂ ਪੂਰਨਾ ਤੇਰੇ ਨਾਲ ਹੀ ਬਣਦਾ ਸੀ.....ਫੌਜੀ ਨਾਲ ਤਾਂ ਕਾਂ ਦੀ ਘਰਵਾਲੀ ਘੁੱਗੀ ਵਾਲੀ ਗੱਲ ਹੈ... ਪਰ..."

"ਹੁਣ ਵੀ ਤਾਂ ਏਸੇ ਕੋਲ ਈ ਐ ਫੌਜੀ ਤਾਂ ਕਿਤੇ ਸਾਲ ਨੂੰ ਮੁੜ ਕੇ ਆਵੇਗਾ...।"

ਲੋਕਾਂ ਦੀਆਂ ਗੱਲਾਂ ਸੁਣਦਾ। ਉਸ ਨੂੰ ਇਕ ਚੜਦੀ, ਇਕ ਉਤਰਦੀ। ਫੇਰ ਸੋਚਦਾ ਕਿਸ ਕਿਸ ਨਾਲ ਲੜਦਾ ਫਿਰਾਂਗਾ। ਏਥੇ ਤਾਂ ਆਵਾ ਈ ਊਤਿਆ ਪਿਐ, ਜਿਸ ਕਰਕੇ ਉਹ

ਲੋਕਾਂ ਦੀਆਂ ਕਹੀਆਂ ਗੱਲਾਂ ਸੁਣਕੇ ਹੱਸ ਕੇ ਟਾਲ ਛੱਡਦਾ।

ਰਿਸ਼ੀ ਵਾਲਮੀਕ ਦਾ ਜਨਮ ਉਤਸਵ ਮਨਾਏ ਜਾਣ ਤੋਂ ਪਹਿਲਾਂ ਇਕ ਦਿਨ ਬਸਤੀ ਵਲੋਂ ਜਲੂਸ ਕਢਿਆ ਜਾਦਾ ਸੀ। ਜਿਸ ਵਿਚ ਰਿਸ਼ੀ ਜੀ ਨਾਲ ਸੰਬੰਧਤ ਝਾਕੀਆਂ ਤਿਆਰ ਕੀਤੀਆ ਜਾਂਦੀਆਂ ਸਨ। ਜਲੂਸ ਦੀ ਅਗਵਾਈ ਕਰਨ ਲਈ ਸਭ ਤੋਂ ਅੱਗੇ ਬਸਤੀ ਦੇ ਸਭ ਤੋਂ ਸੋਹਣੇ ਮੁੰਡੇ-ਕੁੜੀਆਂ ਚੋਂ ਜੋੜੇ ਨੂੰ ਦੋ ਲਾਠੀਆਂ ਵਿਚ ਫਿਟ ਕੀਤਾ ਬੈਨਰ ਫੜਾਇਆ ਜਾਂਦਾ ਸੀ। ਇਸ ਵਾਰ ਬਸਤੀ ਦੇ ਮੁੱਖੀ ਨੇ ਪੂਰਨ ਤੇ ਉਸ ਦੀ ਭਰਜਾਈ ਨੂੰ ਇਹ ਡਿਊਟੀ ਨਿਭਾਉਣ ਦੀ ਹਦਾਇਤ ਕੀਤੀ ਸੀ। ਪਰ ਲੋਕਾਂ ਦੀ ਚਰਚਾ ਤੋਂ ਡਰਦੇ ਮਾਰੇ ਪੂਰਨ ਨੇ ਭਰਜਾਈ ਨਾਲ ਜਲੂਸ ਦੀ ਅਗਵਾਈ ਕਰਨ ਤੋਂ ਸਾਫ ਜਵਾਬ ਦੇ ਦਿਤਾ ਸੀ। ਜਿਸ ਕਰਕੇ ਉਸ ਨੂੰ ਮੁੱਖੀ ਦੀ ਨਰਾਜ਼ਗੀ ਦਾ ਵੀ ਸਾਹਮਣਾ ਕਰਨਾ ਪਿਆ ਸੀ। ਜਲੂਸ ਦੀ ਅਗਵਾਈ ਤੋਂ ਬਾਅਦ ਤਾਂ ਜੁਮਨ ਦੀ ਜਨਾਨੀ ਦੇ ਰੂਪ ਦੀ ਚਰਚਾ ਸਾਰੀ ਬਸਤੀ ਦੇ ਬੱਚੇ ਬੱਚੇ ਦੀ ਜ਼ੁਬਾਨ ਉਤੇ ਸੀ। ਜਿਥੇ ਪਹਿਲਾਂ ਥਾਂ ਸਿਰ ਲਗਦੇ ਮਰਦ-ਤੀਵੀਆਂ, ਮੁੰਡੇ-ਕੁੜੀਆਂ ਸਿਰਫ ਪੂਰਨ ਨੂੰ ਹੀ ਭਰਜਾਈ ਨਾਲ ਜੋੜ ਕੇ ਟਿੱਚਰਾਂ ਕਰਦੇ ਸੀ ਉਥੇ ਹੁਣ ਇਹੀ ਹਾਲ ਜੁਮਨ ਦੀ ਜਨਾਨੀ ਨਾਲ ਸ਼ੁਰੂ ਹੋ ਗਿਆ ਸੀ। ਪੂਰਨ ਦੀ ਤਰ੍ਹਾਂ ਪਹਿਲਾਂ ਪਹਿਲ ਤਾਂ ਉਸ ਨੂੰ ਟਿੱਚਰਾਂ ਕਰਨ ਵਾਲਿਆਂ ਉਤੇ ਗੁੱਸਾ ਆਇਆ। ਇਕ ਦੋ ਨਾਲ ਲੜੀ ਵੀ ਪਰ ਜਦ ਇਹ ਕੰਮ ਰੋਜ ਦਾ ਹੀ ਹੋ ਗਿਆ ਤਾਂ ਉਹ ਵੀ ਹਾਰ ਕੇ, ਹੱਸ ਕੇ ਟਾਲਣ ਲਗ ਪਈ।

ਇਕ ਛੁੱਟੀ ਦਾ ਦਿਨ ਸੀ। ਮਾਂ ਕਿਸੇ ਕ੍ਰਿਸਾਣ ਦੇ ਘਰ ਵਿਆਹ ਵਿਚ ਗਈ ਹੋਈ ਸੀ। ਘਰ ਵਿਚ ਪੂਰਨ ਤੇ ਉਸ ਦੀ ਭਰਜਾਈ ਹੀ ਸਨ। ਪੂਰਨ ਆਪਣੇ ਮੰਜੇ ਉਤੇ ਅਰਾਮ ਨਾਲ ਲੰਮਾ ਪਿਆ ਸੀ ਤਾਂ ਭਰਜਾਈ ਉਸਦੇ ਮੰਜੇ ਦੀ ਬਾਹੀ ਉਤੇ ਆ ਕੇ ਬਹਿ ਗਈ। ਅਚਾਨਕ ਭਰਜਾਈ ਨੂੰ ਮੰਜੇ ਦੀ ਬਾਹੀ ਉਤੇ ਬਹਿੰਦਿਆਂ ਦੇਖ ਕੇ ਪੂਰਨ ਉਠ ਕੇ ਬੈਠ ਗਿਆ। ਭਰਜਾਈ ਨੇ ਪੂਰਨ ਦੇ ਚਿਹਰੇ ਵਲ ਨੀਝ ਲਾ ਕੇ ਦੇਖਦਿਆਂ ਕਿਹਾ, "ਪੂਰਨ ਤੈਨੂੰ ਪਤੈ ਲੋਕ ਆਪਣੇ ਬਾਰੇ ਕੀ ਕਹਿੰਦੇ ਨੇ....?"

"ਪਤੈ....ਫ਼ੇਰੀ ਕੀ ਕਰੀਏ....ਇਨ੍ਹਾਂ ਦਾ ....?" ਪੂਰਨ ਨੇ ਸੁਭਾਵਕ ਹੀ ਉਤਰ ਦਿੰਦਿਆਂ ਮੁੜ ਉਸਨੂੰ ਸਵਾਲ ਕਰ ਦਿਤਾ।

"ਇਹ ਸੱਚ ਵੀ ਤਾਂ ਹੋ ਸਕਦੈ...?" ਭਰਜਾਈ ਨੇ ਅਗੋਂ ਹੋਰ ਉਲਟਾ ਸਵਾਲ ਕਰ ਦਿਤਾ।

"ਹੈਂ....?" ਭਰਜਾਈ ਦੀ ਗੱਲ ਸੁਣ ਕੇ ਪੂਰਨ ਦਾ ਮੂੰਹ ਹੈਰਾਨੀ ਵਿਚ ਖੁਲ੍ਹੇ ਦਾ ਖੁਲ੍ਹਾ ਰਹਿ ਗਿਆ।

"ਉਂਝ ਵੀ ਤਾਂ ਤੂੰ ਸੋਚ ਸਾਲ ਚੋਂ ਦੋ ਮਹੀਨੇ ਹੀ ਤੇਰਾ ਭਾਈ ਮੇਰੇ ਕੋਲ ਆਉਂਦੈ.... ਉਹਨਾਂ ਚੋਂ ਵੀ ਬਿਮਾਰੀ ਠਿਮਾਰੀ, ਰਿਸ਼ਤੇਦਾਰੀਆਂ ਵਿਚ ਬਿਤਾਏ ਦਿਨਾਂ ਨੂੰ ਕਢ ਕੇ ਮੇਰੇ ਹਿੱਸੇ ਤਾਂ ਇਕ ਮਹੀਨਾ ਹੀ ਮਸਾਂ ਆਉਂਦੈ...ਬਾਕੀ ਗਿਆਰਾ ਮਹੀਨੇ ਤਾਂ ਮੈਂ ਨਾ ਰੰਡੀ ਹੁੰਦੀ ਹਾਂ ਨਾ ਸੁਹਾਗਣ.....ਇਹ ਗਿਆਰਾ ਮਹੀਨੇ ਕਿਸੇ ਵਿਆਹੀ ਵਰੀ ਤੀਵੀ ਨੂੰ ਬਿਨਾਂ ਮਰਦ ਦੇ ਕਢਣੇ ਕਿੰਨੇ ਔਖੇ ਨੇ....ਕਦੇ ਸੋਚਿਐ.....?"

ਪੂਰਨ ਬਿਨਾਂ ਕੁਛ ਬੋਲਿਆ ਚੁੱਪ ਕਰ ਕੇ ਬੁੱਤ ਬਣ ਕੇ ਬੈਠਾ ਰਿਹਾ।

"ਮੈਂ ਤਾਂ ਫੌਜੀ ਨਾਲ ਵਿਆਹ ਕਰਾਉਣ ਤੋਂ ਨਾਹ ਕਰ ਦਿੱਤੀ ਸੀ ਪਰ ਘਰ ਦੇ ਹੀ ਅੜ ਗਏ....ਕੀ ਕਰਦੀ....। ਬੇਬੱਸ ਸੀ...." ਕਹਿ ਕੇ ਉਹ ਪੂਰਨ ਦੇ ਚਿਹਰੇ ਵਲ ਦੇਖਣ ਲਗ ਪਈ ਜਿਵੇਂ ਉਹ ਉਸਦੇ ਚਿਹਰੇ ਤੋਂ ਹੀ ਆਪਣੀ ਗਲ ਦਾ ਕੋਈ ਜਵਾਬ ਲਭ ਰਹੀ ਹੋਵੇ।

ਪੂਰਨ ਬਗੈਰ ਕੁਝ ਬੋਲੇ ਉਥੋਂ ਉਠਿਆ। ਚੁੱਪ ਕਰ ਕੇ ਬਾਹਰ ਨਿਕਲ ਗਿਆ। ਭਰਜਾਈ ਉਸਨੂੰ ਤੁਰੇ ਜਾਂਦੇ ਨੂੰ ਪਿਛੋਂ ਦੇਖਦੀ ਰਹੀ।

ਇਸ ਘਟਨਾ ਤੋਂ ਬਾਅਦ ਪੂਰਨ ਨੇ ਲੋਕਾਂ ਦੀ ਜ਼ੁਬਾਨ ਬੰਦ ਕਰਨ ਲਈ ਤੇ ਭਰਾ ਦੀ ਇੱਜਤ ਨੂੰ ਬਰਕਾਰ ਰਖਣ ਲਈ ਘਰ ਤੋਂ ਕਿਨਾਰਾ ਕਰ ਲੈਣਾ ਹੀ ਬਿਹਤਰ ਸਮਝਿਆ। ਮਾਂ ਨੂੰ ਕੁਝ ਦਸੇ ਬਿਨਾਂ ਹੀ ਉਸਨੇ ਆਪਣੇ ਦਫਤਰ ਦੇ ਸੁਪਰਡੈਂਟ ਨੂੰ ਬੇਨਤੀ ਕਰਕੇ ਚੌਥਾ ਦਰਜਾ ਸਰਕਾਰੀ ਕਰਮਚਾਰੀਆਂ ਲਈ ਬਣੇ ਕੁਆਟਰਾਂ ਵਿਚੋਂ ਇਕ ਕੁਆਟਰ ਆਪਣੇ ਨਾਮ ਅਲਾਟ



ਕਰਵਾ ਕੇ ਉਥੇ ਹੀ ਰਹਿਣਾ ਸ਼ੁਰੂ ਕਰ ਦਿਤਾ। ਮਾਂ ਨੇ ਉਸ ਨੂੰ ਘਰ ਆਉਣ ਲਈ ਬੜਾ ਜੋਰ ਲਾਇਆ। ਰਿਸ਼ਤੇਦਾਰਾਂ ਨੂੰ ਵਿਚ ਪਾਇਆ। ਭਰਜਾਈ ਨੇ ਵੀ ਆਪਣੀ ਗਲਤੀ ਮੰਨ ਕੇ ਅਗੇ ਤੋਂ ਅਜਿਹਾ ਨਾ ਕਰਨ ਦਾ ਵਾਅਦਾ ਕਰਕੇ, ਉਸ ਨੂੰ ਘਰ ਆਉਣ ਲਈ ਬਥੇਰਾ ਮਨਾਇਆ ਪਰ ਉਸਨੇ ਕਿਸੇ ਗਲ ਦਾ ਕੋਈ ਜਵਾਬ ਨਾ ਦਿਤਾ। ਸਾਰਿਆਂ ਨੂੰ ਸਿਰਫ ਇਕ ਜਵਾਬ ਦਿੱਤਾ, "ਕਿੰਨਾ ਕੁ ਚਿਰ ਮੈਂ ਉਸ ਘਰ ਵਿਚ ਰਹਾਂਗਾ ਕਦੇ ਤਾਂ ਵਿਆਹ ਕਰਵਾ ਕੇ ਵਖ ਹੋਵਾਗਾ ਹੀ....ਕਿਉਂਕਿ ਘਰ ਵੀ ਕਿਡਾ ਕੁ ਐ ਜਿਸ ਵਿਚ ਤਿੰਨ ਪਰਿਵਾਰ ਰਹਿ ਸਕਣ....। ਸਮਝ ਲਓ ਉਹ ਵੇਲਾ ਹੁਣ ਹੀ ਆ ਗਿਆ" ਉਸ ਤੋਂ ਬਾਅਦ ਉਹ ਮੁੜ ਕੇ ਜੁਮਨ ਦੀ ਗੈਰ ਹਾਜਰੀ ਵਿਚ ਕਦੇ ਘਰ ਨਾ ਗਿਆ। ਇਕ ਵਾਰ ਬਾਪੂ ਬਿਮਾਰ ਹੋ ਗਿਆ। ਹਸਪਤਾਲ ਰਖ ਕੇ ਉਸ ਦਾ ਇਲਾਜ ਕਰਵਾਇਆ। ਸਾਰਾ ਖਰਚਾ ਆਪ ਕੀਤਾ। ਮਾਂ ਜਿਥੇ ਵੀ ਮਿਲਦੀ ਉਸ ਨੂੰ ਲੈ ਮਾਂ ਦੇ ਕੰਮ ਕਰਨ ਤੋਂ ਬੰਦ ਕਰਨ ਲਈ ਬੇਨਤੀ ਕਰਦਾ। ਜੇਬ ਵਿਚ ਉਸ ਵਕਤ ਜਿਨੇ ਪੈਸੇ ਹੁੰਦੇ ਉਨੇ ਹੀ ਮਾਂ ਨੂੰ ਦੇ ਦਿੰਦਾ।

ਕੁਆਟਰ ਵਿਚ ਇਕੱਲਾ ਹੋਣ ਕਰਕੇ ਉਹ ਦਫ਼ਤਰੋਂ ਵੇਲੇ ਕੁਵੇਲੇ ਹੀ ਵਾਪਸ ਆਉਂਦਾ। ਰੋਟੀ ਕਦੇ ਘਰ ਬਣਾ ਲੈਂਦਾ, ਕਦੇ ਬਾਹਰ ਹੀ ਖਾ ਆਉਂਦਾ। ਉਸ ਦੇ ਦਫ਼ਤਰ ਵਿਚ ਇਕ ਹੋਰ ਚਪੜਾਸੀ ਰਾਮ ਗੋਪਾਲ ਸੀ ਜਿਹੜਾ ਵਿਆਹਾਂ ਸ਼ਾਦੀਆਂ ਵਿਚ ਕੁਕਿੰਗ ਦਾ ਕੰਮ ਠੇਕੇ ਉਤੇ ਲੈ ਲੈਂਦਾ ਸੀ, ਜਿਸ ਲਈ ਉਸ ਨੂੰ ਬਹਿਰਿਆਂ ਦੀ ਲੋੜ ਰਹਿੰਦੀ ਸੀ। ਦਫਤਰ ਟਾਈਮ ਤੋਂ ਮਗਰੋਂ ਉਹ ਵਿਹਲਾ ਹੀ ਰਹਿੰਦਾ ਸੀ। ਘਰ ਜਾਂ ਬਸਤੀ ਵਿਚ ਜਾਣ ਲਈ ਉਸ ਦੀ ਵੱਢੀ ਰੂਹ ਨਹੀਂ ਕਰਦੀ ਸੀ। ਵਕਤ ਵੀ ਪਾਸ ਨਹੀਂ ਹੁੰਦਾ ਸੀ। ਇਸ ਲਈ ਉਸ ਨੇ ਪਹਿਲਾਂ ਰਾਮ ਗੋਪਾਲ ਨਾਲ ਬਹਿਰੇ ਦਾ ਕੰਮ ਕਰਨਾ ਸ਼ੁਰੂ ਕਰ ਦਿਤਾ। ਫੇਰ ਉਸਦੇ ਸਹਾਇਕ ਕੁੱਕ ਵਜੋਂ ਕੰਮ ਕਰਨ ਲਗ ਪਿਆ। ਖਾਣ ਪੀਣ ਨੂੰ ਵਧੀਆਂ ਮਿਲਦਾ। ਚਾਰ ਪੈਸੇ ਬਣ ਜਾਂਦੇ। ਵਕਤ ਵਧੀਆ ਪਾਸ ਹੋਣ ਲਗ ਪਿਆ। ਕੁਝ ਪੜ੍ਹਿਆ ਲਿਖਿਆ ਹੋਣ ਕਰਕੇ ਉਸ ਦੀ ਬੋਲਚਾਲ ਕੁਝ ਤਾਂ ਪਹਿਲਾਂ ਹੀ ਸੁਧਰੀ ਹੋਈ ਸੀ ਤੇ ਕੁਝ ਦਫਤਰ ਵਿਚ ਕੰਮ ਕਰਨ ਕਰਕੇ ਹੋਰ ਸੁਧਰ ਗਈ ਸੀ। ਚੰਗੀ ਆਮਦਨ ਹੋਣ ਕਰਕੇ ਉਹ ਕਪੜਾ ਲੀੜਾ ਵੀ ਵਧੀਆ ਤੋਂ ਵਧੀਆ ਪਾਉਣ ਲਗ ਪਿਆ ਸੀ। ਜਿਸ ਕਰਕੇ ਦੇਖਣ ਵਾਲੇ ਨੂੰ ਉਹ ਸ਼ਕਲ-ਸੂਰਤ, ਬੋਲ-ਚਾਲ ਤੇ ਪਹਿਰਾਵੇ ਤੋਂ ਕਿਸੇ ਵਾਲਮੀਕੀ ਦੀ ਨਹੀਂ ਬ੍ਰਾਹਮਣ ਜਾਂ ਖੱਤਰੀ ਹੀ ਲਗਦਾ ਸੀ। ਜਿਸ ਕਰਕੇ ਦਫਤਰ ਦੇ ਆਮ ਕਰਮਚਾਰੀ ਉਸ ਨਾਲ ਖਾਣ ਪੀਣ ਤੋਂ ਵੀ ਨਹੀਂ ਝਿਜਕਦੇ ਸੀ। ਦਫ਼ਤਰ ਵਿਚ ਉਸ ਦੀ ਟੌਰ ਤੇ ਦਫ਼ਤਰੀ ਮੁਲਾਜਮਾਂ ਨਾਲ ਮਿਲਵਰਤਣ ਦੇਖ ਕੇ ਦਫ਼ਤਰ ਤੋਂ ਬਾਹਰ ਦੇ ਬਹੁਤ ਘਟ ਬੰਦਿਆਂ ਨੂੰ ਤਾਂ ਪਤਾ ਚਲਦਾ ਸੀ ਕਿ ਉਹ ਕਿਸ ਅਸਾਮੀ ਤੇ ਕੰਮ ਕਰ ਰਿਹਾ ਹੈ।

ਉਸਦੇ ਕੁੱਕ ਹੋਣ ਦੀ ਸ਼ੋਹਰਤ ਸੁਣਕੇ ਤੇ ਇਕੱਲਾ ਰਹਿੰਦਾ ਜਾਣ ਕੇ, ਗੁਆਂਢੀ ਡੀ.ਟੀ.ਓ ਦਫਤਰ ਵਿਚ ਨਵੇਂ ਬਦਲ ਕੇ ਆਏ ਸੈਕਸ਼ਨਲ ਅਫਸਰ ਤੇ ਐਮ. ਵੀ. ਆਈ (ਜਿਹੜੇ ਇਕ ਕਿਰਾਏ ਦੇ ਮਕਾਨ ਵਿਚ ਰਹਿੰਦੇ ਸੀ) ਨੇ ਬੁਲਾ ਕੇ ਉਸ ਨੂੰ ਕਿਹਾ ਸੀ, "ਪੂਰਨ ਚੰਦ ਜੀ ਸੁਣਿਆ ਤੁਸੀਂ ਇਕੱਲੇ ਹੀ ਰਹਿੰਦੇ ਹੋ?"

"ਹਾਂ ਜੀ..."

"ਕੁੱਕ ਵੀ ਬਹੁਤ ਵਧੀਆ ਹੋ?"

"ਲੋਕ ਕਹਿੰਦੇ ਨੇ ਜੀ...."

"ਫੇਰ ਤੁਸੀਂ ਕਿਉਂ ਵਖਰਾ ਕਿਰਾਇਆ ਭਰਦੇ ਹੋ...ਰਸੋਈ ਦਾ ਖਰਚ ਕਰਦੇ ਹੋ .... ਐਂ ਕਰੋਂ ਸਾਡੇ ਕੋਲ ਹੀ ਸਮਾਨ ਚੁਕ ਲਿਆਓ... ਰਾਸ਼ਨ ਪਾਣੀ ਸਾਡਾ.... ਮਕਾਨ ਦਾ ਕਿਰਾਇਆ ਸਾਡਾ... ਤੁਸੀਂ ਤਾਂ ਮੌਜ ਨਾਲ ਆਪਣੇ ਤਿੰਨਾ ਦਾ ਖਾਣਾ ਬਣਾ ਲਿਆ ਕਰੋ .... ਖੁਦ ਛਕ ਲਿਆ ਕਰੋ ਤੇ ਸਾਨੂੰ ਛਕਾ ਦਿਆ ਕਰ ...।"

"ਨਹੀਂ ਸਰ.....ਇਹ ਤਾ ਮੈਤੋ ਨੀਂ ਹੋਣਾ..... ਐਮਰਜੈਸੀ ਵਿਚ ਤਾਂ ਕੰਮ ਕਰ ਸਕਦਾ ਹਾਂ...ਪਰ ਪੱਕਾ ਨਹੀਂ.... ਫੇਰ ਅੱਜ ਤਾਂ ਮੇਰੇ ਕੋਲ ਸਰਕਾਰੀ ਕੁਆਟਰ ਹੈ...ਇਹਨੂੰ ਮੈਂ ਛੱਡ ਕੇ ਤੁਹਾਡੇ ਕੋਲ ਆ ਜਾਂਵਾ....ਕਲ ਨੂੰ ਤੁਹਾਡੀ ਬਦਲੀ ਹੋ ਗਈ, ਫੇਰ....? ਮੈਂ ਅਲਾਟ ਹੋਏ ਮਕਾਨ ਤੋਂ ਵੀ ਹੱਥ ਧੋ ਬੈਠੂੰ.....। ਉਂਜ ਮੈਂ ਤਾਂ ਕਈ ਕਈ ਦਿਨ ਵਿਆਹ-ਸ਼ਾਦੀਆਂ ਕਰਕੇ

ਵੀ ਬਾਹਰ ਹੀ ਰਹਿੰਦਾ ਹਾਂ... ਇਹ ਤਾਂ ਮੁਸ਼ਕਲ ਹੈ ਜੀ..।'

ਇਹ ਗੱਲ ਉਸ ਦੀ ਸਹੀ ਵੀ ਸੀ, ਬਹੁਤ ਘਟ ਕੋਈ ਦਿਨ ਅਜਿਹਾ ਹੁੰਦਾ ਸੀ ਜਿਸ ਦਿਨ ਉਸਨੂੰ ਵਿਆਹ-ਸ਼ਾਦੀ ਵਿਚ ਜਾਂ ਕਿਸੇ ਨਾ ਕਿਸੇ ਪਾਰਟੀ ਵਿਚ ਉਸਦੇ ਦਫ਼ਤਰ ਵਾਲਿਆ ਜਾਂ ਕਿਸੇ ਮਿਲਣ ਗਿਲਣ ਵਾਲਿਆਂ ਵਲੋਂ ਨਾ ਬੁਲਾਇਆ ਜਾਂਦਾ। ਖਾਣਾ ਬਨਾਉਣ ਦਾ ਪ੍ਰਬੰਧ, ਵਿਸਕੀ ਸਰਵ ਕਰਨ ਦੀ ਡਿਊਟੀ ਉਸਦੇ ਹੀ ਜਿੰਮੇ ਲੱਗੀ ਹੁੰਦੀ ਸੀ। ਜਿਸ ਨੂੰ ਉਹ ਬੜੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਂਦਾ। ਹਰ ਇਕ ਦੇ ਕੰਮ ਨੂੰ ਆਪਣਾ ਕੰਮ ਸਮਝ ਕੇ ਕਰਦਾ। ਧੀ-ਭੈਣ ਦੀ ਪੂਰੀ ਇੱਜਤ ਕਰਦਾ। ਪੈਸੇ ਵੀ ਕਿਸੇ ਤੋਂ ਅੜ ਕੇ ਨਾ ਲੈਂਦਾ। ਜੋ ਸਰਦਾ ਪੁੱਜਦਾ ਅਗਲਾ ਦੇ ਦਿੰਦਾ ਲੈ ਕੇ ਉਸ ਦਾ ਧੰਨਵਾਦ ਕਰ ਦਿੰਦਾ। ਜਿਸ ਕਰਕੇ ਉਹ ਲੋਕਾਂ ਵਿਚ ਕਾਫੀ ਹਰਮਨ ਪਿਆਰਾ ਹੁੰਦਾ ਜਾ ਰਿਹਾ ਸੀ।

ਇਸੇ ਤਰ੍ਹਾਂ ਇਕ ਵਾਰੀ ਸੁਪਡੈਂਟ ਦੇ ਘਰ ਪੋਤਾ ਹੋਣ ਦੀ ਖੁਸ਼ੀ ਵਿਚ ਮਹਿਕਮੇ ਦੇ ਬੰਦਿਆਂ ਨੂੰ ਸ਼ਾਮ ਦੀ ਪਾਰਟੀ ਕੀਤੀ ਜਾਣੀ ਸੀ। ਇਸ ਪਾਰਟੀ ਵਿਚ ਖਾਣੇ ਅਤੇ ਵਿਸਕੀ ਦੀ ਸਪਲਾਈ ਕਰਨ ਦੀ ਜਿਮੇਵਾਰੀ ਪੂਰਨ ਦੀ ਹੀ ਲਗਾਈ ਗਈ ਸੀ।

ਘਰ ਰੰਗ ਬਰੰਗੀਆਂ ਰੌਸ਼ਨੀਆਂ ਨਾਲ ਸਜਿਆ ਹੋਇਆ ਸੀ। ਕੋਠੀ ਦੀ ਛੱਤ ਉਤੇ ਟੈਂਟ ਲਾ ਕੇ, ਉਸ ਦੇ ਦੋ ਭਾਗ ਕਰਕੇ ਖਾਣੇ ਦਾ ਵੱਖ ਤੇ ਵਿਸਕੀ ਲਈ ਵਖ ਪ੍ਰਬੰਧ ਕੀਤਾ ਗਿਆ ਸੀ। ਦਫ਼ਤਰ ਦੇ ਮੁਲਾਜ਼ਮ ਆ ਚੁੱਕੇ ਸੀ। ਕੁਝ ਬੰਦੇ ਦਫਤਰ ਤੋਂ ਬਿਨਾਂ ਆਂਢ ਗੁਆਂਢ ਦੇ, ਰਿਸ਼ਤੇਦਾਰ-ਮੁਲਾਹਜੇਦਾਰ ਵੀ ਬੁਲਾਏ ਹੋਏ ਸੀ। ਪੂਰਨ ਪੂਰੀ ਜ਼ੁਮੇਵਾਰੀ ਨਾਲ ਖਾਣਾ ਤਿਆਰ ਹੁੰਦਾ ਦੇਖ ਰਿਹਾ ਸੀ। ਵਿਸਕੀ ਨੂੰ ਖੁਦ ਗਲਾਸਾਂ ਵਿਚ ਪਵਾ ਪਵਾ ਕੇ ਬਹਿਰਿਆਂ ਨੂੰ ਦੇ ਰਿਹਾ ਸੀ। ਕਿਸ ਮੇਜ ਉਤੇ ਕਿਸ ਚੀਜ ਦੀ ਘਾਟ ਹੈ ਉਸਦੀ ਬਾਜ ਵਰਗੀ ਨਿਗਾਹ ਫੱਟ ਤਲਾਸ਼ ਕਰ ਲੈਂਦੀ ਸੀ। ਕਿਥੇ ਚਿਕਨ ਨਹੀ, ਮੀਟ ਨਹੀਂ, ਸਲਾਦ ਨਹੀਂ ਪਾਣੀ ਨਹੀਂ, ਕੁਝ ਵੀ ਉਸ ਦੀ ਜਾਣਕਾਰੀ ਤੋਂ ਬਾਹਰ ਨਹੀਂ ਸੀ। ਸਫੈਦ ਪੈਂਟ ਤੇ ਗੁਲਾਬੀ ਟੀ. ਸ਼ਰਟ ਵਿਚ ਉਹ ਬੇਹੱਦ ਜਚ ਰਿਹਾ ਸੀ। ਦਫਤਰ ਦੇ ਮੁਲਾਜਮਾਂ ਨੂੰ ਛੱਡ ਕੇ ਬਾਕੀ ਪਾਰਟੀ ਵਿਚ ਸ਼ਾਮਲ ਹੋਏ ਕਿਸੇ ਵੀ ਬੰਦੇ ਨੂੰ ਇਸ ਗਲ ਦਾ ਅਹਿਸਾਸ ਨਹੀਂ ਹੋ ਰਿਹਾ ਸੀ ਕਿ ਪੂਰਨ ਕੌਣ ਹੈ, ਕੀ ਹੈ ਤੇ ਘਰ ਵਾਲਿਆਂ ਦਾ ਕੀ ਲਗਦਾ ਹੈ।

"ਇਕ ਗੈਸ ਸਲੰਡਰ ਚਾਹੀਂਦੈ" ਸਹਾਇਕ ਕੁੱਕ ਨੇ ਆ ਕੇ ਉਸ ਨੂੰ ਕਿਹਾ

"ਚਲ ਚੁਕਾ ਕੇ ਲਿਆਵਾਂ" ਕਹਿ ਕੇ ਉਹ ਸਹਾਇਕ ਕੁੱਕ ਨੂੰ ਲੈ ਕੇ ਹੇਠਾਂ ਸਟੋਰ ਵਿਚੋਂ ਗੈਸ ਸਲੰਡਰ ਚੁਕਵਾਉਣ ਚਲਿਆ ਗਿਆ ਸੀ। ਹੇਠਾਂ ਉਤਰ ਕੇ ਉਸ ਨੇ ਦੇਖਿਆ ਕਿ ਸਾਹਮਣੇ ਗੇਟ ਪਾਸ ਉਸ ਦੀ ਮਾਂ ਬੈਠੀ ਸੀ। ਜਿਸ ਨੂੰ ਦੇਖਕੇ ਉਹ ਹੈਰਾਨ ਵੀ ਰਹਿ ਗਿਆ ਸੀ ਤੇ ਗੁੱਸੇ ਵਿਚ ਵੀ ਆ ਗਿਆ ਸੀ ਪਰ ਰੌਲਾ ਪੈਣ ਦੇ ਡਰ ਤੋਂ ਉਹ ਚੁੱਪ ਕਰ ਗਿਆ। ਕੁੱਕ ਨੂੰ ਸਲੰਡਰ ਚੁਕਵਾ ਕੇ ਫੇਰ ਮਾਂ ਕੋਲ ਆ ਕੇ ਕਿਹਾ, "ਮਾਂ ਤੂੰ ਏਥੇ ਕੀ ਕਰਦੀ ਐਂ?"

"ਮੇਰੇ ਕ੍ਰਿਸਾਣ ਨੇ.....ਇਨਾਂ ਨੇ ਬੁਲਾਇਐ....ਪਾਰਟੀ ਪਿਛੋਂ ਕਚਰਾ ਸਾਫ ਕਰਨ ਲਈ..."

"ਤੂੰ ਏਥੋਂ ਫਟਾ ਫਟ ਤੁਰ ਜਾਅ ਮੇਰੀ ਇੱਜਤ ਦਾ ਸਵਾਲ ਐ"

"ਮੇਰੇ ਕ੍ਰਿਸਾਣਾਂ ਦੀ ਨਰਾਜ਼ਗੀ ਦਾ ਸਵਾਲ ਐ" ਅਗੋਂ ਮਾਂ ਨੇ ਝੱਟ ਉਤਰ ਦਿੱਤਾ

"ਸਫਾਈ ਮੈਂ ਆਪੇ ਕਰ ਦਿਊਂ ਪਰ ਤੂੰ ਏਥੋਂ ਫਟਾ ਫਟ ਤੁਰ ਜਾ"

"ਖਾਣ ਨੂੰ.....?"

"ਤੂੰ ਘਰ ਚਲ ਮੈਂ ਆਪੇ ਦੇ ਆਊਂ"

ਮਾਂ ਨੂੰ ਤੋਰ ਕੇ ਉਸਨੇ ਇਕ ਵਾਰ ਤਾਂ ਸੁੱਖ ਦਾ ਸਾਹ ਲਿਆ ਸੀ। ਪਰ ਰਹਿਦੇ ਸਾਰੇ ਵਕਤ ਉਹ ਇਹੀ ਸੋਚਦਾ ਰਿਹਾ ਸੀ, "ਜੇ ਕਰ ਕਿਸੇ ਨੂੰ ਪਤਾ ਲਗ ਜਾਂਦਾ....ਫੇਰ.....?"

ਫੇਰ ਪਾਰਟੀ ਖਤਮ ਹੋਣ ਤੋਂ ਬਾਅਦ ਉਹ ਝਾੜੂ ਚੁੱਕ ਕੇ ਸਫਾਈ ਕਰਨ ਲਗ ਪਿਆ ਸੀ।

"ਤੂੰ ਖੁਦ ਹੀ.....ਚੰਦ .....?" ਸੁਪਰਡੈਂਟ ਨੇ ਉਸ ਨੂੰ ਝਾੜੂ ਫੇਰਦਿਆਂ ਦੇਖ ਕੇ ਕਿਹਾ

"ਉਸ ਦੀ ਤਬੀਅਤ ਖਰਾਬ ਹੋ ਗਈ ਸੀ, ਇਸ ਲਈ ਮੈਂ ਹੀ ਕਹਿ ਦਿਤਾ ਸੀ ਉਸ



ਨੂੰ ਜਾਣ ਲਈ" ਪੂਰਨ ਨੇ ਜਵਾਬ ਦਿਤਾ ਸੀ।

"ਚੰਗਾ..."ਕਹਿ ਕੇ ਸੁਪਰਡੈਂਟ ਸਾਹਿਬ ਚਲੇ ਗਏ ਸੀ।

ਸਫਾਈ ਕਰ ਕੇ। ਸਮਾਨ ਸੰਭਾਲ ਕੇ। ਪੌਲੇਥੀਨ ਦੇ ਲਫ਼ਾਫ਼ਿਆਂ ਵਿਚ ਮੀਟ, ਚਿਕਨ, ਰੈਤਾ, ਸਲਾਦ ਤੇ ਫੁੱਲਕੇ ਪਾ ਕੇ ਉਹ ਮਾਂ ਨੂੰ ਦੇਣ ਲਈ ਘਰ ਚਲਿਆ ਗਿਆ ਸੀ। ਇਨਾ ਕੁਝ ਦੇਖ ਕੇ ਮਾਂ ਬਹੁਤ ਖੁਸ਼ ਹੋਈ ਸੀ। ਉਸਨੇ ਉਸ ਨੂੰ ਉਥੇ ਹੀ ਪੈਣ ਲਈ ਕਿਹਾ ਸੀ ਪਰ ਉਹ ਨਹੀਂ ਮੰਨਿਆ ਸੀ।

ਰੋਜ ਦੀ ਤਰ੍ਹਾਂ ਜਦੋਂ ਚੰਦੋ ਸਵੇਰੇ ਸੁਪਡੈਂਟ ਸਾਹਿਬ ਦੀ ਕੋਠੀ ਗਈ ਸੀ ਤਾਂ ਉਹ ਉਸ ਨੂੰ ਬਾਹਰ ਖੜੇ ਦਾਤਣ ਕਰਦੇ ਹੀ ਮਿਲ ਗਏ ਸੀ।

ਜਦ ਉਹ ਝਾੜੂ ਚੁੱਕ ਕੇ ਸਫਾਈ ਕਰਨ ਲੱਗੀ ਤਾਂ ਸੁਪਡੈਂਟ ਸਾਹਿਬ ਬੋਲੇ, "ਸਫਾਈ ਤਾਂ ਪੂਰਨ ਕਰ ਗਿਆ ਸੀ। ਬੜਾ ਚੰਗਾ ਮੁੰਡੈ"

"ਉਹ ਤਾਂ ਹੈ ਹੀ ਜੀ ! ਮੇਰਾ ਸਭ ਤੋਂ ਛੋਟਾ ਲੜਕਾ...।"

"ਹੈਂ ! ਤੇਰਾ ?"


"ਹਾਂ ਜੀ ......।"

ਸੁਪਡੈਂਟ ਉਸਦੇ ਚਿਹਰੇ ਵਲ ਸਵਾਲੀਆਂ ਨਜ਼ਰਾਂ ਨਾਲ ਦੇਖਦਾ ਹੋਇਆ ਗੁਸਲਖਾਨੇ ਵਿਚ ਚਲਿਆ ਗਿਆ ਸੀ।

ਦਫ਼ਤਰ ਆ ਕੇ ਜਦ ਪੂਰਨ ਸੁਪਡੈਂਟ ਸਾਹਿਬ ਕੋਲ ਉਸਦੇ ਕੈਬਨ ਵਿਚ ਹਾਜਰੀ ਲਵਾਉਣ ਲਈ ਚਲਿਆ ਗਿਆ ਸੀ ਤਾਂ ਸੁਪਡੈਂਟ ਸਾਹਿਬ ਨੇ ਕਿਹਾ ਸੀ, "ਪੂਰਨ ਤੂੰ ਪਹਿਲਾਂ ਕਦੇ ਦਸਿਆ ਈ ਨਹੀਂ ਕਿ ਚੰਦੋ ਤੇਰੀ ਮਾਂ ਹੈ ?"

ਸੁਪਡੈਂਟ ਸਾਹਿਬ ਦੀ ਗੱਲ ਸੁਣ ਕੇ ਉਸਨੂੰ ਇਕ ਵਾਰ ਤਾਂ ਝਟਕਾ ਜਿਹਾ ਲਗਿਆ, ਉਹ ਬੌਂਦਲ ਜਿਹਾ ਗਿਆ ਸੀ ਕਿ ਸੁਪਡੈਂਟ ਸਾਹਿਬ ਦੇ ਸਵਾਲ ਦਾ ਕੀ ਜਵਾਬ ਦੇਵੇ ਪਰ ਫੇਰ ਸੰਭਲਦਾ ਹੋਇਆ ਬੋਲਿਆ, " ਉਹ ਕਿਹੜਾ ਡੀ.ਸੀ. ਲੱਗੀ ਹੋਈ ਐ ਜੀ, ਜਿਹੜਾ ਤੁਹਾਨੂੰ





**ਡਾ. ਸਰਬਜੀਤ ਸਿੰਘ ਵੱਲੋਂ ਸੰਪਾਦਤ ਆਲੋਚਨਾ ਦੇ ਖੇਤਰ ਵਿਚ ਦੋ ਅਹਿਮ ਪੁਸਤਕਾਂ**

*'ਦਲਿਤ ਦ੍ਰਿਸ਼ਟ'* ਨੂੰ ਸਮਝਣ ਲਈ ਇਸ ਪੁਸਤਕ ਵਿਚ ਮਹੱਤਵਪੂਰਨ ਨੁਕਤੇ ਪੇਸ਼ ਕੀਤੇ ਹਨ। ਦਲਿਤ ਦ੍ਰਿਸ਼ਟੀ ਨੂੰ ਬਣਾਉਣ ਲਈ ਇਸ 'ਚ ਅਹਿਮ ਵਿਚਾਰ ਤੇ ਨੁਕਤੇ ਮਿਲ ਜਾਣਗੇ।*'ਮੋਹਨਜੀਤ ਸੁਹਜ ਤੇ ਸੰਵੇਦਨਾ' ਪੁਸਤਕ ਮੋਹਨਜੀਤ ਦੀ ਕਵਿਤਾ ਦੇ ਸਰੋਕਾਰਾਂ, ਭਾਸ਼ਾ ਤੇ ਵਿਧੀਆਂ ਦੀ ਤਲਾਸ਼ ਕਰਦੀ ਹੈ ਉਥੇ ਪੰਜਾਬੀ ਕਾਵਿ-ਆਲੋਚਨਾ ਦਾ ਆਧੁਨਿਕ ਦ੍ਰਿਸ਼ ਵੀ ਪੇਸ਼ ਕਰਦੀ ਹੈ।*

SUR SANJH (Punjabi), Sep.Oct, 2005 , R.N.I. Regd. No. PUN PUN 1999/1490




ਮੁੱਲ 100 ਰੁਪਏ , ਲੋਕ ਗੀਤ ਪ੍ਰਕਾਸ਼ਨ ਪ੍ਰਕਾਸ਼ਨ

## ਟਾਹਣੀਉਂ ਟੁੱਟੇ

### ਪਰਵੇਜ਼ ਸੰਧੂ

ਪਰਵੇਜ਼ ਸੰਧੂ ਦੀ ਕਹਾਣੀ ਦੀ ਤਾਕਤ ਅਤੇ ਨਜ਼ਾਕਤ ਦੇ ਪਿੱਛੇ ਪੂਰਬੀ ਚਿੰਤਨ ਅਤੇ ਪੱਛਮੀ ਮਿਹਨਤ ਹੈ। ਇਸੇ ਲਈ ਨਵੇਕਲੀ ਕਿਸਮ ਦੀਆਂ ਕਹਾਣੀਆਂ ਲਿਖ ਸਕੀ ਹੈ।

- ਦਲੀਪ ਕੌਰ ਟਿਵਾਣਾ

ਪਰਵੇਜ਼ ਅਤੇ ਉਸਦੀਆਂ ਕਹਾਣੀਆਂ ਨੂੰ ਸੁਹਣੇ ਹੋਣ ਦਾ ਮੁਕਾਮ ਹਾਸਲ ਹੈ। ਉਹਦਾ ਇਕ ਸੁਹਪਣ ਰੱਬ ਦੀ ਨੇਹਮਤ ਹੈ ਤੇ ਦੂਸਰਾ ਰਿਆਜ਼ ਅਤੇ ਸੰਵੇਦਨਸ਼ੀਲਤਾ। 'ਟਾਹਣੀਓਂ ਟੁੱਟੇ ਸੰਗ੍ਰਹਿ ਦੀਆਂ ਕਹਾਣੀਆਂ ਪਰਵੇਜ਼ ਦੀ ਰੂਹ ਦੇ ਰੁੱਖ ਤੋਂ ਝੜੇ ਹੋਏ ਪੀਲੇ ਪੱਤੇ ਨਹੀਂ , ਸਗੋਂ ਸਾਹ ਲੈਂਦੀਆਂ, ਧੜਕਦੀਆਂ ਹਰੀਆਂ ਕਚੂਰ ਇਕਾਈਆਂ ਨੇ। ਇਹਨਾਂ ਇਕਾਈਆਂ ਦੇ ਪੈਰਾਂ ਹੇਠ ਪਰਵਾਸ ਦੇ ਹੇਰਵੇਂ ਤੇ ਕੋਰੀ ਭਾਵੁਕਤਾ ਦੇ ਪੜਾਵੇ ਨਹੀਂ , ਯਥਾਰਥ ਦੀ ਧਰਤ ਹੈ, ਪਰ ਉਸ ਧਰਤੀ ਦੀ ਹਵਾ ਪੰਜਾਬੀ ਰਹਿਤਲ ਦੇ ਮਕਾਨ ਲਈ ਸੁਖਾਵੀਂ ਨਹੀਂ। ਉਹ ਹਵਾ ਪਰਵੇਜ਼ ਦੀਆਂ ਕਹਾਣੀਆਂ ਦਾ ਸਰੋਕਾਰ ਹੈ। ਇਸੇ ਲਈ ਮੈਂ ਇਹਨਾਂ ਕਹਾਣੀਆਂ ਨੂੰ ਸਹੀ ਮਾਅਨਿਆਂ ਵਿਚ ਅਮਰੀਕਨ ਪੰਜਾਬੀ ਕਹਾਣੀਆਂ ਆਖਦਾ ਹਾਂ।

-ਜਸਬੀਰ ਭੁੱਲਰ

ਪਰਵੇਜ਼ ਦੀ ਕਹਾਣੀ ਦੇ ਪਾਤਰਾਂ ਵਿਚ ਸਬਰ ਹੈ, ਸੰਜਮ ਹੈ ਤੇ ਸਹਿਣਸ਼ੀਲਤਾ ਹੈ। ਉਹ ਨਾ ਹੀ ਆਪਣੇ ਪਾਤਰਾਂ ਨੂੰ ਭਾਵੁਕ ਹੋਣ ਦੇਂਦੀ ਹੈ, ਨਾ ਕਾਮੁਕ ਅਤੇ ਨਾ ਹੀ ਥੋੜ੍ਹੇ-ਚਿਰੀ ਖੁਸ਼ੀ ਵਿਚ ਅੰਨ੍ਹੇ। ਉਸਦੀ ਕਲਾ ਦੀ ਛਾਨਣੀ ਵਿਚ ਹਰ ਤਰ੍ਹਾਂ ਦੀ ਨਿੱਕਾਪਣ ਛਣ ਜਾਂਦਾ ਹੈ। ਅਤੇ ਵਡਿਆਈ ਨਿੱਤਰ ਆਉਂਦੀ ਹੈ।

-ਗੁਲਜ਼ਾਰ ਸਿੰਘ ਸੰਧੂ

**Ms Parvez Sandhu***
**PO Box: 8457, FREZNO**
**California, USA 93747**